




Twenty-Sixth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 28; July 11, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਪੰਜਾਬ ਕਾਂਗਰਸ ਦੀ ਉਲਝੀ ਤਾਣੀ ਹੋਰ ਉਲਝੀ

### ਸੁਲ੍ਹਾ ਕਰਵਾਉਣ ਆਏ ਬਘੇਲ ਨੂੰ ਚੰਨੀ ਨੇ ਦਿਖਾਏ ਤੇਵਰ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਉਲਝੀ ਤੰਦ ਸੁਲਝਣ ਦਾ ਨਾਂ ਨਹੀਂ ਲੈ ਰਹੀ। ਜਦੋਂ ਸੂਬਾ ਇੰਚਾਰਜ ਭੂਪੇਸ਼ ਬਘੇਲ ਇਕਜੁੱਟਤਾ ਦਾ ਪਾਠ ਪੜ੍ਹਾਉਣ ਲਈ ਤਿੰਨ ਸਹਿ ਇੰਚਾਰਜਾਂ ਨੂੰ ਲੈ ਕੇ ਚੰਡੀਗੜ੍ਹ ਪੁੱਜੇ ਤਾਂ ਚੰਨੀ ਧੜਾ ਉਨ੍ਹਾਂ ਨੂੰ ਰਿਸੀਵ ਕਰਨ ਤੱਕ ਨਹੀਂ ਪੁੱਜਾ।

ਕਾਂਗਰਸ 'ਚ ਜਾਰੀ ਇਸ ਸੰਕਟ ਨੂੰ ਹੱਲ ਕਰਨ ਲਈ ਸੋਮਵਾਰ ਨੂੰ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੇ ਚੰਡੀਗੜ੍ਹ ਪੁੱਜਣ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਡੇਢ ਦਰਜਨ ਦੇ ਕਰੀਬ ਆਗੂਆਂ ਨਾਲ ਮੀਟਿੰਗ ਉਪਰੰਤ ਇਕ ਸਾਂਝੀ ਤਸਵੀਰ 'ਏਕਤਾ 'ਚ ਤਾਕਤ' ਲਿਖ ਕੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ। ਚੰਡੀਗੜ੍ਹ 'ਚ ਭੂਪੇਸ਼ ਬਘੇਲ ਦਾ ਸਵਾਗਤ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਪਾ, ਸੂਬਾ ਇੰਚਾਰਜ ਰਾਜਾ ਵੜਿੰਗ ਤੇ ਸਾਬਕਾ ਉਪ ਮੁੱਖ ਮੰਤਰੀ ਓਪੀ ਸੋਨੀ ਨੇ ਕੀਤਾ। ਅਹਿਮ ਗੱਲ ਇਹ ਹੈ ਕਿ ਸੋਨੀ ਮੋਰਿੰਡਾ 'ਚ ਚੰਨੀ ਦੇ ਘਰ ਹੋਈ ਬੈਠਕ 'ਚ ਵੀ ਮੌਜੂਦ ਸਨ। ਬਾਜਵਾ ਦੇ ਘਰ ਸ਼ਾਮ ਨੂੰ ਸਾਰੇ ਨਵੇਂ ਚੁਣੇ ਗਏ ਕਮੇਟੀ ਚੇਅਰਮੈਨ ਇਕੱਠੇ ਹੋਏ। ਇਸ ਤੋਂ ਬਾਅਦ ਬਘੇਲ ਨੇ ਕਾਂਗਰਸ ਭਵਨ 'ਚ ਮੈਨੀਫੈਸਟੋ ਕਮੇਟੀ ਦੇ ਪ੍ਰਧਾਨ ਸੰਸਦ ਮੈਂਬਰ ਡਾ. ਅਮਰ ਸਿੰਘ, ਚੋਣ ਇੰਚਾਰਜ ਤੇ ਤਾਲਮੇਲ ਕਮੇਟੀ ਦੇ ਮੁਖੀ ਵਿਜੇ ਇੰਦਰ ਸਿੰਗਲਾ, ਸਾਬਕਾ ਵਿਧਾਨ ਸਭਾ ਸਪੀਕਰ ਰਾਣਾ ਕੇਪੀ ਸਿੰਘ ਸਮੇਤ ਕਈ ਸੀਨੀਅਰ ਨੇਤਾਵਾਂ ਨਾਲ ਵੱਖ-ਵੱਖ ਬੈਠਕਾਂ ਕੀਤੀਆਂ। ਇਸ ਦੌਰਾਨ ਕੈਂਪੇਨ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਤੇ ਕੋਰ ਕਮੇਟੀ ਦੇ ਚੇਅਰਮੈਨ ਸੁਖਜਿੰਦਰ ਸਿੰਘ ਰੰਧਾਵਾ ਦੇ ਨਾ ਪੁੱਜਣ 'ਤੇ ਰਾਜਾ ਵੜਿੰਗ ਨੇ ਕਿਹਾ ਕਿ ਅਜੇ ਕਈ ਬੈਠਕਾਂ ਹੋਣੀਆਂ ਹਨ, ਜਿਸ 'ਚ ਇੰਚਾਰਜ ਸਾਰੇ ਨੇਤਾਵਾਂ ਨਾਲ ਵਾਰੀ-ਵਾਰੀ ਗੱਲ ਕਰਨਗੇ। ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ 'ਚ ਧੜੇਬਾਜ਼ੀ ਨਹੀਂ ਹੈ। ਇਕ ਦੋ ਦਿਨਾਂ 'ਚ ਸਾਰੇ ਨੇਤਾ ਇਕ ਮੰਚ 'ਤੇ ਨਜ਼ਰ ਆਉਣਗੇ। ਬਾਜਵਾ ਨੇ ਵੀ ਮਤਭੇਦਾਂ ਨੂੰ ਗੱਲਬਾਤ ਰਾਹੀਂ ਹੱਲ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਜਥੇਬੰਧਕ ਨਿਯੁਕਤੀ ਹਾਈਕਮਾਨ ਦਾ ਵਿਸ਼ੇਸ਼ ਅਧਿਕਾਰ ਹੈ ਤੇ ਸਾਰੀਆਂ ਸ਼ਿਕਾਇਤਾਂ ਦਾ ਹੱਲ ਸੰਵਾਦ ਜ਼ਰੀਏ ਹੋਵੇਗਾ।

### ਮੋਹਾਲੀ 'ਚ ਚੰਨੀ ਨਾਲ ਬੈਠਕ 'ਚ ਸ਼ਾਮਲ ਹੋਏ 18 ਆਗੂ

ਮੋਹਾਲੀ 'ਚ ਹੋਈ ਬੈਠਕ 'ਚ ਚੰਨੀ ਤੇ ਰੰਧਾਵਾ ਤੋਂ ਇਲਾਵਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ, ਬਰਿੰਦਰਮੀਤ ਪਾਹੜਾ, ਹਰਦੇਵ ਸਿੰਘ ਲਾਡੀ, ਪਰਗਟ ਸਿੰਘ, ਕੁਲਦੀਪ ਸਿੰਘ ਢਿੱਲੋਂ, ਭਾਰਤ ਭੂਸ਼ਣ ਆਸ਼ੂ, ਰਜ਼ੀਆ ਸੁਲਤਾਨਾ, ਦਵਿੰਦਰ ਸਿੰਘ ਘੁਬਾਇਆ, ਸੰਗਤ ਸਿੰਘ ਗਿਲਜੀਆਂ, ਗੁਰਕੀਰਤ ਕੋਟਲੀ, ਅੰਗਦ ਸੈਣੀ ਸਮੇਤ ਕਰੀਬ 18 ਸੀਨੀਅਰ ਨੇਤਾ ਸ਼ਾਮਲ ਹੋਏ। ਉਨ੍ਹਾਂ ਨੇ ਇਸ ਨੂੰ ਕੁਝ ਦਿਨ ਪਹਿਲਾਂ ਮੋਰਿੰਡਾ 'ਚ ਹੋਈ ਬੈਠਕ ਦੀ ਅਗਲੀ ਕੜੀ ਦੱਸਿਆ। ਸੂਤਰਾਂ ਮੁਤਾਬਕ ਇਨ੍ਹਾਂ ਆਗੂਆਂ ਨੇ ਸਪਸ਼ਟ ਕੀਤਾ ਹੈ ਕਿ ਉਹ ਭੁਪੇਸ਼ ਬਘੇਲ ਨਾਲ ਕੋਈ ਗੱਲਬਾਤ ਨਹੀਂ ਕਰਨਗੇ। ਮੀਟਿੰਗ 'ਚ ਕਈ ਵਿਧਾਇਕਾਂ ਨੇ ਦਲੀਲ ਦਿੱਤੀ ਕਿ ਭੁਪੇਸ ਬਘੇਲ ਨੇ ਹਾਈਕਮਾਨ ਨੂੰ ਪੰਜਾਬ ਬਾਰੇ ਸਹੀ ਰਿਪੋਰਟ ਦੇਣ ਦੀ ਬਜਾਏ ਇਕ ਗੁਟ ਦਾ ਪੱਖ ਪੂਰਿਆ ਹੈ।ਇਸ ਕਰਕੇ ਪੰਜਾਬ (ਬਾਕੀ ਸਫ਼ਾ 4 'ਤੇ)

## ਚੰਪਤ ਰਾਏ, ਅਨਿਲ ਮਿਸ਼ਰਾ ਦੇ ਅਸਤੀਫ਼ੇ ਮਨਜ਼ੂਰ, ਗੋਪਾਲ ਰਾਓ ਨੂੰ ਵੀ ਹਟਾਇਆ



**ਅਯੁੱਧਿਆ:** ਸ੍ਰੀ ਰਾਮ ਜਨਮ ਭੂਮੀ ਤੀਰਥ ਟਰੱਸਟ ਦੀ ਸੋਮਵਾਰ ਨੂੰ ਮਹੱਤਵਪੂਰਨ ਬੈਠਕ 'ਚ ਜਨਰਲ ਸਕੱਤਰ ਚੰਪਤ ਰਾਏ ਤੇ ਟਰੱਸਟੀ ਡਾ. ਅਨਿਲ ਕੁਮਾਰ ਮਿਸ਼ਰਾ ਦੇ ਅਸਤੀਫ਼ੇ ਮਨਜ਼ੂਰ ਕਰ ਲਏ ਗਏ। ਇਸ ਦੇ ਨਾਲ ਹੀ ਟਰੱਸਟ ਦੇ ਸੀਨੀਅਰ ਮੈਂਬਰ ਕ੍ਰਿਸ਼ਣ ਮੋਹਨ ਨੂੰ ਅੰਤਰਿਮ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਬੈਠਕ 'ਚ ਵਿਸ਼ੇਸ਼ ਸੱਦੇ ਦੇ ਮੈਂਬਰ ਤੇ ਸਾਬਕਾ ਮੰਦਰ ਮੈਨੇਜਰ ਗੋਪਾਲ ਰਾਓ ਨੂੰ ਵੀ ਉਨ੍ਹਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਟਰੱਸਟ ਦੀ ਅਗਲੀ ਬੈਠਕ 22 ਜੁਲਾਈ ਨੂੰ ਹੋਵੇਗੀ।

ਰਾਮ ਜਨਮ ਭੂਮੀ ਕੰਪਲੈਕਸ ਸਥਿਤ ਕੇਂਦਰ 'ਚ ਹੋਈ ਬੈਠਕ ਦੀ ਪ੍ਰਧਾਨਗੀ ਟਰੱਸਟ ਦੇ ਪ੍ਰਧਾਨ ਮਹੰਤ ਨਰਿਤਿਆਗੋਪਾਲ ਦਾਸ ਨੇ ਕੀਤੀ। ਬੈਠਕ 'ਚ ਟਰੱਸਟ ਦੇ ਸੀਨੀਅਰ ਮੈਂਬਰ ਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਕੇ ਪਰਾਸਰਨ ਨੇ ਟਰੱਸਟ ਦੀ ਨਿਯਮਾਵਲੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਅਸਤੀਫ਼ਾ ਦਿੱਤੇ ਜਾਣ ਦੇ ਬਾਅਦ ਉਸ 'ਤੇ ਮੁੜ ਵਿਚਾਰ ਦੀ ਵਿਵਸਥਾ ਨਹੀਂ ਹੈ। ਇਸ ਲਈ ਚੰਪਤ ਰਾਏ ਤੇ ਅਨਿਲ ਮਿਸ਼ਰਾ ਦੇ ਅਸਤੀਫ਼ੇ ਨਿਯਮਾਂ ਦੇ ਮੁਤਾਬਕ ਖ਼ੁਦ ਅਮਲ 'ਚ ਆ ਗਏ। ਟਰੱਸਟ ਨੇ ਮੰਦਰ 'ਚ ਪ੍ਰਾਪਤ ਚੜ੍ਹਾਵੇ ਤੇ ਭੇਟਾਂ ਦਾ ਵਿਸਥਾਰਤ ਵਿੱਤੀ ਵੇਰਵਾ ਵੀ ਜਨਤਕ ਕੀਤਾ। ਟਰੱਸਟ ਦੇ ਮੁਤਾਬਕ, ਹੁਣ ਤੱਕ ਫੰਡ ਸਮਰਪਣ ਅਭਿਆਨ ਤੇ ਹੋਰ ਵਸੀਲਿਆਂ ਤੋਂ ਕੁੱਲ 3264 ਕਰੋੜ ਰੁਪਏ ਮੰਦਰ ਨਿਰਮਾਣ ਤੇ ਹੋਰ ਪੂੰਜੀਗਤ ਕੰਮਾਂ 'ਤੇ ਖ਼ਰਚ ਕੀਤੇ ਜਾ ਚੁੱਕੇ ਹਨ। ਉੱਥੇ ਸਥਾਪਨਾ ਤੋਂ ਲੈ ਕੇ ਇਸ ਸਾਲ 31 ਮਾਰਚ ਤੱਕ ਰਾਮਲਲਾ ਦੇ ਚੜ੍ਹਾਵੇ ਦੇ ਰੂਪ 'ਚ 582 ਕਰੋੜ ਰੁਪਏ ਪ੍ਰਾਪਤ ਹੋਏ, ਜਿਨ੍ਹਾਂ 'ਚੋਂ 391 ਕਰੋੜ ਰੁਪਏ ਆਪ੍ਰੇਸ਼ਨ ਸਬੰਧੀ ਕੰਮਾਂ 'ਤੇ ਖ਼ਰਚ ਕੀਤੇ ਗਏ ਹਨ। ਬਾਕੀ ਰਕਮ ਟਰੱਸਟ ਦੇ ਬੈਂਕ ਖਾਤਿਆਂ 'ਚ ਸੁਰੱਖਿਅਤ ਹੈ। ਖ਼ਜ਼ਾਨਚੀ ਨੇ ਕਿਹਾ ਕਿ ਨਕਦ ਦਾਨ ਤੋਂ ਇਲਾਵਾ ਸ਼ਰਧਾਲੂਆਂ ਨੇ 2926 ਚੀਜ਼ਾਂ ਵੀ ਭੇਟ ਕੀਤੀਆਂ ਹਨ। ਇਨ੍ਹਾਂ (ਬਾਕੀ ਸਫ਼ਾ 4 'ਤੇ)







# ਖਾਮਨੇਈ ਦੀ ਅੰਤਿਮ ਵਿਦਾਈ ਲਈ ਉਮੜਿਆ ਜਨ-ਸੈਲਾਬ

**ਨਵੀਂ ਦਿੱਲੀ:** ਈਰਾਨ ਦੇ ਸਾਬਕਾ ਸਰਬਉੱਚ ਆਗੂ ਅਯਾਤੁੱਲਾ ਅਲੀ ਖਾਮਨੇਈ ਦੇ ਅੰਤਿਮ ਵਿਦਾਇਗੀ ਵੇਲੇ ਤਹਿਰਾਨ ਦੀਆਂ ਸੜਕਾਂ 'ਤੇ ਲੱਖਾਂ ਦੀ ਗਿਣਤੀ 'ਚ ਲੋਕ ਉਮੜ ਪਏ। ਰਾਜਧਾਨੀ ਦੇ ਇਮਾਮ ਖੋਮੈਨੀ ਗ੍ਰੈਂਡ ਮੋਸਲਾ ਕੰਪਲੈਕਸ 'ਚ ਵੱਡੀ ਗਿਣਤੀ 'ਚ ਲੋਕ ਆਖਰੀ ਦਰਸ਼ਨ ਲਈ ਪਹੁੰਚੇ। ਕਾਲੇ ਕੱਪੜੇ ਪਹਿਨੇ ਮਰਦ, ਔਰਤਾਂ ਤੇ ਬੱਚੇ ਮਾਤਮ ਮਨਾਉਂਦੇ, ਸੀਨਾ ਪਿੱਟਦੇ, ਧਾਰਮਿਕ ਨਾਅਰੇ ਲਗਾਉਂਦੇ ਤੇ ਖਾਮਨੇਈ ਨੂੰ ਸ਼ਰਧਾਂਜਲੀ ਦਿੰਦੇ ਨਜ਼ਰ ਆਏ।ਏਪੀ ਅਨੁਸਾਰ, ਰੀਡ ਮੋਸਲਾ 'ਚ ਖਾਮੇਨੇਈ ਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਦੇ ਤਾਬੂਤ ਸ਼ੀਸ਼ੇ ਦੇ ਵਿਸ਼ੇਸ਼ ਕਮਰੇ 'ਚ ਆਖਰੀ ਦਰਸ਼ਨ ਲਈ ਰੱਖੇ ਗਏ ਸਨ।ਪਹਿਲਾਂ ਵੱਖ-ਵੱਖ ਦੇਸ਼ਾਂ ਤੋਂ ਆਏ ਪ੍ਰਤੀਨਿਧੀਆਂ ਨੇ ਸ਼ਰਧਾਂਜਲੀ ਭੇਟ ਕੀਤੀ ਸੀ, ਬਾਅਦ ਵਿੱਚ ਆਮ ਲੋਕਾਂ ਲਈ ਦਰਸ਼ਨ ਦੀ ਵਿਵਸਥਾ ਕੀਤੀ ਗਈ।

ਹਫ਼ਤਾ ਭਰ ਚੱਲਣ ਵਾਲੇ ਇਨ੍ਹਾਂ ਆਖਰੀ ਵਿਦਾਇਗੀ ਪ੍ਰੋਗਰਾਮਾਂ 'ਚ ਕਰੋੜਾਂ ਲੋਕ ਸ਼ਾਮਲ ਹੋਏ। ਇਹ 1989 'ਚ ਅਯਾਤੁੱਲਾ ਰੂਹੋਲਾ ਖੋਮੈਨੀ ਦੇ ਆਖਰੀ ਸੰਸਕਾਰ ਦੇ ਬਾਅਦ ਦੇਸ਼ ਦਾ ਸਭ ਤੋਂ ਵੱਡਾ ਸ਼ੋਕ ਸਮਾਰੋਹ ਮੰਨਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ, ਈਰਾਨ ਇਸ ਵਿਸ਼ਾਲ ਜਨ ਸਮੂਹ ਜ਼ਰੀਏ ਅਮਰੀਕਾ ਤੇ ਇਜ਼ਰਾਈਲ ਨੂੰ ਸਿਆਸੀ ਸੁਨੇਹਾ ਵੀ ਦੇਣਾ ਚਾਹੁੰਦਾ ਹੈ। ਸਮਾਰੋਹ ਉਸ ਸਮੇਂ ਹੋਇਆ ਜਦੋਂ ਜੰਗਬੰਦੀ ਦੇ ਬਾਅਦ ਅਮਰੀਕਾ ਨਾਲ ਗੱਲਬਾਤ ਦੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਹੋਰਮੁਜ਼ ਜਲਡਮਰੂਮੱਧ ਦੀ ਸੁਰੱਖਿਆ ਨੂੰ ਲੈ ਕੇ ਤਣਾਅ ਬਣਿਆ ਹੋਇਆ ਹੈ।



ਰਾਇਟਰ ਅਨੁਸਾਰ, ਈਰਾਨ ਦੇ ਸੀਨੀਅਰ ਵਾਰਤਾਕਾਰ ਕਾਜ਼ਮ ਗਰੀਬਾਬਾਦੀ ਨੇ ਫਰਾਂਸ ਤੇ ਬ੍ਰਿਟੇਨ ਵੱਲੋਂ ਹੋਰਮੁਜ਼ ਜਲਡਮਰੂਮੱਧ 'ਚ ਸੰਯੁਕਤ ਗਸ਼ਤ ਦੀ ਸੰਭਾਵਨਾ ਸਬੰਧੀ ਬਿਆਨਾਂ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਇਸ ਰਣਨੀਤਕ ਸਮੁੰਦਰ ਮਾਰਗ ਦੀ ਸੁਰੱਖਿਆ ਤਟੀ ਦੇਸ਼ਾਂ ਦੀ ਜ਼ਿੰਮੇਵਾਰੀ ਹੈ ਅਤੇ ਕਿਸੇ ਵੀ ਬਾਹਰੀ ਦਖ਼ਲਅੰਦਾਜ਼ੀ ਦੇ ਗੰਭੀਰ ਨਤੀਜੇ ਹੋਣਗੇ। ਤਹਿਰਾਨ 'ਚ ਸੁਰੱਖਿਆ ਦੇ ਕੜੇ ਇੰਤਜ਼ਾਮ ਕੀਤੇ ਗਏ ਹਨ। ਸ਼ਰਧਾਲੂਆਂ ਨੂੰ ਮੈਟਲ ਡਿਟੈਕਟਰ ਤੇ ਸਰੀਰਕ ਤਲਾਸ਼ੀ ਬਾਅਦ ਹੀ ਦਾਖਲ ਹੋਣ ਦਿੱਤਾ ਜਾ ਰਿਹਾ ਸੀ। ਭਿਆਨਕ ਗਰਮੀ ਨੂੰ ਦੇਖਦਿਆਂ ਲੋਕਾਂ 'ਤੇ ਸਵੈ ਸੇਵਕ ਠੰਢਾ ਪਾਣੀ ਛਿੜਕ ਰਹੇ ਸਨ ਅਤੇ ਜਗ੍ਹਾ-ਜਗ੍ਹਾ ਖਾਣ-ਪੀਣ ਦੀ ਵਿਵਸਥਾ ਵੀ ਕੀਤੀ ਗਈ। ਸ਼ਹਿਰ ਭਰ 'ਚ ਖਾਮੇਨੇਈ ਦੇ ਵੱਡੇ-ਵੱਡੇ ਚਿੱਤਰ ਲਗਾਏ ਗਏ ਤੇ ''ਅਮਰੀਕਾ ਮੁਰਦਾਬਾਦ'' ਤੇ ''ਇਜ਼ਰਾਈਲ ਮੁਰਦਾਬਾਦ'' ਦੇ ਨਾਅਰੇ ਵੀ ਗੂੰਜਦੇ ਰਹੇ।

ਖਾਮਨੇਈ ਦੀ ਅੰਤਿਮ ਵਿਦਾਈ ਉਸ ਸਮੇਂ ਹੋਈ ਜਦੋਂ ਅਮਰੀਕਾ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਨਿਊਯਾਰਕ ਟਾਈਮਜ਼ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਈਰਾਨ ਨੂੰ ਨਰਕ ਬਣਾ ਦਿੱਤਾ ਹੈ। ਉਹ ਸਾਡੇ ਨਾਲ ਸਮਝੌਤਾ ਕਰਨ ਲਈ ਤੜਪ ਰਿਹਾ ਹਨ। ਅਸੀਂ ਉਨ੍ਹਾਂ ਨੂੰ ਅੰਤਿਮ ਵਿਦਾਈ ਲਈ ਇਕ ਹਫ਼ਤੇ ਦੀ ਛੁੱਟੀ ਦਿੱਤੀ। ਸੁਬਾਈ ਪ੍ਰੋਗਰਾਮ ਅਨੁਸਾਰ, ਅੰਤਿਮ ਵਿਦਾਈ ਦੀਆਂ ਰਸਮਾਂ ਕਈ ਸ਼ਹਿਰਾਂ 'ਚ ਕਰਵਾਈਆਂ ਗਈਆਂ। ਅਤੇ ਇਹਨਾਂ ਰਸਮਾਂ ਦੀ ਆਖਰੀ ਤਰੀਕ 9 ਜੁਲਾਈ ਰਖੀ ਗਈ ਸੀ।

## ਖਾਮਨੇਈ ਦੀ 14 ਮਹੀਨੇ ਦੀ ਪੋਤੀ ਦਾ ਤਾਬੂਤ ਚਰਚਾ 'ਚ



ਗ੍ਰੈਂਡ ਮੋਸੱਲਾ 'ਚ ਰੱਖੇ ਗਏ ਤਾਬੂਤਾਂ 'ਚ ਅਯਾਤੁੱਲਾ ਖਾਮਨੇਈ ਦੇ ਪਰਿਵਾਰ ਦੇ ਕਈ ਮੈਂਬਰ ਵੀ ਸ਼ਾਮਲ ਹਨ। ਇਨ੍ਹਾਂ 'ਚ ਉਨ੍ਹਾਂ ਦੀ 14 ਮਹੀਨੇ ਦੀ ਪੋਤੀ ਜ਼ਾਹਰਾ ਮੁਹੰਮਦੀ ਗੋਲਪਾਇਗਾਨੀ ਦਾ ਛੋਟਾ ਤਾਬੂਤ ਲੋਕਾਂ ਦਾ ਧਿਆਨ ਖਿਚ ਰਿਹਾ ਹੈ। ਛੋਟੇ ਤਬੂਤ ਕੋਲ ਉਸ ਦੀ ਤਸਵੀਰ ਵੀ ਰੱਖੀ ਗਈ ਹੈ। ਖਾਮਨੇਈ ਦੇ ਤਾਬੂਤ ਨੂੰ ਈਰਾਨੀ ਝੰਡੇ ਨਾਲ ਢੱਕਿਆ ਗਿਆ, ਜਦਕਿ ਉਸ ਦੇ ਉੱਪਰ ''ਯਾ ਹੁਸੈਨ'' ਅੰਕਿਤ ਲਾਲ ਝੰਡਾ ਰੱਖਿਆ ਗਿਆ , ਜੋ ਸ਼ੀਆ ਪਰੰਪਰਾ 'ਚ ਸ਼ਹਾਦਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

## ਸੋਨੀਆ ਗਾਂਧੀ ਨੇ ਦਾਖ਼ਲ ਕੀਤਾ ਆਪਣਾ ਜਵਾਬ

ਨਵੀਂ ਦਿੱਲੀ:ਭਾਰਤੀ ਨਾਗਰਿਕਤਾ ਮਿਲਣ ਤੋਂ ਪਹਿਲਾਂ ਵੋਟਰ ਸੂਚੀ ਵਿਚ ਨਾਂ ਦਰਜ ਹੋਣ ਦੇ ਦੋਸ਼ਾਂ ਨਾਲ ਜੁੜੇ ਮਾਮਲੇ ਵਿਚ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੇ ਦਿੱਲੀ ਦੀ ਅਦਾਲਤ ਵਿਚ ਆਪਣਾ ਜਵਾਬ ਦਾਖ਼ਲ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 25 ਜੁਲਾਈ ਨੂੰ ਹੋਵੇਗੀ। ਰਾਊਜ਼ ਐਵੇਨਿਊ ਸਥਿਤ ਅਦਾਲਤ ਵਿਚ ਸੋਨੀਆ ਗਾਂਧੀ ਵੱਲੋਂ ਸੀਨੀਅਰ ਵਕੀਲ ਨੇ ਵਾਧੂ ਦਸਤਾਵੇਜ਼ਾਂ ਸੰਬੰਧੀ ਅਰਜ਼ੀ ਉੱਤੇ ਜਵਾਬ ਦਾਖ਼ਲ ਕੀਤਾ ਹੈ।



## ਡੇਰਾ ਬੱਲਾਂ ਵਿਖੇ ਨਤਮਸਤ ਹੋਏ ਕੇਵਲ ਸਿੰਘ ਢਿੱਲੋਂ

**ਕਿਸ਼ਨਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਐਤਵਾਰ ਨੂੰ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਪਦਮ ਸ੍ਰੀ ਸੰਤ ਨਿਰੰਜਨ ਦਾਸ ਤੋਂ ਆਸ਼ੀਰਵਾਦ ਲਿਆ ਅਤੇ ਉਨ੍ਹਾਂ ਨੂੰ ਪਦਮ ਸ੍ਰੀ ਸਨਮਾਨ ਮਿਲਣ 'ਤੇ ਵਧਾਈ ਦਿੱਤੀ। ਉਨ੍ਹਾਂ ਪੰਜਾਬ ਦੀ ਖੁਸ਼ਹਾਲੀ ਅਤੇ ਚੜ੍ਹਦੀ ਕਲਾ ਲਈ ਵੀ ਅਰਦਾਸ ਕੀਤੀ। ਇਸ ਦੌਰਾਨ ਕੇਵਲ ਸਿੰਘ ਢਿੱਲੋਂ ਨੇ 108 ਸੰਤ ਸਰਵਣ ਦਾਸ ਜੀ ਦੀ ਪ੍ਰਤਿਮਾ ਅੱਗੇ ਵੀ ਸ਼ਰਧਾ ਦੇ ਫੁੱਲ ਭੇਟ ਕਰਕੇ ਨਤਮਸਤਕ ਹੋਏ।



ਮੀਡੀਆ ਨਾਲ ਗੱਲਬਾਤ ਕਰਦਿਆਂ ਢਿੱਲੋਂ ਨੇ ਕਿਹਾ ਕਿ ਡੇਰਾ ਸੱਚਖੰਡ ਬੱਲਾਂ ਵਿਖੇ ਮੱਥਾ ਟੇਕਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸੰਤਾਂ ਦਾ ਆਸ਼ੀਰਵਾਦ ਸਮਾਜ ਸੇਵਾ ਅਤੇ ਲੋਕ ਭਲਾਈ ਲਈ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਸੰਤਾਂ ਦੇ ਆਸ਼ੀਰਵਾਦ ਅਤੇ ਲੋਕਾਂ ਦੇ ਸਹਿਯੋਗ ਨਾਲ ਭਾਜਪਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਜ਼ਬੂਤ ਬਦਲ ਵਜੋਂ ਉਭਰੇਗੀ ਅਤੇ ਸਰਕਾਰ ਬਣਾਏਗੀ।

ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਗਰੀਬ, ਵਾਂਝੇ ਅਤੇ ਦਲਿਤ ਵਰਗ ਦੀ ਸੇਵਾ ਭਾਜਪਾ ਦੀ ਵਿਚਾਰਧਾਰਾ ਦਾ ਮੁੱਖ ਆਧਾਰ ਹੈ। ਡੇਰਾ, ਸੱਚਖੰਡ ਬੱਲਾਂ ਤੋਂ ਸਮਾਜ ਅਤੇ ਲੋਕ ਭਲਾਈ ਲਈ ਜੋ ਵੀ ਮਾਰਗਦਰਸ਼ਨ ਮਿਲੇਗਾ, ਭਾਜਪਾ ਉਸ 'ਤੇ ਪੂਰੀ ਵਚਨਬੱਧਤਾ ਨਾਲ ਅਮਲ ਕਰੇਗੀ। ਇਸ ਮੌਕੇ ਅਵਿਨਾਸ਼ ਚੰਦਰ ਕਲੇਰ, ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸਾਬਕਾ ਪੰਜਾਬ ਪ੍ਰਧਾਨ ਵਿਜੈ ਸਾਂਪਲਾ, ਐੱਸ.ਆਰ. ਲੱਧੜ, ਰਾਜੇਸ਼ ਬਾਘਾ, ਸੁਸ਼ੀਲ ਰਿੰਕੂ, ਮਨਜੀਤ ਬਾਲੀ ਤੱਲਣ, ਸ਼ੀਤਲ ਅੰਗੁਰਾਲ, ਸਰਬਜੀਤ ਸਿੰਘ ਮੱਕੜ, ਇੰਦਰ ਇਕਬਾਲ ਅਟਵਾਲ, ਰਾਜੀਵ ਪੰਜਾ ਅਲਾਵਲਪੁਰ ਸਮੇਤ ਭਾਜਪਾ ਦੇ ਕਈ ਸੀਨੀਅਰ ਆਗੂ ਹਾਜ਼ਰ ਸਨ।

# ਕਾਨੂੰਨ ਦੀਆਂ 'ਚੋਰ ਮੋਰੀਆਂ' ਬਣ ਰਹੀਆਂ ਨੇ ਅਪਰਾਧੀਆਂ ਦੀ ਢਾਲ!

**ਫਿਰੋਜ਼ਪੁਰ:** ਇੱਕ ਪਾਸੇ ਸਰਕਾਰਾਂ ਅਪਰਾਧ 'ਤੇ ਨਕੇਲ ਕੱਸਣ ਲਈ ਨਵੇਂ ਕਾਨੂੰਨ ਲਾਗੂ ਕਰਨ ਦੇ ਦਾਅਵੇ ਕਰ ਰਹੀਆਂ ਹਨ, ਦੂਜੇ ਪਾਸੇ ਕਾਨੂੰਨ ਦੀਆਂ ਚੋਰ ਮੋਰੀਆਂ ਤੇ ਕੁਝ ਕਾਨੂੰਨੀ ਵਿਵਸਥਾਵਾਂ ਹੀ ਇਨ੍ਹਾਂ ਦਾਅਵਿਆਂ ਦੀਆਂ ਫੂਕ ਕੱਢ ਰਹੀਆਂ ਹਨ। ਲੀਗਲ ਏਡ ਡਿਫੈਂਸ ਕੌਂਸਲ ਸਿਸਟਮ (ਐੱਲਏਡੀਸੀਐੱਸ) ਤੇ ਬੀਐੱਨਐੱਸ ਦੀਆਂ ਕੁਝ ਨਵੀਆਂ ਧਾਰਾਵਾਂ ਇਸ ਦੀ ਮਿਸਾਲ ਹਨ। ਇਨ੍ਹਾਂ ਦੀ ਵਾਲ ਲੈ ਕੇ ਅਪਰਾਧੀ ਅਕਸਰ ਬੱਚ ਜਾਂਦੇ ਹਨ। ਉਹ ਬੇਖ਼ੌਫ਼ ਹੋ ਕੇ ਅਪਰਾਧ ਕਰਦੇ ਰਹਿੰਦੇ ਹਨ ਤੇ ਹੋਰ ਅਪਰਾਧੀਆਂ ਲਈ ਪ੍ਰੇਰਕ ਬਣ ਜਾਂਦੇ ਹਨ। ਵਕੀਲਾਂ ਤੇ ਕਾਨੂੰਨੀ ਮਾਹਰਾਂ ਮੁਤਾਬਕ ਐੱਲਏਡੀਸੀਐੱਸ ਤਹਿਤ ਮਿਲਣ ਵਾਲੀ ਮੁਫ਼ਤ ਕਾਨੂੰਨੀ ਸਹਾਇਤਾ ਤੇ ਬੀਐੱਨਐੱਸ ਦੀਆਂ ਕੁਝ ਨਵੀਆਂ ਨਰਮ ਵਿਵਸਥਾਵਾਂ ਦਾ ਲਾਭ ਆਦਤਨ ਅਪਰਾਧੀ ਤੇ ਗ਼ੈਰ-ਸਮਾਜੀ ਅਨਸਰ ਲੈ ਰਹੇ ਹਨ। ਇਹੀ ਕਾਰਨ ਹੈ ਕਿ ਅਪਰਾਧ ਘਟਣ ਦਾ ਨਾਂ ਨਹੀਂ ਲੈ ਰਿਹਾ।

ਪੁਲਿਸ ਰਿਕਾਰਡ ਮੁਤਾਬਕ ਬੀਤੇ ਕੁਝ ਸਮੇਂ 'ਚ ਨਸ਼ਾ ਤਸਕਰੀ, ਗ਼ੈਰ-ਕਾਨੂੰਨੀ ਹਥਿਆਰਾਂ ਤੇ ਹੋਰ ਸੰਗੀਨ ਵਾਰਦਾਤਾਂ 'ਚ ਨਾਬਾਲਗਾਂ ਦੀ ਸ਼ਮੂਲੀਅਤ ਦੇ ਮਾਮਲੇ ਵੀ ਸਾਹਮਣੇ ਆਏ ਹਨ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੈਂਗਸਟਰ ਤੇ ਨਸ਼ਾ ਤਸਕਰ ਨਾਬਾਲਗਾਂ ਨੂੰ ਵਾਰਦਾਤਾਂ ਲਈ ਇਸ ਕਾਰਨ ਵਰਤ ਰਹੇ ਹਨ ਕਿ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੁਵੇਨਾਈਲ ਐਕਟ ਤਹਿਤ ਕਾਰਵਾਈ ਤੁਲਨਾਤਮਕ ਤੌਰ 'ਤੇ ਘੱਟ ਸਖ਼ਤ ਹੁੰਦੀ ਹੈ। ਕਾਨੂੰਨੀ ਮਾਹਰਾਂ ਮੁਤਾਬਕ ਪੰਜਾਬ 'ਚ ਸੋਧ ਰਾਹੀਂ ਲਾਗੂ ਕੀਤੀ ਗਈ ਆਈਪੀਸੀ ਦੀ ਧਾਰਾ 379-ਬੀ ਸਨੈਚਿੰਗ ਦੇ ਮਾਮਲਿਆਂ 'ਚ ਕਾਫ਼ੀ ਸਖ਼ਤ ਮੰਨੀ ਜਾਂਦੀ ਸੀ। ਇਸ 'ਚ ਘੱਟੋ-ਘੱਟ ਪੰਜ ਸਾਲ ਤੇ ਵੱਧ ਤੋਂ ਵੱਧ ਦਸ ਸਾਲ ਦੀ ਸਖ਼ਤ ਕੈਦ ਦਾ ਪ੍ਰਬੰਧ ਸੀ। ਜ਼ਮਾਨਤ ਵੀ ਆਸਾਨੀ ਨਾਲ ਨਹੀਂ ਮਿਲਦੀ ਸੀ। ਇਸ ਕਾਰਨ ਸਨੈਚਰਾਂ 'ਚ ਕਾਨੂੰਨ ਦਾ ਡਰ ਬਣਿਆ ਰਹਿੰਦਾ ਸੀ। ਪਰ ਉਸ ਦੇ ਬਦਲ 'ਚ ਹੁਣ ਬੀਐੱਨਐੱਸ ਦੀ ਧਾਰਾ 304 ਅਧੀਨ ਸਨੈਚਿੰਗ ਲਈ ਵੱਧ ਤੋਂ ਵੱਧ ਤਿੰਨ ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਜ਼ਮਾਨਤ ਦੀ ਪ੍ਰਕਿਰਿਆ ਵੀ ਮੁਕਾਬਲਤਨ ਸੁਖਾਲੀ ਹੈ। ਇਸ ਕਾਰਨ ਅਪਰਾਧੀਆਂ 'ਚ ਕਾਨੂੰਨ ਦਾ ਡਰ ਪਹਿਲਾਂ ਵਰਗਾ ਨਹੀਂ ਰਿਹਾ। ਹਾਲਾਂਕਿ ਕਾਨੂੰਨ 'ਚ ਦੁਹਰਾਏ ਗਏ ਜਾਂ ਗੰਭੀਰ ਅਪਰਾਧਾਂ ਲਈ ਹੋਰ ਸਖ਼ਤ ਕਾਰਵਾਈ ਦੇ ਪ੍ਰਬੰਧ ਵੀ ਮੌਜੂਦ ਹਨ।




ਦੂਜੇ ਪਾਸੇ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੀ ਦੁਰਵਰਤੋਂ ਵੀ ਅਪਰਾਧਾਂ ਨੂੰ ਨਕੇਲ ਪਾਉਣ 'ਚ ਰੋੜਾ ਸਾਬਿਤ ਹੋ ਰਿਹਾ ਹੈ। ਇਸ ਤਹਿਤ ਡਿਫੈਂਸ ਕੌਂਸਲ ਸਿਸਟਮ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਤਹਿਤ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਵੱਲੋਂ ਬੇਸਹਾਰਾ ਤੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਲਈ ਮੁਫ਼ਤ ਵਕੀਲ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ, ਸੀਆਰਪੀਸੀ ਦੀ ਧਾਰਾ 304 ਵੀ ਬੇਸਹਾਰਾ ਮੁਲਜ਼ਮਾਂ ਨੂੰ ਸਰਕਾਰ ਵੱਲੋਂ ਮੁਫ਼ਤ ਵਕੀਲ ਦੀ ਸਹੂਲਤ ਦਿੰਦੀ ਹੈ। ਜਿਸ ਦੀ ਆਦਤਨ ਅਪਰਾਧੀ ਦੁਰਵਰਤੋਂ ਕਰਦੇ ਹੈ।

### ਉੱਠ ਰਹੇ ਹਨ ਸਵਾਲ

ਨਵੇਂ ਜੁਵੀਨਾਈਲ ਐਕਟ ਤੇ ਡਿਫੈਂਸ ਕੌਂਸਲ ਸਿਸਟਮ ਦੀ ਦੁਰਵਰਤੋਂ ਕਾਰਨ ਸਨੈਚਿੰਗ, ਨਸ਼ਾ ਤਸਕਰੀ ਤੇ ਸੰਗਠਿਤ ਅਪਰਾਧਾਂ 'ਤੇ ਪ੍ਰਭਾਵਸ਼ਾਲੀ ਰੋਕ ਲਗਾਉਣਾ ਚੁਣੌਤੀ ਬਣਦਾ ਜਾ ਰਿਹਾ ਹੈ। ਕਾਨੂੰ ਮਾਹਰਾਂ ਦਾ ਕਹਿਣਾ ਹੈ ਕਿ ਸਮਾਜ ਤੇ ਅਪਰਾਧ ਦੇ ਬਦਲਦੇ ਸਰੂਪ ਨੂੰ ਦੇਖਦਿਆਂ ਇਨ੍ਹਾਂ ਕਾਨੂੰਨਾਂ ਦੀ ਸਮੇਂ-ਸਮੇਂ 'ਤੇ ਸਮੀਖਿਆ ਹੋਣੀ ਚਾਹੀਦੀ ਹੈ, ਤਾਂ ਜੋ ਇੱਕ ਪਾਸੇ ਅਸਲ ਲੋੜਵੰਦਾਂ ਦੇ ਅਧਿਕਾਰ ਸੁਰੱਖਿਅਤ ਰਹਿਣ ਤੇ ਦੂਜੇ ਪਾਸੇ ਸੰਗਠਤ ਅਪਰਾਧੀ ਕਾਨੂੰਨੀ ਪ੍ਰਬੰਧਾਂ ਦਾ ਨਾਜਾਇਜ਼ ਫ਼ਾਇਦਾ ਨਾ ਉਠਾ ਸਕਣ।

### ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦਾ ਹੋ ਰਿਹੈ ਵਿਰੋਧ

ਪੰਜਾਬ ਤੇ ਹਰਿਆਣਾ ਦੇ ਵਕੀਲ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦਾ ਲਗਾਤਾਰ ਵਿਰੋਧ ਕਰ ਰਹੇ ਹਨ। ਬਾਰ ਐਸੋਸੀਏਸ਼ਨ ਆਫ ਫਿਰੋਜ਼ਪੁਰ ਦੇ ਪ੍ਰਧਾਨ ਲਵਜੀਤ ਪਾਲ ਸਿੰਘ ਟੂਰਨਾ ਦਾ ਕਹਿਣਾ ਹੈ ਕਿ ਆਰਥਿਕ ਤੌਰ 'ਤੇ ਕਮਜ਼ੋਰ ਵਿਅਕਤੀਆਂ ਨੂੰ ਮਿਲਣ ਵਾਲੀ ਇਸ ਮੁਫ਼ਤ ਕਾਨੂੰਨੀ ਸਹਾਇਤਾ ਦੀ ਦੁਰਵਰਤੋਂ ਕਰ ਕੇ ਜ਼ਿਆਦਾਤਰ ਆਦਤਨ ਅਪਰਾਧੀ ਮੁਫ਼ਤ ਵਕੀਲ ਦੀ ਸਹੂਲਤ ਲੈ ਰਹੇ ਹਨ। ਕਈ ਮਾਮਲਿਆਂ 'ਚ ਜ਼ਮਾਨਤ ਦੌਰਾਨ ਜ਼ਮਾਨਤੀ ਜਾਂ ਜਾਇਦਾਦ ਪੇਸ਼ ਕਰਨ ਦੀ ਸ਼ਰਤ ਨਾ ਹੋਣ ਦਾ ਲਾਭ ਵੀ ਅਜਿਹੇ ਦੋਸ਼ੀ ਉਠਾ ਰਹੇ ਹਨ।

## ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਸ਼ੂਟਰ ਮੁਕਾਬਲੇ 'ਚ ਢੇਰ

**ਝੱਜਰ:** ਹਾਂਸੀ ਦੇ ਜਿਮ ਸੰਚਾਲਕ ਹੱਤਿਆ ਕਾਂਡ 'ਚ ਲੜੀਂਦੇ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ-ਇਕ ਲੱਖ ਦੇ ਇਨਾਮੀ ਦੋ ਸ਼ੂਟਰਾਂ ਨੂੰ ਦਿੱਲੀ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਬਹਾਦੁਰਗੜ੍ਹ 'ਚ ਮੁਕਾਬਲੇ 'ਚ ਢੇਰ ਕਰ ਦਿੱਤਾ ਗਿਆ। ਇਸ ਦੌਰਾਨ ਦਿੱਲੀ ਪੁਲਿਸ ਦਾ ਇਕ ਸਿਪਾਹੀ ਵੀ ਜ਼ਖ਼ਮੀ ਹੋ ਗਿਆ।




ਜਦਕਿ ਚਾਰ ਹੋਰ ਪੁਲਿਸ ਮੁਲਾਜ਼ਮ ਬੁਲਟਪਰੂਫ ਜੈਕਟ 'ਚ ਗੋਲੀ ਲੱਗਣ ਨਾਲ ਬਚ ਗਏ। ਮਾਰੇ ਗਏ ਦੋਵੇਂ ਮੁਲਜ਼ਮ ਬਹਾਦੁਰਗੜ੍ਹ 'ਚ ਵਾਰਦਾਤ ਨੂੰ ਅੰਜਾਮ ਦੇਣ ਦੀ ਫ਼ਿਰਾਕ 'ਚ ਸਨ। ਦਿੱਲੀ 'ਚ ਪੰਜਾਬੀ ਸਿੰਗਰ ਗੁਰੂ ਰੰਧਾਵਾ ਦੇ ਜਿਮ 'ਤੇ ਫਾਇਰਿੰਗ ਮਾਮਲੇ 'ਚ ਦਿੱਲੀ ਸਪੈਸ਼ਲ ਸੈੱਲ ਵੱਲੋਂ ਫੜੇ ਗਏ ਸੋਨੀਪਤ ਦੇ ਦੋ ਮੁਲਜ਼ਮਾਂ ਤੋਂ ਇਨ੍ਹਾਂ ਸ਼ੂਟਰਾਂ ਦਾ ਸੁਰਾਗ ਮਿਲਿਆ ਸੀ।

## 'ਮੰਦਰ ਜਨਤਕ ਅਥਾਰਟੀ ਨਹੀਂ'' ਕਹਿ ਕੇ ਪੱਲਾ ਝਾੜਨਾ ਗ਼ਲਤ-ਸੂਚਨਾ ਕਮਿਸ਼ਨ

ਨਵੀਂ ਦਿੱਲੀ:ਕੇਂਦਰੀ ਜਾਣਕਾਰੀ ਕਮਿਸ਼ਨ (ਸੀਆਈਸੀ) ਨੇ ਜਾਣਕਾਰੀ ਦੇ ਅਧਿਕਾਰ (ਆਰਟੀਆਈ) ਨੂੰ ਲੈ ਕੇ ਅਹਿਮ ਫੈਸਲਾ ਸੁਣਾਇਆ ਹੈ। ਸੀਆਈਸੀ ਨੇ ਪੁਡੂਚੇਰੀ ਦੀ ਹਿੰਦੂ ਧਾਰਮਿਕ ਸੰਸਥਾ ਅਤੇ ਵਕਫ਼ ਵਿਭਾਗ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਹੈ ਕਿ ਕੋਈ ਵੀ ਮੰਦਰ 'ਜਨਤਕ ਅਥਾਰਟੀ ਨਹੀਂ' ਹੈ, ਸਿਰਫ ਇਸ ਟਿੱਪਣੀ ਦੇ ਅਧਾਰ 'ਤੇ ਸਰਕਾਰੀ ਵਿਭਾਗ ਮੰਦਰ ਨਾਲ ਜੁੜੇ ਰਿਕਾਰਡ ਜਨਤਕ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ। ਦਰਅਸਲ, ਇਹ ਪੂਰਾ ਮਾਮਲਾ ਸ੍ਰੀ ਵੇਦਪੁਰੀਸ਼ਵਰ ਸ੍ਰੀ ਵਰਦਰਾਜਪੇਰੂਮਲ ਦੇਵਸਥਾਨਮ ਮੰਦਰ ਨਾਲ ਜੁੜੇ ਰਿਕਾਰਡ ਤੇ ਬਜਟ ਦੀ ਜਾਣਕਾਰੀ ਮੰਗਣ ਨਾਲ ਜੁੜਿਆ ਹੈ। ਇਕ ਸੈਲਾਨੀ ਨੇ ਪੁਡੂਚੇਰੀ ਦੀ ਹਿੰਦੂ ਧਾਰਮਿਕ ਸੰਸਥਾ ਅਤੇ ਵਕਫ਼ ' ਵਿਭਾਗ ਤੋਂ ਇਸ ਮੰਦਰ ਦੇ ਸਾਲ 2021 ਤੋਂ 2025 ਤੱਕ ਦੇ ਸਾਲਾਨਾ ਬਜਟ, ਆਡਿਟ ਰਿਪੋਰਟ, ਜਾਇਦਾਦਾਂ ਦੀ ਟ੍ਰਾਂਸਫਰ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਵਿਰੁੱਧ ਆਈਆਂ ਸ਼ਿਕਾਇਤਾਂ ਅਤੇ ਉਨ੍ਹਾਂ 'ਤੇ ਹੋਈ ਕਾਰਵਾਈ ਦਾ ਵੇਰਵਾ ਮੰਗਿਆ ਸੀ। ਵਿਭਾਗ ਨੇ ਇਸ ਆਰ.ਟੀ.ਆਈ. ਸੰਬੰਧੀ ਅਰਜ਼ੀ ਨੂੰ ਮੰਦਰ ਪ੍ਰਬੰਧਕਾਂ ਕੋਲ ਭੇਜ ਦਿੱਤਾ ਹੈ।

## ਗੁਰਦੁਆਰਾ ਸਾਹਿਬ ਬਰੁੱਕਫੀਲਡ ਦੇ ਹੈਡ ਗ੍ਰੰਥੀ ਬਾਬਾ ਨਾਜਰ ਸਿੰਘ ਚਲਾਣਾ ਕਰ ਗਏ



ਗੁਰਦੁਆਰਾ ਸਾਹਿਬ ਬਰੁੱਕਫੀਲਡ ਦੇ ਹੈਡ ਗ੍ਰੰਥੀ ਬਾਬਾ ਨਾਜਰ ਸਿੰਘ ਲੰਘੀ 4 ਜੁਲਾਈ ਨੂੰ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 82 ਸਾਲਾਂ ਦੇ ਸਨ ਅਤੇ ਲੰਮੇ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਪਤਨੀ ਰਜਿੰਦਰ ਕੌਰ, ਦੋ ਪੁੱਤਰ ਅਤੇ ਦੋ ਧੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਬਾਬਾ ਨਾਜਰ ਸਿੰਘ ਧਾਰਮਿਕ ਖਿਆਲਾਂ ਦੇ ਧਾਰਨੀ, ਇਮਾਨਦਾਰ ਅਤੇ ਨਿੱਘੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਗੁਰੂ ਦੇ ਭਾਣੇ ਵਿਚ ਰਹਿੰਦੇ ਹੋਏ ਵਧੀਆ ਜੀਵਨ ਬਸਰ ਕੀਤਾ। ਉਨ੍ਹਾਂ ਕੁਝ ਸਮਾਂ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਵੀ ਸੇਵਾਵਾਂ ਨਿਭਾਈਆਂ। ਉਨ੍ਹਾਂ ਨਮਿਤ ਅੰਤਿਮ ਅਰਦਾਸ ਅਤੇ ਅਖੰਡ ਪਾਠ ਸਾਹਿਬ ਦਾ ਭੋਗ ਅੱਜ (ਬੁੱਧਵਾਰ) ਨੂੰ ਗੁਰਦੁਆਰਾ ਸਾਹਿਬ ਬਰੁੱਕਫੀਲਡ ਵਿਖੇ ਸ਼ਾਮ 5 ਤੋਂ 7 ਵਜੇ ਤੱਕ ਪਾਇਆ ਜਾ ਰਿਹਾ ਹੈ।

## ਗੁਰਬਚਨ ਸਿੰਘ ਸੰਧੂ ਨੂੰ ਸਦਮਾ: ਵਡੇ ਭਰਾ ਸੁਰਗਵਾਸ



ਨਿਸ਼ਕਾਮ ਕਾਰ ਸੇਵਾ ਗਰੁਪ ਅਤੇ ਸ਼ਿਕਾਗੋ ਵਾਲੀਬਾਲ ਟੀਮ ਦੇ ਮੈਂਬਰ ਸ. ਗੁਰਬਚਨ ਸਿੰਘ ਸੰਧੂ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦੇ ਵਡੇ ਭਰਾ ਜਗਜੀਤ ਸਿੰਘ ਸੰਧੂ ਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਜਗਜੀਤ ਸਿੰਘ ਸੰਧੂ ਦਾ ਜਨਮ 14 ਮਈ 1949 ਨੂੰ ਹੋਇਆ। ਉਹ ਆਪਣੇ ਪਿਛੇ ਪਤਨੀ ਸੁਖਵਿੰਦਰ ਕੌਰ, ਧੀ ਕਿਰਨਦੀਪ ਕੌਰ, ਪੁੱਤਰ ਕਰਮਦੀਪ ਸੰਧੂ (ਅਮਰੀਕਾ) ਅਤੇ ਕਮਲਦੀਪ ਸਿੰਘ ਸੰਧੂ (ਆਸਟਰੇਲੀਆ) ਛਡ ਗਏ ਹਨ। ਉਹ ਜ਼ਿਲ੍ਹਾ ਜਗਰਾਓਂ ਦੇ ਪਿੰਡ ਚੱਕਰ ਤੋਂ ਸਨ ਤੇ ਉਥੋਂ ਹੀ ਜੇ.ਬੀ.ਟੀ. ਕਰਕੇ ਅਧਿਆਪਕ ਲਗ ਗਏ। 1971 ਵਿਚ ਦੋਰਾਹਾ ਮੰਡੀ ਵਿਚ ਸੁਪਰਵਾਈਜ਼ਰ ਰਹੇ ਅਤੇ 2007 ਵਿਚ ਮਾਰਕਿਟ ਕਮੇਟੀ ਲੁਧਿਆਣਾ ਤੋਂ ਰਿਟਾਇਰ ਹੋਏ। 2010 ਵਿਚ ਅਮਰੀਕਾ ਆ ਗਏ। ਗਰੀਨ ਕਾਰਡ ਹਾਸਲ ਕਰਨ ਤੋਂ ਬਾਅਦ ਵਾਪਸ ਇੰਡੀਆ ਚਲੇ ਗਏ ਅਤੇ ਉਥੇ ਹੀ ਅੰਤਿਮ ਸਵਾਸ ਲਏ। ਦੁਖ ਸਾਂਝਾ ਕਰਨ ਲਈ ਸ. ਗੁਰਬਚਨ ਸਿਮਘ ਸੰਧੂ ਨਾਲ ਫੋਨ 312-730-4009 'ਤੇ ਸੰਪਰਕ ਕੀਤਾ ਜਾ ਸਕਦਾ ਹੈ।


ਮਿਲਵਾਕੀ (ਵਿਸਕਾਨਸਿਨ) ਵਿਚ ਗਰੋਸਰੀ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ

ਮਿਲਵਾਕੀ ਸਥਿਤ ਇੰਡੀਅਨ ਗਰੋਸਰੀ ਅਤੇ ਲਿਕਰ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ।

*ਚੰਗੀ ਤਨਖਾਹ

ਚਾਹਵਾਨ ਸੰਪਰਕ ਕਰੋ:

ਗੁਰਮੁਖ ਸਿੰਘ:
414-339-3689





UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603



SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

Domestic fares available

*United Airlines*
*British Airways*

For Emergency
Call anytime at
847-436-9010

*Etihad, Air India,*
*KLM, Lufthansa,*
*Delta, Qatar Airlines.*


# Matrimonials

## ਲੜਕੇ ਦੀ ਲੋੜ ਹੈ

ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ 'ਤੇ ਆਏ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ +91 77105-18103 ਜਾਂ 734-444-5774 'ਤੇ ਸੰਪਰਕ ਕਰਨ।

27-30

Hindu/Sikh family seeks a suitable match for their beautiful daughter, 29 years, 5'6", U.S. citizen, Doctor of Dental Medicine (DMD), currently practicing as a dentist in Ohio. Family-oriented, well-educated, and professionally accomplished. Parents and sibling are U.S. citizens. Seeking a well-educated, professionally qualified match from a respectable family. Contact us at 937-397-9366

25-28

Jatt Sikh family seeks a well-educated match for their US born daughter. April 1992 born, 5'5", highly educated (Bachelors, Masters, Post-Masters). Currently working as a School Psychologist in California. Seeking a well-settled, professionally qualified match. Strong preference for US West Coast residents and non-turbaned only. Contact : 301-653-7029

23-26

Seeking a suitable match for a US-born and raised Punjabi Hindu Brahmin girl, 23, 5'1". A Yale graduate starting dental school in June 2026, she is a talented Bharatanatyam dancer, vegetarian, and thoughtfully grounded. She is from a progressive, well-educated family seeking a mature, US-raised Punjabi Hindu partner with shared cultural values and a vegetarian lifestyle. Please text at: 678-304-8184. Refer MV.

23-26

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਪਰਿਵਾਰ ਨੂੰ ਆਪਣੇ ਯੂ.ਐੱਸ. ਸਿਟੀਜ਼ਨ 32 ਸਾਲਾ, ਕੱਦ 5'6" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ **ਂਅਨ ਧਇਗੋ** ਵਿਖੇ ਇਕ ਸਾਫਟਵੇਅਰ ਕੰਪਨੀ ਵਿਚ ਇੰਜੀਨੀਅਰ ਹੈ। ਚਾਹਵਾਨ ਸੰਪਰਕ ਕਰਨ: 858-337-9369

25-28

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਉਮਰ 38 ਸਾਲ, 5'-11" ਲੰਬਾ, **ਉ** ਤੋਂ **ਅਸਟੲਰ ਧੲਗਰੲੲੋਲਦੲਰ**, ਸਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, **ਂਏਨੌਰਿ ੌਟੱਅਰੲ ਫਰੋਦੁਚਟ ਏਅਦੲਰ** ਵਜੋਂ ਜੋਬ, **ਘਰੲੲਨ ਛਅਰਦ ਂਲਿਦੲ, ਸਿਸੁੲ-ਲੲਸਸ ਦਵਿੋਰਚੲੲ** (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ, ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ. ਵਧੇਰੇ ਜਾਣਕਾਰੀ ਲਈ ਅੱਜ ਹੀ+1 (510) 558-5650 'ਤੇ ਕਾਲ ਕਰੋ ਜਾਂ +91 98993 79442 'ਤੇ ਵਟਸਐਪ ਕਰੋ ਜਾਂ **ਸਨਿਗਹਮਅਟ001@ਗਮਅਲਿ।ਚੋਮ** 'ਤੇ ਈਮੇਲ ਕਰੋ।

24-27

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੇ ਯੂ.ਐੱਸ.ਏ. ਸਿਟੀਜ਼ਨ ਉਮਰ 34, ਕੱਦ 6.1" ਇੰਚ ਡਾਕਟਰ ਲੜਕੇ ਲਈ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਕੱਦ ਘਟੋ-ਘੱਟ 5.5 ਇੰਚ ਹੋਵੇ, ਮੈਡੀਕਲ ਲਾਈਨ ਨਾਲ ਸਬੰਧਤ ਲੜਕੀ ਨੂੰ ਪਹਿਲ। ਅਮਰੀਕਾ ਜਾਂ ਕੈਨੇਡਾ ਵਿਚ ਸਟੂਡੈਂਟ ਵੀਜ਼ਾ ਜਾਂ ਐਚ1ਬੀ ਵੀਜ਼ੇ ਵਾਲੀ ਲੜਕੀ ਵੀ ਵਿਚਾਰਨਯੋਗ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ, ਫੋਨ: 224-381-2362 ਜਾਂ 847-323-1827

23-26

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

23-26

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਖ਼ਾਮਨੇਈ ਦੀ ਅੰਤਿਮ ਯਾਤਰਾ 'ਚ ਲੱਗੇ ਅਮਰੀਕਾ-ਇਜ਼ਰਾਈਲ ਵਿਰੁੱਧ ਨਾਅਰੇ

## ਕਾਲੇ ਪਹਿਰਾਵੇ 'ਚ ਉਮੜੀ ਕਈ ਕਿਲੋਮੀਟਰ ਲੰਬੀ ਭੀੜ ਨੇ ਇਕਜੁਟਤਾ ਦਾ ਪ੍ਰਦਰਸ਼ਨ ਕੀਤਾ

**ਨਵੀਂ ਦਿੱਲੀ:** ਈਰਾਨ ਦੇ ਸਾਬਕਾ ਸਰਬਉੱਚ ਨੇਤਾ ਆਇਤੁੱਲ੍ਹਾ ਅਲੀ ਖ਼ਾਮਨੇਈ ਦੀ ਅੰਤਿਮ ਯਾਤਰਾ ਤੇਹਰਾਨ ਦੀਆਂ ਸੜਕਾਂ 'ਤੇ ਕੱਢੀ ਗਈ, ਜਿਸ 'ਚ ਲੱਖਾਂ ਦੀ ਗਿਣਤੀ 'ਚ ਲੋਕ ਸ਼ਾਮਲ

**ਕਈ ਸਥਾਨਾਂ 'ਤੇ ਭੀੜ ਨੇ ਅਮਰੀਕਾ ਤੇ ਇਜ਼ਰਾਈਲ ਵਿਰੋਧੀ ਨਾਅਰੇ ਲਗਾਏ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਰੁੱਧ ਵੀ ਗੁੱਸਾ ਜ਼ਾਹਿਰ ਕੀਤਾ।**

ਹੋਏ। ਰਾਜਧਾਨੀ ਦੀਆਂ ਮੁੱਖ ਸੜਕਾਂ 'ਤੇ ਕਾਲੇ ਕੱਪੜਿਆਂ 'ਚ ਸੋਗ ਮਨਾਉਣ ਵਾਲਿਆਂ ਦਾ ਸੈਲਾਬ ਉਮੜ ਪਿਆ। ਕਈ ਸਥਾਨਾਂ 'ਤੇ ਭੀੜ ਨੇ ਅਮਰੀਕਾ ਤੇ ਇਜ਼ਰਾਈਲ ਵਿਰੋਧੀ ਨਾਅਰੇ ਲਗਾਏ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ



ਵਿਰੁੱਧ ਵੀ ਗੁੱਸਾ ਜ਼ਾਹਿਰ ਕੀਤਾ। ਨਿਊਯਾਰਕ ਟਾਈਮਸ ਅਨੁਸਾਰ ਖ਼ਾਮਨੇਈ ਦਾ ਰਾਸ਼ਟਰੀ ਝੰਡੇ 'ਚ ਲਿਪਟਿਆ ਤਾਬੂਤ ਤੇ ਉਨ੍ਹਾਂ ਦੇ ਚਾਰ ਪਰਿਵਾਰਕ ਮੈਂਬਰਾਂ ਦੇ ਤਾਬੂਤ ਇਕ ਵਿਸ਼ੇਸ਼ ਤੌਰ 'ਤੇ ਸੱਜੇ ਟਰੱਕ 'ਤੇ ਰੱਖੇ ਗਏ ਸਨ।

ਅੰਤਿਮ ਯਾਤਰਾ ਦੌਰਾਨ ਕਈ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ ਤੇ ਇਜ਼ਰਾਈਲ ਵਿਰੁੱਧ ਪੋਸਟਰ ਤੇ ਬੈਨਰ ਲਹਿਰਾਏ। ਕੁਝ ਬੈਨਰਾਂ 'ਤੇ ਟਰੰਪ ਵਿਰੁੱਧ ਬਦਲੇ ਦੀ ਮੰਗ ਵੀ ਲਿਖੀ ਗਈ ਸੀ। ਈਰਾਨ ਸਰਕਾਰ ਇਸ ਵਿਸ਼ਾਲ ਅੰਤਿਮ ਯਾਤਰਾ ਨੂੰ ਰਾਸ਼ਟਰੀ ਇਕਜੁਟਤਾ ਤੇ ਮੌਜੂਦਾ ਲੀਡਰਸ਼ਿਪ ਪ੍ਰਤੀ ਸਮਰਥਨ ਦੇ ਪ੍ਰਦਰਸ਼ਨ ਦੇ ਰੂਪ 'ਚ ਪੇਸ਼ ਕਰ ਰਹੀ ਹੈ। ਸਮਾਰੋਹ 'ਚ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ ਸਮੇਤ ਕਈ ਸੀਨੀਅਰ ਨੇਤਾ ਸ਼ਾਮਲ ਹੋਏ ਪਰ ਖ਼ਾਮਨੇਈ ਦੇ ਬੇਟੇ ਤੇ ਵਾਰਿਸ ਮੋਜਤਬਾ ਖ਼ਾਮਨੇਈ ਜਨਤਕ ਤੌਰ 'ਤੇ ਨਜ਼ਰ ਨਹੀਂ ਆਏ।

# 20 ਹਜ਼ਾਰ ਕਰੋੜ ਦਾ ਵਾਅਦਾ 600 ਕਰੋੜ 'ਤੇ ਸਿਮਟਿਆ: ਢਿੱਲੋਂ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ 'ਆਪ' ਸਰਕਾਰ 'ਤੇ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਵੱਲੋਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਰੇਤ-ਬੱਜਰੀ



ਮਾਈਨਿੰਗ ਤੋਂ 20 ਹਜ਼ਾਰ ਕਰੋੜ ਰੁਪਏ ਕਮਾਉਣ ਵਾਲੀ ਗਰੰਟੀ ਪੂਰੀ ਤਰ੍ਹਾਂ ਝੂਠੀ ਸਾਬਤ ਹੋਈ ਹੈ। ਪੰਜਾਬ ਭਾਜਪਾ ਪ੍ਰਧਾਨ ਢਿੱਲੋਂ ਨੇ ਕਿਹਾ ਕਿ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਨਾ ਨਾਜਾਇਜ਼ ਮਾਈਨਿੰਗ ਰੁਕੀ, ਨਾ ਸਰਕਾਰੀ ਖਜ਼ਾਨਾ ਭਰਿਆ। ਉਨ੍ਹਾਂ ਕਿਹਾ ਕਿ 2025- 26 ਵਿਚ ਪੂਰਾ ਜ਼ੋਰ ਲਾ ਕੇ ਵੀ ਸਰਕਾਰ ਸਿਰਫ਼ 600 ਕਰੋੜ ਰੁਪਏ ਹੀ ਇਕੱਠੇ ਕਰ ਸਕੀ, ਜਿਸ ਵਿਚੋਂ 150 ਕਰੋੜ ਵੀ ਹਿਮਾਚਲ ਤੇ ਹਰਿਆਣੇ ਤੋਂ ਆਉਣ ਵਾਲੀ ਮਾਈਨਿੰਗ ਦੇ ਟੈਕਸ ਦਾ ਹੈ।

# ਪਹਿਲਗਾਮ ਅੱਤਵਾਦੀ ਹਮਲੇ ਪਿੱਛੇ ਸੀ ਸਈਦ

**ਜੰਮੂ:** ਐੱਨ.ਆਈ.ਏ. ਨੇ ਅੱਤਵਾਦੀ ਸੰਗਠਨ ਲਸ਼ਕਰ-ਏ-ਤਈਅਬਾ ਦੇ ਸਰਗਨਾ ਹਾਫ਼ਿਜ਼ ਸਈਦ ਉੱਤੇ ਪਿਛਲੇ ਸਾਲ ਹੋਏ ਪਹਿਲਗਾਮ ਦਹਿਸ਼ਤਗਰਦੀ ਹਮਲੇ ਵਿਚ ਉਸ ਦੀ ਭੂਮਿਕਾ ਨੂੰ ਲੈ ਕੇ ਦੋਸ਼ ਲਗਾਏ ਹਨ। ਸੋਮਵਾਰ ਨੂੰ ਜੰਮੂ ਦੀ ਖ਼ਾਸ ਅਦਾਲਤ ਵਿਚ ਦਾਖਲ ਕੀਤੀ ਗਈ ਸਪਲੀਮੈਂਟਰੀ ਚਾਰਜਸ਼ੀਟ ਵਿਚ ਸਈਦ ਨੂੰ ਸਾਜ਼ਿਸ਼ਕਰਤਾ ਦੱਸਿਆ ਗਿਆ ਹੈ। ਇਸ ਦੇ ਨਾਲ ਹੀ ਹਮਲੇ ਦੇ ਪਿੱਛੇ ਪਾਕਿਸਤਾਨ ਵਿਚ ਮੌਜੂਦ ਅੱਤਵਾਦੀ ਗਿਰੋਹਾਂ ਦੀ ਭੂਮਿਕਾ ਦਾ ਵੀ ਖ਼ੁਲਾਸਾ ਕੀਤਾ ਗਿਆ ਹੈ। ਐੱਨਆਈਏ ਨੇ ਸਈਦ 'ਤੇ ਭਾਰਤੀ ਨਿਆਂ ਜ਼ਾਬਤਾ ਅਤੇ ਗ਼ੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਤਹਿਤ ਭਾਰਤ ਵਿਰੁੱਧ ਯੁੱਧ ਛੇੜਣ ਅਤੇ ਸਰਹੱਦ ਪਾਰ ਤੋਂ ਸਾਜ਼ਿਸ਼ ਰਚਣ ਦੇ ਗੰਭੀਰ ਦੋਸ਼ ਲਗਾਏ ਹਨ।

ਜਾਂਚ ਏਜੰਸੀ ਦੇ ਬੁਲਾਰੇ ਨੇ ਕਿਹਾ ਕਿ ਇਹ ਪੂਰਕ ਚਾਰਜਸ਼ੀਟ ਛੇ ਮਹੀਨੇ ਪਹਿਲਾਂ ਦਾਖ਼ਲ ਕੀਤੀ ਗਈ 1,597 ਸ ਫ਼ਿਆਂ ਦੀ ਚਾਰਜਸ਼ੀਟ ਤੋਂ ਬਾਅਦ ਆਈ ਹੈ। ਉਸ ਪਹਿਲੀ ਚਾਰਜਸ਼ੀਟ ਵਿਚ 22 ਅਪ੍ਰੈਲ 2025 ਨੂੰ ਪਹਿਲਗਾਮ ਹਮਲੇ ਤੋਂ ਪਹਿਲਾਂ ਪਾਕਿਸਤਾਨ ਵਿਚ ਮੌਜੂਦ ਅੱਤਵਾਦੀ ਸੰਗਠਨਾਂ, ਉਨ੍ਹਾਂ ਦੇ ਸਰਗਨਿਆਂ ਅਤੇ ਅੱਤਵਾਦੀਆਂ ਦੀ ਸਾਜ਼ਿਸ਼ ਅਤੇ ਘਟਨਾ ਦਾ ਪੂਰਾ ਵੇਰਵਾ ਦਿੱਤਾ ਗਿਆ।



ਇਸ ਹਮਲੇ ਵਿਚ ਇਕ ਸਥਾਨਕ ਵਿਅਕਤੀ ਅਤੇ 25 ਸੈਲਾਨੀਆਂ ਦੀ ਮੌਤ ਹੋਈ ਸੀ। ਸਪਲੀਮੈਂਟਰੀ ਚਾਰਜਸ਼ੀਟ ਵਿਚ ਪਾਕਿਸਤਾਨ ਦੀ ਸਾਜ਼ਿਸ਼, ਸਈਦ ਦੀ ਭੂਮਿਕਾ ਅਤੇ ਇਸ਼ ਮਾਮਲੇ ਵਿਚ ਐੱਨਆਈਏ ਵੱਲੋਂ ਵਿਗਿਆਨਕ ਜਾਂਚ ਅਤੇ ਮੌਕੇ ਉੱਤੇ ਕੀਤੀ ਗਈ ਜਾਂਚ ਤੋਂ ਇਕੱਠੇ ਕੀਤੇ ਗਏ ਸਬੂਤਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ 15 ਦਸੰਬਰ 2025 ਨੂੰ ਦਾਖਲ ਕੀਤੀ ਗਈ ਚਾਰਜਸ਼ੀਟ ਵਿਚ ਐੱਨਆਈਏ ਨੇ ਪਾਕਿਸਤਾਨ ਵਿਚ ਮੌਜੂਦ ਅੱਤਵਾਦੀ ਹੈਂਡਲਰ ਸੱਜਾਦ ਜੱਟ ਨੂੰ ਨਾਮਜ਼ਦ ਕੀਤਾ ਸੀ।ਇਸ ਤੋਂ ਇਲਾਵਾ, ਜੁਲਾਈ 2025 ਵਿਚ 'ਆਪ੍ਰੇਸ਼ਨ ਮਹਾਦੇਵ' ਵਿਚ ਮਾਰੇ ਗਏ ਤਿੰਨ ਅੱਤਵਾਦੀਆਂ ਅਤੇ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਦੇ ਨਾਂ ਵੀ ਚਾਰਜਸ਼ੀਟ ਵਿਚ ਸ਼ਾਮਲ ਕੀਤੇ ਗਏ ਸਨ। ਇਸ ਦੇ ਨਾਲ ਹੀ ਲਸ਼ਕਰ-ਏ-ਤਈਅਬਾ ਅਤੇ ਟੀਆਰਐੱਫ ਨੂੰ ਹਮਲੇ ਦੀ ਸਾਜ਼ਿਸ਼ ਰਚਣ, ਉਸ ਨੂੰ ਅੰਜਾਮ ਦੇਣ ਅਤੇ ਇਸ ਵਿਚ ਸਹਿਯੋਗ ਕਰਨ ਲਈ ਕਾਨੂੰਨੀ ਇਕਾਈ ਦੇ ਤੌਰ 'ਤੇ ਵੀ ਮੁਲਜ਼ਮ ਬਣਾਇਆ ਸੀ। ਸ਼ੁਰੂਆਤੀ ਜਾਂਚ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਮਾਮਲਾ ਐੱਨਆਈਏ ਨੂੰ ਸੌਂਪ ਦਿੱਤਾ ਸੀ। ਐੱਨਆਈਏ ਨੇ ਕਿਹਾ ਕਿ ਜਾਂਚ ਚੱਲ ਰਹੀ ਹੈ ਪਾਕਿਸਤਾਨ ਨਾਲ ਜੁੜੀ ਇਸ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

## ਚੰਪਤ ਰਾਏ, ਅਨਿਲ ਮਿਸ਼ਰਾ ਦੇ...

(ਪਹਿਲੇ ਸਫ਼ੇ ਦਾ ਬਾਕੀ)

ਸਾਰਿਆਂ ਦਾ ਤਰੀਕ ਮੁਤਾਬਕ ਰਜਿਸਟਰ 'ਚ ਰਿਕਾਰਡ ਦਰਜ ਹੈ। ਬੈਠਕ 'ਚ ਟਰੱਸਟ ਦੇ ਨਵੇਂ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਦੀ ਚੋਣ ਲਈ ਤਿੰਨ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ।

## ਐੱਸ.ਆਈ.ਟੀ. ਰਿਪੋਰਟ 'ਚ ਮਿਸ਼ਰਾ ਦੋਸ਼ੀ,ਚੰਪਤ ਦਾ ਨਾਂ ਨਹੀਂ

**ਲਖਨਊ:** ਅਯੁੱਧਿਆ ਦੇ ਸ੍ਰੀ ਰਾਮ ਜਨਮ ਭੂਮੀ ਮੰਦਰ 'ਚ 70 ਵਾਰ ਚੜ੍ਹਾਵੇ ਦੀ ਚੋਰੀ ਕੀਤੇ ਜਾਣ ਦੀ ਪੁਸ਼ਟੀ ਵਿਸ਼ੇਸ਼ ਜਾਂਚ ਦਲ (ਐੱਸਆਈਟੀ) ਦੀ ਜਾਂਚ 'ਚ ਹੋਈ ਹੈ। ਇਸ ਮਾਮਲੇ ਦੀ ਜਾਂਚ ਲਈ ਸਰਕਾਰ ਵੱਲੋਂ ਗਠਿਤ ਐੱਸਆਈਟੀ ਦੀ ਸ਼ੁਰੂਆਤੀ ਜਾਂਚ ਰਿਪੋਰਟ 'ਚ ਕਈ ਖੁਲਾਸੇ ਕੀਤੇ ਗਏ ਹਨ। ਰਿਪੋਰਟ ਮਤਾਬਕ ਕਰੋੜਾਂ ਰਪਏ ਦਾ ਚੜ੍ਹਾਵਾ ਚੋਰੀ ਕੀਤਾ ਗਿਆ ਹੈ। ਸੀਸੀਟੀਵੀ ਦੀ ਫੁਟੇਜ 'ਚ ਚੜ੍ਹਾਵੇ ਦੀ ਗਿਣਤੀ ਦੌਰਾਨ 27 ਅਪ੍ਰੈਲ ਤੋਂ ਪੰਜ ਜੂਨ 2026 ਵਿਚਾਲੇ ਭਾਵ 40 ਦਿਨਾਂ 'ਚ 70 ਵਾਰ ਚੜ੍ਹਾਵੇ ਦੀ ਚੋਰੀ ਕੀਤੀ ਗਈ ਹੈ। ਗਿਣਤੀ 'ਚ ਲੱਗੇ ਕੁਝ ਮੁਲਾਜ਼ਮਾਂ ਦੀ ਨੋਟ ਲੁਕਾਉਂਦੇ ਹੋਏ ਫੁਟੇਜ ਵੀ ਮਿਲੀ ਹੈ। ਰਿਪੋਰਟ 'ਚ ਛੇ ਮੁਲਜ਼ਮਾਂ 'ਤੇ ਐੱਫਆਈਆਰ ਦੀ ਸਿਫ਼ਾਰਸ਼ ਕੀਤੀ ਗਈ ਹੈ। ਨਾਲ ਹੀ ਟਰੱਸਟ ਬੈਂਕ ਦੀ ਨਿਗਰਾਨੀ ਵਿਵਸਥਾ 'ਤੇ ਗੰਭੀਰ ਸਵਾਲ ਚੁੱਕੇ ਹਨ। ਰਿਪੋਰਟ 'ਚ ਜਿੱਥੇ ਟਰੱਸਟ ਦੇ ਮੈਂਬਰ ਡਾ. ਅਨਿਲ ਕੁਮਾਰ ਮਿਸ਼ਰਾ 'ਤੇ ਦੋਸ਼ ਲੱਗੇ ਹਨ, ਉਥੇ ਜਨਰਲ ਸਕੱਤਰ ਚੰਪਤ ਰਾਏ ਦਾ ਜ਼ਿਕਰ ਨਹੀਂ ਹੈ।

ਡਾ. ਅਨਿਲ ਮਿਸ਼ਰਾ 'ਤੇ ਨਿਗਰਾਨੀ ਤੇ ਸਟੈਂਡਰਡ ਆਪ੍ਰੇਟਿੰਗ ਪ੍ਰੋਸੀਜਰ (ਐੱਸਓਪੀ) ਨੂੰ ਲਾਗੂ ਕਰਵਾਉਣ 'ਚ ਨਾਕਾਮ ਰਹਿਣ ਦਾ ਦੋਸ਼ ਲਗਾਇਆ ਗਿਆ ਹੈ।



## ਮੋਹਾਲੀ 'ਚ ਚੰਨੀ ਨਾਲ ਬੈਠਕ...

(ਪਹਿਲੇ ਸਫ਼ੇ ਦਾ ਬਾਕੀ)

ਕਾਂਗਰਸ 'ਚ ਅਜਿਹੀ ਸਥਿਤੀ ਪੈਦਾ ਹੋਈ ਹੈ। ਨੇਤਾਵਾਂ ਨੇ ਫ਼ੈਸਲਾ ਕੀਤਾ ਕਿ ਕਾਂਗਰਸ ਹਾਈ ਕਮਾਨ ਤੋਂ ਸਮਾਂ ਲੈ ਕੇ ਸੰਗਠਨਾਤਕਮ ਨਿਯੁਕਤੀਆਂ 'ਤੇ ਇਤਰਾਜ਼ ਰੱਖੇ ਜਾਣਗੇ ਤੇ ਫ਼ੈਸਲਿਆਂ 'ਤੇ ਮੁੜ ਵਿਚਾਰ ਦੀ ਅਪੀਲ ਕੀਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਦਿੱਲੀ ਦਹਿਲਾਉਣ ਤੋਂ ਪਹਿਲਾਂ ਸੱਤ ਅੱਤਵਾਦੀ ਗ੍ਰਿਫ਼ਤਾਰ

**ਨਵੀਂ ਦਿੱਲੀ:**ਦਿੱਲੀ ਨੂੰ ਦਹਿਲਾਉਣ ਦੀ ਸਾਜ਼ਿਸ਼ ਰਚ ਰਹੇ ਪਾਕਿਸਤਾਨੀ ਖ਼ੁਫ਼ੀਆ ਚ ਏਜੰਸੀ ਆਈਐੱਸਆਈ ਦੇ ਏਜੰਟ ਤੇ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ ਮਾਡਿਊਲ ਦੇ ਛੇ ਹੋਰ ਅੱਤਵਾਦੀਆਂ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਦਿੱਲੀ ਤੇ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਇਸੇ ਮਾਮਲੇ 'ਚ ਸੱਤਵੇਂ ਅੱਤਵਾਦੀ ਨੂੰ ਬਿਹਾਰ ਦੇ ਮੁੰਗੇਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਹ ਸਾਰੇ ਸ਼ਹਿਜ਼ਾਦ ਦੇ ਦੋ ਵੱਖ-ਵੱਖ ਗਰੁੱਪਾਂ ਦੇ ਅੱਤਵਾਦੀ ਹਨ।

ਇਨ੍ਹਾਂ 'ਚੋਂ ਇਕ ਗਰੁੱਪ ਨੂੰ ਦਿੱਲੀ 'ਚ ਕਿਸੇ ਮਹੱਤਵਪਰੂਨ ਥਾਂ ਜਾਂ ਥਾਣੇ 'ਤੇ ਅੱਤਵਾਦੀ ਹਮਲਾ ਕਰਨ ਤੇ ਦੂਜੇ ਗਰੁੱਪ ਨੂੰ ਸਰਹੱਦ ਪਾਰ ਤੋਂ ਭੇਜੇ ਜਾ ਰਹੇ ਵਿਦੇਸ਼ੀ ਹਥਿਆਰਾਂ ਨੂੰ ਵੇਚ ਕੇ ਉਕਤ ਧਨ ਦੀ ਵਰਤੋਂ ਅੱਤਵਾਦੀ ਸਰਗਰਮੀਆਂ 'ਚ ਕਰਨ ਦਾ ਕੰਮ ਸੌਂਪਿਆ ਗਿਆ ਸੀ। ਪਾਕਿਸਤਾਨੀ ਆਕਾ ਦੇ ਨਿਰਦੇਸ਼ 'ਤੇ ਐਤਵਾਰ ਸ਼ਾਮ ਪੰਜ ਅੱਤਵਾਦੀ ਪੈਟਰੋਲ' ਬੰਬ ਤੇ ਆਧੁਨਿਕ ਹਥਿਆਰਾਂ ਦੇ ਨਾਲ ਪੂਰੀ ਤਿਆਰੀ 'ਚ ਦੋ ਕਾਰਾਂ ਤੇ ਇਕ ਬਾਈਕ ਰਾਹੀਂ ਦਿੱਲੀ ਪੁੱਜੇ ਸਨ। ਇਨ੍ਹਾਂ ਨੇ ਸੋਮਵਾਰ ਤੜਕੇ ਦਿੱਲੀ 'ਚ ਕੁਝ ਮਹੱਤਵਪੂਰਨ ਅਦਾਰਿਆਂ ਤੇ ਥਾਣਿਆਂ 'ਤੇ ਪੈਟਰੋਲ ਬੰਬ ਸੁੱਟ ਕੇ ਹਮਲਾ ਕਰਨਾ ਸੀ। ਪਰ ਇਸ ਤੋਂ ਪਹਿਲਾਂ ਸੈੱਲ ਦੀ ਟੀਮ ਨੇ ਉਨ੍ਹਾਂ ਨੂੰ ਫੜ ਕੇ ਪਾਕਿਸਤਾਨੀ ਸਾਜ਼ਿਸ਼ 'ਤੇ ਪਾਣੀ ਫੇਰ ਦਿੱਤਾ। ਛੇ ਅੱਤਵਾਦੀਆਂ ਨੂੰ ਪਟਿਆਲਾ ਹਾਊਸ ਕੋਰਟ 'ਚ ਪੇਸ਼ ਕਰਨ ਤੋਂ ਬਾਅਦ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਜਦਕਿ ਸੱਦਾਮ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ। ਪਿਛਲੇ ਛੇ ਮਹੀਨੇ 'ਚ ਸਪੈਸ਼ਲ ਸੈੱਲ ਦੀ ਟੀਮ ਸ਼ਹਿਜ਼ਾਦ ਭੱਟੀ ਮਾਡਿਊਲ ਦੇ 60 ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।ਐਡੀਸ਼ਨਲ ਪੁਲਿਸ ਕਮਿਸ਼ਨਰ ਪ੍ਰਮੋਦ ਸਿੰਘ ਕੁਸ਼ਵਾਹਾ ਦਾ ਕਹਿਣਾ



ਹੈ ਕਿ ਡੀਸੀਪੀ ਪ੍ਰਵੀਣ ਕੁਮਾਰ ਤ੍ਰਿਪਾਠੀ ਦੀ ਅਗਵਾਈ 'ਚ ਏਸੀਪੀ ਵਿਵੇਕ ਕੁਮਾਰ ਤਿਆਗੀ, ਇੰਸਪੈਕਟਰ ਸੁਨੀਲ ਜੈਨ ਤੇ ਧੀਰਜ ਦੀ ਟੀਮ ਨੇ ਇਨ੍ਹਾਂ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ। ਪਹਿਲਾਂ ਗਰੁੱਪ ਨੂੰ ਆਈਐੱਸਆਈ ਹੈਂਡਲਰ ਰਾਣਾ ਹੁਨੈਨ ਚਲਾ ਰਿਹਾ ਸੀ, ਜੋ ਸ਼ਹਿਜ਼ਾਦ ਦਾ ਸਹਿਯੋਗੀ ਹੈ। ਇਸ ਗਰੁੱਪ ਨੂੰ ਪੈਟਰੋਲ ਬੰਬ ਦਾ ਇਸਤੇਮਾਲ ਕਰ ਕੇ ਦਿੱਲੀ 'ਚ ਕਿਸੇ ਮਹੱਤਵਪੂਰਨ ਥਾਂ ਜਾਂ ਥਾਣੇ 'ਤੇ ਹਮਲਾ ਕਰਨ ਦਾ ਕੰਮ ਸੌਂਪਿਆ ਗਿਆ ਸੀ। ਐਤਵਾਰ ਰਾਤ ਇਨ੍ਹਾਂ ਨੂੰ ਵਿਜੇ ਘਾਟ ਤੋਂ ਫੜਿਆ ਗਿਆ। ਇਨ੍ਹਾਂ ਦੇ ਕਬਜ਼ੇ ਤੋਂ ਤਿੰਨ ਪੈਟਰੋਲ ਬੰਬ ਤੇ ਦੋ ਹਜ਼ਾਰ ਰੁਪਏ ਬਰਾਮਦ ਕੀਤੇ ਗਏ। ਦੂਜੇ ਗਰੁੱਪ ਨੂੰ ਆਈਐੱਸਆਈ ਹੈਂਡਲਰ ਹਸਨ ਗੁੱਜਰ ਚਲਾ ਰਿਹਾ ਸੀ, ਉਹ ਵੀ ਸ਼ਹਿਜ਼ਾਦ ਦਾ ਸਹਿਯੋਗੀ ਹੈ। ਇਹ ਗਰੁੱਪ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਭੇਜੇ ਗਏ ਤੁਰਕੀਏ ਤੇ ਹੋਰ ਦੇਸ਼ਾਂ ਦੇ ਹਥਿਆਰ ਪ੍ਰਾਪਤ ਕਰ ਕੇ ਉਸ ਨੂੰ ਵੇਚ ਕੇ ਪੈਸੇ ਇਕੱਠੇ ਕਰ ਰਿਹਾ ਸੀ। ਹੈਂਡਲਰਾਂ ਨੇ ਇਨ੍ਹਾਂ ਨੂੰ ਉਕਤ ਧਨ ਦੀ ਵਰਤੋਂ ਭਾਰਤ 'ਚ ਅੱਤਵਾਦੀ ਤੇ ਅਪਰਾਧਕ ਸਰਗਰਮੀਆਂ ਨੂੰ ਫਾਇਨਾਂਸ ਕਰਨ ਲਈ ਕਿਹਾ ਸੀ। ਇਸ ਗਰੁੱਪ ਦੇ ਤਿੰਨ ਅੱਤਵਾਦੀਆਂ ਨੂੰ ਕਾਲਿੰਦੀ ਕੁੰਜ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੇ ਕਬਜ਼ੇ ਤੋਂ ਤਿੰਨ ਪਿਸਟਲ ਤੇ ਪੰਜ ਕਾਰਤੂਸ ਬਰਾਮਦ ਕੀਤੇ ਗਏ। ਤਿੰਨਾਂ ਤੋਂ ਪੁੱਛਗਿੱਛ ਤੋਂ ਬਾਅਦ ਚੌਥੇ ਅੱਤਵਾਦੀ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲੇ ਗਰੁੱਪ ਦੇ ਗ੍ਰਿਫ਼ਤਾਰ ਕੀਤੇ ਗਏ ਅੱਤਵਾਦੀਆਂ ਦੇ ਨਾਂ ਦਾਨਿਸ਼ ਉਰਫ਼ ਚਾਂਦ ਮੀਆਂ ਤੇ ਸਲਮਾਨ ਹਨ। ਇਹ ਦੋਵੇਂ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ ਖਤੌਲੀ, ਮੁਜ਼ੱਫਰਨਗਰ ਦੇ ਰਹਿਣ ਵਾਲੇ ਹਨ। ਦੂਜੇ ਗਰੁੱਪ ਦੇ ਗ੍ਰਿਫ਼ਤਾਰ ਕੀਤੇ ਗਏ ਅੱਤਵਾਦੀਆਂ ਦੇ ਨਾਂ ਤੈਯਬ (ਸ਼ਾਹੀਨ ਬਾਗ), ਜ਼ੁਬੈਰ ਖ਼ਾਨ (ਮੋਦੀਨਗਰ), ਅਲੀ ਫ਼ਜ਼ਲ (ਲਿਸਾਰੀ ਗੇਟ, ਮੇਰਠ), ਮਲਕੀਤ ਸਿੰਘ (ਕੋਹਾਲਾ, ਅੰਮ੍ਰਿਤਸਰ) ਤੇ ਮੁਹੰਮਦ ਸੱਦਾਮ (ਮਿਲਕੀ ਖਾਨਪੁਰ, ਮੁੰਗੇਰ) ਹਨ।

# ਜਗਦੀਸ਼ ਰਾਣਾ, ਨਵਤੇਜ਼ ਗੜ੍ਹਦੀਵਾਲਾ, ਕੇ. ਸਾਧੂ ਸਿੰਘ, ਨਕਸ਼ ਵਰਿਆਣਵੀ, ਹਰਦਿਆਲ ਹੁਸ਼ਿਆਰਪੁਰੀ ਦਾ ਸਨਮਾਨ

**ਜਲੰਧਰ:**ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ. ਦੇ ਜਨ ਸਕੱਤਰ ਉੱਘੇ ਸਾਹਿਤਕਾਰ ਪ੍ਰੋ.ਸੰਧੂ ਵਰਿਆਣਵੀ ਦੇ 73 ਵੇਂ ਜਨਮ ਦਿਨ 'ਤੇ ਸ਼ਬਦਾਂ ਦੇ ਅੰਗ-ਸੰਗ ਵੱਲੋਂ ਸ਼ਾਇਰਾਂ ਦੀ ਦੁਨੀਆਂ ਦੇ ਸਹਿਯੋਗ ਨਾ਼ਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇੱਕ ਸ਼ਾਨਦਾਰ ਸਾਹਿਤਕ ਪ੍ਰੋਗਰਾਮ ਕੀਤਾ ਗਿਆ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ.ਸੰਧੂ ਵਰਿਆਣਵੀ , ਡਾ. ਲਖਵਿੰਦਰ ਜੌਹਲ, ਡਾ. ਗੁਲਜ਼ਾਰ ਸਿੰਘ ਪੰਧੇਰ, ਡਾ.ਧਰਮਪਾਲ ਸਾਹਿਲ, ਕੁਲਦੀਪ ਸਿੰਘ ਬੇਦੀ, ਡਾ.ਕੰਵਲ ਭੱਲਾ ਅਤੇ ਪ੍ਰੋ.ਬਲਦੇਵ ਸਿੰਘ ਬੱਲੀ ਆਦਿ ਵਿਰਾਜਮਾਨ ਰਹੇ। ਮੰਚ ਸੰਚਾਲਨ ਜਗਦੀਸ਼ ਰਾਣਾ ਨੇ ਕੀਤਾ। ਉਹਨਾਂ ਦੱਸਿਆ ਕਿ ਪ੍ਰੋ. ਸੰਧੂ ਵਰਿਆਣਵੀ ਦੇ ਜਨਮ ਦਿਨ ਤੇ ਪੰਜ ਸ਼ਾਇਰਾਂ ਨੂੰ ਯਾਦਗਾਰੀ ਪੁਰਸਕਾਰ ਦੇ ਕੇ ਨਿਵਾਜਿਆ ਜਾ ਰਿਹਾ ਹੈ।



ਇਸ ਮੌਕੇ ਪਹਿਲਾ ਉਸਤਾਦ ਉਲਫ਼ਤ ਬਾਜਵਾ ਯਾਦਗਾਰੀ ਪੁਰਸਕਾਰ ਹਰਦਿਆਲ ਹੁਸ਼ਿਆਰਪੁਰੀ ਨੂੰ, ਪਹਿਲਾ ਨੰਦ ਲਾਲ ਨੂਰਪੁਰੀ ਯਾਦਗਾਰੀ ਪੁਰਸਕਾਰ ਨਕਸ਼ ਵਰਿਆਣਵੀ ਨੂੰ,ਪਹਿਲਾ ਨਰਿੰਦਰ ਪ੍ਰਕਾਸ਼ ਖੇਦੀ ਯਾਦਗਾਰੀ ਪੁਰਸਕਾਰ ਕੇ. ਸਾਧੂ ਸਿੰਘ ਨੂੰ, ਪਹਿਲਾ ਲੋਕ ਕਵੀ ਗੁਰਦਾਸ ਰਾਮ ਆਲਮ ਯਾਦਗਾਰੀ ਪੁਰਸਕਾਰ ਨਵਤੇਜ਼ ਗੜ੍ਹਦੀਵਾਲਾ ਨੂੰ ਅਤੇ ਪਹਿਲਾ ਮਹਿੰਦਰ ਸਿੰਘ ਦੀਵਾਨਾ ਯਾਦਗਾਰੀ ਪੁਰਸਕਾਰ ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਦਿੱਤਾ ਗਿਆ। ਸਨਮਾਨਿਤ ਸ਼ਾਇਰਾਂ ਨੇ ਆਪਣੀ ਇੱਕ ਇੱਕ ਰਚਨਾ ਸੁਣਾ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਇਸ ਮੌਕੇ ਦਰਪਣ ਸਾਹਿਤ ਸਭਾ ਸ਼ੈਲਾ ਖ਼ੁਰਦ ਵਲੋਂ ਰੇਸ਼ਮ ਚਿੱਤਰਕਾਰ ਨੇ ਆਪਣੀ ਬਣਾਈ ਹੋਈ ਪੇਂਟਿੰਗ ਪ੍ਰੋ.ਸੰਧੂ ਵਰਿਆਣਵੀ ਨੂੰ ਦੇ ਕੇ ਸਨਮਾਨਿਤ ਕੀਤਾ।ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਅਤੇ ਸਾਹਿਤ ਤੇ ਕਲਾ ਮੰਚ ਵਰਿਆਣਾ ਵਲੋਂ ਵੀ ਨਕਦ ਰਾਸ਼ੀ ਅਤੇ ਖ਼ੂਬਸੂਰਤ ਤੋਹਫ਼ੇ ਦੇ ਕੇ ਸੰਧੂ ਵਰਿਆਣਵੀ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਪ੍ਰਧਾਨਗੀ ਮੰਡਲ ਅਤੇ ਪਹੁੰਚੀਆਂ ਸਭਾਵਾਂ ਦੇ ਅਹੁਦੇਦਾਰਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੌਕੇ ਤੇ ਸਵਿੰਦਰ ਸੰਧੂ ਦੀ ਪੁਸਤਕ ਜੀਉਂਦੇ ਸ਼ਹੀਦ ਦਾ ਦੂਜਾ ਸੰਸਕਰਣ ਅਤੇ ਕੁਲਦੀਪ ਸਿੰਘ ਬੇਦੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਤ੍ਰੈਮਾਸਿਕ ਪਰਚੇ ਮੀਰਜ਼ਾਦਾ ਦਾ ਨਵਾਂ ਅੰਕ ਵੀ ਲੋਕ ਅਰਪਣ ਕੀਤਾ ਗਿਆ।

# ਹਿੰਦੂ ਧਰਮ ਦਾ ਸਭ ਤੋਂ ਵੱਧ ਨੁਕਸਾਨ ਭਾਜਪਾ ਨੇ ਹੀ ਕੀਤਾ: ਕੇਜਰੀਵਾਲ

**ਨਵੀਂ ਦਿੱਲੀ:**ਲਖਨਊ 'ਚ ਅ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੇ ਕਾਫ਼ਲੇ ਅੱਗੇ ਅ ਭਗਵਾਨ ਹਨੂੰਮਾਨ ਦੇ ਭੇਸ 'ਚ ਨੱਚ ਰਹੇ ਵਿਅਕਤੀ ਵਾਇਰਲ ਵੀਡੀਓ 'ਤੇ ਆਮ ਆਦਮੀ ਪਾਰਟੀ ਰੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਤਮਾਮ ਸੀਨੀਅਰ ਆਗੂਆਂ ਨੇ ਤਿੱਖਾ ਹਮਲਾ ਕੀਤਾ ਹੈ। ਕੇਜਰੀਵਾਲ ਨੇ ਕਹਾ ਕਿ ਜਿੰਨਾ ਨੁਕਸਾਨ ਤੇ ਅਪਮਾਨ ਭਾਜਪਾ ਦੇ ਲੋਕਾਂ ਨੇ ਹਿੰਦੂ ਧਰਮ ਦਾ ਕੀਤਾ ਹੈ, ਸ਼ਾਇਦ ਭਾਰਤ ਦੇ 5000 ਸਾਲਾਂ ਦੇ ਇਤਿਹਾਸ 'ਚ ਬਾਹਰੋਂ ਆਉਣ ਵਾਲੇ ਹਮਲਾਵਰਾਂ ਨੇ ਵੀ ਨਹੀਂ ਕੀਤਾ। ਜਿੰਨਾ ਇਨ੍ਹਾਂ ਲੋਕਾਂ ਨੇ ਹਿੰਦੂਆਂ ਨੂੰ ਲੁੱਟਿਆ ਹੈ, ਅੱਜ ਤੱਕ ਕਿਸੇ ਨੇ ਨਹੀਂ ਲੁੱਟਿਆ। ਹਿੰਦੂ ਧਰਮ 'ਤੇ ਭਾਜਪਾ ਦੇ ਲੋਕ ਕਲੰਕ ਹਨ। ਉਨ੍ਹਾਂ ਨੇ ਨਿਤਿਨ ਨਵੀਨ ਨੂੰ ਕਿਹਾ ਕਿ ਤੁਸੀਂ ਇਹ ਕੀ ਕਰ ਰਹੇ ਹੋ। ਕੀ ਤੁਹਾਨੂੰ ਸ਼ਰਮ ਆਉਂਦੀ ਹੈ? ਪੂਰੇ ਹਿੰਦੂ ਸਮਾਜ ਤੋਂ ਮਾਫ਼ੀ ਮੰਗੋ। ਅਰਵਿੰਦ ਕੇਜਰੀਵਾਲ ਨੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦੀ ਰੈਲੀ 'ਚ ਉਨ੍ਹਾਂ ਦੀ ਗੱਡੀ ਅੱਗੇ ਭਗਵਾਨ ਹਨੂੰਮਾਨ ਦੇ ਭੇਸ 'ਚ ਭਾਜਪਾ ਦਾ ਝੰਡਾ ਲੈ ਕੇ ਨੱਚ ਰਹੇ ਵਿਅਕਤੀ ਦੀ ਤੇ ਹਨੂੰਮਾਨ ਜੀ ਦੀ ਪੂਜਾ ਕਰਦੇ ਹੋਏ ਆਪਣੀ ਵੀਡੀਓ ਸਾਂਝੀ ਕਰ ਕੇ ਕਿਹਾ ਕਿ ਇਹ ਦੋਵੇਂ ਤਸਵੀਰਾਂ ਹਿੰਦੂ ਆਸਥਾ ਪ੍ਰਤੀ ਦੋ ਵਿਚਾਰਧਾਰਾਵਾਂ ਦਾ ਪ੍ਰਤੀਕ ਹਨ। ਸਾਡੀ ਵਿਚਾਰਧਾਰਾ-ਅਸੀਂ ਭਗਵਾਨ ਰਾਮ ਤੇ ਹਨੂੰਮਾਨ ਜੀ ਦੇ ਭਗਤ ਹਾਂ ਤੇ ਉਨ੍ਹਾਂ 'ਚ ਸਾਡੀ ਸ਼ਰਧਾ ਤੇ ਆਸਥਾ ਹੈ।



ਅਸੀਂ ਉਨ੍ਹਾਂ ਨੂੰ ਪੂਜਦੇ ਹਾਂ, ਉਨ੍ਹਾਂ ਅੱਗੇ ਸਿਰ ਝੁਕਾਉਂਦੇ ਹਾਂ, ਉਨ੍ਹਾਂ ਦਾ ਆਸ਼ੀਰਵਾਦ ਲੈਂਦੇ ਹਾਂ। ਉੱਥੇ ਹੀ ਇਨ੍ਹਾਂ ਦੀ ਵਿਚਾਰਧਾਰਾ-ਇਹ ਲੋਕ ਹਨੂੰਮਾਨ ਜੀ ਤੇ ਰਾਮਚੰਦਰ ਜੀ ਨੂੰ ਭਗਵਾਨ ਹੀ ਨਹੀਂ ਮੰਨਦੇ। ਇਨ੍ਹਾਂ ਲਈ ਰਾਮ ਤੇ ਹਨੂੰਮਾਨ ਸੱਤਾ ਤੇ ਪੈਸਾ ਹਾਸਲ ਕਰਨ ਦਾ ਜ਼ਰੀਆ ਹਨ। ਇਨ੍ਹਾਂ ਨੂੰ ਭਗਵਾਨ ਦਾ ਅਪਮਾਨ ਕਰਨ 'ਚ ਕੋਈ ਝਿਜਕ ਨਹੀਂ ਹੁੰਦੀ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਇਹ ਕੀ ਮਜ਼ਾਕ ਬਣਾ ਰੱਖਿਆ ਹੈ? ਭਾਜਪਾ ਦੇ ਆਗੂ ਆਪਣੇ ਜਲੂਸ ਚ ਭਗਵਾਨ ਬਜਰੰਗ ਬਲੀ ਦੇ ਹੱਥ 'ਚ ਭਾਜਪਾ ਦਾ ਝੰਡਾ ਦੇ ਕੇ ਨਚਵਾ ਰਹੇ ਹਨ। ਜੇਕਰ ਇਹੀ ਹਾਲ ਰਿਹਾ ਤਾਂ ਭਾਜਪਾ ਕਿ ਹਿੰਦੂ ਧਰਮ ਖ਼ਤਮ ਕਰ ਕੇ 'ਭਾਜਪਾ ਧਰਮ' ਲਾਗੂ ਕਰ ਦੇਵੇਗੀ। ਇਸ ਵੀਡੀਓ ਨੂੰ ਸਾਂਝਾ ਕਰਕੇ ਆਪ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਨੇ ਨਿਤਿਨ ਨਵੀਨ ਨੂੰ ਕਿਹਾ ਕਿ ਇਸ ਨਾਲ ਲੱਖਾਂ ਹਿੰਦੂਆਂ ਵਾਂਗ ਮੇਰੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚੀ ਹੈ। ਇਹ ਸਿੱਧਾ ਮੇਰੇ ਹਿੰਦੂ ਧਰਮ ਦਾ ਤੇ ਮੇਰੇ ਆਰਾਧਿਆ ਹਨੂੰਮਾਨ ਜੀ ਦਾ ਅਪਮਾਨ ਹੈ। ਕਿਰਪਾ ਕਰ ਕੇ ਤੁਸੀਂ ਆਪਣੀ ਇਸ ਹਰਕਤ ਲਈ ਮਾਫ਼ੀ ਮੰਗੋ। ਇਸ ਨਾਲ ਤੁਸੀਂ ਛੋਟੇ ਨਹੀਂ ਹੋ ਜਾਵੋਗੇ। ਮੈਂ ਭਾਜਪਾ ਨੂੰ ਵੀ ਕਹਾਂਗਾ ਕਿ ਪਾਰਟੀ ਦੇ ਤੌਰ 'ਤੇ ਤੁਸੀਂ ਇਸ ਹਰਕਤ ਦੀ ਮਾਫ਼ੀ ਮੰਗੋ। ਇਸੇ ਵੀਡੀਓ ਨੂੰ ਰੀਪੋਸਟ ਕਰ ਕੇ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਤੇ ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਕਿਹਾ ਕਿ ਜੋ ਭਾਜਪਾ ਦੇ ਆਗੂ ਭਿਣਭਿਣਾ ਰਹੇ ਹਨ ਕਿ ਨਿਤਿਨ ਨਵੀਨ ਦਾ ਅਪਮਾਨ ਹੋ ਗਿਆ, ਕੀ ਅੱਜ ਬਜਰੰਗ ਬਲੀ ਦੇ ਅਪਮਾਨ ਬਾਰੇ ਆਪਣਾ ਮੂੰਹ ਖੋਲ੍ਹਣ ਦੀ ਹਿੰਮਤ ਰੱਖਦੇ ਹਨ? ਰੇਖਾ ਗੁਪਤਾ, ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਆਪਣੇ ਆਪ ਨੂੰ ਹਨੂੰਮਾਨ ਤੋਂ ਵੀ ਵੱਡਾ ਮੰਨਦੇ ਹਨ ਤੇ ਭਗਵਾਨ ਨੂੰ ਆਪਣੇ ਸਾਹਮਣੇ ਪਾਰਟੀ ਦੇ ਝੰਡੇ ਨਾਲ ਨਚਾਉਂਦੇ ਹਨ।

# ਸ੍ਰੀ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਸਮੁੱਚੇ ਪੰਥ ਨੂੰ ਇੱਕਜੁੱਟ ਹੋਣ ਦੀ ਅਪੀਲ

## ਪੰਥਕ ਕੌਂਸਲ ਦੇ ਮਤਿਆਂ ਨਾਲ ਸੰਗਤਾਂ ਨੇ ਜੈਕਾਰਿਆਂ ਨਾਲ ਜਤਾਈ ਸਹਿਮਤੀ

**ਸਾਹਨੇਵਾਲ (ਖੰਨਾ):**ਪੰਥਕ ਮਸਲਿਆਂ ਦੇ ਹੱਲ, ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਮੌਜੂਦਾ ਸਮੇਂ ਦੌਰਾਨ ਪੰਥ ਨੂੰ ਦਰਪੇਸ਼ ਚੁਣੌਤੀਆਂ 'ਤੇ ਵਿਚਾਰ-ਵਟਾਂਦਰੇ ਲਈ ਗੁਰਦੁਆਰਾ ਸ੍ਰੀ ਰੇਰੂ ਸਾਹਿਬ ਜੀ. ਟੀ. ਰੋਡ ਸਾਹਨੇਵਾਲ ਵਿਖੇ ਵਿਸ਼ਾਲ ਪੰਥਕ ਇਕੱਤਰਤਾ ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ, ਪੰਥਕ ਆਗੂਆਂ, ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਪੰਥਕ ਏਕਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਬੀਬੀ ਸਤਵੰਤ ਕੌਰ ਨੇ ਪੰਥਕ ਏਕਤਾ, ਆਪਸੀ ਭਾਈਚਾਰੇ ਅਤੇ ਸਾਂਝੇ ਵਿਚਾਰਾਂ ਨਾਲ ਅੱਗੇ ਵਧਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਪੰਥ ਨੂੰ ਇਕੱਠੇ ਹੋ ਕੇ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਲੋੜ ਹੈ। ਉਨ੍ਹਾਂ ਨੇ ਸਮੂਹ ਪੰਥ ਦਰਦੀਆਂ, ਅਕਾਲ ਤਖ਼ਤ ਸਾਹਿਬ ਨਾਲ ਜੁੜੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਨਿੱਜੀ ਵਿਰੋਧਾਂ ਤੋਂ ਉੱਪਰ ਉੱਠ ਕੇ ਪੰਥਕ ਭਲਾਈ ਲਈ ਇਕੱਠੇ ਹੋਣ। ਉਨ੍ਹਾਂ ਨੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਅਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਹੋਰਾਂ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਕੁਰਬਾਨੀ ਕਰਨ ਲਈ ਕਿਹਾ। ਉਨ੍ਹਾਂ ਨੇ ਸੰਤ ਸਮਾਜ ਅਤੇ ਪੰਥਕ ਜਥੇਬੰਦੀਆਂ ਨੂੰ ਵੀ ਏਕਤਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਅਤੇ ਸਾਬਕਾ ਚੇਅਰਮੈਨ ਸੰਤਾ ਸਿੰਘ ਉਮੈਦਪੁਰੀ ਨੇ ਕਿਹਾ ਕਿ ਸਿੱਖ ਕੌਮ ਨੇ ਹਰ ਸਮੇਂ ਇਕੱਠੇ ਹੋ ਕੇ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਅੱਤੇ ਅੱਜ ਵੀ ਏਕਤਾ ਹੀ ਪੰਥ ਦੀ ਸਭ ਤੋਂ ਵੱਡੀ ਤਾਕਤ ਹੈ। ਇਸ ਮੌਕੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਵਲੋਂ ਅੱਠ ਮਤੇ ਪੜ੍ਹੇ ਗਏ ਅਤੇ ਸਿੱਖ ਸੰਗਤਾਂ ਵਲੋਂ ਜੈਕਾਰੇ ਲਾ ਕੇ ਮਤਿਆਂ ਨੂੰ ਸਹਿਮਤੀ ਦਿੱਤੀ ਗਈ। ਇਸ ਮੌਕੇ ਭਾਈ ਮਨਜੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਰਾਜਦੇਵ ਸਿੰਘ ਖ਼ਾਲਸਾ ਸਾਬਕਾ ਸੰਸਦ ਮੈਂਬਰ, ਕਰਨੈਲ ਸਿੰਘ ਪੀਰ ਮੁਹੰਮਦ, ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਵੀ ਸੰਬੋਧਨ ਕੀਤਾ।



### ਪੰਥਕ ਇਕੱਤਰਤਾ ਦੌਰਾਨ ਸੰਗਤਾਂ ਵਲੋਂ ਪ੍ਰਵਾਨ ਕੀਤੇ 8 ਮਤੇ

ਵਿਸ਼ਾਲ ਪੰਥ ਇਕੱਤਰਤਾ ਦੋ ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਆਦੇਸ਼ ਦੀ ਮੂਲ ਭਾਵਨਾ ਅਨੁਸਾਰ ਪੰਥ ਏਕਤਾ ਲਈ ਵਚਨਬੱਧ, ਕੇਵਲ ਨਿੱਜੀ ਰਾਜਨੀਤਿਕ ਲਾਲਸਾਵਾਂ ਪੂਰੀਆਂ ਕਰਨ ਲਈ ਕਿਸੇ ਵੀ ਪੰਥ ਤੇ ਪੰਜਾਬ ਵਿਰੋਧੀ ਰਾਜਨੀਤਿਕ ਪਾਰਟੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ, ਖ਼ਾਲਸਾ ਪੰਥ ਦੀਆਂ ਸਰਬ ਉੱਚ ਸੰਸਥਾਵਾਂ ਦੀ ਆਜ਼ਾਦ ਤੇ ਨਿਆਰੀ ਹੋਂਦ ਹਸਤੀ ਬਚਾਉਣ ਤੇ ਹਮੇਸ਼ਾ ਕਾਇਮ ਰੱਖਣ ਲਈ ਹਰ ਸੰਘਰਸ਼ ਕਰਨ ਲਈ ਵਚਨਬੱਧ, ਪੰਥ ਤੇ ਪੰਜਾਬ ਦੀਆਂ ਹੱਕੀ ਮੰਗਾਂ ਤੇ ਅਕਾਲੀ ਐਲਾਨਨਾਮਾ ਨੂੰ ਲਾਗੂ ਕਰਨ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਸੰਘਰਸ਼ ਕਰਨ ਲਈ ਵਚਨਬੱਧ, ਸਿੱਖ ਰਾਜਨੀਤਿਕ ਕੈਦੀਆਂ ਸਮੂਹ ਬੰਦੀ ਸਿੰਘਾਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਬਾਹਰ ਵੱਸਦੇ ਸਿੱਖਾਂ ਦੀ ਕਾਲੀ ਸੂਚੀ ਨੂੰ ਖ਼ਤਮ ਕੀਤਾ ਜਾਵੇ, ਪੰਜਾਬ ਦੀ ਨਸਲ, ਫ਼ਸਲ ਤੇ ਅਰਥਚਾਰਾ, ਕਿਸਾਨੀ-ਜਵਾਨੀ, ਮਜ਼ਦੂਰ ਵਿਦਿਆਰਥੀ ਵਪਾਰੀ ਅਤੇ ਮੁਲਾਜ਼ਮਾਂ ਦੇ ਹਿਤਾਂ ਦੀ ਰਾਖੀ ਕਰਨ ਲਈ ਵਚਨਬੱਧ, ਰਾਜਨੀਤੀ ਕੇਵਲ ਸੱਤਾ ਪ੍ਰਾਪਤੀ ਲਈ ਨਹੀਂ ਇਹ ਸਗੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਵਰਗਾ ਧਰਮ ਨਿਰਪੱਖ ਰਾਜ, ਨਸ਼ਾ ਮੁਕਤ ਸਮਾਜ ਸਿਰਜਣ ਅਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਹੋਵੇ, 15 ਸਾਲ ਤੋਂ ਰੁਕੀ ਸ਼੍ਰੋਮਣੀ ਕਮੇਟੀ ਦੀ ਚੋਣ ਤੁਰੰਤ ਕਾਰਵਾਈ ਜਾਵੇ।

# ਸੁਖਬੀਰ ਬਾਦਲ ਨੂੰ ਮਿਲੀ ਵਿਦੇਸ਼ ਜਾਣ ਦੀ ਇਜਾਜ਼ਤ



**ਚੰਡੀਗੜ੍ਹ:**ਕੋਟਕਪੂਰਾ ਗੋਲ਼ੀਕਾਂਡ 'ਚ ਮੁਲਜ਼ਮ ਪੰਜਾਬ ਦੇ ਸਾਬਕਾ ਡਿਪਟੀ ਸੀ.ਐੱਮ ਸੁਖਬੀਰ ਸਿੰਘ ਬਾਦਲ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਤੋਂ ਵਿਦੇਸ਼ ਜਾਣ ਦੀ ਇਜਾਜ਼ਤ ਮਿਲ ਗਈ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 18 ਜੁਲਾਈ ਨੂੰ ਚੰਡੀਗੜ੍ਹ ਜ਼ਿਲ੍ਹਾ ਅਦਾਲਤ 'ਚ ਹੋਵੇਗੀ। ਕੋਰਟ ਨੇ ਉਨ੍ਹਾਂ ਨੂੰ ਇਸ ਤਰੀਕ ਤੋਂ ਪਹਿਲਾਂ ਵਿਦੇਸ਼ ਤੋਂ ਪਰਤਣ ਦੇ ਸਖ਼ਤ ਨਿਰਦੇਸ਼ ਵੀ ਦਿੱਤੇ ਹਨ। ਹਾਲਾਂਕਿ ਸੁਰੱਖਿਆ ਕਾਰਨਾਂ ਕਰ ਕੇ ਸੁਖਬੀਰ ਦੇ ਵਕੀਲ ਨੇ ਉਸ ਦੇਸ਼ ਦਾ ਨਾਂ ਕੋਰਟ 'ਚ ਨਹੀਂ ਦੱਸਿਆ ਜਿੱਥੇ ਉਨ੍ਹਾਂ ਜਾਣਾ ਹੈ।

# ਹਰਿਦੁਆਰ 'ਚ ਨਕਲੀ ਕਰੰਸੀ ਸਣੇ 4 ਪੰਜਾਬੀ ਕਾਬੂ

**ਹਰਿਦੁਆਰ:**ਪੁਲਿਸ ਨੇ ਪੰਜਾਬ ਦੇ ਗੁਰਦਾਸਪੁਰ ਤੋਂ ਹਰਿਦੁਆਰ ਦੇ ਬਜ਼ਾਰਾਂ 'ਚ ਜਾਅਲੀ ਨੋਟ ਖਪਾਉਣ ਪੁੱਜੇ ਪਿਓ-ਪੁੱਤਰਾਂ ਦੀਆਂ ਦੋ ਜੋੜੀਆਂ ਨੂੰ ਕਾਬੂ ਕੀਤਾ ਹੈ। ਚਾਰਾਂ ਦੇ ਕਬਜ਼ੇ 'ਚੋਂ 500 ਰੁਪਏ ਦੇ 169 ਜਾਅਲੀ ਨੋਟ, ਯਾਨੀ ਕੁਲ 84 ਹਜ਼ਾਰ 500 ਰੁਪਏ ਦੀ ਨਕਲੀ ਕਰੰਸੀ ਬਰਾਮਦ ਹੋਈ। ਪੁੱਛਗਿੱਛ 'ਚ ਦੱਸਿਆ ਗਿਆ ਕਿ ਮੁਲਜ਼ਮਾਂ ਨੇ 20 ਹਜ਼ਾਰ ਰੁਪਏ 'ਚ ਇਕ ਲੱਖ ਰੁਪਏ ਦੇ ਜਾਅਲੀ ਨੋਟ ਖ਼ਰੀਦੇ ਸਨ। ਹਰਿਦੁਆਰ 'ਚ ਭੀੜ ਦਾ ਫਾਇਦਾ ਚੁੱਕ ਕੇ ਨਕਲੀ ਨੋਟ ਖਪਾ ਰਹੇ ਸੀ । ਉਹ ਹਰ ਥਾਂ 500 ਦਾ ਨੋਟ ਦਿੰਦੇ ਤੇ ਬਾਕੀ ਬਚੇ ਪੈਸੇ ਆਪਣੇ ਕੋਲ ਰੱਖਦੇ। ਮੁਲਜ਼ਮਾਂ ਦੀ ਪਛਾਣ ਸੁਰਜੀਤ ਸਿੰਘ ਉਸ ਦੇ ਪੁੱਤਰ ਟਿੰਕੂ, ਸੰਜੀਵ ਕੁਮਾਰ ਤੇ ਉਸ ਦੇ ਪੁੱਤਰ ਸੁਮਿਤ ਕੁਮਾਰ ਵਾਸੀ ਗੁਰਦਾਸਪੁਰ ਵਜੋਂ ਹੋਈ ਹੈ।



# ਸਿੱਖਿਆ ਮੰਤਰੀ ਦਾ ਕਾਫ਼ਲਾ ਰੋਕਣ ਵਾਲੇ ਅਧਿਆਪਕਾਂ 'ਤੇ ਕੇਸ ਦਰਜ

**ਚੰਡੀਗੜ੍ਹ:**ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਗੱਡੀਆਂ ਦਾ ਕਾਫ਼ਲਾ ਰੋਕਣ ਦੀ ਵਾਪਰੀ ਘਟਨਾ ਤੋਂ ਬਾਅਦ ਸੰਗਰੂਰ ਪੁਲੀਸ ਨੇ ਸਖ਼ਤ ਰੁਖ਼ ਅਪਣਾਉਂਦਿਆਂ ਮੌਕੇ ਤੋਂ ਹਿਰਾਸਤ



ਵਿਚ ਲਏ ਕਰੀਬ ਅੱਠ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ। ਬੇਰੁਜ਼ਗਾਰ 5994 ਈ.ਟੀ.ਟੀ. ਅਧਿਆਪਕ ਯੂਨੀਅਨ ਦਾ ਵਫ਼ਦ ਹੋਰਨਾਂ ਜਥੇਬੰਦੀਆਂ ਦੇ ਆਗੂਆਂ ਸਮੇਤ ਸਥਾਨਕ ਜ਼ਿਲ੍ਹਾ ਦਫ਼ਤਰ ਵਿੱਚ ਪੁਲੀਸ ਅਧਿਕਾਰੀਆਂ ਨੂੰ ਮਿਲਿਆ ਅਤੇ ਸਾਥੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਸ਼ੁੱਕਰਵਾਰ ਕਰੀਬ ਅੱਧੀ ਦਰਜਨ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਵੱਲੋਂ ਉਸ ਸਮੇਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀਆਂ ਗੱਡੀਆਂ ਦਾ ਕਾਫ਼ਲਾ ਰੋਕਦਿਆਂ ਨਾਅਰੇਬਾਜ਼ੀ ਕੀਤੀ ਗਈ ਸੀ ਜਦੋਂ ਸਿੱਖਿਆ ਮੰਤਰੀ ਸਥਾਨਕ ਡਾਈਟ ਵਿੱਚ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਜਾ ਰਹੇ ਸਨ। ਮੌਕੇ 'ਤੇ ਪੁਲੀਸ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕਾਂ ਨੂੰ ਕਾਬੂ ਕਰ ਕੇ ਥਾਣਾ ਸਿਟੀ ਲੈ ਗਈ ਸੀ। ਰਾਤ ਕਰੀਬ ਅੱਠ ਵਜੇ ਤੱਕ ਸਾਥੀਆਂ ਦੀ ਰਿਹਾਈ ਲਈ ਬੇਰੁਜ਼ਗਾਰ ਅਧਿਆਪਕ ਸਾਥੀ ਜਥੇਬੰਦੀਆਂ ਸਮੇਤ ਰੋਸ ਧਰਨੇ 'ਤੇ ਡਟੇ ਰਹੇ ਪਰ ਰਿਹਾਈ ਨਾ ਹੋਈ। ਸੰਗਰੂਰ ਪੁਲੀਸ ਵੱਲੋਂ ਕਰੀਬ ਅੱਠ ਬੇਰੁਜ਼ਗਾਰ ਅਧਿਆਪਕਾਂ ਖ਼ਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਡੀ ਐੱਸ ਪੀ ਦਲਵੀਰ ਸਿੰਘ ਸਿੱਧੂ ਨੇ ਕੇਸ ਦਰਜ ਹੋਣ ਦੀ ਪੁਸ਼ਟੀ ਕੀਤੀ ਹੈ। ਯੂਨੀਅਨ ਆਗੂ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੇਸ ਦਰਜ ਕਰਕੇ ਜੇਲ੍ਹ ਭੇਜੇ ਬੇਰੁਜ਼ਗਾਰ ਅਧਿਆਪਕਾਂ 'ਚ ਅਜੀਤ ਸਿੰਘ ਮਾਨਸਾ, ਕਰਨਵੀਰ ਸਿੰਘ ਗੁਰੂ ਹਰਿਸਹਾਏ, ਬਖਸ਼ੀਸ਼ ਸਿੰਘ ਫਤਹਿਗੜ੍ਹ ਸਾਹਿਬ, ਸੁਖਵੀਰ ਸਿੰਘ ਭਵਾਨੀਗੜ੍ਹ, ਫਿਰੋਜ਼ ਖਾਨ, ਮਨਦੀਪ ਸਿੰਘ ਭਾੜੋਂ ਆਦਿ ਸ਼ਾਮਲ ਹਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਵੱਖ-ਵੱਖ ਵਿਭਾਗਾਂ ਦੇ ਨਵੇਂ ਮੁਖੀ ਨਿਯੁਕਤ

**ਅੰਮ੍ਰਿਤਸਰ:**ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਵੱਖ-ਵੱਖ ਅਕਾਦਮਿਕ ਵਿਭਾਗਾਂ ਦੇ ਮੁਖੀਆਂ ਦੀ ਨਿਯੁਕਤੀ ਕੀਤੀ ਗਈ ਹੈ। ਇਹਨਾਂ ਨਵ ਨਿਯੁਕਤ ਮੁਖੀ ਸਾਹਿਬਾਨ ਨੇ ਵਿਭਾਗ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ।

ਜਾਰੀ ਦਫ਼ਤਰੀ ਆਦੇਸ਼ਾਂ ਅਨੁਸਾਰ ਰਜਿਸਟਰਾਰ ਡਾ. ਕੇ ਐਸ ਚਾਹਲ ਨੇ ਦੱਸਿਆ ਕਿ ਡਾ. ਸਤਵਿੰਦਰ ਜੀਤ ਕੌਰ ਨੂੰ ਬੋਟੈਨਿਕਲ ਐਂਡ ਇਨਵਾਇਰਨਮੈਂਟਲ ਸਾਇੰਸਿਜ਼ ਵਿਭਾਗ, ਡਾ. ਸੁਮਨੀਤ ਕੌਰ ਨੂੰ ਅੰਗਰੇਜ਼ੀ ਵਿਭਾਗ, ਡਾ. ਸਰਬਜੀਤ ਕੌਰ ਨੂੰ ਫਾਰਮਾਸਿਊਟੀਕਲ ਸਾਇੰਸਿਜ਼ ਵਿਭਾਗ, ਡਾ. ਸਤਨਾਮ ਸਿੰਘ ਨੂੰ ਰਾਜਨੀਤੀ ਸ਼ਾਸਤਰ ਵਿਭਾਗ ਅਤੇ ਡਾ. ਸੁਨੀਲ ਨੂੰ ਹਿੰਦੀ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਡਾ. ਬੂਟਾ ਸਿੰਘ ਨੂੰ ਇੰਜੀਨੀਅਰਿੰਗ ਅਤੇ ਟੈਕਨੋਲੋਜੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰੀਜਨਲ ਕੈਂਪਸ, ਜਲੰਧਰ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਨਵ ਨਿਯੁਕਤ ਵਿਭਾਗ ਮੁਖੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਵਿਭਾਗ ਅਕਾਦਮਿਕ ਉੱਨਤੀ, ਖੋਜ ਅਤੇ ਨਵੀਨਤਾ ਦੇ ਖੇਤਰ ਵਿੱਚ ਹੋਰ ਉੱਚਾਈਆਂ ਹਾਸਲ ਕਰਨਗੇ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਨਵੇਂ ਵਿਭਾਗ ਮੁਖੀ ਯੂਨੀਵਰਸਿਟੀ ਦੀ ਗੁਣਵੱਤਾ-ਅਧਾਰਿਤ ਸਿੱਖਿਆ ਅਤੇ ਵਿਸ਼ਵ ਪੱਧਰੀ ਖੋਜ ਦੇ ਵਿਜ਼ਨ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।



*ਅੰਗਰੇਜ਼ੀ ਵਿਭਾਗ ਦੇ ਮੁੱਖੀ ਵਜੋਂ ਅਹੁਦਾ ਸੰਭਾਲਦੇ ਹੋਏ ਡਾ. ਸੁਮਨੀਤ ਕੌਰ*

# ਪੰਜਾਬ ਵਿਚ ਵਧ ਰਿਹਾ ਅਵਾਰਾ ਕੁੱਤਿਆਂ ਦਾ ਖ਼ੌਫ਼

**ਗੁਰਦਾਸਪੁਰ:**ਕਸਬਾ ਕਲਾਨੌਰ ਸਥਿਤ ਪਿੰਡ ਭਿਖਾਰੀਵਾਲ ਵਿਚ ਹਲਕਾਅ ਦੇ ਸ਼ਿਕਾਰ ਇਕ ਕੁੱਤੇ ਵੱਲੋਂ ਛੇ ਲੋਕਾਂ ਨੂੰ ਵੱਢ ਕੇ ਗੰਭੀਰ ਰੂਪ 'ਚ ਜ਼ਖ਼ਮੀ ਕਰਨ ਦੀ ਘਟਨਾ ਨੇ ਇਕ ਵਾਰ ਫਿਰ ਅਵਾਰਾ ਕੁੱਤਿਆਂ ਦੀ ਵਧ ਰਹੀ ਦਹਿਸ਼ਤ ਨੂੰ ਉਜਾਗਰ ਕਰ ਦਿੱਤਾ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ ਸਗੋਂ ਅਜਿਹੀਆਂ ਘਟਨਾਵਾਂ ਹੁਣ ਸਾਡੀ ਨਿੱਤ ਦੀ ਜ਼ਿੰਦਗੀ ਦਾ ਨਿਰੰਤਰ ਹਿੱਸਾ ਬਣਦੀਆਂ ਜਾ ਰਹੀਆਂ ਹਨ।ਜੂਨ 'ਚ ਵੀ ਰੂਪਨਗਰ ਜ਼ਿਲ੍ਹੇ 'ਚ ਅੱਠ ਸਾਲਾ ਬੱਚੀ ਨੂੰ ਅੱਧਾ ਦਰਜਨ ਅਵਾਰਾ ਕੁੱਤਿਆਂ ਵੱਲੋਂ ਨੋਚ-ਨੋਚ ਕੇ ਖਾਣ ਦੀ ਘਟਨਾ ਸਾਹਮਣੇ ਆਈ ਸੀ। ਉਸ ਬੱਚੀ ਨੇ ਤੜਫ-ਤੜਫ ਕੇ ਦਮ ਤੋੜ ਦਿੱਤਾ ਸੀ। ਉਸ ਨੇ ਖ਼ੁਦ ਨੂੰ ਬਚਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਅਸਫਲ ਰਹੀ। ਤ੍ਰਾਸਦੀ ਇਹ ਸੀ ਕਿ ਕੋਈ ਹੋਰ ਉਸ ਨੂੰ ਬਚਾਉਣ ਲਈ ਨਹੀਂ ਪਹੁੰਚਿਆ। ਇਕ ਹੋਰ ਘਟਨਾ ਰਾਜਾਸਾਂਸੀ ਦੇ ਕਸਬਾ ਚੁਗਾਵਾਂ ਨੇੜੇ ਪੈਂਦੇ ਪਿੰਡ ਟਪਿਆਲਾ ਦੀ ਹੈ ਜਿੱਥੇ ਮਾਪਿਆਂ ਦੇ ਇਕਲੌਤੇ ਸੱਤ ਸਾਲਾ ਪੁੱਤਰ ਸ਼ਹਿਬਾਜ਼ 'ਤੇ ਕੁੱਤਿਆਂ ਨੇ ਹਮਲਾ ਕਰ ਦਿੱਤਾ। ਉਸ ਦਾ ਕਸੂਰ ਸਿਰਫ਼ ਇੰਨਾ ਸੀ ਕਿ ਪਤੰਗ ਲੁੱਟਣ ਲਈ ਇਕ ਖੇਤ 'ਚ ਜਾ ਵੜਿਆ ਜਿੱਥੇ ਕੁੱਤੇ ਪਹਿਲਾਂ ਹੀ ਸ਼ਿਕਾਰ ਦੀ ਝਾਕ 'ਚ ਬੈਠੇ ਸਨ। ਸੜਕਾਂ 'ਤੇ ਘੁੰਮਦੇ ਹਲਕਾਅ ਦੇ ਸ਼ਿਕਾਰ ਤੇ ਖੂੰਖਾਰ ਕੁੱਤੇ ਆਮ ਨਾਗਰਿਕਾਂ, ਖ਼ਾਸ ਤੌਰ 'ਤੇ ਬੱਚਿਆਂ ਤੇ ਬਜ਼ੁਰਗਾਂ ਲਈ ਜਾਨ ਦਾ ਖੌਅ ਬਣ ਚੁੱਕੇ ਹਨ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਨੂੰ ਸਿਰਫ਼ ਕਾਗਜ਼ੀ ਦਾਅਵਿਆਂ ਤੋਂ ਬਾਹਰ ਨਿਕਲ ਕੇ ਠੋਸ, ਯੋਜਨਾਬੱਧ ਤੇ ਲੰਮੇ ਸਮੇਂ ਦੀ ਨੀਤੀ 'ਤੇ ਕੰਮ ਕਰਨ ਦੀ ਲੋੜ ਹੈ। ਸੁਪਰੀਮ ਕੋਰਟ ਨੇ ਵੀ ਇਸ ਸਮੱਸਿਆ ਦਾ ਨੋਟਿਸ ਲੈਂਦਿਆਂ ਸਮੇਂ-ਸਮੇਂ 'ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਤੇ ਮਨੁੱਖੀ ਜਾਨ ਦੀ ਸੁਰੱਖਿਆ ਤੇ ਪਸ਼ੂਆਂ ਪ੍ਰਤੀ ਰਹਿਮਦਿਲੀ ਵਿਚਾਲੇ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਹੱਲ ਅਜੇ ਵੀ ਹੁੰਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਵੀ ਕਈ ਵਾਰ ਇਹ ਮਾਮਲਾ ਉੱਠਿਆ ਜਿਸ ਤੋਂ ਬਾਅਦ ਪੰਜਾਬ ਸਰਕਾਰ ਨੂੰ ਕੁੱਤਿਆਂ ਦੇ ਵੱਢਣ 'ਤੇ ਪੀੜਤ ਨੂੰ ਘੱਟੋ-ਘੱਟ 10 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਗਿਆ ਸੀ। ਇਹ ਮੁਆਵਜ਼ਾ ਕਿੰਨੇ ਕੁ ਲੋਕਾਂ ਨੂੰ ਮਿਲਿਆ, ਇਸ - ਬਾਰੇ ਕੋਈ ਸਪਸ਼ਟ ਅੰਕੜਾ ਨਹੀਂ ਹੈ? ਜੇ ਸਰਕਾਰੀ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਇਸ ਸਮੱਸਿਆ ਤੋਂ ਪੰਜਾਬ ਦੇ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ 'ਚ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਤੇ ਜਲੰਧਰ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਭਰ 'ਚ ਹਲਕਾਅ ਨਾਲ ਹਰ ਸਾਲ ਲਗਪਗ 59 ਹਜ਼ਾਰ ਮੌਤਾਂ ਹੁੰਦੀਆਂ ਜਿਨ੍ਹਾਂ ਵਿੱਚੋਂ 36 ਫ਼ੀਸਦੀ ਲੋਕ ਭਾਰਤ 'ਚ ਮਰਦੇ ਹਨ। ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 28 ਸਤੰਬਰ ਨੂੰ 'ਵਰਲਡ ਰੈਬੀਜ਼ ਡੇਅ' ਮਨਾਇਆ ਜਾਂਦਾ ਹੈ।



ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਤੇ ਸੰਬੰਧਤ ਵਿਭਾਗ ਠੋਸ ਕਦਮ ਚੁੱਕਣ। ਕੁੱਤਿਆਂ ਦੀ ਨਸਬੰਦੀ ਦੀ ਪ੍ਰਕਿਰਿਆ ਨੂੰ ਸਿਰਫ਼ ਖ਼ਾਨਾਪੂਰਤੀ ਨਾ ਬਣਾਇਆ ਜਾਵੇ, ਬਲਕਿ ਹਰ ਵਾਰਡ ਤੇ ਪਿੰਡ ਪੱਧਰ 'ਤੇ ਵੱਡੇ ਪੈਮਾਨੇ 'ਤੇ ਕੈਂਪ ਲਗਾਏ ਜਾਣ। ਜਿਨ੍ਹਾਂ ਕੁੱਤਿਆਂ ਦੀ ਨਸਬੰਦੀ ਤੇ ਟੀਕਾਕਰਨ ਹੋ ਚੁੱਕਾ ਹੈ, ਉਨ੍ਹਾਂ ਦੀ ਪਛਾਣ ਲਈ ਮਾਈਕ੍ਰੋਚਿਪ ਜਾਂ ਕੰਨ 'ਤੇ ਖ਼ਾਸ ਨਿਸ਼ਾਨ ਲਾਉਣਾ ਲਾਜ਼ਮੀ ਬਣਾਇਆ ਜਾਵੇ ਤਾਂ ਜੋ ਕੋਈ ਇਲਾਕਾ ਰਹਿ ਨਾ ਜਾਵੇ। ਕੁੱਤਿਆਂ ਵੱਲੋਂ ਕੱਟੇ ਗਏ ਵਿਅਕਤੀਆਂ ਲਈ ਸਾਰੇ ਸਰਕਾਰੀ ਹਸਪਤਾਲਾਂ 'ਚ ਮੁਫ਼ਤ ਇਲਾਜ ਤੇ ਵੈਕਸੀਨ ਦਾ ਪੁਖ਼ਤਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਜੇ ਹਾਲੇ ਵੀ ਸਖ਼ਤ ਕਦਮ ਨਾ ਚੁੱਕੇ ਗਏ ਤਾਂ ਅਜਿਹੀਆਂ ਘਟਨਾਵਾਂ ਭਵਿੱਖ 'ਚ ਕਿਸੇ ਵੱਡੀ ਤ੍ਰਾਸਦੀ ਦਾ ਰੂਪ ਧਾਰਨ ਕਰ ਸਕਦੀਆਂ ਹਨ।

# ਮੈਨੂੰ ਰੋਕਣਾ ਹੈ ਤਾਂ ਜਾਨੋਂ ਮਾਰਨਾ ਪਊਗਾ: ਮਮਤਾ



**ਕੋਲਕਾਤਾ:**ਬੰਗਾਲ 'ਚ ਤ੍ਰਿਣਮੂਲ ਕਾਂਗਰਸ 'ਚ ਚੱਲ ਰਹੇ ਸਿਆਸੀ ਸੰਕਟ ਦੌਰਾਨ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਬਾਗ਼ੀ ਆਗੂਆਂ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਰੋਕਣਾ ਹੈ ਤਾਂ ਪਹਿਲਾਂ ਉਨ੍ਹਾਂ ਨੂੰ ਮਾਰਨਾ ਹੋਵੇਗਾ। ਬਾਗ਼ੀਆਂ ਨੂੰ ਦਗਾਬਾਜ਼ ਦੱਸਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦਾ ਚੋਣ ਨਿਸ਼ਾਨ ਕਿਤੇ ਨਹੀਂ ਜਾਵੇਗਾ ਤੇ ਉਹ ਉਨ੍ਹਾਂ ਦੀ ਅਗਵਾਈ ਵਾਲੇ ਗੁੱਟ ਕੋਲ ਹੀ ਰਹੇਗਾ। ਫੇਸਬੁੱਕ ਲਾਈਵ 'ਤੇ ਮਮਤਾ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਬਾਗ਼ੀ ਗੁੱਟ ਵੱਲੋਂ ਸਲਾਹਕਾਰ ਬਣਨ ਦਾ ਮਤਾ ਮਿਲਿਆ ਸੀ ਪਰ ਉਹ ਉਨ੍ਹਾਂ ਨਾਲ ਨਹੀਂ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਕਈ ਆਗੂ ਦਬਾਅ 'ਚ ਪਾਰਟੀ ਛੱਡ ਕੇ ਗਏ ਹਨ ਪਰ ਉਹ ਭਾਜਪਾ ਜਾਂ ਕਿਸੇ ਹੋਰ ਦਬਾਅ ਸਾਹਮਣੇ ਨਹੀਂ ਝੁਕੇਗੀ।

### ਰਾਸ਼ਟਰੀ ਅਤੇ ਬੰਗਾਲ ਇਕਾਈ ਦੀ ਕਮਾਨ ਖ਼ੁਦ ਸੰਭਾਲਣ ਦਾ ਐਲਾਨ

ਚੰਦਰਿਮਾ ਦੇ ਅਸਤੀਫੇ ਮਗਰੋਂ ਮਮਤਾ ਨੇ ਰਾਸ਼ਟਰੀ ਤੇ ਬੰਗਾਲ ਇਕਾਈ ਦੋਹਾਂ ਦੀ ਜ਼ਿੰਮੇਵਾਰੀ ਖ਼ੁਦ ਸੰਭਾਲਣ ਦਾ ਐਲਾਨ ਕਰਦਿਆਂ ਕਿਹਾ ਕਿ ਹੁਣ ਉਨ੍ਹਾਂ ਦੇ ਰਿਹਾਇਸ਼ ਸਥਿਤ ਦਫ਼ਤਰ ਨੂੰ ਹੀ ਤ੍ਰਿਣਮੂਲ ਕਾਂਗਰਸ ਦਾ ਮੁੱਖ ਦਫ਼ਤਰ ਬਣਾਇਆ ਜਾਵੇਗਾ।

# ਚੜ੍ਹਾਵਾ ਚੋਰੀ ਮਾਮਲੇ 'ਚ ਹੋਸਬਾਲੇ ਵਾਲੇ ਬਿਆਨ ਨਾਲ ਸਹਿਮਤ ਹਾਂ: ਭਾਗਵਤ

**ਨਾਗਪੁਰ:**ਰਾਸ਼ਟਰੀ ਸਵੈਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਐਤਵਾਰ ਨੂੰ ਕਿਹਾ ਹੈ ਕਿ ਉਹ ਅਯੁੱਧਿਆ ਸਥਿਤ ਸ੍ਰੀ ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ਦੇ ਮਾਮਲੇ ਵਿਚ ਸੰਘ ਦੇ ਸਰਕਾਰਜਵਾਹਕ ਦੱਤਾਤ੍ਰੇਅ ਹੋਸਬਾਲੇ ਦੇ ਬਿਆਨ ਨਾਲ ਸਹਿਮਤ ਹਨ। ਭਾਗਵਤ ਨੇ ਨਾਗਪੁਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ। ਇਕ ਸਵਾਲ ਦੇ ਜਵਾਬ ਵਿਚ ਭਾਗਵਤ ਨੇ ਕਿਹਾ ਕਿ ਹੋਸਬਾਲੇ ਵੱਲੋਂ ਜਾਰੀ ਕੀਤਾ ਗਿਆ ਬਿਆਨ ਦੇਖੋ, ਮੇਰੀ ਪ੍ਰਤੀਕਿਰਿਆ ਵੀ ਓਹੀ ਹੈ।

ਇਕ ਪ੍ਰੋਗਰਾਮ ਦੌਰਾਨ ਭਾਗਵਤ ਤੋਂ ਅਯੁੱਧਿਆ ਵਿਚ ਸ੍ਰੀ ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ਨਾਲ ਸਬੰਧਤ ਵਿਵਾਦ 'ਤੇ ਉਨ੍ਹਾਂ ਦੀ ਪ੍ਰਤੀਕਿਰਿਆ ਮੰਗੀ ਗਈ ਸੀ। ਸ਼ੁੱਕਰਵਾਰ ਨੂੰ ਇਕ ਬਿਆਨ ਵਿਚ ਹੋਸਬਾਲੇ ਨੇ ਕਿਹਾ ਸੀ ਕਿ ਅਯੁੱਧਿਆ ਵਿਚ ਸ੍ਰੀ ਰਾਮ ਮੰਦਰ ਵਿਚ ਚੜ੍ਹਾਵਾ ਚੋਰੀ ਨੇ ਪੂਰੇ ਸਮਾਜ ਦੀਆਂ ਭਾਵਨਾਵਾਂ ਅਤੇ ਵਿਸ਼ਵਾਸ ਨੂੰ ਗੰਭੀਰ ਤੌਰ 'ਤੇ ਆਹਤ ਕੀਤਾ ਹੈ। ਇਹ ਬਹੁਤ ਨਿੰਦਿਆ ਯੋਗ ਵਰਤਾਰਾ ਹੈ। ਉਨ੍ਹਾਂ ਨੇ ਕਿਹਾ ਸੀ ਕਿ ਜਾਂਚ ਵਿਚ ਚੜ੍ਹਾਵਾ ਚੋਰੀ ਕੇਸ ਵਿਚ ਜੋ ਵੀ ਮੁਲਜ਼ਮ ਜਾਂਚ ਮਗਰੋਂ ਦੋਸ਼ੀ ਪਾਏ ਜਾਣ, ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਕਾਬਿਲੇ ਜ਼ਿਕਰ ਹੈ ਕਿ ਚੜ੍ਹਾਵਾ ਚੋਰੀ ਮਾਮਲੇ ਬਾਰੇ ਰਾਸ਼ਟਰੀ ਸਵੈਸੇਵਕ ਸੰਘ ਨੇ ਪਹਿਲੀ ਵਾਰ ਬਿਆਨ ਜਾਰੀ ਕੀਤਾ ਸੀ।



ਇਸ ਤੋਂ ਪਹਿਲਾਂ 'ਸੰਮਾਰਗ ਮਾਈਂਡ ਵੈਲਨੈਸ ਸੈਂਟਰ' ਦੇ ਉਦਘਾਟਨ ਦੌਰਾਨ ਸੰਘ ਮੁਖੀ ਭਾਗਵਤ ਨੇ ਨੌਜਵਾਨਾਂ ਵਿਚ ਮਾਨਸਿਕ ਸਹਿਣਸ਼ੀਲਤਾ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਪਰਿਵਾਰਕ ਮਾਰਗ ਦਰਸ਼ਨ ਦੀ ਕਮੀ ਤੇ ਬਹੁਤ ਜ਼ਿਆਦਾ ਸਕਰੀਨ ਟਾਈਮ (ਮੋਬਾਈਲ/ਟੀਵੀ ਦੀ ਜ਼ਿਆਦਾ ਵਰਤੋਂ) ਕਾਰਨ ਬੱਚੇ ਮਾਨਸਿਕ ਤੌਰ ਉੱਤੇ ਕਮਜ਼ੋਰ ਹੋ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਸੰਵਾਦ ਦੀ ਲੋੜ ਹੈ ਅਤੇ ਸਮਾਜ ਨੂੰ ਨੌਜਵਾਨਾਂ ਦੀ ਮਾਨਸਿਕ ਭਲਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਪੁਰਾਤਨ ਕਥਾਵਾਂ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਇਹ ਕਥਾਵਾਂ ਕਦੇ ਨੌਜਵਾਨ ਮਨਾਂ ਨੂੰ ਚਿੰਤਨ ਸਮਰੱਥਾ ਦਿੰਦਾ ਸਨ ਪਰ ਅਜੋਕੀ ਸਥਿਤੀ ਗੰਭੀਰ ਹੈ। ਭਾਗਵਤ ਨੇ ਚਿੰਤਾ ਪ੍ਰਗਟ ਕੀਤੀ ਕਿ 12ਵੀਂ ਜਮਾਤ ਵਿਚ ਅਸਫਲ ਹੋਣ ਉੱਤੇ ਬੱਚੇ ਖ਼ੁਦਕੁਸ਼ੀ ਕਰ ਲੈਂਦੇ ਹਨ। ਬੱਚਿਆਂ ਨੂੰ ਅਕਸਰ ਇਕੱਲਾ ਛੱਡ ਦਿੱਤਾ ਜਾਂਦਾ ਹੈ, ਜਦਕਿ ਉਨ੍ਹਾਂ ਨੂੰ ਰਵਾਇਤੀ ਕਹਾਣੀਆਂ ਸੁਣਾ ਕੇ ਮਾਰਗਦਰਸ਼ਨ ਦੀ ਲੋੜ ਹੈ। ਬੱਚਿਆਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਸਿਰਫ਼ ਇਲਾਜ ਉੱਤੇ ਨਿਰਭਰ ਰਹਿਣ ਦੀ ਬਜਾਏ, ਮਾਪਿਆਂ ਅਤੇ ਸਮਾਜ ਨੂੰ ਅੱਗੇ ਆਉਣਾ ਪਵੇਗਾ।

# ਖ਼ਬਰਾਂ ਵਾਲੇ ਚੈਨਲਾਂ ਦੀ ਰੇਟਿੰਗ 'ਤੇ ਲਾਈ ਰੋਕ

**ਨਵੀਂ ਦਿੱਲੀ:**ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੇ ਬ੍ਰਾਡਕਾਸਟ ਆਡੀਐਂਸ ਰਿਸਰਚ ਕੌਂਸਲ ਨੂੰ ਹੁਕਮ ਦਿੱਤਾ ਹੈ ਕਿ ਉਹ ਟੈਲੀਵਿਜ਼ਨ ਰੇਟਿੰਗ ਨੀਤੀ, 2026 ਤਹਿਤ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਪੂਰੀ ਹੋਣ ਤੱਕ ਸਮਾਚਾਰ ਅਤੇ ਗੈਰ-ਸਮਾਚਾਰ, ਦੋਵਾਂ ਸ਼੍ਰੇਣੀਆਂ ਦੀ ਟੈਲੀਵਿਜ਼ਨ ਰੇਟਿੰਗ ਜਾਰੀ ਕਰਨਾ ' ਬੰਦ ਕਰ ਦੇਵੇ। ਨਵੇਂ ਹੁਕਮਾਂ ਤਹਿਤ ਖ਼ਬਰ ਵਾਲੇ ਚੈਨਲਾਂ ਦੀ ਰੇਟਿੰਗ 'ਤੇ ਪਹਿਲਾਂ ਤੋਂ ਲਾਗੂ ਰੋਕ ਦਾ ਦਾਇਰਾ ਵਧਾਇਆ ਗਿਆ ਹੈ। ਹੁਣ ਇਹ ਸਾਰੇ ਕਿਸਮ ਦੇ ਚੈਨਲਾਂ 'ਤੇ ਲਾਗੂ ਕੀਤਾ ਗਿਆ ਹੈ।



# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਸਰਬਉੱਚ

## ਸ਼੍ਰੋਮਣੀ ਕਮੇਟੀ ਵਲੋਂ ਸੱਦੇ ਗਏ ਪੰਥਕ ਸੰਮੇਲਨ ਵਿਚ ਕਈ ਗੁਰਮਤੇ ਪ੍ਰਵਾਨ





**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵੱਲੋਂ ਐਤਵਾਰ ਨੂੰ ਬੁਲਾਏ ਗਏ ਪੰਥਕ ਸੰਮੇਲਨ 'ਚ ਸਮੂਹ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸੰਬੰਧੀ ਜਾਰੀ ਹੁਕਮ ਸਰਬਸੰਮਤੀ ਨਾਲ ਹਮਾਇਤ ਕੀਤੀ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਇਸ ਵਿਸ਼ਾਲ ਪੰਥਕ ਇਕੱਠ 'ਚ ਮੌਜੂਦ ਸਿੱਖ ਜਥੇਬੰਦੀਆਂ, ਸੰਤਾਂ ਤੇ ਬੁੱਧੀਜੀਵੀਆਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਸਭ ਤੋਂ ਉੱਪਰ ਹੈ। ਸਾਰਿਆਂ ਨੇ ਇਕਸੁਰ ਹੋ ਕੇ ਮੰਗ ਕੀਤੀ ਕਿ ਮੁੱਖ ਮੰਤਰੀ ਆਪਣੀ ਟਿੱਪਣੀ ਲਈ ਜਨਤਕ ਤੌਰ 'ਤੇ ਮਾਫ਼ੀ ਮੰਗਣ ਤੇ ਇਖ਼ਲਾਕੀ ਆਧਾਰ 'ਤੇ ਅਹੁਦੇ ਤੋਂ ਅਸਤੀਫ਼ਾ ਦੇਣ। ਇਹ ਵੀ ਫੈਸਲਾ ਲਿਆ ਗਿਆ ਕਿ ਜੇਕਰ ਮੁੱਖ ਮੰਤਰੀ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਖ਼ਿਲਾਫ਼ ਪੰਥਕ ਪੱਧਰ 'ਤੇ ਸੰਘਰਸ਼ ਜਾਰੀ ਰਹੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸਮੂਹ ਜਥੇਬੰਦੀਆਂ ਦੀ ਸਹਿਮਤੀ ਨਾਲ ਇਕ ਮਤਾ ਵੀ ਪੇਸ਼ ਕੀਤਾ ਗਿਆ, ਜਿਸ ਨੂੰ ਸਮੂਹ ਜਥੇਬੰਦੀਆਂ ਤੇ ਸੰਗਤ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਕੀਤਾ ਸੱਚਾ ਤਖ਼ਤ ਹੈ, ਜਿਸ ਦੀ ਸਰਬਉੱਚਤਾ ਨੂੰ ਕੋਈ ਵੀ ਚੁਣੌਤੀ ਨਹੀਂ ਦੇ ਸਕਦਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਪਾਲਣਾ ਹਰ ਸਿੱਖ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਹੈ। ਇਸ ਮੌਕੇ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਗਏ ਆਦੇਸ਼ ਦੀ ਪ੍ਰੋੜ੍ਹਤਾ ਲਈ ਸਮੁੱਚੇ ਪੰਥ ਦਾ ਇਕਜੁਟ ਹੋਣਾ ਉਨ੍ਹਾਂ ਲੋਕਾਂ ਨੂੰ ਜਵਾਬ ਹੈ, ਜੋ ਇਸ ਦੀ ਮਾਣ-ਮਰਿਆਦਾ ਤੇ ਪ੍ਰੰਪਰਾਵਾਂ ਨੂੰ ਢਾਹ ਲਗਾਉਣ ਦੇ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਨੇ ਵੀ ਆਪਣੀ ਹਓਮੈ ਛੱਡ ਕੇ ਇਸ ਤਖ਼ਤ 'ਤੇ ਆਪਣੇ ਨੂੰ ਸਮਰਪਣ ਕੀਤਾ ਹੈ, ਉਹ ਹਮੇਸ਼ਾ ਨਿਰਮਲ ਹੋ ਕੇ ਗਿਆ ਹੈ।

ਇਸ ਦੌਰਾਨ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਗੁਰੂ ਦਾ ਸਦੀਵੀ ਤਖ਼ਤ ਹੈ। ਸਮੇਂ ਦੀਆਂ ਹਕੂਮਤਾਂ ਵੱਲੋਂ ਕਈ ਵਾਰ ਇਸ ਤਖ਼ਤ 'ਤੇ ਹਮਲੇ ਹੋਏ, ਜਿਸ ਦਾ ਖ਼ਾਲਸੇ ਨੇ ਹਮੇਸ਼ਾ ਡਟ ਕੇ ਮੁਕਾਬਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਤਾਕਤਾਂ ਭਰਮ ਪਾਲ ਬੈਠੀਆਂ ਹਨ, ਉਨ੍ਹਾਂ ਨੂੰ ਇਤਿਹਾਸ ਨਹੀਂ ਭੁੱਲਣਾ ਚਾਹੀਦਾ ਕਿ ਵੱਡਿਆਂ ਵੱਡਿਆਂ ਨੂੰ ਵੀ ਅਖ਼ੀਰ ਇਸ ਤਖ਼ਤ 'ਤੇ ਝੁਕਣਾ ਪਿਆ ਸੀ। ਜਥੇਦਾਰ ਗੜਗੱਜ ਨੇ ਸਿੱਖ ਸੰਸਥਾਵਾਂ ਖ਼ਿਲਾਫ਼ ਕੀਤੇ ਜਾ ਰਹੇ ਪ੍ਰਚਾਰ ਦਾ ਸਖ਼ਤ ਨੋਟਿਸ ਲੈਂਦਿਆਂ ਸਰਕਾਰ ਨੂੰ ਤਾੜਨਾ ਕੀਤੀ ਕਿ ਚੰਡੀਗੜ੍ਹ ਤੇ ਮੋਹਾਲੀ 'ਚ ਬਾਹਰੋਂ ਆ ਕੇ ਜੋ ਲੋਕ ਸੋਸ਼ਲ ਮੀਡੀਆ 'ਤੇ ਅਜਿਹੀਆਂ ਹਰਕਤਾਂ ਕਰ ਰਹੇ ਹਨ, ਉਨ੍ਹਾਂ ਨੂੰ 10 ਦਿਨਾਂ ਦੇ ਅੰਦਰ ਜੇਲ੍ਹ 'ਚ ਬੰਦ ਕੀਤਾ ਜਾਵੇ। ਜੇ ਇਹ ਵਰਤਾਰਾ ਬੰਦ ਨਾ ਹੋਇਆ ਤਾਂ ਖਾਲਸਾ ਪੰਥ ਆਪ ਐਕਸ਼ਨ ਲੈਣ ਲਈ ਮਜਬੂਰ ਹੋਵੇਗਾ।

ਇਸੇ ਦੌਰਾਨ ਜਥੇਦਾਰ ਗਿਆਨੀ ਟੇਕ ਸਿੰਘ ਨੇ ਕਿਹਾ ਕਿ ਸਰਕਾਰਾਂ ਆਪ ਹੁਦਰੇਪਣ ਨਾਲ ਕਾਨੂੰਨ ਬਣਾ ਕੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦਾ ਯਤਨ ਕਰ ਰਹੀਆਂ ਹਨ। ਖ਼ਾਲਸਾ ਪੰਥ ਨੂੰ ਏਜੰਸੀਆਂ ਵੱਲੋਂ ਚਲਾਏ ਜਾ ਰਹੇ ਅਜਿਹੇ ਏਜੰਡਿਆਂ ਤੋਂ ਸੁਚੇਤ ਹੋ ਕੇ ਇਕਜੁਟਤਾ ਨਾਲ ਟਾਕਰਾ ਕਰਨ ਦੀ ਲੋੜ ਹੈ।

ਨਿਹੰਗ ਸਿੰਘ ਦਲਾਂ ਵੱਲੋਂ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਤੇ ਬਾਬਾ ਮੇਜਰ ਸਿੰਘ ਸੋਢੀ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਸਮੂਹ ਨਿਹੰਗ ਸਿੰਘ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹਨ ਅਤੇ ਹਰ ਆਦੇਸ਼ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਗੇ।

### 24 ਜੁਲਾਈ ਨੂੰ ਚਲਾਈ ਜਾਵੇਗੀ ਖ਼ਾਲਸਾ ਵਹੀਰ

ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੜਗੱਜ ਨੇ ਕਿਹਾ ਕਿ ਨੌਜੁਆਨੀ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਮੀਰੀ ਪੀਰੀ ਦਿਵਸ ਮੌਕੇ 24 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੱਕ ਖ਼ਾਲਸਾ ਵਹੀਰ ਚਲਾਈ ਜਾਵੇਗੀ, ਜਿਸ ਦਾ ਮਕਸਦ ਧਰਮ ਦੇ ਪ੍ਰਚਾਰ ਪ੍ਰਸਾਰ ਨਾਲ- ਨਾਲ ਲੋਕਾਂ ਨੂੰ ਜਾਗਰੂਕ ਕਰਨਾ ਹੋਵੇਗਾ।

### ਜੈਕਾਰਿਆਂ ਦੀ ਗੂੰਜ 'ਚ ਗੁਰਮਤੇ ਪ੍ਰਵਾਨ


ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਵਿਸ਼ਾਲ ਪੰਥਕ ਇਕੱਠ ' ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗੁਰਮਤਿਆਂ ਨੂੰ ਸਮੂਹ ਜਥੇਬੰਦੀਆਂ ਅਤੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਗੁਰਮਤਿਆਂ ਰਾਹੀਂ ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਹਰ ਹਲਕੇ ਵਿੱਚ ਵਿਸ਼ਾਲ ਪੰਥਕ ਇਕੱਠ ਕਰਵਾਏ ਜਾਣਗੇ ਅਤੇ ਪਿੰਡ ਪੱਧਰ 'ਤੇ ਗੁਰਸਿੱਖ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ, ਜੋ ਸਿੱਖੀ ਦੀਆਂ ਰਵਾਇਤਾਂ ਅਤੇ ਪਰੰਪਰਾਵਾਂ ਪ੍ਰਤੀ ਚੇਤਨਾ ਪੈਦਾ ਕਰਨ ਲਈ ਕੰਮ ਕਰਨਗੀਆਂ। ਇਸ ਤੋਂ ਇਲਾਵਾ ਸੋਸ਼ਲ ਮੀਡੀਆ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮਾਧਿਅਮਾਂ ਰਾਹੀਂ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਸਬੰਧੀ ਫੈਲਾਈ ਜਾ ਰਹੀ ਕਥਿਤ ਗਲਤ ਜਾਣਕਾਰੀ ਦਾ ਤੱਥਾਂ ਦੇ ਆਧਾਰ 'ਤੇ ਜਵਾਬ ਦੇਣ ਅਤੇ ਸਮੁੱਚੇ ਖ਼ਾਲਸਾ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕਜੁੱਟ ਹੋ ਕੇ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਦਾ ਸੱਦਾ ਦਿੱਤਾ ਗਿਆ।

# ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੇ ਬਣਾਈ 'ਟੀਮ ਏ, ਬੀ, ਸੀ: ਪੰਨੂ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਕਾਂਗਰਸ ਦਿਸ਼ਾਹੀਣ ਹੋ ਚੁੱਕੀ ਹੈ ਤੇ ਪੰਜਾਬ ਤੇ ਇੱਥੋਂ ਦੇ ਲੋਕਾਂ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਦੀ 'ਬਜਾਏ ਅੰਦਰੂਨੀ ਸੱਤਾ ਦੀ ਲੜਾਈ 'ਚ ਹੀ ਉਲਝੀ ਹੋਈ ਹੈ। ਇਸ ਲੜਾਈ ਨੇ ਪਾਰਟੀ ਦੇ ਮੁਕੰਮਲ ਸਿਆਸੀ ਦੀਵਾਲੀਆਪਨ ਨੂੰ ਜਨਤਕ ਕਰ ਦਿੱਤਾ ਹੈ। ਉਨ੍ਹਾਂ ਕਾਂਗਰਸ, ਭਾਜਪਾ ਤੇ ਸ਼ਿਰੋਮਣੀ ਅਕਾਲੀ ਦਲ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਿਸ਼ਾਨਾ ਬਣਾਉਣ ਲਈ ਹੱਥ ਮਿਲਾਉਣ ਦਾ ਦੋਸ਼ ਲਾਇਆ ਕਿਉਂਕਿ ਉਨ੍ਹਾਂ ਕੋਲ 'ਆਪ' ਸਰਕਾਰ ਵੱਲੋਂ ਕੀਤੇ ਬੇਮਿਸਾਲ ਕੰਮਾਂ ਦਾ ਕੋਈ ਜਵਾਬ ਨਹੀਂ ਹੈ। ਐਤਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਕਾਂਗਰਸ ਦਾ ਅੰਦਰੂਨੀ ਕਲੇਸ਼ ਉਸ ਦਾ ਆਪਣਾ ਮਾਮਲਾ ਹੈ, ਪਰ ਇਹ ਪਾਰਟੀ ਦੀ ਦਿਸ਼ਾਹੀਣਤਾ ਨੂੰ ਦਰਸਾਉਂਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਾਂਗਰਸੀ ਆਗੂ ਇਹ ਸਮਝਾ ਰਹੇ ਹਨ ਕਿ ਭਾਜਪਾ ਦੇ ਅੰਦਰ ਕੀ ਹੋ ਰਿਹਾ ਹੈ, ਜਦੋਂ ਕਿ ਭਾਜਪਾ ਆਗੂ ਕਾਂਗਰਸ ਦੇ ਮਾਮਲਿਆਂ 'ਤੇ ਬੋਲ ਰਹੇ ਹਨ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਦੋਵੇਂ ਪਾਰਟੀਆਂ ਪੂਰੇ ਤਾਲਮੇਲ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ, ਭਾਜਪਾ ਤੇ ਸ਼ਿਰੋਮਣੀ ਅਕਾਲੀ ਦਲ ਅਸਲ 'ਚ 'ਟੀਮ ਏ, ਬੀ, ਸੀ ਬਣ ਚੁੱਕੇ ਹਨ, ਜਿਨ੍ਹਾਂ ਦਾ ਇੱਕੋ ਇੱਕ ਉਦੇਸ਼ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਿਸ਼ਾਨਾ ਬਣਾਉਣਾ ਹੈ, ਕਿਉਂਕਿ ਉਨ੍ਹਾਂ ਕੋਲ ਆਪ ਸਰਕਾਰ ਦੀ ਕਾਰਗੁਜ਼ਾਰੀ ਦਾ ਕੋਈ ਤੋੜ ਨਹੀਂ ਹੈ। ਭਾਜਪਾ 'ਤੇ ਤਨਜ਼ ਕੱਸਦਿਆਂ ਪੰਨੂ ਨੇ ਕਿਹਾ ਕਿ ਪੰਜਾਬ 'ਚ ਪਾਰਟੀ ਅਸਲ 'ਚ 'ਕਾਂਗਰਸ ਵਿੰਗ' ਬਣ ਕੇ ਰਹਿ ਗਈ ਹੈ। ਭਾਜਪਾ ਦੀ ਅਗਵਾਈ ਕਰਨ ਵਾਲੇ ਬਹੁਤੇ ਚਿਹਰੇ ਸਾਬਕਾ ਕਾਂਗਰਸੀ ਆਗੂ ਹਨ।ਅਸਲੀ ਭਾਜਪਾ ਲੀਡਰਸ਼ਿਪ ਲਗਭਗ ਗਾਇਬ ਹੋ ਚੁੱਕੀ ਹੈ, ਜਦਕਿ ਕਈ ਹੋਰ ਕਾਂਗਰਸੀ ਆਗੂ ਉਨ੍ਹਾਂ ਨਾਲ ਸ਼ਾਮਲ ਹੋਣ ਲਈ ਉਤਾਵਲੇ ਜਾਪਦੇ ਹਨ। ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹਾਲ ਹੀ 'ਚ ਹੋਈ ਮੁਲਾਕਾਤ ਦਾ ਹਵਾਲਾ ਦਿੰਦਿਆਂ ਪੰਨੂ ਨੇ ਕਿਹਾ ਕਿ ਭਾਵੇਂ ਰੰਧਾਵਾ ਨੇ ਇਸ ਦਾ ਵੱਖਰਾ ਸਪੱਸ਼ਟੀਕਰਨ ਦਿੱਤਾ ਹੈ, ਪਰ ਹਰ ਕੋਈ ਇਸ ਮੁਲਾਕਾਤ ਦੀ ਸਿਆਸੀ ਅਹਿਮੀਅਤ ਨੂੰ ਸਮਝਦਾ ਹੈ। ਉਨ੍ਹਾਂ ਅੱਗੇ ਕਿਹਾ ਵਿਰੋਧੀ ਪਾਰਟੀਆਂ ਇਸ ਲਈ ਇਕੱਠੀਆਂ ਹੋਈਆਂ ਹਨ ਕਿਉਂਕਿ ਉਹ ਆਪ ਸਰਕਾਰ ਦੀ ਕਾਰਗੁਜ਼ਾਰੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਇਸ ਦੌਰਾਨ ਉਨ੍ਹਾਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਕੀਤੇ ਗਏ ਕਾਰਜਾਂ ਦਾ ਵੇਰਵਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਲਈ ਵੀ ਇਕਜੁੱਟ ਹੋ ਰਹੀਆਂ ਹਨ ਕਿਉਂਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਰਵਾਇਤੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਪੰਨੂ ਨੇ ਕਿਹਾ ਕਿ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਕੋਲ ਪੰਜਾਬ ਦੇ ਵਿਕਾਸ ਲਈ ਕੋਈ ਵਿਜ਼ਨ ਜਾਂ ਰੋਡਮੈਪ ਨਹੀਂ ਹੈ। ਉਨ੍ਹਾਂ ਕਿਹਾ ਕਿ ''ਉਨ੍ਹਾਂ ਕੋਲ ਲੋਕਾਂ ਲਈ ਕੋਈ ਰੋਡਮੈਪ, ਕੋਈ ਵਿਜ਼ਨ ਅਤੇ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਦਾ ਇੱਕੋ ਇੱਕ ਏਜੰਡਾ ਭਗਵੰਤ ਸਿੰਘ ਮਾਨ ਹੈ। ਉਹ ਇਸ ਗੱਲ ਨੂੰ ਹਜ਼ਮ ਨਹੀਂ ਕਰ ਰਹੇ ਕਿ 'ਆਪ' ਸਰਕਾਰ ਨੇ ਉਹ ਕਰ ਦਿਖਾਇਆ ਹੈ ਜੋ ਇਹ ਪਾਰਟੀਆਂ ਦਹਾਕਿਆਂ ਤੱਕ ਕਰਨ 'ਚ ਨਾਕਾਮ ਰਹੀਆਂ। ਪੰਨੂ ਨੇ ਕਿਹਾ ਕਿ ਜੇਕਰ 2022 'ਚ ਆਪ ਸਰਕਾਰ ਸੱਤਾ 'ਚ ਨਾ ਆਉਂਦੀ ਤਾਂ ਇਹ ਪਾਰਟੀਆਂ ਪੰਜਾਬ ਨੂੰ ਪਿੱਛੇ ਧੱਕਣਾ ਜਾਰੀ ਰੱਖਦੀਆਂ।

# ਓਟੀਟੀ ਪਲੇਟਫਾਰਮ ਤੋਂ ਹਟਾਈ ਫ਼ਿਲਮ 'ਸਤਲੁਜ'




**ਮੁੰਬਈ:** ਕਈ ਵਿਵਾਦਾਂ ਤੇ ਕੇਂਦਰੀ ਫਿਲਮ ਪ੍ਰਮਾਣਨ ਬੋਰਡ ਨਾਲ ਚਾਰ ਸਾਲ ਲੰਬੀ ਲੜਾਈ ਤੋਂ ਬਾਅਦ ਦਿਲਜੀਤ ਦੋਸਾਂਝ ਦੀ ਫਿਲਮ 'ਪੰਜਾਬ 95', 'ਸਤਲੁਜ' ਟਾਈਟਲ ਨਾਲ ਤਿੰਨ ਜੁਲਾਈ ਨੂੰ ਜ਼ੀ5 'ਤੇ ਰਿਲੀਜ਼ ਹੋਈ। ਪਰ ਰਿਲੀਜ਼ ਦੇ ਤੀਜੇ ਦਿਨ ਹੀ ਫਿਲਮ ਪਲੇਟਫਾਰਮ ਤੋਂ ਹਟਾ ਲਈ ਗਈ। ਐਤਵਾਰ ਨੂੰ ਜ਼ੀ5 ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਸਤਲੁਜ ਦੀ ਰਿਲੀਜ਼ ਤੋਂ ਬਾਅਦ ਉਸ ਨੂੰ ਸ਼ਾਨਦਾਰ ਹੁੰਗਾਰਾ ਮਿਲਿਆ। ਫਿਲਹਾਲ ਹਾਲਾਤ ਦੇ ਮੱਦੇਨਜ਼ਰ 'ਸਤਲੁਜ' ਅਗਲੀ ਸੂਚਨਾ ਜਾਰੀ ਹੋਣ ਤੱਕ ਭਾਰਤ 'ਚ ਉਪਲਬਧ ਨਹੀਂ ਹੋਵੇਗੀ। ਹਨੀ ਤ੍ਰੇਹਨ ਵੱਲੋਂ ਨਿਰਦੇਸ਼ਤ ਇਹ ਫਿਲਮ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਤ ਹੈ। ਖਾਲੜਾ ਨੇ ਪੰਜਾਬ 'ਚ ਅੱਤਵਾਦ ਦੌਰਾਨ ਪੁਲਿਸ ਵੱਲੋਂ ਗ਼ੈਰ ਕਾਨੂੰਨੀ ਢੰਗ ਨਾਲ ਹਿਰਾਸਤ 'ਚ ਲੈ ਕੇ ਫਰਜ਼ੀ ਮੁਕਾਬਲਿਆਂ 'ਚ ਮਾਰੇ ਗਏ ਨੌਜਵਾਨਾਂ ਦਾ ਮਾਮਲਾ ਕੌਮਾਂਤਰੀ ਪੱਧਰ 'ਤੇ ਚੁੱਕਿਆ ਸੀ। 2022 'ਚ ਬਣ ਚੁੱਕੀ ਇਹ ਫਿਲਮ ਸੈਂਸਰ ਪ੍ਰਕਿਰਿਆ ਕਾਰਨ ਲਟਕੀ ਹੋਈ ਸੀ।

# ਸਿੱਧੂ ਧੜੇ ਨੇ ਵੀ ਵੜਿੰਗ ਦੀ ਪ੍ਰਧਾਨਗੀ 'ਤੇ ਚੁੱਕੇ ਸਵਾਲ





**ਚੰਡੀਗੜ੍ਹ:** ਕਾਂਗਰਸ ਹਾਈ ਕਮਾਨ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੂਬਾਈ ਪ੍ਰਧਾਨ ਬਣਾਈ ਰੱਖਣ ਦੇ ਫ਼ੈਸਲੇ ਤੋਂ ਬਾਅਦ ਪਾਰਟੀ 'ਚ ਬਗ਼ਾਵਤ ਅਜੇ ਰੁਕਦੀ ਨਜ਼ਰ ਨਹੀਂ ਆ ਰਹੀ। ਇਕ ਪਾਸੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਦੇ ਧੜੇ ਵੱਲੋਂ ਵੜਿੰਗ ਨੂੰ ਪ੍ਰਧਾਨ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉੱਥੇ ਦੂਜੇ ਪਾਸੇ ਹੁਣ ਇਕ ਹੋਰ ਧੜੇ ਨੇ ਵੀ ਬਗ਼ਾਵਤੀ ਤੇਵਰ ਅਪਣਾਅ ਲਏ ਹਨ। ਪਿਛਲੇ ਲੰਬੇ ਸਮੇਂ ਤੋਂ ਸਿਆਸਤ ਤੋਂ ਦੂਰੀ ਬਣਾਏ ਹੋਏ ਨਵਜੋਤ ਸਿੰਘ ਧੜੇ ਨੇ ਵੀ ਵੜਿੰਗ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਸਿੱਧੂ ਧੜੇ ਨਾਲ ਸਬੰਧਤ ਸਾਬਕਾ ਡੀਜੀਪੀ ਮੁਹੰਮਦ ਮੁਸਤਫ਼ਾ ਨੇ ਰਾਹੁਲ ਗਾਂਧੀ ਨੂੰ ਪੱਤਰ ਲਿਖ ਕੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਕਾਂਗਰਸ ਨੂੰ ਨਵੀਂ ਅਗਵਾਈ ਦੇਣ ਦਾ ਸਮਾਂ ਆ ਗਿਆ ਹੈ। ਮੁਸਤਫ਼ਾ ਨੇ ਆਪਣੇ ਪੱਤਰ 'ਚ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਵੀ ਸਿੱਧਾ ਨਿਸ਼ਾਨਾ ਲਾਇਆ ਹੈ। ਉਨ੍ਹਾਂ ਨੇ ਕਿਹਾ ਕਿ ਵੜਿੰਗ ਆਪਣੀ ਕਾਰਜਸ਼ੈਲੀ, ਵੱਧ ਖਾਹਿਸ਼ਾਂ ਤੇ 'ਸਲਾਹਕਾਰਾਂ' ਦੇ ਕਾਰਨ ਸੂਬਾਈ ਲੀਡਰਸ਼ਿਪ ਦੇ ਵੱਡੇ ਹਿੱਸੇ ਦਾ ਵਿਸ਼ਵਾਸ ਗੁਆ ਚੁੱਕੇ ਹਨ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜੇ ਵੜਿੰਗ ਪਾਰਟੀ ਦੇ ਹਿੱਤ ਨੂੰ ਸਰਬੋਤਮ ਮੰਨਦੇ ਹਨ ਤਾਂ ਉਨ੍ਹਾਂ ਨੂੰ ਆਪ ਅਹੁਦਾ ਛੱਡ ਦੇਣਾ ਚਾਹੀਦਾ ਹੈ ਤੇ ਅੱਗੇ ਦਾ ਫ਼ੈਸਲਾ ਹਾਈ ਕਮਾਨ 'ਤੇ ਛੱਡ ਦੇਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਨਵਾਂ ਸੂਬਾ ਪ੍ਰਧਾਨ ਬਣਾਇਆ ਜਾਵੇ ਤਾਂ ਉਸ ਦੀ ਚੋਣ ਕਿਸੇ ਧੜੇ ਨੂੰ ਸੰਤੁਸ਼ਟ ਕਰਨ ਦੀ ਥਾਂ ਸਿਰਫ਼ ਯੋਗਤਾ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਪੱਤਰ 'ਚ ਲਿਖਿਆ ਕਿ ਪੰਜਾਬ ਕਾਂਗਰਸ 'ਚ ਫ਼ੈਸਲੇ ਲੈਣ ਦੀ ਸਮਰੱਥਾ ਕਮਜ਼ੋਰ ਹੋਈ ਹੈ ਤੇ ਇਸ ਦਾ ਸਿੱਧਾ ਅਸਰ ਪਾਰਟੀ ਦੀ ਸਾਖ 'ਤੇ ਪਿਆ ਹੈ। ਪੰਜਾਬ 'ਚ ਹੁਣ ਅਜਿਹੀ ਲੀਡਰਸ਼ਿਪ ਚਾਹੀਦੀ ਹੈ ਜੋ ਵਰਕਰਾਂ ਦਾ ਭਰੋਸਾ ਜਿੱਤ ਸਕੇ।

ਉਧਰ ਲੀਡਰਸ਼ਿਪ ਤਬਦੀਲੀ ਦੀਆਂ ਚਰਚਾਵਾਂ ਦੇ ਵਿਚਾਲੇ ਰਾਜਾ ਵੜਿੰਗ ਵੀ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ। ਉਨ੍ਹਾਂ ਨੇ ਲਗਾਤਾਰ ਸੀਨੀਅਰ ਆਗੂਆਂ ਤੇ ਸਾਬਕਾ ਵਿਧਾਇਕਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਸਾਬਕਾ ਸੰਸਦ ਮੈਂਬਰ ਸ਼ਮਸ਼ੇਰ ਸਿੰਘ ਦੂਲੋ, ਸਾਬਕਾ ਮੰਤਰੀ ਰਾਣਾ ਕੇਪੀ ਸਿੰਘ ਸਮੇਤ ਕਈ ਆਗੂਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਸੰਗਠਨ ਦਾ ਵੱਡਾ ਵਰਗ ਅਜੇ ਵੀ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਨ੍ਹਾਂ ਬੈਠਕਾਂ ਦੀਆਂ ਤਸਵੀਰਾਂ ਵੀ ਜਨਤਕ ਕੀਤੀਆਂ ਗਈਆਂ, ਜਿਨ੍ਹਾਂ ਨੂੰ ਸਿਆਸੀ ਹਲਕਿਆਂ 'ਚ ਸ਼ਕਤੀ ਪ੍ਰਦਰਸ਼ਨ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ।

# ਮੇਟਾ ਨੂੰ ਹਟਾਉਣੀ ਪਵੇਗੀ ਬੱਚਿਆਂ ਦੇ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ


**ਨਵੀਂ ਦਿੱਲੀ**:ਇੰਸਟਾਗ੍ਰਾਮ 'ਤੇ ਪੇਡ ਇਸ਼ਤਿਹਾਰਾਂ 'ਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਦੁਰਵਿਹਾਰ ਨਾਲ ਜੁੜੀ ਸਮੱਗਰੀ (ਸੀ.ਐੱਸ.ਈ.ਏ.ਐੱਮ.) ਨੂੰ ਲੈ ਕੇ ਸਰਕਾਰ ਨੇ ਮੇਟਾ ਨੂੰ ਸਖ਼ਤ ਨੋਟਿਸ ਜਾਰੀ ਕੀਤਾ ਹੈ। ਸੂਤਰਾਂ ਨੇ ਦੱਸਿਆ, 'ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨੀਕੀ ਮੰਤਰਾਲੇ ਨੇ ਇੰਸਟਾਗ੍ਰਾਮ ਨੂੰ ਅਜਿਹੇ ਸਾਰੇ ਇਸ਼ਤਿਹਾਰਾਂ ਤੇ ਸਮੱਗਰੀ ਨੂੰ ਹਟਾਉਣ (ਡਿਸਏਬਲ ਕਰਨ) ਦਾ ਹੁਕਮ ਦਿੱਤਾ ਹੈ. ਜੋ ਸੀਐੱਸਈਏਐੱਮ ਨੂੰ ਉਤਸ਼ਾਹ ਦਿੰਦੇ ਹਨ ਜਾਂ ਉਨ੍ਹਾਂ ਤੱਕ ਪਹੁੰਚ ਆਸਾਨ ਬਣਾਉਂਦੇ ਹਨ। ਮੇਟਾ, ਹਰਮਨਪਿਆਰੇ ਇੰਟਰਨੈੱਟ ਮੀਡੀਆ ਪਲੇਟਫਾਰਮ ਫੇਸਬੁਕ, ਇੰਸਟਾਗ੍ਰਾਮ ਤੇ ਵਟਸਐਪ ਦੀ ਮਾਲਕ ਹੈ। ਇਹ ਨੋਟਿਸ ਸੂਚਨਾ ਤਕਨੀਕੀ ਮੰਤਰੀ ਅਸ਼ਵਨੀ ਵੈਸ਼ਣਵ ਵੱਲੋਂ ਮੰਤਰਾਲੇ ਦੇ ਅਧਿਕਾਰੀਆਂ ਨੂੰ ਮੇਟਾ ਨੂੰ ਤਲਬ ਕਰਨ ਦਾ ਨਿਰਦੇਸ਼ ਦੇਣ ਦੇ ਇਕ ਦਿਨ ਬਾਅਦ ਜਾਰੀ ਕੀਤਾ ਗਿਆ। ਮੇਟਾ ਖ਼ਿਲਾਫ਼ ਇੰਸਟਾਗ੍ਰਾਮ 'ਤੇ ਇਸ਼ਤਿਹਾਰਾਂ ਰਾਹੀਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ ਨੂੰ ਉਤਸ਼ਾਹ ਦੇਣ ਦਾ ਦੋਸ਼ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮੰਤਰਾਲੇ ਨੇ ਮੇਟਾ ਨੂੰ ਭੇਜੇ ਨੋਟਿਸ 'ਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ ਦੇ ਇਸ਼ਤਿਹਾਰ ਦੇ ਦੋਸ਼ਾਂ 'ਤੇ ਸਪੱਸ਼ਟੀਕਰਨ 'ਤੇ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਮੰਗੀ ਹੈ। ਮੰਤਰਾਲੇ ਨੇ ਸੱਤ ਦਿਨਾਂ ਦੇ ਅੰਦਰ ਵਿਸਥਾਰਤ ਸਪੱਸ਼ਟੀਕਰਨ ਵੀ ਮੰਗਿਆ ਹੈ।




ਇਕ ਮੀਡੀਆ ਰਿਪੋਰਟ 'ਚ ਦੋਸ਼ ਲਾਇਆ ਗਿਆ ਸੀ ਕਿ ਮੇਟਾ ਦਾ ਰਿਕਮੈਂਡੇਸ਼ਨ ਐਲਗੋਰਿਦਮ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ ਵਾਲੇ ਵੀਡੀਓ ਨੂੰ ਉਤਸ਼ਾਹ ਦੇ ਰਿਹਾ ਸੀ, ਜਿਸ ਨਾਲ ਸੁਰੱਖਿਆ ਉਪਾਵਾਂ 'ਚ ਗੰਭੀਰ ਕਮੀਆਂ ਉਜਾਗਰ ਹੋਈਆਂ। ਦੋਸ਼ ਹੈ ਕਿ ਇੰਸਟਾਗ੍ਰਾਮ ਨੇ 'ਰੇਪ ਵੀਡੀਓ ਤੇ 'ਚਾਈਲਡ ਵੀਡੀਓ' ਵਰਗੇ ਸ਼ਬਦਾਂ ਵਾਲੇ ਪੇਡ ਇਸ਼ਤਿਹਾਰ ਦਿਖਾਏ, ਜੋ ਯੂਜਰਜ਼ ਨੂੰ ਟੈਲੀਗ੍ਰਾਮ ਚੈਨਲਾਂ 'ਤੇ ਲੈ ਜਾਂਦੇ ਸਨ, ਜਿੱਥੇ ਕਥਿਤ ਤੌਰ 'ਤੇ ਅਜਿਹੀ ਸਮੱਗਰੀ ਵੇਚੀ ਜਾ ਰਹੀ ਸੀ। ਰਿਪੋਰਟ ਮੁਤਾਬਕ, ਮੇਟਾ ਦੀਆਂ ਇਸ਼ਤਿਹਾਰ ਨੀਤੀਆਂ ਸਪੱਸ਼ਟ ਰੂਪ ਨਾਲ ਨੰਗੇਜ਼ ਅਤੇ ਜਿਨਸੀ ਸਮੱਗਰੀ 'ਤੇ ਰੋਕ ਲਾਉਂਦੀਆਂ ਹਨ, ਇਸ ਦੇ ਬਾਵਜੂਦ ਫੇਸਬੁਕ ਤੇ ਇੰਸਟਾਗ੍ਰਾਮ 'ਤੇ ਇਸ ਤਰ੍ਹਾਂ ਦੇ ਇਸ਼ਤਿਹਾਰ ਦੇਖੇ ਗਏ। ਇਸ ਮਾਮਲੇ ਦੇ ਜਾਣਕਾਰ ਇਕ ਵਿਅਕਤੀ ਮੁਤਾਬਕ, ਸਰਕਾਰ ਇਹ ਜਾਨਣਾ ਚਾਹੇਗੀ ਕਿ ਅਜਿਹੇ ਇਸ਼ਤਿਹਾਰਾਂ ਨੂੰ ਮਨਜ਼ੂਰੀ ਕਿਵੇਂ ਮਿਲੀ। ਦੋਸ਼ ਸਾਹਮਣੇ ਆਉਣ ਤੋਂ ਬਾਅਦ ਮੇਟਾ ਨੇ ਕੀ ਸੁਧਾਰਾਤਮਕ ਕਦਮ ਚੁੱਕੇ। ਭਵਿੱਖ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਹ ਕੀ ਸੁਰੱਖਿਆ ਉਪਾਅ ਕਰਨ ਦੀ ਯੋਜਨਾ ਬਣਾ ਰਹੀ ਹੈ। ਸੂਤਰਾਂ ਨੇ ਕਿਹਾ ਕਿ ਜੇ ਦੋਸ਼ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੀ ਸਮੱਗਰੀ ਨੂੰ ਉਤਸ਼ਾਹ ਦੇਣ ਵਾਲੇ ਪੇਡ ਇਸ਼ਤਿਹਾਰਾਂ ਨਾਲ ਸਬੰਧਤ ਹਨ, ਤਾਂ ਇਕ ਇੰਟਰਮੀਡੀਅਰੀ ਹੋਣ ਵਜੋਂ ਵੀ ਮੇਟਾ 'ਥਰਡ-ਪਾਰਟੀ ਕੰਟੈਂਟ' ਦੇ ਤਰਕ ਜਾਂ ਬਚਾਅ ਦਾ ਸਹਾਰਾ ਨਹੀਂ ਲੈ ਸਕਦੀ। ਇਕ ਸੂਤਰ ਨੇ ਕਿਹਾ, 'ਜੇ ਦੋਸ਼ ਸਹੀ ਪਾਏ ਜਾਂਦੇ ਹਨ, ਤਾਂ ਉਨ੍ਹਾਂ ਨੂੰ ਉਨ੍ਹਾਂ ਇਸ਼ਤਿਹਾਰਾਂ ਲਈ ਜਵਾਬਦੇਹ ਠਹਿਰਾਇਆ ਜਾਵੇਗਾ ਜਿਸ ਨਾਲ ਪਲੇਟਫਾਰਮ ਨੂੰ ਮਾਲੀਆ ਮਿਲਦਾ ਹੈ। ਸੂਤਰਾਂ ਨੇ ਦੱਸਿਆ ਕਿ ਸੂਚਨਾ ਤਕਨੀਕੀ ਮੰਤਰਾਲਾ ਜਿੱਥੇ ਇਸ ਮਾਮਲੇ ਦੇ ਤਕਨੀਕੀ ਤੇ ਰੈਗੂਲੇਟਰੀ ਪਹਿਲੂਆਂ ਦੀ ਸਮੀਖਿਆ ਕਰੇਗਾ, ਉਥੇ ਕੋਈ ਵੀ ਏਜੰਸੀ, ਅਥਾਰਟੀ ਜਾਂ ਵਿਅਕਤੀ ਇਸ਼ਤਿਹਾਰਦਾਤਾ ਜਾਂ ਪਲੇਟਫਾਰਮ ਖ਼ਿਲਾਫ਼ ਸ਼ਿਕਾਇਤ ਦਰਜ ਕਰ ਸਕਦਾ ਹੈ, ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਕਾਨੂੰਨ ਦੇ ਤਹਿਤ ਅਪਰਾਧ ਹੋਏ ਹਨ।

# ਅੰਤਰਰਾਸ਼ਟਰੀ ਪੱਧਰ 'ਤੇ ਚਮਕਣ ਵਾਲੇ ਸ਼ੂਟਿੰਗ ਖਿਡਾਰੀਆਂ ਦਾ ਸਨਮਾਨ

## ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼ੂਟਿੰਗ ਦਾ ਨਵਾਂ ਗੜ੍ਹ





**ਅੰਮ੍ਰਿਤਸਰ:**ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਵੱਲੋਂ ਖੇਡਾਂ ਦੇ ਵਿਕਾਸ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਦੇਸ਼ ਦੀਆਂ ਪ੍ਰਮੁੱਖ ਖੇਡ ਸੰਸਥਾਵਾਂ ਵਿੱਚ ਹੋਰ ਮਜ਼ਬੂਤੀ ਨਾਲ ਸਥਾਪਿਤ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵਿਸ਼ਵ-ਪੱਧਰੀ ਖੇਡ ਬੁਨਿਆਦੀ ਢਾਂਚੇ, ਵਿਗਿਆਨਕ ਸਿਖਲਾਈ ਸਹੂਲਤਾਂ ਅਤੇ ਖਿਡਾਰੀਆਂ ਲਈ ਮਜ਼ਬੂਤ ਸਹਾਇਕ ਪ੍ਰਣਾਲੀ ਦੇ ਕਾਰਨ ਯੂਨੀਵਰਸਿਟੀ ਦੇ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲਗਾਤਾਰ ਨਵੀਆਂ ਉਪਲਬਧੀਆਂ ਦਰਜ ਕਰ ਰਹੇ ਹਨ।ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਦੇ ਮੱਦੇਨਜ਼ਰ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਯੂਨੀਵਰਸਿਟੀ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਮਗੇ ਜਿੱਤਣ ਵਾਲੇ ਸ਼ੂਟਰਾਂ ਦਾ ਸਨਮਾਨ ਕੀਤਾ। ਵਾਈਸ ਚਾਂਸਲਰ ਨੇ ਵੱਖ-ਵੱਖ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀ ਅਨੁਸ਼ਾਸਨ, ਸਮਰਪਣ ਅਤੇ ਅਟੱਲ ਮਿਹਨਤ ਨੇ ਨਾ ਸਿਰਫ਼ ਯੂਨੀਵਰਸਿਟੀ ਸਗੋਂ ਦੇਸ਼ ਦਾ ਨਾਮ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ ਅਤੇ ਆਈਐੱਸਐੱਸਐੱਫ ਵਰਲਡ ਕੱਪ ਵਰਗੇ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਤਮਗੇ ਜਿੱਤਣ 'ਤੇ ਖਾਸ ਮਾਣ ਪ੍ਰਗਟਾਇਆ। ਇਸ ਮੌਕੇ ਡਾ. ਐਚ.ਐੱਸ. ਸੈਣੀ (ਡੀਨ ਅਕਾਦਮਿਕ ਮਾਮਲੇ), ਡਾ. ਕੇ.ਐੱਸ. ਚਾਹਲ (ਰਜਿਸਟਰਾਰ), ਡਾ. ਕੰਵਰ ਮਨਦੀਪ ਸਿੰਘ (ਡਾਇਰੈਕਟਰ ਸਪੋਰਟਸ), ਡਾ. ਬਲਜਿੰਦਰ ਸਿੰਘ ਬੱਲ ਮੁਖੀ ਫਿਜੀਕਲ ਐਜੂਕੇਸ਼ਨ ਵਿਭਾਗ, ਸ੍ਰੀ ਪਰਵੀਨ ਪੁਰੀ (ਡਾਇਰੈਕਟਰ ਲੋਕ ਸੰਪਰਕ) ਅਤੇ ਸ੍ਰੀਮਤੀ ਰਾਜਵਿੰਦਰ ਕੌਰ (ਸ਼ੂਟਿੰਗ ਕੋਚ) ਵੀ ਹਾਜ਼ਰ ਸਨ। ਉਨ੍ਹਾਂ ਨੇ ਵੀ ਖਿਡਾਰੀਆਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਸਨਮਾਨਿਤ ਕੀਤੇ ਗਏ ਖਿਡਾਰੀਆਂ ਵਿੱਚ ਆਸ਼ੀ ਚੌਕਸੀ ਅਤੇ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਨੇ 16ਵੀਂ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ (ਕਜ਼ਾਕਿਸਤਾਨ) ਵਿੱਚ ਸੋਨੇ ਦੇ ਤਮਗੇ ਜਿੱਤੇ ਅਤੇ ਏਸ਼ੀਅਨ ਗੇਮਜ਼ ਲਈ ਚੁਣੇ ਗਏ। ਮਨੀਸ਼ਾ ਕੀਰ ਨੇ ਟ੍ਰੈਪ ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਅਭਿਨਵ ਸ਼ਾ ਨੇ ਏਸ਼ੀਅਨ ਗੇਮਜ਼ ਜਕਾਰਤਾ ਵਿੱਚ ਚਾਂਦੀ ਅਤੇ ਜਰਮਨੀ ਵਰਲਡ ਕੱਪ ਵਿੱਚ ਸੋਨਾ ਜਿੱਤਦਿਆਂ 10 ਮੀਟਰ ਰਾਈਫਲ ਵਿੱਚ ਨਵਾਂ ਵਿਸ਼ਵ ਰਿਕਾਰਡ ਬਣਾਇਆ। ਅਦ੍ਰਿਯਾਨ ਕਰਮਾਕਰ ਨੇ ਨਵੀਂ ਦਿੱਲੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤ ਕੇ 50 ਮੀਟਰ ਥ੍ਰੀ ਪੋਜ਼ੀਸ਼ਨ ਵਿੱਚ ਵਿਸ਼ਵ ਰਿਕਾਰਡ ਸਥਾਪਿਤ ਕੀਤਾ।

ਸਿਫ਼ਤ ਕੌਰ ਨੇ ਕਜ਼ਾਕਿਸਤਾਨ ਵਿੱਚ ਸੋਨਾ ਅਤੇ ਨਵੀਂ ਦਿੱਲੀ ਵਿੱਚ ਸੋਨ ਤੇ ਚਾਂਦੀ ਤਮਗਾ ਹਾਸਲ ਕੀਤਾ । ਹਰਮੇਹਰ ਲਾਲੀ ਨੇ ਮੋਰੱਕੋ ਆਈਐੱਸਐੱਸਐੱਫ ਵਰਲਡ ਕੱਪ (ਸਕੀਟ) ਵਿੱਚ ਕਾਂਸੀ ਜਿੱਤੀ, ਜਦਕਿ ਅਭੈ ਸਿੰਘ ਸੇਖੋਂ ਨੇ ਕਜ਼ਾਕਿਸਤਾਨ ਵਿੱਚ ਕਾਂਸੀ ਦਾ ਤਮਗਾ ਆਪਣੇ ਨਾਮ ਕੀਤਾ। ਰਮਿਤਾ ਜਿੰਦਲ ਨੇ ਓਲੰਪਿਕਸ ਵਿੱਚ ਟਾਪ-5 ਵਿੱਚ ਜਗ੍ਹਾ ਬਣਾਈ। ਹਰਸ਼ ਗੁਪਤਾ ਨੇ ਨਵੀਂ ਦਿੱਲੀ ਅਤੇ ਕਜ਼ਾਕਿਸਤਾਨ ਦੋਹਾਂ ਥਾਵਾਂ 'ਤੇ ਸੋਨੇ ਦੇ ਤਮਗੇ ਜਿੱਤੇ, ਜਦਕਿ ਪ੍ਰਿਕਸ਼ਿਤ ਬਰਾੜ ਨੇ ਵੀ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਦਿਆਂ ਆਪਣੀ ਮਜ਼ਬੂਤ ਹਾਜ਼ਰੀ ਦਰਜ ਕਰਵਾਈ।

# ਸੀ.ਪੀ. ਜਲੰਧਰ ਸਤਿੰਦਰ ਸਿੰਘ ਬਣੇ ਸੁਰਜੀਤ ਹਾਕੀ ਸੁਸਾਇਟੀ ਦੇ ਸਰਪ੍ਰਸਤ



***ਸੁਰਜੀਤ ਹਾਕੀ ਸੁਸਾਇਟੀ ਦੇ ਮੈਂਬਰ ਸਾਂਝੇ ਤੌਰ ਤੇ ਸਤਿੰਦਰ ਸਿੰਘ, ਪੁਲਿਸ ਕਮਿਸ਼ਨਰ, ਜਲੰਧਰ ਨੂੰ ਪੱਤਰ ਸੌਂਪਦੇ ਹੋਏ । ਤਸਵੀਰ ਵਿੱਚ ਮਨਪ੍ਰੀਤ ਸਿੰਘ, ਡੀਸੀਪੀ ਵੀ ਵਿਖਾਈ ਦੇ ਰਹੇ ਹਨ।***

**ਜਲੰਧਰ:**ਜਲੰਧਰ ਦੇ ਪੁਲਿਸ ਕਮਿਸ਼ਨਰ ਸਤਿੰਦਰ ਸਿੰਘ, ਨੂੰ ਸੁਰਜੀਤ ਹਾਕੀ ਸੁਸਾਇਟੀ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ ।ਸੁਸਾਇਟੀ ਦੇ ਅਹੁਦੇਦਾਰਾਂ ਐੱਲ.ਆਰ. ਨਈਅਰ ਤੇ ਲਖਵਿੰਦਰ ਪਾਲ ਸਿੰਘ ਖਹਿਰਾ (ਵਰਕਿੰਗ ਪ੍ਰਧਾਨ), ਇਕਬਾਲ ਸਿੰਘ ਸੰਧੂ (ਸੀ. ਈ .ਓ.), ਸੁਰਿੰਦਰ ਸਿੰਘ ਭਾਪਾ (ਜਨਰਲ ਸਕੱਤਰ), ਨਰਿੰਦਰ ਪਾਲ।ਸਿੰਘ ਜੱਜ (ਮੀਤ ਪ੍ਰਧਾਨ) ਅਤੇ ਰਣਬੀਰ ਸਿੰਘ ਟੁੱਟ (ਸਕੱਤਰ) ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਸਤਿੰਦਰ ਸਿੰਘ ਨੂੰ ਮਿਲਕੇ ਸਰਪ੍ਰਸਤ ਨਿਯੁਕਤੀ ਦਾ ਪੱਤਰ ਸੌਂਪਦੇ ਹੋਏ ਉਹਨਾਂ ਨੂੰ ਸੁਰਜੀਤ ਹਾਕੀ ਸੁਸਾਇਟੀ ਦੀਆਂ ਉਪਲਬਧੀਆਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਅਕਤੂਬਰ ਮਹੀਨੇ ਵਿੱਚ ਹੋਣ ਵਾਲੇ 43ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀ ਤਿਆਰੀਆਂ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਉਪਰ ਪੁਲਿਸ ਕਮਿਸ਼ਨਰ, ਜਲੰਧਰ ਸਤਿੰਦਰ ਸਿੰਘ ਨੇ ਸੁਰਜੀਤ ਹਾਕੀ ਸੁਸਾਇਟੀ ਦੀ ਸਰਪ੍ਰਸਤੀ ਪ੍ਰਵਾਨ ਕਰਦੇ ਹੋਏ ਕਿਹਾ ਕਿ ਸੁਰਜੀਤ ਹਾਕੀ ਸੁਸਾਇਟੀ ਦੇਸ਼ ਦੀ ਇੱਕ ਨਾਮੀ ਹਾਕੀ ਸੰਸਥਾ ਹੈ, ਇੱਕ ਦੀਆਂ ਹਾਕੀ ਦੇ ਖੇਤਰ ਵਿਚ ਹਮੇਸ਼ਾ ਅਹਿਮ ਯੋਗਦਾਨ ਰਿਹਾ ਹੈ । ਉਹਨਾਂ ਅੱਗੇ ਕਿਹਾ ਕਿ ਸੁਸਾਇਟੀ ਵੱਲੋਂ ਜੋਂ ਸੁਰਜੀਤ ਹਾਕੀ ਅਕੈਡਮੀ ਦੀ ਸ਼ੁਰੂਆਤ ਕੀਤੀ ਗਈ ਹੈ, ਵਿੱਚ 4 ਸਾਲ ਤੋਂ ਲੈਕੇ 18 ਸਾਲ ਤਕ ਉਮਰ ਤਕ ਦੇ 125 ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਦੇਖਦੇ ਹੋਏ, ਜਿਸ ਢੰਗ ਨਾਲ ਖਿਡਾਰੀਆਂ ਨੂੰ ਓਲੰਪੀਅਨ, ਦਰੋਣਾਚਾਰੀਆ ਅਵਾਰਡੀ ਅਤੇ ਤਜ਼ਰਬੇਕਾਰ ਕੋਚਾਂ ਰਾਹੀਂ ਟ੍ਰੇਨਿੰਗ ਦਿੱਤੀ ਜਾ ਰਹੀ ਹੈ, ਅਵੱਸ਼ ਹੀ ਇਸ ਦੇ ਭਵਿੱਖ ਵਿਚ ਚੰਗੇ ਨਤੀਜੇ ਨਿਕਲਣਗੇ। ਪੁਲੀਸ ਕਮਿਸ਼ਨਰ ਨੇ ਸੁਸਾਇਟੀ ਮੈਂਬਰਾਂ ਨੂੰ ਸੁਸਾਇਟੀ ਤੇ ਹਾਕੀ ਦੀ ਖੇਡ ਦੀ ਤਰੱਕੀ ਲਈ ਹਰ ਸੰਭਵ ਸਹਾਇਤਾ ਦੇਣ ਦਾ ਯਕੀਨ ਦਿਵਾਇਆ । ਇਸ ਮੌਕੇ ਉਪਰ ਜਲੰਧਰ ਦੇ ਡੀਸੀਪੀ ਮਨਪ੍ਰੀਤ ਸਿੰਘ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ।

# ਹੁਸ਼ਿਆਰਪੁਰ ਜੇਲ੍ਹ ਦੇ ਵਧੀਕ ਸੁਪਰਡੈਂਟ ਸਣੇ 12 ਗ੍ਰਿਫ਼ਤਾਰ



**ਹੁਸ਼ਿਆਰਪੁਰ:**ਜ਼ਿਲ੍ਹਾ ਪੁਲਿਸ ਨੇ ਕੇਂਦਰੀ ਜੇਲ੍ਹ ਹੁਸ਼ਿਆਰਪੁਰ 'ਚ ਅਫ਼ਸਰ-ਤਸਕਰ ਗੱਠਜੋੜ ਪਰਦਾਫ਼ਾਸ਼ ਦਾ ਕਰਦਿਆਂ ਜੇਲ੍ਹ ਦੇ ਵਧੀਕ ਸੁਪਰਡੈਂਟ ਸਮੇਤ 12 ਮੁਲਜ਼ਮਾਂ ਨੂੰ ਹਰਭਜਨ ਸਿੰਘ ਗ੍ਰਿਫ਼ਤਾਰ ਕੀਤਾ ਦੀ ਪੁਰਾਣੀ ਫੋਟੋ ਹੈ। ਇਹ ਗਠਜੋੜ ਪੈਸੇ ਲੈ ਕੇ ਜੇਲ੍ਹ ਦੇ ਅੰਦਰ ਮੋਬਾਈਲ ਫੋਨ ਤੇ ਨਸ਼ੇ ਦੀ ਸਪਲਾਈ ਕਰਦਾ ਸੀ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦਾ ਪਤਾ ਲਗਾ ਰਹੀ ਹੈ। ਹਰਿਭਜਨ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਐੱਸ.ਐੱਸ.ਪੀ. ਡਾ.ਸੰਦੀਪ ਮਲਿਕ ਨੇ ਦੱਸਿਆ ਕਿ ਬੀਤੇ ਦਿਨ ਕੇਂਦਰੀ ਜੇਲ੍ਹ 'ਚ ਬੰਦ ਗੈਂਗਸਟਰ ਮਨਪ੍ਰੀਤ ਸਿੰਘ ਮੰਨਾ ਨੇ ਇਕ ਵੀਡੀਓ ਜਾਰੀ ਕੀਤੀ। ਉਸ ਵੀਡੀਓ 'ਚ ਉਸ ਨੇ ਚਿੱਟੇ ਦੀਆਂ ਪੁੜੀਆਂ ਦਿਖਾਉਂਦੇ ਹੋਏ ਦੋਸ਼ ਲਾਇਆ ਸੀ ਜੇਲ੍ਹ ਦਾ ਵਧੀਕ ਸੁਪਰਡੈਂਟ ਹਰਭਜਨ ਸਿੰਘ ਉਸ ਨੂੰ ਜਬਰੀ ਨਸ਼ਾ ਵੇਚਣ ਲਈ ਮਜਬੂਰ ਕਰਦਾ ਹੈ ਤੇ ਉਸ ਕੋਲੋਂ ਮਹੀਨਾਵਾਰ ਮੋਟੀ ਰਕਮ ਇੱਕਠੀ ਕਰਦਾ ਹੈ। ਮਨ੍ਹਾਂ ਕਰਨ 'ਤੇ ਉਸ ਨੂੰ ਜੇਲ੍ਹ ਦੀਆਂ ਚੱਕੀਆਂ 'ਚ ਬੰਦ ਕਰ ਦਿੱਤਾ ਜਾਂਦਾ ਹੈ। ਇੱਕ ਹੋਰ ਗੰਭੀਰ ਦੋਸ਼ ਲਾਇਆ ਕਿ ਸੀ ਕਿ ਅੱਧੀ ਰਾਤ ਨੂੰ ਜੇਲ੍ਹ ਅੰਦਰ ਔਰਤਾਂ ਵੀ ਕਮਰਿਆਂ 'ਚ ਆਉਂਦੀਆਂ ਹਨ। ਐੱਸਐੱਸਪੀ ਨੇ ਦੱਸਿਆ ਕਿ ਕਿਉਂਕਿ ਵੀਡੀਓ ਜੇਲ੍ਹ ਦੇ ਅੰਦਰ ਤੋਂ ਜਾਰੀ ਹੋਈ ਸੀ। ਇਸ ਲਈ ਇਸ ਨੂੰ ਗੰਭੀਰਤਾ ਨਾਲ ਲਿਆ ਗਿਆ। ਮਾਮਲੇ ਦੀ ਜਾਂਚ ਲਈ ਐੱਸ.ਪੀ. ਮੇਜਰ ਸਿੰਘ ਦੀ ਅਗਵਾਈ 'ਚ ਇਕ ਕਮੇਟੀ ਗਠਿਤ ਕੀਤੀ ਗਈ। ਜਾਂਚ ਕਰਨ 'ਤੇ ਇਹ ਤੱਥ ਸਾਹਮਣੇ ਆਇਆ ਕਿ ਜੇਲ੍ਹ 'ਚ ਨਸ਼ੇ ਦੀ ਤਸਕਰੀ ਹੋ ਰਹੀ ਹੈ।

ਐੱਸ.ਐੱਸ.ਪੀ. ਡਾ.ਸੰਦੀਪ ਮਲਿਕ ਨੇ ਦੱਸਿਆ ਕਿ ਬੀਤੇ ਦਿਨ ਕੇਂਦਰੀ ਜੇਲ੍ਹ 'ਚ ਬੰਦ ਗੈਂਗਸਟਰ ਮਨਪ੍ਰੀਤ ਸਿੰਘ ਮੰਨਾ ਨੇ ਇਕ ਵੀਡੀਓ ਜਾਰੀ ਕੀਤੀ। ਉਸ ਵੀਡੀਓ 'ਚ ਉਸ ਨੇ ਚਿੱਟੇ ਦੀਆਂ ਪੁੜੀਆਂ ਦਿਖਾਉਂਦੇ ਹੋਏ ਦੋਸ਼ ਲਾਇਆ

ਮੋਬਾਈਲ ਫੋਨ ਵੀ ਜੇਲ੍ਹ 'ਚ ਪਹੁੰਚਾਏ। ਜਾਂਦੇ ਹਨ। ਇਹ ਸਾਰੀਆਂ ਸਰਗਰਮੀਆਂ ਹਰਭਜਨ ਸਿੰਘ, ਇਕ ਵਾਰਡਨ ਤੇ ਜੇਲ੍ਹ ਦੇ ਅੰਦਰ ਤੇ ਬਾਹਰ ਬੈਠੇ ਕੁਝ ਤਸਕਰਾਂ ਦਾ ਨੈੱਟਵਰਕ ਚਲਾਉਂਦਾ ਹੈ। ਐੱਸਐੱਸਪੀ ਨੇ ਦੱਸਿਆ ਕਿ ਦੱਸਿਆ ਕਿ ਇਸ ਤੋਂ ਬਾਅਦ ਕੁਝ ਸ਼ੱਕੀਆਂ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਗੀਤੀ ਗਈ ਤਾਂ ਉਨ੍ਹਾਂ ਨਾ ਸਭ ਕੁਝ ਕਬੂਲ ਲਿਆ। ਇਸ ਮਾਮਲੇ 'ਚ ਹੁਣ ਤੱਕ ਵਧੀਕ ਸੁਪਰਡੈਂਟ ਹਰਭਜਨ ਸਿੰਘ, ਵਾਰਡਨ ਰਵਿੰਦਰ ਸਿੰਘ ਸਮੇਤ 12 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ 'ਚ ਮਨਪ੍ਰੀਤ ਸਿੰਘ ਮੰਨਾ, ਗੁਰਵਿੰਦ ਸਿੰਘ, ਗੁਰਮਿੰਦਰ ਜੀਤ ਸਿੰਘ ਉਰਫ਼ ਚੈਂਪੀ, ਇੰਦਰਜੀਤ ਸਿੰਘ, ਗੁਰਪ੍ਰੀਤ ਸਿੰਘ ਉਰਫ਼ ਮੋਨੀ, ਭੂਮੀ ਸਿੰਘ, ਗੁਰਜਿੰਦਰ ਸਿੰਘ, ਹਰਵਿੰਦਰ ਸਿੰਘ ਉਰਫ਼ ਮਨੂੰ ਭਲਵਾਨ, ਰਾਕੇਸ਼ ਕੁਮਾਰ ਉਰਫ਼ ਕੇਸ਼ਾ, ਬਲਜਿੰਦਰ ਸਿੰਘ ਸ਼ਾਮਲ ਹਨ। ਇਨ੍ਹਾਂ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਅਦਾਲਤ ਤੋਂ ਰਿਮਾਂਡ ਹਾਸਲ ਕਰਨ ਕੇ ਇਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਐੱਸਐੱਸਪੀ ਨੇ ਕਿਹਾ ਕਿ ਜੇਲ੍ਹ 'ਚ ਨਸ਼ਾ ਪਹੁੰਚਣਾ ਗੰਭੀਰ ਵਿਸ਼ਾ ਹੈ। ਜਾਂਚ ਜਾਰੀ ਹੈ ਜੋ ਵੀ ਇਸ 'ਚ ਸ਼ਾਮਲ ਪਾਇਆ ਗਿਆ, ਉਸ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾਵੇਗਾ।

# 29 ਸਾਲ ਤੋਂ ਜੇਲ੍ਹ 'ਚ ਬੰਦ ਹਵਾਰਾ ਨੇ ਮੰਗੀ ਪੈਰੋਲ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਅਦਾਲਤ ਨੇ ਕਿਹਾ ਕਿ ਹਵਾਰਾ ਇਸ ਸਮੇਂ ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਹੈ, ਇਸ ਲਈ ਉਸ ਨੂੰ ਸਭ ਤੋਂ ਪਹਿਲਾਂ ਆਪਣੀ ਪੈਰੋਲ' ਅਰਜ਼ੀ ਜੇਲ੍ਹ ਸੁਪਰਡੈਂਟ ਕੋਲ ਪੇਸ਼ ਕਰਨੀ ਹੋਵੇਗੀ। ਇਸ ਤੋਂ ਬਾਅਦ ਨਿਯਮਾਂ ਅਨੁਸਾਰ ਸਮਰੱਥ ਅਥਾਰਟੀ ਇਸ 'ਤੇ ਫ਼ੈਸਲਾ ਲਵੇਗੀ। ਪਟੀਸ਼ਨ ਵਿੱਚ ਹਵਾਰਾ ਵੱਲੋਂ ਕਿਹਾ ਗਿਆ ਹੈ ਕਿ ਉਹ ਪਿਛਲੇ 29 ਸਾਲਾਂ ਤੋਂ ਲਗਾਤਾਰ ਨਿਆਂਇਕ ਹਿਰਾਸਤ ਵਿੱਚ ਹੈ ਅਤੇ ਇਹ ਪਹਿਲੀ ਵਾਰ ਹੈ ਜਦੋਂ ਉਸ ਨੇ ਪੈਰੋਲ ਦੀ ਮੰਗ ਕੀਤੀ ਹੈ। ਉਸ ਦੀ ਕਰੀਬ 80 ਸਾਲਾ ਮਾਤਾ ਪਾਰਕਿੰਸਨ ਅਤੇ ਡਿਮੈਂਸ਼ੀਆ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੀ ਹੈ ਅਤੇ ਉਨ੍ਹਾਂ ਨੂੰ ਲਗਾਤਾਰ ਦੇਖਭਾਲ ਦੀ ਲੋੜ ਹੈ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਸ ਦੇ ਪਿਤਾ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਹੈ, ਜਿਸ ਕਾਰਨ ਉਸ ਦੀ ਮਾਤਾ ਦੀ ਦੇਖਭਾਲ ਕਰਨ ਵਾਲਾ ਪਰਿਵਾਰ ਵਿੱਚ ਹੋਰ ਕੋਈ ਨਹੀਂ ਹੈ। ਸੁਣਵਾਈ ਦੌਰਾਨ ਹਵਾਰਾ ਵੱਲੋਂ ਇਹ ਵੀ ਦਲੀਲ ਦਿੱਤੀ ਗਈ ਕਿ ਉਸ ਖ਼ਿਲਾਫ਼ ਦਰਜ ਜ਼ਿਆਦਾਤਰ ਅਪਰਾਧਿਕ ਮਾਮਲਿਆਂ ਦਾ ਨਿਪਟਾਰਾ ਹੋ ਚੁੱਕਾ ਹੈ ਜਾਂ ਉਹ ਉਨ੍ਹਾਂ ਵਿੱਚੋਂ ਬਰੀ ਹੋ ਚੁੱਕਾ ਹੈ।

# 13 ਕਿੱਲੋ ਹੈਰੋਇਨ ਸਮੇਤ ਤਿੰਨ ਤਸਕਰ ਗ੍ਰਿਫ਼ਤਾਰ

## ਦੋ ਨਸ਼ਾ ਤਸਕਰੀ ਨੈੱਟਵਰਕਾਂ ਦਾ ਹੋਇਆ ਪਰਦਾਫਾਸ਼



**ਅੰਮ੍ਰਿਤਸਰ:** ਪੰਜਾਬ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਦੋ ਨਸ਼ਾ ਤਸਕਰੀ ਨੈੱਟਵਰਕਾਂ ਦਾ ਪਰਦਾਫਾਸ਼ ਕਰਕੇ ਤਿੰਨ ਵਿਅਕਤੀਆਂ ਨੂੰ 13 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਅਕਾਸ਼ਦੀਪ ਸਿੰਘ ਵਾਸੀ ਖੇਮਕਰਨ (ਤਰਨ ਤਾਰਨ), ਜੋ ਮੌਜੂਦਾ ਸਮੇਂ ਕੰਬੋਜ ਅੰਮ੍ਰਿਤਸਰ ਦੇ ਖੇਰਾਬਾਦ ਵਿਖੇ ਰਹਿ ਰਿਹਾ ਸੀ; ਮੰਗਲ ਸਿੰਘ ਅਤੇ ਬਲਜੀਤ ਸਿੰਘ, ਦੋਵੇਂ ਵਾਸੀ ਪਿੰਡ ਭੋਡੀਵਾਲਾ, ਮੋਗਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ ਮੁਲਜ਼ਮਾਂ ਵੱਲੋਂ ਨਸ਼ਾ ਤਸਕਰੀ ਲਈ ਵਰਤੀ ਜਾ ਰਹੀ ਹੁੰਡਈ ਵਰਨਾ ਕਾਰ, ਜਿਸਦਾ ਰਜਿਸਟ੍ਰੇਸ਼ਨ ਨੰਬਰ ਯੂਪੀ-14- ਡੀਐੱਲ-0324 ਹੈ, ਵੀ ਜ਼ਬਤ ਕਰ ਲਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਗ੍ਰਿਫ਼ਤਾਰ ਮੁਲਜ਼ਮ ਵੱਖ-ਵੱਖ ਥਾਵਾਂ ਤੋਂ ਹੈਰੋਇਨ ਦੀਆਂ ਖੇਪਾਂ, ਹਾਸਲ ਕਰਕੇ ਇਨ੍ਹਾਂ ਨੂੰ ਅੱਗੇ ਪੰਜਾਬ ਭਰ ਵਿੱਚ ਵੱਖ-ਵੱਖ ਪਾਰਟੀਆਂ ਨੂੰ ਸਪਲਾਈ ਕਰਦੇ ਸਨ। ਪਹਿਲੇ ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੂੰ ਪੁਖਤਾ ਸੂਚਨਾ ਮਿਲੀ ਸੀ ਕਿ ਸ਼ੱਕੀ ਅਕਾਸ਼ਦੀਪ ਕੋਲ ਹੈਰੋਇਨ ਦੀ ਵੱਡੀ ਖੇਪ ਪਹੁੰਚੀ ਹੈ। ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮ ਨੇ ਅਕਾਸ਼ਦੀਪ ਸਿੰਘ ਦੇ ਖੇਰਾਬਾਦ, ਅੰਮ੍ਰਿਤਸਰ ਸਥਿਤ ਘਰ ਵਿਖੇ ਛਾਪਾ ਮਾਰਿਆ ਅਤੇ ਉਸਕੋਲੋਂ 8 ਕਿੱਲੋ ਹੈਰੋਇਨ ਬਰਾਮਦ ਕਰ ਲਈ।

ਉਨ੍ਹਾਂ ਦੱਸਿਆ ਕਿ ਪੁਖਤਾ ਜਾਣਕਾਰੀ 'ਤੇ ਆਧਾਰਚ ਇੱਕ ਹੋਰ ਕਾਰਵਾਈ, ਜਿਸ ਸਬੰਧੀ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਦੋ ਨਸ਼ਾ ਤਸਕਰ ਆਪਣੀ ਵਰਨਾ ਕਾਰ ਵਿੱਚ ਨਸ਼ੇ ਦੀ ਖੇਪ ਸਪਲਾਈ ਕਰਨ ਜਾ ਰਹੇ ਹਨ, ਸੀਆਈ ਅੰਮ੍ਰਿਤਸਰ ਦੀ ਟੀਮ ਨੇ ਅੰਮ੍ਰਿਤਸਰ-ਝਬਾਲ ਜੀ.ਟੀ. ਰੋਡ 'ਤੇ ਨਾਕਾਬੰਦੀ ਕਰਕੇ ਵਰਨਾ ਕਾਰ ਨੂੰ ਰੋਕ ਲਿਆ, ਜਿਸ ਵਿੱਚ ਮੰਗਲ ਸਿੰਘ ਅਤੇ ਬਲਜੀਤ ਸਿੰਘ ਬੈਠੇ ਸਨ। ਉਨ੍ਹਾਂ ਦੱਸਿਆ ਕਿ ਵਾਹਨ ਦੀ ਤਲਾਸ਼ੀ ਦੌਰਾਨ ਕਾਰ ਵਿੱਚੋਂ 5 ਕਿੱਲੋ ਹੈਰੋਇਨ ਬਰਾਮਦ ਹੋਈ।

### ਮੁਲਜ਼ਮਾਂ ਦੇ ਸੰਪਰਕਾਂ ਦੀ ਕੀਤੀ ਜਾ ਰਹੀ ਹੈ ਜਾਂਚ

ਡੀਜੀਪੀ ਨੇ ਕਿਹਾ ਕਿ ਦੋਵਾਂ ਮਾਮਲਿਆਂ ਵਿੱਚ ਹੋਰ ਮੁਲਜ਼ਮਾਂ ਦੀ ਪਛਾਣ ਅਤੇ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕਰਨ ਲਈ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਦੋ ਵੱਖ-ਵੱਖ ਮੁਕੱਦਮੇ- ਐਨਡੀਪੀਐਸ ਐਕਟ ਦੀਆਂ ਧਾਰਾਵਾਂ 21 ਅਤੇ 29 ਤਹਿਤ ਐਫਆਈਆਰ ਨੰਬਰ 42 ਮਿਤੀ 06-07-2026 ਅਤੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 21, 25 ਅਤੇ 29 ਤਹਿਤ ਐਫਆਈਆਰ ਨੰਬਰ 43 ਮਿਤੀ 06-07-2026 ਦਰਜ ਕੀਤੇ ਗਏ ਹਨ।

# ਬੈਂਸ ਭਰਾ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵਿਚ ਸ਼ਾਮਿਲ



**ਲੁਧਿਆਣਾ:** ਆਤਮ ਨਗਰ ਵਿਧਾਨ ਸਭਾ ਹਲਕੇ ਵਿੱਚ ਚੰਡ ਪੈਲਸ ਡਾਬਾ ਰੋਡ ਵਿਖੇ ਕਰਵਾਏ ਸਮਾਗਮ ਦੌਰਾਨ ਬੈਂਸ ਭਰਾ ਆਪਣੇ ਸਾਥੀਆਂ ਸਣੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵਿੱਚ ਸ਼ਾਮਿਲ ਹੋਏ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ, ਸੀਨੀਅਰ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਸਣੇ ਪਾਰਟੀ ਦੇ ਸਮੂਹ ਸੀਨੀਅਰ ਆਗੂਆਂ ਵੱਲੋਂ ਤਰਲੋਚਨ ਸਿੰਘ ਬੈਂਸ, ਸੁਖਵਿੰਦਰ ਸਿੰਘ ਬੈਂਸ, ਮਨਦੀਪ ਸਿੰਘ ਬੈਂਸ ਅਤੇ ਉਹਨਾਂ ਦੇ ਸਾਥੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਿਤਾ ਅਤੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਖਾਲਸਾ ਨੇ ਕਿਹਾ ਕਿ ਪਾਰਟੀ ਦਾ ਕਾਫਲਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਰਸਤੇ ਵਿੱਚ ਲੋਕ ਸਾਨੂੰ ਰੋਕ ਕੇ ਪਾਰਟੀ ਦੀਆਂ ਨੀਤੀਆਂ ਪ੍ਰਤੀ ਸਮਰਥਨ ਪ੍ਰਗਟਾਉਂਦੇ ਹਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਵਾਪਸੀ ਬਾਰੇ ਵੀ ਪੁੱਛਦੇ ਹਨ।

# ਜੇਲ੍ਹਾਂ 'ਚੋਂ ਚੱਲ ਰਿਹੈ ਨਸ਼ੇ ਦਾ ਧੰਦਾ: ਅਕਾਲੀ ਦਲ




**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਆਰਟੀਆਈ ਸੈਲ ਦੇ ਚੇਅਰਮੈਨ ਪਰਮਜੀਤ ਸਿੰਘ ਸੰਨੀ ਨੇ ਕਿਹਾ ਕਿ ਜੇਲ੍ਹਾਂ ਵਿਚ ਸਿਆਸੀ ਸਰਪ੍ਰਸਤੀ ਹੇਠ ਪੁਲਿਸ ਫੋਰਸ ਨਸ਼ਿਆਂ ਦਾ ਗੋਰਖ ਧੰਦਾ ਚਲਾਉਣ ਵਿਚ ਮਦਦ ਕਰ ਰਹੀ ਹੈ। ਹੁਸ਼ਿਆਰਪੁਰ ਜੇਲ੍ਹ ਦੇ ਕੈਦੀ ਵੱਲੋਂ ਲਾਈਵ ਹੋ ਕੇ ਪਾਈ ਵੀਡੀਓ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਸਰਕਾਰ ਜੇਲ੍ਹ ਦੇ ਡਿਪਟੀ ਸੁਪਰਡੈਂਟ ਸਮੇਤ ਦੋ ਅਧਿਕਾਰੀਆਂ ਨੂੰ ਗ੍ਰਿਫਤਾਰ ਕਰਨ ਵਾਸਤੇ ਮਜਬੂਰ ਹੋਈ ਹੈ।

ਸੰਨੀ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਅਸਲ ਚੇਹਰਾ ਸਾਹਮਣੇ ਆ ਗਿਆ ਹੈ। ਉਹਨਾਂ ਕਿਹਾ ਕਿ ਹੁਸ਼ਿਆਰਪੁਰ ਜੇਲ੍ਹ ਮਾਮਲੇ ਵਿਚ ਇਹ ਸਾਬਤ ਹੋ ਗਿਆ ਹੈ ਕਿ ਜੇਲ੍ਹਰ ਖੁਦ ਹੀ ਕੈਦੀਆਂ ਨੂੰ ਨਸ਼ੇ ਸਪਲਾਈ ਕਰ ਰਹੇ ਹਨ। ਉਹਨਾਂ ਕਿਹਾ ਕਿ ਇਥੇ ਹੀ ਬੱਸ ਨਹੀਂ ਸਗੋਂ ਅਪਰਾਧੀਆਂ ਨੂੰ ਜੇਲ੍ਹਾਂ ਵਿਚ ਖੁੱਲ੍ਹੀ ਛੋਟ ਮਿਲੀ ਹੋਈ ਹੈ ਜਿਸ ਕਾਰਨ ਸੂਬੇ ਵਿਚ ਫਿਰੌਤੀਆਂ ਤੇ ਮਿਥ ਕੇ ਕਤਲਾਂ ਦੀਆਂ ਘਟਨਾਵਾਂ ਨਿਰੰਤਰ ਵੱਧ ਰਹੀਆਂ ਹਨ।

ਉਹਨਾਂ ਦੱਸਿਆ ਕਿ ਆਰ ਟੀ ਆਈ ਦੇ ਇਕ ਜਵਾਬ ਮੁਤਾਬਕ ਸਰਕਾਰ ਨੇ ਦਾਅਵਾ ਕੀਤਾ ਹੈ ਕਿ 2022 ਤੋਂ 2026 ਤੱਕ ਸਰਕਾਰ ਨੂੰ 5.33 ਲੱਖ ਸ਼ਿਕਾਇਤਾਂ ਇਸ ਹੈਲਪਲਾਈਨ 'ਤੇ ਪ੍ਰਾਪਤ ਹੋਈਆਂ ਹਨ। ਇੰਨੀ ਵੱਡੀ ਗਿਣਤੀ ਗਿਣਤੀ ਵਿਚ ਸ਼ਿਕਾਇਤਾਂ ਪ੍ਰਾਪਤ ਹੋਣ ਦੇ ਬਾਵਜੂਦ ਸਰਕਾਰ ਨੇ ਜਵਾਬ ਵਿਚ 'ਦੱਸਿਆ ਕਿ 1394 ਕੇਸਾਂ ਵਿਚ ਕਾਰਵਾਈ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਥੇ ਹੀ ਬੱਸ ਨਹੀਂ ਬਲਕਿ ਸਰਕਾਰ ਨੇ ਮੰਨਿਆ ਹੈ ਕਿ ਸਿਰਫ ਇਕ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਕਿਸੇ ਵਿਧਾਇਕ ਜਾਂ ਮੰਤਰੀ ਦੇ ਖਿਲਾਫ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਇਸ ਤੋਂ ਸਾਬਤ ਹੁੰਦਾ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਹੈਲਪ ਲਾਈਨ ਕਿਸੇ ਕੰਮ ਦੀ ਨਹੀਂ ਤੇ ਆਪ ਸਰਕਾਰ ਦਾ ਕੀਤੇ ਵਾਅਦੇ ਮੁਤਾਬਕ ਭ੍ਰਿਸ਼ਟਾਚਾਰ ਖਤਮ ਕਰਨ ਦਾ ਕੋਈ ਇਰਾਦਾ ਨਹੀਂ ਹੈ।

# ਭਾਜਪਾ, ਅਕਾਲੀ ਤੇ ਆਪ ਆਹਮੋ-ਸਾਹਮਣੇ, ਨਿਸ਼ਾਨੇ 'ਤੇ ਕਾਂਗਰਸ

**ਚੰਡੀਗੜ੍ਹ:** ਪੰਜਾਬ 'ਚ ਸਿਆਸੀ ਪਾਰਟੀਆਂ ਨੇ ਦਿਲਜੀਤ ਦੋਸਾਂਝ ਦੀ ਫਿਲਮ 'ਸਤਲੁਜ' ਨੂੰ ਓਟੀਟੀ ਪਲੇਟਫਾਰਮ ਤੋਂ ਹਟਾਉਣ ਦੀ ਆਲੋਚਨਾ ਕੀਤੀ ਹੈ। ਨੇਤਾਵਾਂ ਨੇ ਕਿਹਾ ਕਿ ਇਹ ਫਿਲਮ ਸੂਬੇ ਦੇ ਕਾਲੇ ਅਧਿਆਏ 'ਤੇ ਅਧਾਰਤ ਹੈ, ਜਿਸ ਦਾ ਈਮਾਨਦਾਰੀ ਨਾਲ ਸਾਹਮਣਾ ਕੀਤਾ ਜਾਣਾ ਚਾਹੀਦਾ ਹੈ। ਮਨੁੱਖੀ ਅਧਿਕਾਰ ਵਰਕਰ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਤ ਇਹ ਫਿਲਮ ਲੰਬੇ ਸਮੇਂ ਤੱਕ ਸੈਂਸਰ ਵਿਵਾਦ ਝੱਲਣ ਤੋਂ ਬਾਅਦ ਤੀਜੀ ਵਾਰ ਰਿਲੀਜ਼ ਹੋਈ ਸੀ। ਫਿਲਮ ਬਾਰੇ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਨੇਤਾ ਵੱਖ-ਵੱਖ ਦਲੀਲਾਂ ਦੇ ਰਹੇ ਹਨ। ਫਿਲਮ 'ਚ ਪੰਜਾਬ ਪੁਲਿਸ ਦੇ ਦੋ ਐੱਸਐੱਸਪੀ ਤੇ ਇਕ ਡੀਆਈਜੀ ਦੇ ਕਿਰਦਾਰ ਵੀ ਦਿਖਾਏ ਗਏ ਹਨ। ਇਸ ਕਾਰਨ ਪੁਲਿਸ ਕਾਰਵਾਈ 'ਤੇ ਵੀ ਚਰਚਾ ਤੇਜ਼ ਹੋ ਗਈ ਹੈ।






ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਪੰਜਾਬ ਦੇ ਦਰਦਨਾਕ ਇਤਿਹਾਸ ਤੇ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਾਹਮਣੇ ਲਿਆਉਣ ਵਾਲੀ ਫਿਲਮ ਹੈ। ਇਸ ਨੂੰ ਹਟਾਉਣਾ ਸੱਚ ਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੈ। ਆਪ ਪਾਰਟੀ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਦੋਸ਼ ਲਗਾਇਆ ਹੈ ਕਿ ਕਾਂਗਰਸ ਆਪਣੇ ਸ਼ਾਸਨਕਾਲ ਦੇ ਕਾਲੇ ਅਧਿਆਏ ਨੂੰ ਲੁਕਾਉਣਾ ਚਾਹੁੰਦੀ ਹੈ ਤੇ ਭਾਜਪਾ ਉਸ ਦੀ ਮਦਦ ਕਰ ਰਹੀ ਹੈ। ਫਿਲਮ 'ਤੇ ਰੋਕ ਪੰਜਾਬ ਦੇ ਇਤਿਹਾਸ ਨੂੰ ਮਿਟਾਉਣ ਦੀ ਸਾਜ਼ਿਸ਼ ਹੈ ਤਾਂ ਜੋ ਨਵੀਂ ਪੀੜ੍ਹੀ ਸੱਚਾਈ ਨਾ ਜਾਣ ਸਕੇ। ਪੰਨੂ ਨੇ ਅਕਾਲੀ ਦਲ 'ਤੇ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਪਾਰਟੀ ਅੱਜ ਫਿਲਮ ਦੇ ਸਮਰਥਨ 'ਚ ਹੈ, ਜਦਕਿ ਖਾਲੜਾ ਦੇ ਲਾਪਤਾ ਹੋਣ 'ਤੇ ਉਨ੍ਹਾਂ ਦੇ ਪਰਿਵਾਰ ਦਾ ਸਾਥ ਤੱਕ ਨਹੀਂ ਦਿੱਤਾ ਗਿਆ ਸੀ। 1996 ਦੀਆਂ ਚੋਣਾਂ ਦੇ ਮੈਨੀਫੈਸਟੋ 'ਚ ਅਕਾਲੀ ਦਲ ਨੇ ਹੱਤਿਆਵਾਂ ਦੀ ਜਾਂਚ ਲਈ 'ਟਰੁੱਥ ਕਮਿਸ਼ਨ' ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਸੱਤਾ 'ਚ ਆਉਣ ਤੋਂ ਬਾਅਦ ਕੁਝ ਨਹੀਂ ਕੀਤਾ। ਕਾਂਗਰਸ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਕਿਹਾ ਕਿ ਫਿਲਮ ਨੂੰ ਹਟਾਉਣਾ ਬੋਲਣ ਦੀ ਆਜ਼ਾਦੀ 'ਤੇ ਹਮਲਾ ਕਰਨ ਦੇ ਬਰਾਬਰ ਹੈ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਖਾਲੜਾ ਦੀ ਹੱਤਿਆ ਕਰਨ 'ਚ ਪੁਲਿਸ ਦੀ ਕਰੂਰਤਾ ਬਾਰੇ ਦੱਸਣ ਵਾਲੀ ਇਸ ਫਿਲਮ ਨੂੰ ਹਟਾਉਣਾ ਨਿੰਦਣਯੋਗ ਹੈ। ਭਾਜਪਾ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਫਿਲਮ ਦਾ ਸਮਰਥਨ ਕਰਦੇ ਹੋਏ ਐਕਸ 'ਤੇ ਲਿਖਿਆ, ਇਹ ਪੰਜਾਬ ਦੇ ਉਸ ਦਰਦਨਾਕ ਦੌਰ ਦੀ ਯਾਦ ਦਿਵਾਉਂਦੀ ਹੈ, ਜਦੋਂ ਅੱਤਵਾਦ ਦੇ ਸਮੇਂ ਹਜ਼ਾਰਾਂ ਨੌਜਵਾਨਾਂ ਦੇ ਫ਼ਰਜ਼ੀ ਮੁਕਾਬਲੇ 'ਚ ਮਾਰੇ ਜਾਣ ਦੇ ਦੋਸ਼ ਲੱਗੇ ਸਨ। ਖਾਲੜਾ ਨੇ ਕਈ ਜ਼ਿਲ੍ਹਿਆਂ 'ਚ ਅੰਤਿਮ ਸੰਸਕਾਰ ਦੇ ਰਿਕਾਰਡ ਇਕੱਠੇ ਕੀਤੇ। ਖਾਲੜਾ ਦਾ ਅਨੁਮਾਨ ਸੀ ਕਿ 25 ਹਜ਼ਾਰ ਤੋਂ ਵੱਧ ਸਿੱਖਾਂ ਦੀ ਹੱਤਿਆ ਕਰ ਕੇ ਅੰਤਿਮ ਸੰਸਕਾਰ ਕੀਤਾ ਗਿਆ ਹੋ ਸਕਦਾ ਹੈ।

ਸਾਬਕਾ ਲੈਫਟੀਨੈਂਟ ਜਨਰਲ ਤੇ ਭਾਜਪਾ ਆਗੂ ਕੇਜੇਐੱਸ ਢਿੱਲੋਂ ਨੇ ਵੀ ਫਿਲਮ ਦਾ ਸਮਰਥਨ ਕਰਦੇ ਹੋਏ ਇਸ ਨੂੰ ਬੇਇਨਸਾਫ਼ੀ ਖ਼ਿਲਾਫ਼ ਸੰਘਰਸ਼ ਦੀ ਅਸਰਦਾਰ ਕਹਾਣੀ ਦੱਸਿਆ। ਉਧਰ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਫਿਲਮ ਨੂੰ ਹਟਾਉਣ ਦਾ ਮਾਮਲਾ ਕੇਂਦਰ ਸਰਕਾਰ ਤੇ ਪਾਰਟੀ ਲੀਡਰਸ਼ਿਪ ਸਾਹਮਣੇ ਚੁੱਕਣਗੇ। ਪਤਾ ਲਗਾਇਆ ਜਾਵੇਗਾ ਕਿ ਆਖ਼ਰ ਕਿਨ੍ਹਾਂ ਕਾਰਨਾਂ ਕਰਕੇ ਫਿਲਮ ਹਟਾਈ ਗਈ। ਕਿਸੇ ਤਰ੍ਹਾਂ ਦੀ ਗ਼ਲਤਫਹਿਮੀ ਜਾਂ ਤੱਥ ਸਾਹਮਣੇ ਆਉਂਦੇ ਹਨ ਤਾਂ ਸਪਸ਼ਟ ਕੀਤੀ ਜਾਵੇਗਾ। ਦੂਜੇ ਪਾਸੇ ਪੰਜਾਬ ਪੁਲਿਸ ਦੇ ਕੁਝ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ 1980 ਤੋਂ 1990 ਦੌਰਾਨ ਪੰਜਾਬ ਅੱਤਵਾਦ ਨਾਲ ਜੂਝ ਰਿਹਾ ਸੀ। ਉਸ ਸਮੇਂ ਸਖ਼ਤ ਕਾਰਵਾਈ ਨਾ ਹੁੰਦੀ ਤਾਂ ਪੰਜਾਬ 'ਚ ਅੱਤਵਾਦ ਖ਼ਤਮ ਨਾ ਹੁੰਦਾ। ਉਸ ਦੌਰ 'ਚ ਹਜ਼ਾਰਾਂ ਨਿਰਦੋਸ਼ ਨਾਗਰਿਕ, ਪੁਲਿਸ ਮੁਲਾਜ਼ਮ ਤੇ ਸੁਰੱਖਿਆ ਬਲਾਂ ਦੇ ਜਵਾਨ ਵੀ ਅੱਤਵਾਦ ਦਾ ਸ਼ਿਕਾਰ ਹੋਏ ਸਨ। ਇਸ ਲਈ ਅੱਤਵਾਦ ਦੀ ਚੁਣੌਤੀ ਨੂੰ ਨਜ਼ਰਅੰਦਾਜ਼ ਕਰ ਕੇ ਪੂਰੇ ਘਟਨਾ ਚੱਕਰ ਦਾ ਅੰਦਾਜ਼ਾ ਸਿਰਫ਼ ਇਕ ਧਿਰ ਤੋਂ ਨਹੀਂ ਲਗਾਇਆ ਜਾ ਸਕਦਾ।

ਸਾਬਕਾ ਲੈਫਟੀਨੈਂਟ ਜਨਰਲ ਤੇ ਭਾਜਪਾ ਆਗੂ ਕੇਜੇਐੱਸ ਢਿੱਲੋਂ ਨੇ ਵੀ ਫਿਲਮ ਦਾ ਸਮਰਥਨ ਕਰਦੇ ਹੋਏ ਇਸ ਨੂੰ ਬੇਇਨਸਾਫ਼ੀ ਖ਼ਿਲਾਫ਼ ਸੰਘਰਸ਼ ਦੀ ਅਸਰਦਾਰ ਕਹਾਣੀ ਦੱਸਿਆ।

## ਸੱਚ ਨੂੰ ਦਬਾਇਆ ਨਹੀਂ ਜਾ ਸਕਦਾ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਫਿਲਮ 'ਸਤਲੁਜ' ਨੂੰ ਹਟਾਏ ਜਾਣ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਦੀ ਸੱਚਾਈ ਨੂੰ ਦਬਾਇਆ ਨਹੀਂ ਜਾ ਸਕਦਾ। ਫਿਲਮ 'ਤੇ ਪਾਬੰਦੀ, ਲਗਾਉਣ ਦੀ ਬਜਾਏ ਲੋਕਾਂ ਨੂੰ ਇਸ ਨੂੰ ਦੇਖਣ ਤੇ ਇਸ ਦੇ ਤੱਥਾਂ 'ਤੇ ਵਿਚਾਰ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਲੋਕਤੰਤਰ 'ਚ ਇਤਿਹਾਸਕ ਤੱਥਾਂ ਤੇ ਵਿਚਾਰਾਂ 'ਤੇ ਅਧਾਰਤ ਰਚਨਾਵਾਂ 'ਤੇ ਰੋਕ ਲਗਾਉਣਾ ਸਹੀ ਨਹੀਂ ਹੈ। ਉਨ੍ਹਾਂ ਨੇ ਫਿਲਮ 'ਤੇ ਲਗਾਈ ਗਈ ਰੋਕ ਹਟਾਉਣ ਦੀ ਮੰਗ ਕੀਤੀ ਹੈ।

ਪੰਜਾਬ ਟਾਈਮਜ਼

*11 ਜੁਲਾਈ, ਸ਼ਨਿਚਰਵਾਰ*

# ਜੰਗ ਦੀ ਆਹਟ...

***ਭਾਰਤ ਅਤੇ ਪਾਕਿਸਤਾਨ ਵਿਚਕਾਰ ਕਈ ਵਾਰ ਯੁੱਧ ਹੋ ਚੁੱਕੇ ਹਨ। ਕਸ਼ਮੀਰ ਦਾ ਇਕ ਵੱਡਾ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਹੈ, ਪਰ ਇਸ ਦੇ ਬਾਵਜੂਦ ਉਸ ਨੇ ਪੂਰੇ ਕਸ਼ਮੀਰ 'ਤੇ ਕਬਜ਼ੇ ਲਈ ਦਹਾਕਿਆਂ ਤੋਂ ਭਾਰਤ ਨਾਲ ਆਪਣੀ ਦੁਸ਼ਮਣੀ ਜਾਰੀ ਰੱਖੀ ਹੋਈ ਹੈ। ਇਸ ਨੂੰ ਆਧਾਰ ਬਣਾ ਕੇ ਉਸ ਨੇ ਭਾਰਤ ਦੀ ਪ੍ਰਭੂਸੱਤਾ ਨੂੰ ਲਗਾਤਾਰ ਵੰਗਾਰਿਆ ਹੈ। ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤਾਇਬਾ ਸਮੇਤ ਦਰਜਨ ਭਰ ਅੱਤਵਾਦੀ ਸੰਗਠਨ ਨਿੱਤ ਦਿਨ ਪਾਕਿਸਤਾਨੀ ਫ਼ੌਜ ਦੀ ਮਦਦ ਨਾਲ ਭਾਰਤ ਅੰਦਰ ਘੁਸਪੈਠ ਕਰਕੇ ਇਸ ਨੂੰ ਲਹੂ-ਲੁਹਾਣ ਕਰਦੇ ਆ ਰਹੇ ਹਨ। ਅਨੇਕਾਂ ਅਜਿਹੀਆਂ ਘਟਨਾਵਾਂ ਹਨ, ਜੋ ਦੇਸ਼ ਲਈ ਵੰਗਾਰ ਪੈਦਾ ਕਰਦੀਆਂ ਰਹੀਆਂ ਹਨ।***

***ਪਾਕਿਸਤਾਨ ਦੇ ਪਾਲੇ ਇਨ੍ਹਾਂ ਅੱਤਵਾਦੀ ਸੰਗਠਨਾਂ ਦੇ ਆਗੂ ਉਥੋਂ ਭਾਰਤ ਨੂੰ ਲਗਾਤਾਰ ਧਮਕੀਆਂ ਦਿੰਦੇ ਰਹੇ ਹਨ ਅਤੇ ਫ਼ੌਜੀ ਜਰਨੈਲਾਂ ਨੇ ਵੀ ਲਗਾਤਾਰ ਧਮਕੀਆਂ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ। ਮਕਬੂਜ਼ਾ ਕਸ਼ਮੀਰ ਦੀ ਧਰਤੀ ਤੋਂ ਨਿੱਤ ਦਿਨ ਅੱਤਵਾਦੀਆਂ ਨੂੰ ਭਾਰਤ ਅੰਦਰ ਭੇਜਣਾ ਜਾਰੀ ਹੈ। ਇਸੇ ਕੜੀ ਵਿਚ ਪਿਛਲੇ ਸਾਲ ਪਹਿਲਗਾਮ ਵਿਚ ਦਿਨ-ਦਿਹਾੜੇ 26 ਭਾਰਤੀ ਸੈਲਾਨੀਆਂ ਨੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਅੱਤਵਾਦੀਆਂ ਨਾਲ ਭਰੀ ਉਸ ਧਰਤੀ 'ਤੇ ਅਜਿਹੇ ਹੀ ਕਈ ਸੰਗਠਨ ਪਾਕਿਸਤਾਨ ਦੀ ਸਰਕਾਰ ਲਈ ਵੀ ਖ਼ਤਰਾ ਬਣ ਚੁੱਕੇ ਹਨ। ਇਨ੍ਹਾਂ ਵਿਚ ਤਹਿਰੀਕ-ਏ- ਤਾਲਿਬਾਨ (ਪਾਕਿਸਤਾਨ) ਇਕ ਅਜਿਹਾ ਸੰਗਠਨ ਹੈ, ਜਿਸ ਨੇ ਉਥੇ ਪੂਰੇ ਦੇਸ਼ ਵਿਚ ਦਹਿਸ਼ਤ ਅਤੇ ਖ਼ੂਨ-ਖ਼ਰਾਬੇ ਵਾਲਾ ਮਾਹੌਲ ਬਣਾ ਦਿੱਤਾ ਹੈ। ਅੱਜ ਇਹੀ ਸੰਗਠਨ ਉਥੋਂ ਦੀ ਸਰਕਾਰ ਨੂੰ ਮਾਤ ਪਾਉਣ ਦੀਆਂ ਧਮਕੀਆਂ ਦੇ ਰਹੇ ਹਨ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲਗਦੇ ਖ਼ੈਬਰ ਪਖ਼ਤੂਨਖਵਾ ਪ੍ਰਾਂਤ ਵਿਚ ਪਾਕਿਸਤਾਨੀ ਤਾਇਬਾਨ ਦੀ ਇਕ ਤਰ੍ਹਾਂ ਨਾਲ ਪਾਕਿਸਤਾਨੀ ਫ਼ੌਜ ਨਾਲ ਜੰਗ ਜਾਰੀ ਹੈ। ਹੁਣ ਅਫ਼ਗਾਨਿਸਤਾਨ ਵੀ ਪਾਕਿਸਤਾਨ ਵਿਰੁੱਧ ਇਸ ਜੰਗ ਵਿਚ ਸ਼ਾਮਿਲ ਹੋ ਗਿਆ ਹੈ। ਦੂਸਰੇ ਵੱਡੇ ਪ੍ਰਾਂਤ ਬਲੋਚਿਸਤਾਨ ਵਿਚ ਵੀ ਅਜਿਹਾ ਹੀ ਖ਼ੂਨ-ਖ਼ਰਾਬੇ ਵਾਲਾ ਮਾਹੌਲ ਬਣਿਆ ਦਿਖਾਈ ਦੇ ਰਿਹਾ ਹੈ, ਜਿਸ ਨੇ ਇਕ ਤਰ੍ਹਾਂ ਨਾਲ ਪਾਕਿਸਤਾਨ ਦੀ ਹੋਂਦ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ ਵਿਚ ਸਰਕਾਰ ਵਿਰੁੱਧ ਵਰ੍ਹਿਆਂ ਤੋਂ ਹੋ ਰਹੀ ਬਗ਼ਾਵਤ ਹੁਣ ਅੱਗ ਦੇ ਭਾਂਬੜਾਂ ਵਿਚ ਬਦਲ ਗਈ ਜਾਪਦੀ ਹੈ। ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਦੋਹਾਂ ਮੁਲਕਾਂ ਵਿਚ 1960 ਦੀ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕਰ ਦਿੱਤਾ ਸੀ ਅਤੇ ਸਪੱਸ਼ਟ ਸ਼ਬਦਾਂ ਵਿਚ ਇਹ ਕਿਹਾ ਸੀ, 'ਪਾਣੀ ਅਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ, ਇਸ ਦੇ ਨਾਲ ਹੀ ਕੇਂਦਰੀ ਗ੍ਰਹਿ ਮੰਤਰੀ ਵਲੋਂ ਗ਼ੈਰ-ਕਾਨੂੰਨੀ ਕਾਰਵਾਈਆਂ (ਰੋਕੂ) ਐਕਟ ਤਹਿਤ ਪਾਕਿਸਤਾਨ ਵਿਚ ਸਰਗਰਮ 23 ਵਿਅਕਤੀਆਂ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਗਿਆ। ਇਨ੍ਹਾਂ ਵਿਚ ਲਸ਼ਕਰ-ਏ-ਤਾਇਬਾ ਅਤੇ ਜੈਸ਼-ਏ-ਮੁਹੰਮਦ ਨਾਲ ਜੁੜੇ ਦਹਿਸ਼ਤਗਰਦਾਂ ਦੇ ਨਾਂਅ ਵੀ ਸ਼ਾਮਿਲ ਹਨ। ਇਹ ਸੰਗਠਨ ਲਗਾਤਾਰ ਡਰੋਨਾਂ ਰਾਹੀਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਭਾਰਤ ਅੰਦਰ ਤਸਕਰੀ ਕਰਵਾ ਰਹੇ ਹਨ। ਇਨ੍ਹਾਂ ਵਿਚ ਹੀ ਜਮਾਤ-ਉਦ-ਦਾਵਾ ਦੇ ਅੱਤਵਾਦੀ ਵੀ ਸ਼ਾਮਿਲ ਹਨ। ਹਾਲਾਤ ਇਹ ਬਣ ਗਏ ਹਨ ਕਿ ਜੇਕਰ ਪਾਕਿਸਤਾਨ ਦੀ ਸਰਕਾਰ ਇਨ੍ਹਾਂ ਨੂੰ ਨੱਥ ਪਾਉਣੀ ਵੀ ਚਾਹੇ ਤਾਂ ਇਹ ਕੰਮ ਉਸ ਲਈ ਅਸੰਭਵ ਜਾਪਦਾ ਹੈ।***

***ਹੁਣ ਸਿੰਧੂ ਜਲ ਸੰਧੀ ਦੇ ਭਾਰਤ ਵਲੋਂ ਮੁਅੱਤਲ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ ਵਿਚ ਬੇਹੱਦ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ, ਜਿਸ ਲਈ ਉੱਥੋਂ ਦੀਆਂ ਵੱਖ-ਵੱਖ ਪਾਰਟੀਆਂ ਦੇ ਆਗੂ ਭਾਰਤ ਨੂੰ ਧਮਕੀਆਂ ਦੇਣ 'ਤੇ ਉਤਾਰੂ ਹੋ ਗਏ ਹਨ। ਇਸ ਨਾਲ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਦੋਹਾਂ ਪ੍ਰਮਾਣੂ ਬੰਬ ਵਾਲੇ ਦੇਸ਼ਾਂ ਵਿਚ ਲੜਾਈ ਛਿੜਨ ਦਾ ਖ਼ਤਰਾ ਵਧ ਰਿਹਾ ਹੈ। ਪਿਛਲੇ ਦਿਨੀਂ ਦੋਹਾਂ ਦੇਸ਼ਾਂ ਦੇ ਬੁੱਧੀਜੀਵੀਆਂ, ਸਾਬਕਾ ਡਿਪਲੋਮੈਟਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੇ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਹਰ ਸੂਰਤ ਵਿਚ ਆਪਣੇ ਸੰਬੰਧ ਸੁਧਾਰਨ ਲਈ ਕੋਈ ਰਸਤਾ ਲੱਭਣ ਲਈ ਪ੍ਰੇਰਿਆ ਹੈ। ਪਾਕਿਸਤਾਨ ਕੋਲ ਇਸ ਸਮੇਂ ਤਾਕਤਵਰ ਚੀਨ ਦਾ ਸਹਾਰਾ ਜ਼ਰੂਰ ਹੈ ਪਰ ਜਿਥੋਂ ਤੱਕ ਇਹ ਗੱਲ ਪਹੁੰਚ ਚੁੱਕੀ ਹੈ, ਹੁਣ ਇਹ ਜ਼ਰੂਰੀ ਹੋ ਗਿਆ ਜਾਪਦਾ ਹੈ ਕਿ ਪਾਕਿਸਤਾਨ ਨੂੰ ਹਰ ਹੀਲੇ ਭਾਰਤ ਵਿਚ ਖ਼ੂਨ ਵਹਾਉਣ ਦੀ ਆਪਣੀ ਨੀਤੀ ਨੂੰ ਬੰਦ ਕਰਨਾ ਪਵੇਗਾ। ਜੇ ਉਹ ਅਜਿਹਾ ਨਹੀਂ ਕਰ ਸਕਦਾ ਤਾਂ ਦੋਹਾਂ ਦੇਸ਼ਾਂ ਦੇ ਸੰਬੰਧ ਜਿਹੜੇ ਪਹਿਲਾਂ ਹੀ ਖ਼ਤਰਨਾਕ ਮੋੜ 'ਤੇ ਪਹੁੰਚ ਚੁੱਕੇ ਹਨ, ਦੱਖਣੀ ਏਸ਼ੀਆ ਦੇ ਇਸ ਖਿੱਤੇ ਵਿਚ ਵੱਡੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਦੋਹਾਂ ਦੇਸ਼ਾਂ ਦੇ ਰਾਜਨੀਤਕਾਂ ਅਤੇ ਦਾਨਿਸ਼ਵਰਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਮਨੁੱਖੀ ਵਿਕਾਸ ਲਈ ਅਮਨ-ਸ਼ਾਂਤੀ ਕਿੰਨੀ ਮਹੱਤਵਪੂਰਨ ਹੈ।***


## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਬਜ਼ਾ ਮਸੰਦਾਂ ਦਾ!

*'ਸੇਹ ਵਾਲ਼ਾ ਤੱਕਲ਼ਾ' ਨਾ ਸੋਚਦੇ ਗੱਡਣ ਵਾਲ਼ੇ, ਬੱਝ ਜਾਂਦਾ ਮੁੱਢ ਪੈਰੋਕਾਰਾਂ 'ਚ 'ਦਵੰਦਾਂ' ਦਾ।*
*ਆਸਰੇ ਧਰਮ ਦੇ ਜੋ ਹੋਰ 'ਗੋਂਦਾਂ ਗੁੰਦੀ' ਜਾਂਦੇ, ਆਊ ਗਾ ਸੁਨੇਹਾ ਦੱਸੋ ਫੇਰ ਕੀ ਅਨੰਦਾਂ ਦਾ।*
*ਸੋਚ ਤੇ ਵਿਚਾਰ ਛੱਡ ਤੱਤੇ ਨਾਹਰੇ ਲਾਈ ਜਾਣ, ਹੁੰਦਾ ਨੀ ਅੰਦਾਜ਼ਾ ਅੱਗੇ ਗ਼ਲ ਪੈਣੇ ਫੰਧਾਂ ਦਾ।*
*ਪੈਂਦਾ ਏ ਭੁਗਤਣਾ ਜੀ ਪੀੜ੍ਹੀਆਂ ਨੂੰ ਲੰਬਾ ਚਿਰ, ਕੀਤਾ ਹੋਇਆ ਕਾਰਾ ਕੁੱਝ ਥੋੜੇ ਜਿਹੇ ਚੰਦਾਂ ਦਾ।*
*ਕੌਣ ਕਿਹਦੇ ਵਾਸਤੇ ਕਿਉਂ 'ਕਿੱਲ੍ਹਦਾ' ਸਟੇਜ ਉੱਤੇ, ਪਤਾ ਹੁੰਦਾ ਸਾਰਿਆਂ ਨੂੰ 'ਅੰਦਰਲੇ ਸਬੰਧਾਂ' ਦਾ।*
*ਰਹਿੰਦਾ ਨੀ ਵੱਕਾਰ ਉਦੋਂ ਸੰਸਥਾ ਦਾ ਸੱਚ ਜਾਣੋ, ਜਦੋਂ ਕੇਂਦਰ 'ਤੇ ਕਬਜਾ ਹੋ ਜਾਂਦਾ ਏ ਮਸੰਦਾਂ ਦਾ!*

# ਮੋਦੀ ਸਰਕਾਰ ਦੇ ਬਾਰਾਂ ਵਰ੍ਹੇ, ਲੋਕਾਂ ਦੇ ਸੁਪਨਿਆਂ ਦਾ ਘਾਣ!




ਸਾਲ 2014 ਵਿਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ- ਜਿਵੇਂ ਦੇਸ਼ ਵਿਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ, ਜੋ ਕਦੇ ਸਿਰਫ਼ 5 ਸ਼ਹਿਰਾਂ ਵਿਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿਚ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੈ। ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜ਼ਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿਚੋਂ ਰੋਟੀ ਖੋਹ ਲੈਂਦਾ ਹੈ?

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ੍ਹ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ।

ਕੀ ਦੂਜੀਆਂ ਪਾਰਟੀਆਂ ਵਿਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿਚ ਕਿਸੇ ਵੀ ਹੋਰ ਸ਼ਾਸਨ ਵਿਚ ਦੇਖਣ ਨੂੰ ਨਹੀਂ ਮਿਲਿਆ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ੍ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿਚ ਜਾਮ ਵਿਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ।

ਜਸ਼ਨਾਂ ਵਿਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

ਤੁਮ ਸੇ ਪਹਿਲੇ ਵੋ ਜੋ ਏਕ ਸ਼ਖ਼ਸ ਯਹਾਂ ਤਖ਼ਤ ਨਸ਼ੀਂ ਥਾ,
ਉਸ ਕੋ ਭੀ ਅਪਨੇ ਖੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ।

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

# ਗ਼ੁਲਾਮ ਰਹੇ ਭਾਈਚਾਰਿਆਂ ਦੇ ਪੈਰਾਂ ਉੱਤੇ ਟਿਕੀ ਗੋਰੀ ਦੁਨੀਆ

ਨਵੀਂ ਦਿੱਲੀ ਦੇ ਵਸਨੀਕ ਐਮ.ਜੇ. ਵਿਜੇਅਨ ਫੁੱਟਬਾਲ ਦੇ ਪੁਰਜੋਸ਼ ਕਦਰਦਾਨ, ਸਮਾਜ-ਰਾਜਨੀਤਿਕ ਵਿਸ਼ਲੇਸ਼ਣਕਾਰ ਅਤੇ ਲੇਖਕ ਹਨ। ਉਨ੍ਹਾਂ ਨੇ ਵਿਸ਼ਵ ਫੁੱਟਬਾਲ ਵਿਚ 'ਗੋਰੀਆਂ ਕੌਮਾਂ' ਲਈ ਖੇਡਣ ਵਾਲੇ ਉਨ੍ਹਾਂ ਖਿਡਾਰੀਆਂ ਦੇ ਸ਼ਾਨਾਮੱਤੇ ਯੋਗਦਾਨ ਦੀ ਚਰਚਾ ਕੀਤੀ ਹੈ, ਜੋ ਬਸਤੀਆਂ ਦੇ ਉਸ ਪਿਛੋਕੜ ਤੋਂ ਹਨ, ਜਿਨ੍ਹਾਂ ਨੂੰ ਕਦੇ ਬਸਤੀਵਾਦੀ ਰਾਜ ਹੀਣ ਸਮਝ ਕੇ ਦੁਰਕਾਰਦੇ ਅਤੇ ਕੁਚਲਦੇ ਰਹੇ। ਲੇਖਕ ਨੇ ਵਿਸ਼ਵ ਫੁੱਟਬਾਲ ਦੇ ਇਸ ਬਹੁਤ ਹੀ ਰੋਚਕ ਪਹਿਲੂ ਨੂੰ ਛੂਹਿਆ ਹੈ, ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜਿਸਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। - ਸੰਪਾਦਕ ॥

**ਐਮ. ਜੇ. ਵਿਜੇਅਨ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

*ਸੱਜੇਪੱਖੀ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਕਰਕੇ ਜਿਵੇਂ ਹੀ ਇਨ੍ਹਾਂ ਖਿਡਾਰੀਆਂ ਤੋਂ ਕਿਸੇ ਪੈਨਲਟੀ ਦਾ ਨਿਸ਼ਾਨਾ ਖੁੰਝ ਜਾਂਦਾ ਹੈ, ਉਨ੍ਹਾਂ ਉੱਤੇ ਸਭ ਤੋਂ ਪਹਿਲਾਂ ਸੱਜੇਪੱਖੀ ਹਮਲਾ ਕਰਦੇ ਹਨ। ਉਹ ਗੋਲ ਕਰ ਦੇਣ ਤਾਂ ਫਰਾਂਸੀਸੀ ਕਹਾਉਂਦੇ ਹਨ। ਨਿਸ਼ਾਨਾ ਖੁੰਝ ਜਾਵੇ ਤਾਂ ਅਫਰੀਕੀ ਜਾਂ ਅਰਬ ਬਣਾ ਦਿੱਤੇ ਜਾਂਦੇ ਹਨ। ਉਹ ਜਿੱਤ ਦਿਵਾਉਣ ਤਾਂ ਅੰਗਰੇਜ਼ ਹੁੰਦੇ ਹਨ। ਹਾਰ ਜਾਣ ਤਾਂ 'ਪ੍ਰਵਾਸੀ' ਕਹੇ ਜਾਂਦੇ ਹਨ। ਉਹ ਬੈਲਜੀਅਮ ਲਈ ਸ਼ਾਨਦਾਰ ਡ੍ਰਿਬਲਿੰਗ ਕਰਨ ਤਾਂ ਬੈਲਜੀਅਨ ਹਨ। ਪਰ ਜਿਉਂ ਹੀ ਉਹ ਸਨਮਾਨ ਅਤੇ ਬਰਾਬਰੀ ਦੀ ਮੰਗ ਕਰਨ, ਉਨ੍ਹਾਂ ਨੂੰ 'ਕਾਂਗੋਲੀ' ਕਹਿ ਕੇ ਵੱਖਰੇ ਕਰ ਦਿੱਤਾ ਜਾਂਦਾ ਹੈ। ਨਸਲਵਾਦੀ ਜ਼ਿਹਨੀਅਤ ਚਾਹੁੰਦੀ ਹੈ ਕਿ ਘੱਟਗਿਣਤੀ ਭਾਈਚਾਰਿਆਂ ਦੇ ਜਿਸਮ ਕੌਮੀ ਗੌਰਵ ਤਾਂ ਪੈਦਾ ਕਰਨ, ਪਰ ਕੌਮੀ ਬਰਾਬਰੀ ਦਾ ਦਾਅਵਾ ਹਰਗਿਜ਼ ਨਾ ਕਰਨ।*





ਗ਼ੌਰ ਨਾਲ ਦੇਖੋ। ਵਿਸ਼ਵ ਫੁੱਟਬਾਲ ਦੀਆਂ ਕਥਿਤ 'ਗੋਰੀਆਂ ਕੌਮਾਂ' ਹੁਣ ਸਿਰਫ਼ ਚਿੱਟੇ ਜਿਸਮਾਂ, ਚਿੱਟੇ ਇਤਿਹਾਸਾਂ, ਚਿੱਟੇ ਗਿਰਜਾਘਰਾਂ ਜਾਂ ਗੋਰੀ ਚਮੜੀ ਵਾਲੀਆਂ ਔਲਾਦਾਂ ਦੇ ਸਹਾਰੇ ਨਹੀਂ ਖੜ੍ਹੀਆਂ। ਉਹ ਵਾਰ-ਵਾਰ ਅਫਰੀਕਾ, ਕੈਰੇਬੀਅਨ, ਅਰਬ ਜਗਤ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੀਆਂ ਔਲਾਦਾਂ ਦੇ ਮੋਢਿਆਂ ਉੱਤੇ ਟਿਕੀਆਂ ਹੋਈਆਂ ਹਨ—ਪ੍ਰਵਾਸੀ ਬਸਤੀਆਂ, ਸ਼ਰਨਾਰਥੀ ਪਰਿਵਾਰਾਂ, ਕਿਰਤੀ ਉਪਨਗਰਾਂ ਅਤੇ ਬਸਤੀਵਾਦ ਦੀਆਂ ਯਾਦਾਂ ਵਿਚੋਂ ਨਿੱਕਲੀਆਂ ਨਵੀਆਂ ਪੀੜ੍ਹੀਆਂ ਦੇ ਸਹਾਰੇ। ਇਹੀ ਇਸ ਕਹਾਣੀ ਦਾ ਸਾਰ ਹੈ।

ਅੱਜ ਫੀਫਾ ਵਿਸ਼ਵ ਕੱਪ ਸਾਡੇ ਸਾਹਮਣੇ ਸਭ ਤੋਂ ਵੱਡਾ ਸਵਾਲ ਕੀ ਖੜ੍ਹਾ ਕਰਦਾ ਹੈ? ਕੀ ਇਹ, ਕਿ ਕਿਸ ਨੇ ਗੋਲ ਕੀਤਾ, ਕਿਸ ਨੇ ਆਪਣੀ ਟੋਲੀ ਵਿਚ ਪਹਿਲਾ ਸਥਾਨ ਹਾਸਲ ਕੀਤਾ, ਜਾਂ ਕੌਣ ਅਗਲੇ ਦੌਰ ਵਿਚ ਪਹੁੰਚਿਆ? ਨਹੀਂ। ਅਸਲ ਸਵਾਲ ਇਹ ਹੈ— ਆਖ਼ਿਰ ਸਾਬਕਾ ਸਾਮਰਾਜਾਂ ਦੇ ਸੁਪਨਿਆਂ ਨੂੰ ਆਪਣੇ ਪੈਰਾਂ ਉੱਤੇ ਚੁੱਕ ਕੇ ਕੌਣ ਦੌੜ ਰਿਹਾ ਹੈ?

ਫਰਾਂਸ ਨੂੰ ਦੇਖੋ। ਇੰਗਲੈਂਡ ਨੂੰ ਦੇਖੋ। ਬੈਲਜੀਅਮ, ਸਪੇਨ, ਜਰਮਨੀ, ਨੀਦਰਲੈਂਡ, ਸਵਿਟਜ਼ਰਲੈਂਡ, ਪੁਰਤਗਾਲ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਨੂੰ ਦੇਖੋ। ਪਰ ਇਨ੍ਹਾਂ ਨੂੰ ਆਲਸੀ ਕੌਮਵਾਦੀ ਨਜ਼ਰ ਨਾਲ ਨਹੀਂ, ਸਗੋਂ ਰਾਜਨੀਤੀ ਅਤੇ ਇਤਿਹਾਸ ਦੀ ਨਜ਼ਰ ਨਾਲ ਦੇਖੋ। ਵਿਸ਼ਵ ਫੁੱਟਬਾਲ ਦੀਆਂ ਇਹ ਕਥਿਤ 'ਗੋਰੀਆਂ ਕੌਮਾਂ' ਹੁਣ ਸਿਰਫ ਚਿੱਟੇ ਸਰੀਰਾਂ, ਚਿੱਟੇ ਇਤਿਹਾਸਾਂ, ਚਿੱਟੀਆਂ ਈਸਾਈ ਪਰੰਪਰਾਵਾਂ ਜਾਂ ਚਿੱਟੀ ਚਮੜੀ ਵਾਲੀਆਂ ਔਲਾਦਾਂ ਨਾਲ ਨਹੀਂ ਚਲਾਈਆਂ ਜਾ ਰਹੀਆਂ। ਇਨ੍ਹਾਂ ਨੂੰ ਵਾਰ-ਵਾਰ ਅਫਰੀਕਾ, ਕੈਰੇਬੀਅਨ, ਅਰਬ ਜਗਤ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੀਆਂ ਔਲਾਦਾਂ ਅੱਗੇ ਵਧਾ ਰਹੀਆਂ ਹਨ—ਉਹ ਲੋਕ ਜੋ ਪ੍ਰਵਾਸੀ ਮੁਹੱਲਿਆਂ, ਸ਼ਰਨਾਰਥੀ ਘਰਾਂ, ਮਜ਼ਦੂਰ ਬਸਤੀਆਂ ਅਤੇ ਬਸਤੀਵਾਦ ਦੀ ਵਿਰਾਸਤ ਵਿਚੋਂ ਨਿੱਕਲ ਕੇ ਆਏ ਹਨ। ਇਹ ਕਿ ਆਲਮੀ ਉੱਤਰ (**ਘਲੋ-ਬਅਲ ੰਰਟਹ**) ਅੱਜ ਆਪਣੇ ਪੈਰਾਂ ਉੱਤੇ ਆਲਮੀ ਦੱਖਣ (**ਘਲੋਬਅਲ ੰਟਹ**) ਨੂੰ ਲੈ ਕੇ ਚੱਲ ਰਿਹਾ ਹੈ, ਫੁੱਟਬਾਲ ਦਾ ਕੋਈ ਨਿੱਕਾ-ਜਿਹਾ ਫੁੱਟਨੋਟ ਨਹੀਂ ਹੈ। ਇਹੀ ਪੂਰੀ ਕਹਾਣੀ ਹੈ।

ਫਰਾਂਸ ਇਸਦੀ ਸਭ ਤੋਂ ਪ੍ਰਭਾਵਸ਼ਾਲੀ ਮਿਸਾਲ ਹੈ। ਪੈਰਿਸ ਵਿਚ ਜੰਮੇ ਕਿਲੀਅਨ ਐਮਬਾਪੇ, ਜਿਸ ਦੀਆਂ ਜੜ੍ਹਾਂ ਕੈਮਰੂਨ ਅਤੇ ਅਲਜੀਰੀਆ ਨਾਲ ਜੁੜੀਆਂ ਹਨ, ਫਰਾਂਸੀਸੀ ਟੀਮ ਵਿਚ ਕੋਈ ਅਪਵਾਦ ਨਹੀਂ ਹੈ। ਉਹ ਕਿਤੇ ਵਿਆਪਕ ਸੱਚਾਈ ਦੇ ਕੇਂਦਰ ਵਿਚ ਖੜ੍ਹਾ ਹੈ। ਉਸ ਦੇ ਆਲੇ-ਦੁਆਲੇ ਓਸਮਾਨ ਡੈਂਬੇਲੇ, ਔਰੇਲੀਅਨ ਚੁਆਮੇਨੀ, ਐਨ'ਗੋਲੋ ਕਾਂਤੇ, ਮਾਈਕ ਮੈਨਾਨ, ਵਿਲੀਅਮ ਸਾਲੀਬਾ, ਇਬਰਾਹੀਮਾ ਕੋਨਾਤੇ, ਜੂਲਸ ਕੂੰਦੇ, ਦਾਇਓ ਉਪਾਮੇਕਾਨੋ, ਮਾਈਕਲ ਓਲੀਸੇ, ਰਾਇਆਨ ਸ਼ੇਰਕੀ, ਬ੍ਰੈਡਲੀ ਬਾਰਕੋਲਾ, ਮਾਰਕਸ ਥੁਰਾਮ, ਦੇਜ਼ੀਰੇ ਦੋਏ ਅਤੇ ਅਨੇਕ ਹੋਰ ਖਿਡਾਰੀ ਖੜ੍ਹੇ ਹਨ। ਉਹ ਸਾਰੇ ਫਰਾਂਸੀਸੀ ਹਨ। ਪਰ ਉਹ ਉਨ੍ਹਾਂ ਇਤਿਹਾਸਾਂ ਦੀ ਵੀ ਔਲਾਦ ਹਨ ਜਿਨ੍ਹਾਂ ਉੱਪਰ ਕਦੇ ਫਰਾਂਸ ਰਾਜ ਕਰਦਾ ਰਿਹਾ ਹੈ, ਜਿਨ੍ਹਾਂ ਦੀ ਕਰੂਰ ਲੁੱਟ-ਖਸੁੱਟ ਕੀਤੀ ਗਈ, ਜਿਨ੍ਹਾਂ ਦੇ ਸਾਧਨਾਂ ਨੂੰ ਲੁੱਟਿਆ ਗਿਆ, ਜਿਨ੍ਹਾਂ ਉੱਤੇ ਪੁਲਸੀ ਕੰਟਰੋਲ ਸਥਾਪਤ ਕੀਤਾ ਗਿਆ, ਜਿਨ੍ਹਾਂ ਨੂੰ ਨਸਲੀ ਭੇਦਭਾਵ ਦਾ ਸ਼ਿਕਾਰ ਬਣਾਇਆ ਗਿਆ ਅਤੇ ਜਿਨ੍ਹਾਂ ਨੂੰ 'ਬਾਹਰਲੇ' ਕਿਹਾ ਗਿਆ।

ਅੱਜ ਉਹੀ 'ਬਾਹਰਲੇ' ਲੋਕ ਫਰਾਂਸ ਦਾ ਕੇਂਦਰ ਬਣ ਚੁੱਕੇ ਹਨ।

ਪੁਰਾਣਾ ਸਾਮਰਾਜ ਕਿਰਤ ਤਾਂ ਚਾਹੁੰਦਾ ਸੀ, ਪਰ ਬਰਾਬਰੀ ਨਹੀਂ। ਬਸਤੀ ਤਾਂ ਚਾਹੁੰਦਾ ਸੀ, ਪਰ ਨਾਗਰਿਕਤਾ ਨਹੀਂ। ਸਾਧਨ ਤਾਂ ਚਾਹੁੰਦਾ ਸੀ, ਪਰ ਇਤਿਹਾਸ ਦੀ ਯਾਦ ਨਹੀਂ। ਸੱਭਿਆਚਾਰ ਤਾਂ ਚਾਹੁੰਦਾ ਸੀ, ਪਰ ਨਿਆਂ ਨਹੀਂ। ਫੁੱਟਬਾਲ ਨੇ ਇਸ ਪੂਰੀ ਵਿਵਸਥਾ ਨੂੰ ਬੇਕਿਰਕੀ ਨਾਲ ਉਲਟਾ ਦਿੱਤਾ ਹੈ। ਅੱਜ ਗ਼ੁਲਾਮ ਬਸਤੀਆਂ ਰਹੇ ਲੋਕਾਂ ਦੀਆਂ ਔਲਾਦਾਂ 'ਲਾ ਮਾਰਸੇਯੇਜ਼' ਗਾਉਂਦੀਆਂ ਹਨ, ਫਰਾਂਸ ਦੀ ਨੀਲੀ ਜਰਸੀ ਪਹਿਨਦੀਆਂ ਹਨ, ਟਰਾਫੀਆਂ ਜਿੱਤਦੀਆਂ ਹਨ, ਪੈਨਲਟੀ ਲੈਂਦੀਆਂ ਹਨ, ਨਸਲਵਾਦੀ ਗਾਲ੍ਹਾਂ ਸਹਿੰਦੀਆਂ ਹਨ ਅਤੇ ਫਿਰ ਵੀ ਉਸ ਗਣਰਾਜ ਨੂੰ ਉਸਦੀ ਆਪਣੀ ਸੰਕੀਰਨ ਸਵੈ-ਕਲਪਨਾ ਤੋਂ ਬਾਹਰ ਕੱਢਦੀਆਂ ਹਨ।

ਇਹ ਵਿਡੰਬਨਾ ਚਿੰਨ੍ਹਾਤਮਕ ਨਹੀਂ ਹੈ। ਇਹ ਇਤਿਹਾਸ ਦੀ ਵਿਡੰਬਨਾ ਹੈ।

ਇੰਗਲੈਂਡ ਦੀ ਕਹਾਣੀ ਵੀ ਹੁਣ ਕਥਿਤ 'ਟਾਪੂ-ਪਵਿੱਤਰਤਾ' (**ਇਸਲਅਨਦ ਫੁਰਟਿ**) ਦੀ ਮਿੱਥ ਨਾਲ ਨਹੀਂ ਸਮਝੀ ਜਾ ਸਕਦੀ। ਅੱਜ ਇੰਗਲੈਂਡ ਦੀਆਂ ਫੁੱਟਬਾਲ ਸਬੰਧੀ ਉਮੀਦਾਂ ਬੁਕਾਯੋ ਸਾਕਾ, ਜੂਡ ਬੇਲਿੰਗਹੈਮ, ਮਾਰਕਸ ਰੈਸ਼ਫੋਰਡ, ਏਬੇਰੇਚੀ ਏਜ਼ੇ, ਕੋਬੀ ਮੈਨੂ, ਨੋਨੀ ਮਾਡੂਏਕੇ, ਮਾਰਕ ਗੁਏਹੀ, ਏਜ਼ਰੀ ਕੌਨਸਾ, ਇਵਾਨ ਟੋਨੀ, ਜੇਡ ਸਪੈਂਸ ਅਤੇ ਅਨੇਕ ਹੋਰ ਖਿਡਾਰੀਆਂ ਦੇ ਪੈਰਾਂ ਉੱਤੇ ਦੌੜਦੀਆਂ ਹਨ। ਇਨ੍ਹਾਂ ਵਿਚੋਂ ਕੁਝ ਅਫਰੀਕੀ ਜਾਂ ਕੈਰੇਬੀਆਈ ਮੂਲ ਦੇ ਹਨ। ਕੁਝ ਪ੍ਰਵਾਸੀ ਪਰਿਵਾਰਾਂ ਤੋਂ ਆਉਂਦੇ ਹਨ। ਕੁਝ ਅਜਿਹੇ ਨਾਮ ਅਤੇ ਇਤਿਹਾਸ ਆਪਣੇ ਨਾਲ ਲੈ ਕੇ ਚੱਲਦੇ ਹਨ ਜਿਨ੍ਹਾਂ ਨੂੰ ਕਦੇ 'ਅੰਗਰੇਜ਼ੀਅਤ' (**ੲਨਗਲਸਿਹਨੲਸਸ**) ਦੇ ਘੇਰੇ ਤੋਂ ਬਾਹਰ ਰਹਿਣ ਲਈ ਕਿਹਾ ਗਿਆ ਸੀ। ਪਰ ਅੱਜ ਇਨ੍ਹਾਂ ਤੋਂ ਬਿਨਾਂ ਇੰਗਲੈਂਡ ਵਿਸ਼ਵ ਕੱਪ ਜਿੱਤਣ ਦਾ ਦਾਅਵੇਦਾਰ ਨਹੀਂ ਰਹਿ ਜਾਂਦਾ। ਉਹ ਮਹਿਜ਼ ਚਿੱਟੀ ਜਰਸੀ ਵਿਚ ਲਪੇਟੀ ਹੋਈ ਪੁਰਾਣੀ ਯਾਦ (**ਨੋਸਟਅਲਗਿਅ**) ਬਣ ਕੇ ਰਹਿ ਜਾਂਦਾ ਹੈ। ਅਤੇ ਫਿਰ ਧਰਮ ਦਾ ਸਵਾਲ ਵੀ ਹੈ। ਯੂਰਪ, ਜੋ ਅੱਜ ਵੀ ਆਪਣੇ ਆਪ ਨੂੰ ਈਸਾਈ ਸਭਿਅਤਾਗਤ ਖੇਤਰ (**ਛਹਰਸਿਟਅਿਨ ਛਵਿਲਿਸਿਅਟੋਨਿਅਲ ਪ਼ਅਚੲ**) ਦੇ ਰੂਪ ਵਿਚ ਦੇਖਣਾ ਪਸੰਦ ਕਰਦਾ ਹੈ, ਹੁਣ ਆਪਣੇ ਫੁੱਟਬਾਲ ਦੇ ਭਵਿੱਖ ਨੂੰ ਮੁਸਲਮਾਨ, ਪ੍ਰਵਾਸੀ ਅਤੇ ਘੱਟਗਿਣਤੀ ਭਾਈਚਾਰਿਆਂ ਦੇ ਇਤਿਹਾਸਾਂ ਦੁਆਰਾ ਗਹਿਰਾਈ ਨਾਲ ਘੜੇ-ਤਰਾਸ਼ੇ ਜਾਂਦੇ ਦੇਖਦਾ ਹੈ।

ਸਪੇਨ ਦਾ ਲਾਮੀਨ ਯਾਮਾਲ ਇਸਦੀ ਸਭ ਤੋਂ ਚਮਕੀਲੀ ਮਿਸਾਲ ਹੈ। ਕੈਟਾਲੋਨੀਆ ਵਿਚ ਜੰਮੇ ਯਾਮਾਲ ਦੇ ਪਿਤਾ ਮੋਰਾਕੋ 'ਤੋਂ ਹਨ ਅਤੇ ਉਨ੍ਹਾਂ ਦੀ ਮਾਂ ਇਕਵੇਟੋਰੀਅਲ ਗਿਨੀ 'ਤੋਂ ਹੈ। ਉਹ ਵਿਸ਼ਵ ਫੁੱਟਬਾਲ ਦੀਆਂ ਸਭ ਤੋਂ ਵਿਲੱਖਣ ਨੌਜਵਾਨ ਪ੍ਰਤਿਭਾਵਾਂ ਵਿਚੋਂ ਇੱਕ ਹੈ। ਉਸ ਦੀ ਮੌਜੂਦਗੀ ਹੀ ਪੁਰਾਣੀ ਪਛਾਣ-ਪ੍ਰਣਾਲੀ ਨੂੰ ਚੁਣੌਤੀ ਦਿੰਦੀ ਹੈ। ਕੀ ਉਹ ਸਪੇਨੀ ਹੈ? ਹਾਂ। ਕੀ ਉਸ ਦੀ ਖ਼ਾਨਦਾਨੀ ਪਰੰਪਰਾ ਅਫਰੀਕੀ ਹੈ? ਹਾਂ। ਕੀ ਉਹ ਪ੍ਰਵਾਸੀ ਸੰਘਰਸ਼ਾਂ ਦੀ ਔਲਾਦ ਹੈ? ਹਾਂ। ਕੀ ਉਸ ਨੂੰ ਇਨ੍ਹਾਂ ਇਤਿਹਾਸਾਂ ਵਿਚੋਂ ਸਿਰਫ਼ ਇੱਕ ਨੂੰ ਚੁਣਨਾ ਚਾਹੀਦਾ ਹੈ? ਨਹੀਂ।

ਇਹੀ ਉਹ ਗੱਲ ਹੈ ਜੋ ਫੁੱਟਬਾਲ ਅੱਜ ਯੂਰਪ ਨੂੰ ਸਿਖਾ ਰਿਹਾ ਹੈ— ਪਛਾਣ ਕੋਈ ਜੇਲ੍ਹ ਨਹੀਂ ਹੈ। ਉਹ ਅਜਿਹੀ ਨਦੀ ਹੈ, ਜਿਸਨੂੰ ਬੰਨ੍ਹ ਮਾਰ ਕੇ ਹਮੇਸ਼ਾ ਲਈ ਕੈਦ ਨਹੀਂ ਰੱਖਿਆ ਜਾ ਸਕਦਾ। ਇੰਗਲੈਂਡ ਦੀ ਟੀਮ ਵਿਚ ਜੇਡ ਸਪੈਂਸ ਦਾ ਇੱਕ ਮੁਸਲਮਾਨ ਨੁਮਾਇੰਦੇ ਦੇ ਰੂਪ ਵਿਚ ਉੱਭਰਨਾ ਮਹਿਜ਼ ਖੇਡ ਨਾਲ ਜੁੜੀ ਰੋਚਕ ਜਾਣਕਾਰੀ ਨਹੀਂ ਹੈ। ਇਹ ਇੱਕ ਰਾਜਨੀਤਿਕ ਤਸਵੀਰ ਹੈ। ਇੱਕ ਅਜਿਹੇ ਮੁਲਕ ਦੀ ਰਾਸ਼ਟਰੀ ਟੀਮ ਵਿਚ ਇੱਕ ਮੁਸਲਮਾਨ ਖਿਡਾਰੀ, ਜਿੱਥੇ ਇਸਲਾਮੀ ਹਊਏ ਨੂੰ ਅਖ਼ਬਾਰਾਂ, ਰਾਜਨੇਤਾਵਾਂ ਅਤੇ ਸੜਕ ਉੱਤੇ ਫੈਲੇ ਨਸਲਵਾਦ ਨੇ ਆਮ ਬਣਾ ਦਿੱਤਾ ਹੈ। ਇੱਕ ਅਜਿਹਾ ਖਿਡਾਰੀ, ਜਿਸਦਾ ਪਿਛੋਕੜ ਘੱਟਗਿਣਤੀ ਹੈ, ਉਸ ਮੁਲਕ ਦੀ ਜਰਸੀ ਪਹਿਨ ਰਿਹਾ ਹੈ ਜੋ ਅੱਜ ਵੀ ਇਹ ਸਵੀਕਾਰ ਕਰਨ ਲਈ ਸੰਘਰਸ਼ ਕਰ ਰਿਹਾ ਹੈ ਕਿ ਉਸਦੇ ਸਾਮਰਾਜ ਨੇ ਦੁਨੀਆ ਨਾਲ ਕੀ ਕੀਤਾ ਸੀ।

ਇਹ ਮਹਿਜ਼ ਦਿਖਾਵੇ ਦੀ ਵੰਨ-ਸੁਵੰਨਤਾ ਨਹੀਂ ਹੈ। ਇਹ ਨਵੀਂ ਜਨਸੰਖਿਆਤਮਕ ਸੱਚਾਈ ਹੈ, ਜੋ ਪੁਰਾਣੇ ਕੌਮਵਾਦੀ ਝੂਠ ਨੂੰ ਤੋੜਦੀ ਹੋਈ ਸਾਹਮਣੇ ਆ ਰਹੀ ਹੈ।

ਜਰਮਨੀ ਦੀ ਕਹਾਣੀ ਵੀ ਇਸੇ ਤਰ੍ਹਾਂ ਅੱਗੇ ਵਧਦੀ ਹੈ। ਅੰਤੋਨੀਓ ਰੂਡੀਗਰ, ਜਮਾਲ ਮੁਸਿਆਲਾ, ਮਲਿਕ ਥਿਆਵ, ਪਹਿਲੀਆਂ ਟੀਮਾਂ ਵਿਚ ਕਰੀਮ ਅਦੇਯੇਮੀ ਅਤੇ ਹੁਣ ਕੁਰਦ-ਯਜ਼ੀਦੀ ਵਿਰਾਸਤ ਵਾਲੇ ਜਰਮਨੀ ਵਿਚ ਜੰਮੇ ਖਿਡਾਰੀ ਡੇਨਿਜ਼ ਉਨਦਾਵ ਇਹ ਸਾਬਤ ਕਰਦੇ ਹਨ ਕਿ ਜਰਮਨੀ ਦੀ ਫੁੱਟਬਾਲ ਟੀਮ ਹੁਣ ਉਸਦੇ ਅਤੀਤ ਦੀ ਉਸ 'ਆਰੀਅਨ ਪਵਿੱਤਰਤਾ' ਵਾਲੀ ਹਨੇਰੀ ਮਿੱਥ ਦੀ ਨੁਮਾਇੰਦਗੀ ਨਹੀਂ ਕਰਦੀ।

ਉਨਦਾਵ ਦੀ ਕਹਾਣੀ ਵਿਸ਼ੇਸ਼ ਤੌਰ ਉੱਤੇ ਭਾਵੁਕ ਕਰਨ ਵਾਲੀ ਹੈ। ਇੱਕ ਸਤਾਏ ਗਏ ਯਜ਼ੀਦੀ ਸ਼ਰਨਾਰਥੀ ਪਰਿਵਾਰ ਦੇ ਪੁੱਤਰ ਦੇ ਰੂਪ ਵਿਚ ਉਹ ਅੱਜ ਜਰਮਨੀ ਲਈ ਖੇਡਦਾ ਹੈ ਅਤੇ ਲੰਮੇ ਸਮੇਂ ਤੋਂ ਅੱਤਿਆਚਾਰ ਝੱਲ ਰਹੇ ਵਤਨ-ਵਿਹੂਣੇ ਪੀੜਤ ਭਾਈਚਾਰੇ ਦੇ ਸਨਮਾਨ ਦਾ ਚਿੰਨ੍ਹ ਬਣ ਗਿਆ ਹੈ। ਇਹ ਉਹ ਕੰਮ ਹੈ ਜੋ ਫੁੱਟਬਾਲ ਕਰ ਰਿਹਾ ਹੈ, ਜਦੋਂ ਕਿ ਪਾਰਲੀਮੈਂਟਾਂ ਅਕਸਰ ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ ਯਾਨੀ ਅਦਿੱਖ ਲੋਕਾਂ ਨੂੰ ਦਿਸਣਯੋਗ ਬਣਾਉਣਾ।

ਬੈਲਜੀਅਮ ਦੀ ਕਹਾਣੀ ਵੀ ਉਨੀ ਹੀ ਪ੍ਰਭਾਵਸ਼ਾਲੀ ਹੈ। ਜੇਰੇਮੀ ਡੋਕੂ, ਰੋਮੇਲੂ ਲੁਕਾਕੂ, ਅਮਾਦੂ ਓਨਾਨਾ, ਡੋਡੀ ਲੁਕੇਬਾਕੀਓ, ਯੂਰੀ ਟੀਲੇਮਾਂਸ ਅਤੇ ਅਨੇਕ ਹੋਰ ਖਿਡਾਰੀ ਅਜਿਹੇ ਮੁਲਕ ਦੀ ਨੁਮਾਇੰਦਗੀ ਕਰਦੇ ਹਨ ਜਿਸਦੀ ਖ਼ੁਸ਼ਹਾਲੀ ਇਤਿਹਾਸਕ ਤੌਰ 'ਤੇ ਕਾਂਗੋ ਅਤੇ ਪੂਰੇ ਅਫਰੀਕਾ ਦੀ ਬੇਕਿਰਕ ਲੁੱਟਖਸੁੱਟ ਨਾਲ ਜੁੜੀ ਰਹੀ ਹੈ। ਅੱਜ ਬੈਲਜੀਅਮ ਦੇ ਫੁੱਟਬਾਲ ਦੇ ਗੌਰਵ ਨੂੰ ਅਫਰੀਕੀ ਮੂਲ ਦੇ ਖਿਡਾਰੀਆਂ ਤੋਂ ਵੱਖ ਕਰਕੇ ਸੋਚਿਆ ਹੀ ਨਹੀਂ ਜਾ ਸਕਦਾ। ਜਿਨ੍ਹਾਂ ਲੋਕਾਂ ਦੇ ਪੁਰਖੇ ਕਦੇ ਗ਼ੁਲਾਮ ਬਸਤੀ ਬਣਾਏ ਗਏ, ਨਸਲੀ ਭੇਦਭਾਵ ਦੇ ਸ਼ਿਕਾਰ ਹੋਏ ਅਤੇ ਜਿਨ੍ਹਾਂ ਨੂੰ ਹੀਣ ਸਮਝਿਆ ਗਿਆ, ਅੱਜ ਉਨ੍ਹਾਂ ਨੇ ਉਸ ਮੁਲਕ ਦਾ ਝੰਡਾ ਚੁੱਕਿਆ ਹੋਇਆ ਹੈ ਜੋ ਕਦੇ ਬਸਤੀਵਾਦੀ ਕਰੂਰਤਾ ਤੋਂ ਮੁਨਾਫ਼ੇ ਕਮਾਉਂਦਾ ਰਿਹਾ ਹੈ।

ਇਤਿਹਾਸ ਦਾ ਖੱਬਾ ਪੈਰ ਵੀ ਅਜੀਬ ਢੰਗ ਨਾਲ ਗੇਂਦ ਨੂੰ ਮੋੜਾ ਦੇ ਦਿੰਦਾ ਹੈ।

ਨੀਦਰਲੈਂਡ, ਸਵਿਟਜ਼ਰਲੈਂਡ, ਸਵੀਡਨ ਅਤੇ ਪੁਰਤਗਾਲ ਵੀ ਹੁਣ ਸੱਭਿਆਚਾਰਕ ਤੌਰ ਉੱਤੇ ਬੰਦ ਯੂਰਪੀ ਟੀਮਾਂ ਨਹੀਂ ਰਹਿ ਗਈਆਂ ਹਨ। ਉਹ ਪ੍ਰਵਾਸ, ਸਾਮਰਾਜਵਾਦ, ਕਿਰਤ ਅਤੇ ਸ਼ਰਣ ਦੀਆਂ ਕਹਾਣੀਆਂ ਤੋਂ ਬਣੀਆਂ ਟੀਮਾਂ ਹਨ। ਵਰਜਿਲ ਫਾਨ ਡਾਈਕ, ਕੋਡੀ ਗਾਕਪੋ, ਜ਼ਾਵੀ ਸਿਮੋਂਨਸ, ਡੈਂਜ਼ੇਲ ਡਮਫਰੀਜ਼, ਮੈਨੂਅਲ ਅਕਾਂਜੀ, ਬ੍ਰੀਲ ਐਮਬੋਲੋ, ਅਲੈਕਜ਼ੈਂਡਰ ਇਸਾਕ, ਰਾਫਾਏਲ ਲਿਆਓ, ਨੂਨੋ ਮੈਂਡੇਸ, ਦਾਨੀਲੋ ਪਰੇਰਾ ਅਤੇ ਅਨੇਕ ਹੋਰ ਖਿਡਾਰੀ ਸਾਨੂੰ ਇਹ ਚੇਤੇ ਕਰਾਉਂਦੇ ਹਨ ਕਿ ਯੂਰਪ ਦੀ ਫੁੱਟਬਾਲ ਸਮਰੱਥਾ ਕਿਸੇ ਨਸਲੀ ਪਵਿੱਤਰਤਾ ਦੀ ਦੇਣ ਨਹੀਂ ਹੈ, ਸਗੋਂ ਬਹੁਲਤਾਵਾਦ ਦੀ ਉਪਜ ਹੈ।

ਉੱਤਰੀ ਅਮਰੀਕਾ ਵੀ ਇਹੀ ਕਹਾਣੀ ਕਹਿੰਦਾ ਹੈ, ਬਸ ਉਸਦੀ ਭਾਸ਼ਾ ਕੁਝ ਵੱਖਰੀ ਹੈ। ਸੰਯੁਕਤ ਰਾਜ ਅਮਰੀਕਾ ਦੀ ਰਾਸ਼ਟਰੀ ਟੀਮ ਕਿਸੇ 'ਗੋਰੀ ਅਮਰੀਕੀ' ਕਹਾਣੀ ਦਾ ਨਾਮ ਨਹੀਂ ਹੈ। ਹਾਂ, ਉਸ ਵਿਚ ਈਸਾਈ ਪੁਲੀਸਿਕ ਹਨ, ਪਰ ਉਸਦੇ ਨਾਲ ਟਿਮ ਵੇਆ, ਵੈਸਟਨ ਮੈਕੇਨੀ, ਟਾਇਲਰ ਐਡਮਜ਼, ਫੋਲਾਰਿਨ ਬਾਲੋਗੁਨ, ਹਾਜੀ ਰਾਈਟ, ਮਲਿਕ ਟਿਲਮੈਨ, ਸਰਜੀਨੋ ਡੇਸਟ, ਐਂਟੋਨੀ ਰੌਬਿਨਸਨ, ਕ੍ਰਿਸ ਰਿਚਰਡਜ਼, ਮਾਰਕ ਮੈਕੈਂਜ਼ੀ, ਮਾਈਲਜ਼ ਰੌਬਿਨਸਨ, ਆਸਟਨ ਟ੍ਰਸਟੀ, ਰਿਕਾਰਡੋ ਪੇਪੀ ਅਤੇ ਅਲੇਜਾਂਦਰੋ ਜ਼ੈਂਦੇਖਾਸ ਵਰਗੇ ਖਿਡਾਰੀ ਵੀ ਹਨ।

ਇਹ ਟੀਮ ਕਾਲੇ ਅਮਰੀਕਾ, ਅਫਰੀਕੀ ਪ੍ਰਵਾਸ, ਕੈਰੇਬੀਆਈ ਮਾਰਗਾਂ, ਲਾਤੀਨੀ ਅਮਰੀਕੀ ਇਤਿਹਾਸਾਂ, ਮਿਸ਼ਰਤ ਪਰਿਵਾਰਾਂ ਅਤੇ ਲਗਾਤਾਰ ਹੋ ਰਹੇ ਮਾਨਵੀ ਆਵਾਗਮਨ ਦੀਆਂ ਔਲਾਦਾਂ ਦੀ ਕਹਾਣੀ ਹੈ। ਇੱਕ ਅਜਿਹੇ ਮੁਲਕ ਵਿਚ, ਜਿੱਥੇ ਨਸਲਵਾਦ ਅੱਜ ਵੀ ਢਾਂਚਾਗਤ ਹੈ ਅਤੇ ਪੁਲਸੀ ਹਿੰਸਾ ਅਜੇ ਵੀ ਰਾਜਨੀਤਿਕ ਸਵਾਲ ਬਣੀ ਹੋਈ ਹੈ, ਉੱਥੋਂ ਦੀ ਕੌਮੀ ਫੁੱਟਬਾਲ ਟੀਮ ਚੁੱਪ-ਚਾਪ ਉਸ ਅਮਰੀਕਾ ਦੀ ਝਲਕ ਦਿਖਾਉਂਦੀ ਹੈ ਜੋ ਗਣਰਾਜ ਹੁਣ ਤੱਕ ਪੂਰੀ ਤਰ੍ਹਾਂ ਬਣ ਨਹੀਂ ਪਾਇਆ ਹੈ। ਸੰਖੇਪ ਵਿਚ ਕਹੀਏ ਤਾਂ, ਫੀਫਾ ਵਿਸ਼ਵ ਕੱਪ ਵਿਚ ਸੰਯੁਕਤ ਰਾਜ ਅਮਰੀਕਾ ਦੀ ਫੁੱਟਬਾਲ ਟੀਮ ਹਰ ਉਸ ਚੀਜ਼ ਦਾ ਪ੍ਰਤੱਖ ਖੰਡਨ ਕਰਦੀ ਹੈ, ਜਿਸਦੇ ਦੇ ਹੱਕ ਵਿਚ ਡੋਨਾਲਡ ਟਰੰਪ ਅਤੇ ਜੜ੍ਹ ਫੜ ਚੁੱਕੀ ਰਿਪਬਲਿਕਨ ਰਾਜਨੀਤੀ ਖੜ੍ਹੀ ਦਿਖਾਈ ਦਿੰਦੀ ਹੈ। ਜਿਵੇਂ ਘਾਹ ਦੇ ਮੈਦਾਨ ਉੱਤੇ ਹੀ ਉਨ੍ਹਾਂ ਦੀ ਰਾਜਨੀਤੀ ਹਾਰ ਰਹੀ ਹੋਵੇ।

ਕੈਨੇਡਾ ਦੀ ਕਹਾਣੀ ਵੀ ਵੱਖਰੀ ਨਹੀਂ ਹੈ। ਘੁੰਗਰਾਲੇ ਵਾਲਾਂ ਵਾਲੇ ਇਨ੍ਹਾਂ ਖਿਡਾਰੀਆਂ ਤੋਂ ਬਿਨਾਂ ਅੱਜ ਕੈਨੇਡਾ ਦੀ ਕੌਮੀ ਟੀਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। 2026 ਫੀਫਾ ਵਿਸ਼ਵ ਕੱਪ ਵਿਚ ਅੰਤਿਮ-16 ਰਾਊਂਡ ਵਿਚ ਪਹੁੰਚਣ ਵਾਲੀ ਪਹਿਲੀ ਟੀਮ ਬਣਨ ਵਾਲਾ ਕੈਨੇਡਾ, ਅਲਫੋਂਸੋ ਡੇਵਿਸ, ਜੋਨਾਥਨ ਡੇਵਿਡ, ਇਸਮਾਏਲ ਕੋਨੇ, ਤਾਜੋਨ ਬ੍ਰਕੈਨਨ, ਮੋਇਜ਼ ਬੋਮਬਿਟੋ, ਅਲੀ ਅਹਿਮਦ, ਕਾਈਲ ਲਾਰਿਨ, ਤਾਨੀ ਓਲੁਵਾਸੇਈ, ਪ੍ਰੋਮਿਸ ਡੇਵਿਡ ਅਤੇ ਅਨੇਕ ਹੋਰ ਖਿਡਾਰੀਆਂ ਤੋਂ ਬਿਨਾਂ ਕੁਝ ਵੀ ਨਹੀਂ ਹੈ। ਇਹ ਅਜਿਹਾ ਮੁਲਕ ਹੈ ਜਿਸਦੀ ਫੁੱਟਬਾਲ ਵਿਚ ਤਰੱਕੀ ਕਾਲੇ, ਕੈਰੇਬੀਆਈ, ਅਫਰੀਕੀ ਅਤੇ ਪ੍ਰਵਾਸੀ ਮੂਲ ਦੇ ਖਿਡਾਰੀਆਂ ਦੀ ਪ੍ਰਤਿਭਾ ਉੱਤੇ ਆਧਾਰਤ ਹੈ। ਮੈਦਾਨ ਉਪਰ ਦਿਖਾਈ ਦੇਣ ਵਾਲਾ ਨਵਾਂ ਕੈਨੇਡਾ, ਸੈਟਲਰ ਬਸਤੀਵਾਦ ਦੇ ਉਸ ਪੁਰਾਣੇ ਅਤੇ ਸਵੈ-ਸੰਤੁਸ਼ਟ ਅਕਸ ਤੋਂ ਕਿਤੇ ਅੱਗੇ ਨਿਕਲ ਚੁੱਕਾ ਹੈ, ਜੋ ਆਪਣੇ ਆਪ ਨੂੰ ਨਿਰਦੋਸ਼ ਮੰਨਦਾ ਸੀ।

ਇਹੀ ਕਾਰਨ ਹੈ ਕਿ ਫੁੱਟਬਾਲ ਰਾਜਨੀਤਿਕ ਹੈ—ਅਤੇ ਸ਼ਾਇਦ ਦੁਨੀਆ ਦੀ ਸਭ ਤੋਂ ਰਾਜਨੀਤਿਕ ਖੇਡ ਵੀ।

ਇਸ ਲਈ ਨਹੀਂ ਕਿ ਖਿਡਾਰੀਆਂ ਨੂੰ ਐਲਾਨਨਾਮੇ ਜਾਰੀ ਕਰਨੇ ਚਾਹੀਦੇ ਹਨ। ਸਗੋਂ ਇਸ ਲਈ ਕਿ ਉਨ੍ਹਾਂ ਦੇ ਜਿਸਮ ਆਪਣੇ ਆਪ ਵਿਚ ਇਤਿਹਾਸ ਨੂੰ ਲੈ ਕੇ ਚੱਲਦੇ ਹਨ। ਐਮਬਾਪੇ ਦੀ ਹਰ ਤੇਜ਼ ਦੌੜ, ਯਾਮਾਲ ਦੀ ਹਰ ਡ੍ਰਿਬਲਿੰਗ, ਰੂਡੀਗਰ ਦਾ ਹਰ ਟੈਕਲ, ਸਾਕਾ ਦਾ ਹਰ ਹਮਲਾ, ਡੋਕੂ ਦੀ ਹਰ ਰਫ਼ਤਾਰ ਅਤੇ ਮੈਨਾਨ ਦਾ ਹਰ ਸ਼ਾਨਦਾਰ ਬਚਾਅ—ਜਿਨ੍ਹਾਂ ਉੱਤੇ ਕੌਮਵਾਦੀ ਦਰਸ਼ਕ ਤਾੜੀਆਂ ਵਜਾਉਂਦੇ ਹਨ—ਦਰਅਸਲ ਨਸਲ, ਸਾਮਰਾਜ, ਜਿੱਤ, ਅਪਣੱਤ ਅਤੇ ਕੌਮ ਦੀ ਧਾਰਨਾ ਉੱਤੇ ਜਿਉਂਦੀ-ਜਾਗਦੀ ਟਿੱਪਣੀ ਵੀ ਹੁੰਦੀ ਹੈ। ਇਹ ਬਸਤੀਵਾਦ ਦੇ ਵਿਰੁੱਧ ਲਿਖੀ ਗਈ ਇੱਕ ਕਵਿਤਾ ਹੈ— ਲਹੂ ਅਤੇ ਪਸੀਨੇ ਨਾਲ ਲਿਖੀ ਗਈ ਕਵਿਤਾ।

ਸੱਜੇਪੱਖੀ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਕਰਕੇ ਜਿਵੇਂ ਹੀ ਇਨ੍ਹਾਂ ਖਿਡਾਰੀਆਂ ਤੋਂ ਕਿਸੇ ਪੈਨਲਟੀ ਦਾ ਨਿਸ਼ਾਨਾ ਖੁੰਝ ਜਾਂਦਾ ਹੈ, ਉਨ੍ਹਾਂ ਉੱਤੇ ਸਭ ਤੋਂ ਪਹਿਲਾਂ ਸੱਜੇਪੱਖੀ ਹਮਲਾ ਕਰਦੇ ਹਨ। ਉਹ ਗੋਲ ਕਰ ਦੇਣ ਤਾਂ ਫਰਾਂਸੀਸੀ ਕਹਾਉਂਦੇ ਹਨ। ਨਿਸ਼ਾਨਾ ਖੁੰਝ ਜਾਵੇ ਤਾਂ ਅਫਰੀਕੀ ਜਾਂ ਅਰਬ ਬਣਾ ਦਿੱਤੇ ਜਾਂਦੇ ਹਨ। ਉਹ ਜਿੱਤ ਦਿਵਾਉਣ ਤਾਂ ਅੰਗਰੇਜ਼ ਹੁੰਦੇ ਹਨ। ਹਾਰ ਜਾਣ ਤਾਂ 'ਪ੍ਰਵਾਸੀ' ਕਹੇ ਜਾਂਦੇ ਹਨ। ਉਹ ਬੈਲਜੀਅਮ ਲਈ ਸ਼ਾਨਦਾਰ ਡ੍ਰਿਬਲਿੰਗ ਕਰਨ ਤਾਂ ਬੈਲਜੀਅਨ ਹਨ। ਪਰ ਜਿਉਂ ਹੀ ਉਹ ਸਨਮਾਨ ਅਤੇ ਬਰਾਬਰੀ ਦੀ ਮੰਗ ਕਰਨ, ਉਨ੍ਹਾਂ ਨੂੰ 'ਕਾਂਗੋਲੀ' ਕਹਿ ਕੇ ਵੱਖਰੇ ਕਰ ਦਿੱਤਾ ਜਾਂਦਾ ਹੈ। ਨਸਲਵਾਦੀ ਜ਼ਿਹਨੀਅਤ ਚਾਹੁੰਦੀ ਹੈ ਕਿ ਘੱਟਗਿਣਤੀ ਭਾਈਚਾਰਿਆਂ ਦੇ ਜਿਸਮ ਕੌਮੀ ਗੌਰਵ ਤਾਂ ਪੈਦਾ ਕਰਨ, ਪਰ ਕੌਮੀ ਬਰਾਬਰੀ ਦਾ ਦਾਅਵਾ ਹਰਗਿਜ਼ ਨਾ ਕਰਨ।

ਪਰ ਫੁੱਟਬਾਲ ਇਸ ਸੌਦੇ ਨੂੰ ਲਗਾਤਾਰ ਹਰਾ ਰਿਹਾ ਹੈ। ਗ਼ੁਲਾਮ ਰਹੇ ਲੋਕ ਹੁਣ ਸਿਰਫ਼ ਪ੍ਰਵੇਸ਼ ਦੀ ਮੰਗ ਨਹੀਂ ਕਰ ਰਹੇ। ਉਨ੍ਹਾਂ ਦੀਆਂ ਔਲਾਦਾਂ ਦੇ ਹੱਥਾਂ ਵਿਚ ਹੁਣ ਚਾਬੀਆਂ ਹਨ। ਉਹ ਯੂਰਪ ਦੇ ਘਰ ਵਿਚ ਮਹਿਮਾਨ ਨਹੀਂ ਹਨ। ਉਹ ਉਸ ਘਰ ਦਾ ਪੁਨਰ-ਨਿਰਮਾਣ ਕਰ ਰਹੇ ਹਨ। ਉਹ ਕਿਸੇ ਦੀ ਦਇਆ ਜਾਂ ਉਦਾਰਤਾ ਦੇ ਚਿੰਨ੍ਹ ਨਹੀਂ ਹਨ। ਉਹ ਕੌਮੀ ਗੌਰਵ ਦੇ ਉਸਰੱਈਏ ਹਨ। ਨਸਲਵਾਦੀ ਜਿਸ ਤਰ੍ਹਾਂ ਉਨ੍ਹਾਂ ਨੂੰ ਪਤਨ ਦਾ ਸਬੂਤ ਦੱਸਦੇ ਹਨ, ਉਹ ਉਸਦੇ ਉਲਟ ਹਨ। ਉਹ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹਨ ਕਿ ਬਹੁਲਤਾਵਾਦ ਕੰਮ ਕਰਦਾ ਹੈ।

ਇਸ ਲਈ ਇਹ ਵਿਸ਼ਵ ਕੱਪ ਸਿਰਫ਼ ਗਲੋਬਲੀ ਅਤੇ ਚਮਕ-ਦਮਕ ਨਾਲ ਭਰਿਆ ਹੋਇਆ ਟੂਰਨਾਮੈਂਟ ਨਹੀਂ ਹੈ। ਇਹ ਆਧੁਨਿਕ ਇਤਿਹਾਸ ਦੀ ਲੋਕਾਈ ਦੁਆਰਾ ਕੀਤੀ ਗਈ ਮਰਦਮਸ਼ੁਮਾਰੀ ਹੈ—ਇੱਕ ਅਜਿਹੀ ਮਰਦਮਸ਼ੁਮਾਰੀ, ਜੋ ਸੈਟਲਰ ਬਸਤੀਵਾਦ ਦੀ ਅਗਿਆਨਤਾ ਅਤੇ ਮਿੱਥਾਂ ਦੇ ਵਿਰੁੱਧ ਸੀਨਾ ਤਾਣ ਕੇ ਖੜ੍ਹੀ ਹੈ। ਇਹ ਸਾਨੂੰ ਦੱਸਦੀ ਹੈ ਕਿ— ਕੋਈ ਵੀ ਕੌਮ ਪਵਿੱਤਰ ਨਹੀਂ ਹੁੰਦੀ। ਕੋਈ ਵੀ ਝੰਡਾ ਪੂਰੀ ਤਰ੍ਹਾਂ ਨਿਰਦੋਸ਼ ਨਹੀਂ ਹੁੰਦਾ। ਕੋਈ ਵੀ ਕੌਮੀ-ਤਰਾਨਾ ਕਿਸੇ ਇੱਕ ਨਸਲ ਦੀ ਜਾਗੀਰ ਨਹੀਂ ਹੁੰਦਾ। ਅਤੇ ਕੋਈ ਵੀ ਸਾਮਰਾਜ ਉਨ੍ਹਾਂ ਲੋਕਾਂ ਦੀਆਂ ਔਲਾਦਾਂ ਨੂੰ ਹਮੇਸ਼ਾ ਲਈ ਕਾਬੂ ਵਿਚ ਨਹੀਂ ਰੱਖ ਸਕਦਾ, ਜਿਨ੍ਹਾਂ ਉੱਤੇ ਉਸਨੇ ਕਦੇ ਰਾਜ ਕੀਤਾ ਸੀ। ਬਸਤੀਵਾਦ ਦੀਆਂ ਸਦੀਆਂ ਬਾਅਦ ਹੁਣ ਇਤਿਹਾਸ ਦਾ ਪਹੀਆ ਘੁੰਮ ਚੁੱਕਾ ਹੈ। ਗੇਂਦ ਵਾਪਸ ਉਨ੍ਹਾਂ ਵੱਲ ਹੀ ਲੁੜਕ ਆਈ ਹੈ। ਬਸਤੀਆਂ ਦੀਆਂ ਔਲਾਦਾਂ, ਪ੍ਰਵਾਸੀਆਂ ਦੀਆਂ ਔਲਾਦਾਂ, ਮੁਸਲਮਾਨਾਂ, ਅਫਰੀਕੀਆਂ, ਅਰਬਾਂ, ਏਸ਼ੀਆਈ, ਕੈਰੇਬੀਆਈ ਭਾਈਚਾਰਿਆਂ ਅਤੇ ਸ਼ਰਨਾਰਥੀਆਂ ਦੀਆਂ ਔਲਾਦਾਂ ਨੇ ਹੁਣ ਉਨ੍ਹਾਂ ਹੀ ਮੁਲਕਾਂ ਲਈ ਆਸ ਦਾ ਸੰਦੇਸ਼ ਬਣਨਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਨੇ ਕਦੇ ਉਨ੍ਹਾਂ ਨੂੰ ਹੀਣ ਸਮਝਿਆ ਸੀ।

ਅਤੇ ਉਹ ਇਹ ਸੰਦੇਸ਼ ਘੁਸਰ-ਮੁਸਰ ਕਰਕੇ ਨਹੀਂ ਦੇ ਰਹੇ। ਉਹ ਗੋਲ ਕਰ ਰਹੇ ਹਨ। ਉਹ ਦਹਾੜ ਰਹੇ ਹਨ। ਉਹ ਆਪਣੀ ਖੇਡ ਨਾਲ ਕਰੋੜਾਂ ਦਿਲ ਜਿੱਤ ਰਹੇ ਹਨ—ਠੀਕ ਉਵੇਂ ਹੀ, ਜਿਵੇਂ ਉਹ ਹਨ।

# ਫੁਟਬਾਲ ਵਰਲਡ ਕੱਪ -2026

## ਅਸੀਂ ਕਾਲੇ ਲੋਕ ਸਦੀਂਦੇ, ਕੋਹੇਤੂਰ ਪਹਾੜ ਦਾ ਸੁਰਮਾ ਕਾਲਾ, ਲੋਕੀਂ ਵਿਚ ਅੱਖੀਂ ਘਤੀਂਦੇ

ਕਿਸੇ ਅਕਲੋਂ ਅੰਨ੍ਹੇ ਬੰਦੇ ਨੇ ਮਜਨੂੰ ਨੂੰ ਮੇਹਣਾ ਮਾਰਿਆ ਕਿ ਤੇਰੀ ਲੈਲਾ ਰੰਗ ਦੀ ਕਾਲੀ ਹੈ। ਮਜਨੂੰ ਨੇ ਜੋ ਜਵਾਬ ਦਿੱਤਾ ਉਸਨੂੰ ਵੱਡੇ ਤੋਂ ਵੱਡੇ ਗਾਇਕ ਗਾ-ਗਾ ਸ਼ੋਹਰਤ ਦੀਆਂ ਝੋਲੀਆਂ ਭਰ ਚੁਕੇ ਨੇ ਤੇ ਭਰ ਰਹੇ ਨੇ। ਲੈਲਾ ਨੂੰ ਬੇਹੱਦ ਪਿਆਰ ਕਰਨ ਵਾਲੇ ਮਜਨੂੰ ਨੇ ਕਿਹਾ, ਭਲਿਆ ਮਾਣਸਾ ਤੇਰੇ ਕੋਲੇ ਤਾਂ ਉਹ ਅੱਖ ਹੀ ਨਹੀਂ ਜਿਹੜੀ ਉਹਦਾ ਰੰਗ ਪਛਾਣ ਸਕੇ- ਤੇਰੀ ਅੱਖ ਨਾ ਦੇਖਣ ਵਾਲੀ। ਇਸ ਤਰ੍ਹਾਂ ਦੀ ਬੇਅਕਲੀ ਫਾਸਿਸਟ ਤੇ ਵਹਿਸ਼ੀ ਬਿਰਤੀ ਦੇ ਮਾਲਕ ਹਿਟਲਰ ਨੇ ਵੀ ਵਿਖਾਈ ਸੀ। ਉਸਨੂੰ ਭਰਮ ਹੋ ਗਿਆ ਸੀ ਕੇ ਚਿੱਟੀ ਚਮੜੀ ਵਾਲੇ ਹੀ



**ਸਰਬਜੀਤ ਧਾਲੀਵਾਲ**
**ਫੋਨ: 98141-23338**

ਸਿਰਫ ਬੰਦੇ ਨੇ ਤੇ ਬਾਕੀ ਸਾਰੀ ਦੁਨੀਆਂ ਰਹਿੰਦ-ਖੂਹੰਦ ਹੈ। ਉਸਨੇ ਆਪਣੀ ਆਰੀਅਨ ਨਸਲ ਨੂੰ ਸੱਭ ਤੋਂ ਉਤਮ ਕਹਿ ਕੇ ਵਡਿਆਇਆ। ਉਹਦਾ ਮੰਨਣਾ ਸੀ ਭੂਰੇ ਘੁੰਗਰਾਲੇ ਵਾਲਾਂ (ਬਲੌਂਡ ਤੇ ਸਮੁੰਦਰ ਦੇ ਨੀਲੇ ਪਾਣੀ ਦੇ ਰੰਗ ਵਰਗੀਆਂ ਅੱਖਾਂ ਵਾਲੇ ਲੋਕ ਹੀ ਇਨਸਾਨੀ ਨਸਲ ਹੈ ਤੇ ਬਾਕੀ ਸਭ ਕੂੜਾ-ਕਰਕਟ। ਹਿਟਲਰ ਦਾ ਇਹ ਭਰਮ ਉਸਦੇ ਆਪਣੇ ਦੇਸ਼ ਵਿਚ ਹੀ, ਉਸਦੇ ਸਾਹਮਣੇ, ਕਾਲੇ ਰੰਗ ਦੇ ਖੇਤ ਮਜਦੂਰ ਦੇ ਮੁੰਡੇ ਅਫਰੀਕਨ ਮੂਲ ਦੇ ਅਮਰੀਕਨ ਜੈਸੀ ਓਵੇਨ ਨੇ 1936 ਵਿਚ ਬਰਲਿਨ ਓਲੰਪਿਕ ਖੇਡਾਂ ਵਿਚ ਤੋੜਿਆ।

ਹਿਟਲਰ 1933 ਵਿਚ ਪੂਰੀ ਤਰਾਂ ਜਰਮਨੀ ਦੇ ਡਿਕਟੇਟਰ ਦੇ ਰੂਪ ਵਿਚ ਸਥਾਪਿਤ ਹੋ ਗਿਆ ਸੀ। ਉਸਦੇ ਮੂੰਹ ਵਿਚੋਂ ਨਿਕਲੇ ਬੋਲ ਹੀ ਉਸ ਸਮੇਂ ਜਰਮਨੀ ਦਾ ਕਾਨੂੰਨ ਸਮਝੇ ਜਾਂਦੇ ਸੀ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ 1936 ਦੀਆਂ ਓਲੰਪਿਕ ਖੇਡਾਂ ਜਰਮਨੀ ਦੇ ਪ੍ਰਸਿੱਧ ਸ਼ਹਿਰ ਬਰਲਿਨ ਵਿਚ ਕਰਵਾਉਣ ਦਾ ਫੈਸਲਾ ਕਰ ਲਿਆ ਸੀ। ਅਪ੍ਰੈਲ 1933 ਵਿਚ ਜਰਮਨੀ ਦੇ ਸਪੋਰਟ ਆਫਿਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਰਮਨੀ ਦੇ ਸਿਰਫ ਆਰੀਅਨ ਨਸਲ ਦੇ ਲੋਕ ਹੀ ਓਲੰਪਿਕ ਵਿਚ ਭਾਗ ਲੈਣਗੇ। ਇਸ ਬਾਬਤ ਕਾਫੀ ਰੌਲਾ-ਰੱਪਾ ਅਮਰੀਕਾ ਦੇ ਹੋਰ ਦੇਸ਼ਾਂ ਵਿਚ ਪਿਆ। ਓਲੰਪਿਕ ਕਮੇਟੀ ਨੇ ਜਾਂਚ ਕੀਤੀ। ਖੈਰ 1 ਅਗਸਤ 1936 ਨੂੰ ਓਲੰਪਿਕ ਖੇਡਾਂ ਸ਼ੁਰੂ ਹੋ ਗਈਆਂ। ਜੇਕਰ ਕੋਈ ਗੋਰੀ ਚਮੜੀ ਵਾਲਾ ਮੈਡਲ ਜਿੱਤਦਾ ਸੀ, ਹਿਟਲਰ ਉਸਨੂੰ ਵਧਾਈ ਦਿੰਦਾ ਤੇ ਦੂਸਰਿਆਂ ਬਾਰੇ ਚੁੱਪ ਰਹਿੰਦਾ। ਅਖੀਰ ਓਲੰਪਿਕ ਕਮੇਟੀ ਦੇ ਪ੍ਰੋਟੋਕੋਲ ਵਿੰਗ ਨੂੰ ਕਹਿਣਾ ਪਿਆ ਜਾਂ ਤਾਂ ਉਹ ਸਭ ਮੈਡਲ ਜਿੱਤਣ ਵਾਲਿਆਂ ਨੂੰ ਵਧਾਈ ਦੇਵੇ ਜਾਂ ਫਿਰ ਕਿਸੇ ਨੂੰ ਵੀ ਨਹੀਂ।

ਕਿਸੇ ਵੇਲੇ ਅਮਰੀਕਾ ਦੇ ਖੇਤਾਂ ਵਿਚ ਕਪਾਹ ਚੁਗਣ ਵਾਲੇ ਜੈਸੀ ਓਵੇਨ ਨੇ ਉਸ ਓਲੰਪਿਕ ਵਿਚ ਚਾਰ ਗੋਲਡ ਮੈਡਲ- ਲੰਬੀ ਛਾਲ,100 ਤੇ 200 ਮੀਟਰ ਤੇ 4ਯ 100 ਮੀਟਰ ਰੀਲੇਅ ਰੇਸ- ਵਿਚ ਜਿੱਤੇ ਤੇ ਉਹ ਪਹਿਲਾ ਕਾਲੇ ਰੰਗ ਦਾ ਅਥਲੀਟ ਸੀ ਜਿਸਨੇ ਇੰਨੀ ਵੱਡੀ ਪ੍ਰਾਪਤੀ ਕੀਤੀ ਤੇ ਤਹਿਲਕਾ ਮਚਾ ਦਿੱਤਾ ਸੀ। ਹਿਟਲਰ ਨੇ ਜੈਸੀ ਨਾਲ ਹੱਥ ਨਹੀਂ ਮਿਲਾਇਆ। ਇਹ ਵੀ ਕਿਹਾ ਜਾਂਦਾ ਹੈ ਹਿਟਲਰ ਸਟੇਡੀਅਮ ਵਿਚੋਂ ਉਠ ਕੇ ਚਲਾ ਗਿਆ ਕਿਉਂਕਿ ਉਸਦੇ ਆਰੀਅਨ ਨਸਲ ਦੇ ਸਰਵ ਉੱਤਮ ਹੋਣ ਵਾਲੇ ਸਿਧਾਂਤ ਨੂੰ ਜੈਸੀ ਨੇ ਉਸਦੇ ਸਾਹਮਣੇ ਹੀ ਆਪਣੇ ਪੈਰਾਂ ਹੇਠ ਲਤਾੜ ਦਿੱਤਾ ਸੀ।

ਜੈਸੀ ਨੇ ਬਾਅਦ ਵਿਚ ਦੱਸਿਆ ਕਿ ਜਦੋਂ ਉਹ ਉਸ ਬਾਕਸ ਦੇ ਨੇੜੇ ਗਿਆ, ਜਿਥੇ ਹਿਟਲਰ ਬੈਠਾ ਸੀ ਤਾਂ ਉਹ ਉਸਨੂੰ ਵੇਖ ਕੇ ਮੁਸਕਰਾਇਆ ਤੇ ਉਸਨੇ ਉਸਨੂੰ ਸਲੂਟ ਵੀ ਕੀਤਾ ਸੀ। ਜੈਸੀ ਨੂੰ ਹਿਟਲਰ ਨਾਲੋਂ ਵੱਧ ਅਫਸੋਸ ਆਪਣੇ ਹੀ ਦੇਸ਼ ਦੇ ਰਾਸ਼ਟਰਪਤੀ ਫਰੈਂਕਲਿਨ ਰੂਜਵੈਲਟ ਬਾਰੇ ਸੀ, ਜਿਸਨੇ ਬਰਲਿਨ ਓਲੰਪਿਕ ਤੋਂ ਬਾਅਦ ਵ੍ਹਾਈਟ ਹਾਊਸ ਵਿਚ ਆਉਣ ਦਾ ਸੱਦਾ ਮੈਡਲ ਜਿੱਤਣ ਵਾਲੇ ਸਿਰਫ ਚਿੱਟੀ ਚਮੜੀ ਵਾਲੇ ਅਥਲੀਟਾਂ ਨੂੰ ਹੀ ਦਿੱਤਾ ਸੀ। ਕਾਲੇ ਰੰਗ ਵਾਲੇ ਅਥਲੀਟਾਂ ਨੂੰ ਨਹੀਂ ਸੀ ਬੁਲਾਇਆ ਗਿਆ। ਇਸ ਗੱਲ ਦਾ ਜੈਸੀ ਨੂੰ ਸਾਰੀ ਉਮਰ ਰੰਜ ਰਿਹਾ। ਰੰਗ 'ਤੇ ਅਧਾਰਿਤ ਨਸਲੀ ਭੇਦ-ਭਾਵ ਵਾਲੀ ਹੋਈ ਖੁਨਾਮੀ ਦੀ ਦਰੁਸਤੀ 80 ਸਾਲ ਬਾਅਦ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਨੇ ਉਨ੍ਹਾਂ ਕਾਲੇ ਰੰਗ ਦੇ ਅਥਲੀਟਾਂ ਦੇ ਪਰਿਵਾਰਾਂ ਨੂੰ 2016 ਵਿਚ ਵ੍ਹਾਈਟ ਹਾਊਸ ਵਿਚ ਬੁਲਾ ਕੇ ਕੀਤੀ, ਜਿਨ੍ਹਾਂ ਅਥਲੀਟਾਂ ਨੇ 1936 ਦੀ ਓਲੰਪਿਕ ਵਿਚ ਬਰਲਿਨ ਵਿਚ ਮੈਡਲ ਜਿੱਤੇ ਸੀ। ਇਹ ਵੀ ਸੱਚ ਹੈ ਕਿ ਜੈਸੀ ਨੂੰ ਆਪਣੇ ਦੇਸ਼ ਅਮਰੀਕਾ ਵਿਚ ਬਹੁਤ ਵਾਰ ਘੋਰ ਅਪਮਾਨ ਦਾ ਸਾਹਮਣਾ ਕਰਨਾ ਪਿਆ। ਉਸਨੇ ਉਹ ਦਿਨ ਵੀ ਦੇਖੇ ਜਦੋਂ ਉਹ ਆਪਣੇ ਦੇਸ਼ ਵਿਚ ਬੱਸ ਦੀ ਅਗਲੀ ਤਾਕੀ ਰਾਹੀਂ ਨਹੀਂ ਸੀ ਚੜ੍ਹ ਸਕਦਾ। ਕਿਉਂਕਿ ਅਗਲੀ ਬਾਰੀ ਰਾਹੀਂ ਸਿਰਫ ਨੀਲੀਆਂ ਅੱਖਾਂ ਵਾਲੇ ਹੀ ਚੜ੍ਹ ਸਕਦੇ ਸੀ। ਉਸਨੂੰ ਆਪਣੇ ਗੁਜਾਰੇ ਲਈ ਘੋੜਿਆਂ ਤੇ ਕੁੱਤਿਆਂ ਦੇ ਬਰਾਬਰ ਭੱਜਣਾ ਪਿਆ ਕਿਉਂਕਿ ਟੱਬਰ ਪਾਲਣ ਲਈ ਉਸਨੂੰ ਪੈਸੇ ਚਾਹੀਦੇ ਸੀ।

ਇਹ ਗਲਤ ਹੋਵੇਗਾ ਜੇਕਰ ਇਥੇ ਚਿੱਟੀ ਚਮੜੀ ਵਾਲੇ ਜਰਮਨ ਅਥਲੀਟ ਲੁਜ਼ ਲੌਂਗ ਦਾ ਜ਼ਿਕਰ ਨਾ ਕੀਤਾ ਜਾਵੇ। ਲੁਜ਼ ਨੇ ਜੈਸੀ ਨਾਲ ਲੰਬੀ ਛਾਲ ਵਿਚ ਭਾਗ ਲਿਆ ਸੀ। ਕੁਆਲੀਫਾਇੰਗ ਰਾਊਂਡ ਵਿਚ ਜੈਸੀ ਦੇ ਪਹਿਲੇ ਦੋ ਜੰਪ ਫੌਲ ਕਰਾਰ ਦੇ ਦਿੱਤੇ ਗਏ। ਤੀਜੇ ਜੰਪ ਤੋਂ ਪਹਿਲਾਂ ਲੁਜ਼ ਨੇ ਜੈਸੀ ਨੂੰ ਸੁਝਾਅ ਦਿੱਤਾ ਕਿ ਉਹ ਆਪਣਾ ਰਨ-ਵੇ ਥੋੜਾ ਠੀਕ ਕਰੇ ਤੇ ਜਿਥੋਂ ਲੰਬੀ ਛਾਲ ਮਾਰਨ ਲਈ ਹਵਾ ਵਿਚ ਕੁੱਦਣਾ ਹੈ, ਉਹ ਪੁਆਇੰਟ ਥੋੜਾ ਜਿਹਾ ਪਿੱਛੇ ਹਟਾ ਲਵੇ। ਜੈਸੀ ਨੇ ਸੁਝਾਅ ਮੰਨ ਲਿਆ ਤੇ ਉਸਦਾ ਅਗਲਾ ਜੰਪ ਸਹੀ ਕਰਾਰ ਦਿੱਤਾ ਗਿਆ। ਅਗਲੇ ਦਿਨ ਆਖਰੀ ਰਾਊਂਡ ਵਿਚ ਜੈਸੀ ਨੇ ਗੋਲਡ ਮੈਡਲ ਤੇ ਲੁਜ਼ ਨੇ ਚਾਂਦੀ ਦਾ ਤਗਮਾ ਜਿਤਿਆ। ਲੁਜ਼ ਨੇ ਹਿਟਲਰ ਤੇ ਉਸਦੇ ਚੇਲਿਆਂ-ਚਪਾਟਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਜੈਸੀ ਨੂੰ ਘੁੱਟ ਕੇ ਜੱਫੀ ਪਾਈ ਤੇ ਉਸ ਨਾਲ ਸਟੇਡੀਅਮ ਵਿਚ ਗੇੜਾ ਦਿੱਤਾ। ਉਸ ਸਮੇਂ ਸਟੇਡੀਅਮ ਵਿਚ 1 ਲੱਖ ਤੋਂ ਵੱਧ ਲੋਕ ਹਾਜ਼ਰ ਸਨ। ਲੁਜ਼ ਤੇ ਜੈਸੀ ਉਮਰ ਭਰ ਲਈ ਦੋਸਤ ਬਣ ਗਏ ਤੇ ਫਿਰ ਦੋਨਾਂ 'ਤੇ ਫਿਲਮ ਵੀ ਬਣੀ।

ਇਤਿਹਾਸ ਦੱਸਦਾ ਹੈ ਕੇ ਜਿੰਨੇ ਜ਼ੁਲਮ ਨੀਲੀਆਂ ਅੱਖਾਂ ਵਾਲਿਆਂ ਦੇ ਵੱਡ-ਵਡੇਰਿਆਂ ਨੇ ਕਾਲੇ ਰੰਗ ਦੇ ਲੋਕਾਂ 'ਤੇ ਕੀਤੇ ਨੇ, ਉਸਦਾ ਭਾਰ ਤਾਂ ਧਰਤੀ ਵੀ ਨਹੀਂ ਝੱਲਦੀ। ਕਾਲੇ ਲੋਕਾਂ ਨੂੰ ਗੁਲਾਮ ਬਣਾ ਕੇ ਉਨ੍ਹਾਂ ਦਾ ਕੋਈ 300 ਸਾਲ ਵਪਾਰ ਕਰਦੇ ਰਹੇ ਨੇ ਚਿੱਟੀ ਚਮੜੀ ਵਾਲੇ ਲੋਕ। ਉਨ੍ਹਾਂ ਨੂੰ ਮੰਡੀ ਵਿਚ ਵਸਤੂਆਂ ਵਾਂਗ ਵੇਚਦੇ ਤੇ ਖਰੀਦਦੇ ਰਹੇ ਨੇ। ਧਾੜਵੀ ਬਣ ਕੇ ਅਫ਼ਰੀਕਾ ਜਾਂਦੇ ਤੇ ਜ਼ਬਰਦਸਤੀ ਉਨ੍ਹਾਂ ਨੂੰ ਸਮੁੰਦਰੀ ਜਹਾਜ਼ਾਂ ਵਿਚ ਸੰਗਲੀਆਂ ਨਾਲ ਬੰਨ੍ਹ ਕੇ ਪਸ਼ੂਆਂ ਵਾਂਗ ਲੱਦ ਕੇ ਲਿਆਉਂਦੇ। ਇਹ ਕੰਮ 15ਵੀਂ ਸਦੀ ਦੇ ਅਖੀਰ ਵਿਚ ਸ਼ੁਰੂ ਹੋਇਆ। ਅਫਰੀਕਨਾਂ ਨੂੰ ਇਸਤੋਂ ਮੁਕਤੀ ਪਾਉਣ ਲਈ ਬੜੀਆਂ ਕੁਰਬਾਨੀਆਂ ਦੇਣੀਆਂ ਪਾਈਆਂ ਤੇ ਕਸ਼ਟ ਝੱਲਣੇ ਪਏ। ਜਦੋਂ ਕਿਤੇ ਵੇਹਲ ਮਿਲੇ ਤਾਂ ਐਲੈਕਸ ਹੇਲੀ ਦਾ ਨਾਵਲ 'ਰੂਟਸ' ਪੜਨਾ। ਉਹ ਕਾਲੇ ਰੰਗ ਦੇ ਅਫਰੀਕਨ ਦੀ ਖੂਨ ਨਾਲ ਲੱਥ-ਪੱਥ ਦਾਸਤਾਨ ਹੈ।





ਅਜੇ ਵੀ ਅਫਰੀਕੀ ਮੂਲ ਦੇ ਕਾਲੇ ਰੰਗ ਦੇ ਲੋਕਾਂ ਪ੍ਰਤੀ ਨੀਲੀਆਂ ਅੱਖਾਂ ਦਾ ਤੀਰ ਸਿੱਧਾ ਨਹੀਂ ਹੋਇਆ। ਉਨ੍ਹਾਂ ਨਾਲ ਜ਼ਿਆਦਤੀਆਂ ਹੁੰਦੀਆਂ ਨੇ, ਨਸਲੀ ਭੇਦ ਭਾਵ ਹੁੰਦਾ ਹੈ। ਉਹ ਭਾਵੇਂ ਅਮਰੀਕਾ, ਇੰਗਲੈਂਡ ਹੋਵੇ ਜਾਂ ਕੋਈ ਹੋਰ ਦੇਸ਼। ਪਰ ਦੁਨੀਆਂ ਦੇ ਵੱਡੇ ਹਿੱਸੇ ਨੇ ਇਸ ਰੰਗ ਦੇ ਲੋਕਾਂ ਨੂੰ ਮਜਨੂੰ ਦੀ ਅੱਖ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਹੈ।

ਉਪਰ ਜੋ ਜ਼ਿਕਰ ਕੀਤਾ ਗਿਆ ਹੈ ਉਹ ਚੱਲ ਰਹੇ ਵਰਲਡ ਫੁਟਬਾਲ ਕੱਪ ਤੇ ਸਮੁੱਚੇ ਖੇਡ ਸੰਸਾਰ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਕਦੇ ਆਪਣੇ-ਆਪ ਨੂੰ ਇਹ ਸਵਾਲ ਪੁੱਛਿਓ ਕਿ ਜੇਕਰ ਅਫਰੀਕਨ ਮੂਲ ਦੇ ਲੋਕ ਨਾ ਹੁੰਦੇ, ਖੇਡ ਸੰਸਾਰ ਕਿਸ ਤਰ੍ਹਾਂ ਦਾ ਹੁੰਦਾ। ਕੀ ਇਹ ਇਨਾ ਹੀ ਦਿਲਚਸਪ, ਸੁੰਦਰ ਤੇ ਖਿੱਚ ਵਾਲਾ ਹੋਣਾ ਸੀ? ਨਹੀਂ! ਜਰਾ ਸੋਚੋ, ਜੇਕਰ ਦੁਨੀਆਂ ਦੇ ਖੇਡ ਇਤਿਹਾਸ ਵਿਚ ਬਾਕਸਿੰਗ ਦੇ ਕਿੰਗ ਮੁਹੰਮਦ ਅਲੀ (ਕੈਸ਼ੀਅਰ ਕਲੇ) ਬਾਸਕਟਬਾਲ ਦੇ ਮਾਈਕਲ ਜੌਰਡਨ, ਟੈਨਿਸ ਖਿਡਾਰੀ ਸਰੀਨਾ ਵਿਲੀਅਮ, 100 ਤੇ 200 ਮੀਟਰ ਵਾਲਾ ਉਸੈਨ ਬੋਲਟ, ਕਾਰਲ ਲਿਊ ਤੇ ਖਿਡਾਰਨ ਫਲੋਰੈਂਸ ਗ੍ਰਿਫਥ, ਫੁਟਬਾਲ 'ਚੋਂ ਪੇਲੇ ਤੇ ਮਬਾਪੇ, ਜਿਮਨਾਸਟਿਕ ਵਿਚੋਂ ਸੀਮੋਨ ਬਾਈਲਜ, ਕ੍ਰਿਕਟ ਵਿਚੋਂ ਗੈਰੀ ਸੋਬਰਜ, ਬ੍ਰੇਨ ਲਾਰਾ, ਵਿਵੀਅਨ ਰਿਚਰਡ, ਐਂਡੀ ਰਾਬਰਟਸ, ਮਈਕਲ ਹੋਲਡਿੰਗ, ਗੋਲਫ 'ਚੋਂ ਟਾਈਗਰ ਵੁਡਜ ਨੂੰ ਮਨਫੀ ਕਰ ਦੇਈਏ ਜਾ ਮੇਟ ਦੇਈਏ ਤੇ ਫਿਰ ਬਾਕੀ ਕੀ ਬਚੇਗਾ? ਬਾਕੀ ਬਚੇਗਾ, ਜੇਕਰ ਨਵਜੋਤ ਸਿੱਧੂ ਵਾਲਾ ਫਿਕਰਾ ਵਰਤ ਲਿਆ ਜਾਵੇ- ਬਾਬਾ ਜੀ ਦਾ ਠੁਲੂ। ਇਹ ਤਾਂ ਮੈਂ ਅਜੇ ਕੁੱਝ ਕੁ ਨਾਵਾਂ ਦਾ ਇਸ਼ਾਰਾ ਮਾਤਰ ਜ਼ਿਕਰ ਕੀਤਾ ਹੈ। ਹੋਰ ਬਹੁਤ ਵੱਡੇ ਨਾਮ ਨੇ, ਜਿਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ।

ਚਲ ਰਹੇ ਫੁਟਬਾਲ ਵਰਲਡ ਕੱਪ ਤੇ ਜ਼ਰਾ ਨਜ਼ਰ ਮਾਰੋ। ਇਸ ਵਿਚ 48 ਟੀਮਾਂ ਨੇ ਭਾਗ ਲਿਆ। 16 ਟੀਮਾਂ ਵਾਲਾ ਰਾਊਂਡ ਵੀ ਸਮਾਪਤ ਹੋ ਗਿਆ। ਕੁਆਰਟਰ ਫਾਈਨਲ ਦੇ ਮੁਕਾਬਲੇ ਸ਼ੁਰੂ ਹੋਣ ਜਾ ਰਹੇ ਨੇ। ਵਰਲਡ ਕੱਪ ਵਿਚੋਂ ਵੀ ਕਈ ਵੱਡੀਆਂ ਟੀਮਾਂ ਬਾਹਰ ਹੋ ਗਈਆਂ ਨੇ ਤੇ ਘਰ ਪਰਤ ਗਈਆਂ ਨੇ। ਪੰਜ ਵਾਰ ਵਰਲਡ ਕੱਪ ਜਿੱਤਣ ਵਾਲਾ ਬ੍ਰਾਜ਼ੀਲ, ਚਾਰ ਵਾਰ ਵਰਲਡ ਕੱਪ ਜੇਤੂ ਜਰਮਨੀ, ਕ੍ਰਿਸਟੀਨ ਰੋਨਾਲਡੋ ਦਾ ਪੁਰਤਗਾਲ ਅਖਾੜੇ ਤੋਂ ਬਾਹਰ ਹੋ ਗਏ ਨੇ। ਨੀਦਰਲੈਂਡ, ਪੈਰਾਗੁਏ, ਕੈਨੇਡਾ, ਅਮਰੀਕਾ, ਮੈਕਸੀਕੋ ਵੀ ਘਰ ਪਰਤ ਚੁਕੇ ਨੇ। ਵਰਲਡ ਕੱਪ ਵਿਚ ਇਕ ਦੋ ਟੀਮਾਂ ਨੂੰ ਛੱਡ ਕੇ ਕੋਈ ਅਜਿਹੀ ਟੀਮ ਨਜ਼ਰ ਨਹੀਂ ਆਈ ਜਿਸ ਵਿਚ ਅਫਰੀਕੀ ਮੂਲ ਦੇ ਖਿਡਾਰੀ ਨਾ ਹੋਣ। ਫਰਾਂਸ ਦੀ ਟੀਮ ਦੀ ਗੱਲ ਕਰ ਲੈਂਦੇ ਹਾਂ। ਇਹ ਨੀਲੀਆਂ ਅੱਖਾਂ ਵਾਲਿਆਂ ਦਾ ਦੇਸ਼ ਹੈ। ਇਸ ਨੇ ਬਹੁਤ ਦੇਸ਼ਾਂ ਤੇ ਕਾਬਜ਼ ਹੋ ਕੇ ਰਾਜ ਕੀਤਾ ਤੇ ਉਨ੍ਹਾਂ ਨੂੰ ਆਪਣੀਆਂ ਕਾਲੋਨੀਆਂ ਬਣਾਇਆ। ਉਨ੍ਹਾਂ ਕਾਲੋਨੀਆਂ ਦੇ ਬਹੁਤ ਸਾਰੇ ਲੋਕ ਕਈ ਪੀੜੀਆਂ ਤੋਂ ਇਸ ਦੇਸ਼ ਦੇ ਹੁਣ ਪੱਕੇ ਬਾਸ਼ਿੰਦੇ ਬਣ ਗਏ ਨੇ। ਇਸ ਟੀਮ ਦਾ ਕਪਤਾਨ ਮਬਾਪੇ ਵੀ ਉਨ੍ਹਾਂ ਵਿਚੋਂ ਇਕ ਹੈ। ਕਿਸੇ ਸਮੇਂ ਫਰਾਂਸ ਦਾ ਸਭ ਤੋਂ ਧਾਕੜ ਰਿਹਾ ਖਿਡਾਰੀ ਜੀਦੇਨ ਵੀ ਉਨ੍ਹਾਂ ਵਿਚੋਂ ਸੀ। ਇਸ ਵੇਲੇ ਇਸ ਟੀਮ ਵਿਚ 6-7 ਹੋਰ ਕਾਲੇ ਰੰਗ ਦੇ ਖਿਡਾਰੀ ਨੇ। ਜੇਕਰ ਫਰਾਂਸ ਇਸ ਵਾਰ ਵਰਲਡ ਕੱਪ ਜਿੱਤਦਾ ਹੈ ਤਾਂ ਇਨ੍ਹਾਂ ਖਿਡਾਰੀਆਂ ਦਾ ਰੋਲ ਪ੍ਰਮੁੱਖ ਹੋਵੇਗਾ। ਮਬਾਪੇ ਤਾਂ ਤਿੰਨ ਫੀਫਾ ਕੱਪਾਂ ਵਿਚ 19 ਗੋਲ ਕਰ ਚੁੱਕਿਆ ਹੈ ਤੇ ਮੈਸੀ ਤੋਂ ਇਕ ਗੋਲ ਹੀ ਪਿੱਛੇ ਹੈ। ਫਰਾਂਸ ਦੇ 24 ਸਾਲਾ ਖਿਡਾਰੀ ਮਾਈਕਲ ਓਲੀਸੇ ਨੂੰ ਖੇਡਦੇ ਵੇਖ ਕੇ ਅਨੰਦ ਆ ਜਾਂਦਾ ਹੈ, ਉਸਦੀ ਇਸ ਵਰਲਡ ਕੱਪ ਵਿਚ ਚਰਚਾ ਜੋਰਾਂ 'ਤੇ ਹੈ।

ਇਸ ਵਰਲਡ ਕੱਪ ਵਿਚ ਨੌਂ ਅਫਰੀਕਨ ਟੀਮਾਂ ਨੇ 32 ਟੀਮਾਂ ਵਾਲੇ ਰਾਊਂਡ ਵਿਚ ਪ੍ਰਵੇਸ਼ ਕੀਤਾ ਸੀ। ਇਨ੍ਹਾਂ ਵਿਚ ਅਲਜੇਰੀਆ, ਕਾਬੋ ਵਰਦੇ, ਡੀਆਰ ਕਾਂਗੋ, ਮੋਰਾਕੋ, ਸੈਨੇਗਲ, ਸਾਊਥ ਅਫ਼ਰੀਕਾ, ਆਈਵਰੀ ਕੋਸਟ ਸ਼ਾਮਿਲ ਸਨ। ਬਾਕੀ ਵਰਲਡ ਕੱਪ ਤੋਂ ਬਾਹਰ ਹੋ ਗਈਆਂ ਨੇ, ਮੋਰਾਕੋ ਹੀ ਮੈਦਾਨ ਵਿਚ ਡਟੀ ਹੋਈ ਹੈ। ਕਾਂਗੋ ਦੀ ਟੀਮ ਨੇ ਇੰਗਲੈਂਡ ਨੂੰ ਨੌਕ ਆਊਟ ਰਾਊਂਡ ਵਿਚ ਇਨੀ ਸਖਤ ਟੱਕਰ ਦਿੱਤੀ ਕਿ ਲੱਗਿਆ ਇਕ ਹੋਰ ਵੱਡੀ ਟੀਮ ਵਰਲਡ ਕੱਪ ਤੋਂ ਬਾਹਰ ਦਾ ਰਸਤਾ ਦੇਖ ਰਹੀ ਹੈ। ਮੈਚ ਦੇ ਆਖਰੀ 15 ਮਿੰਟਾਂ ਵਿਚ ਇਸ ਮੁਕਾਬਲੇ ਦਾ ਪਾਸਾ ਪਲਟਿਆ ਤੇ ਇੰਗਲੈਂਡ ਨੂੰ ਸੁੱਖ ਦਾ ਸਾਹ ਆਇਆ। ਮੋਰਾਕੋ ਦੀ ਟੀਮ ਨੀਦਰਲੈਂਡ ਦੀ ਟੀਮ ਨੂੰ ਟੂਰਨਾਮੈਂਟ 'ਚੋਂ ਬਾਹਰ ਕਰ ਚੁਕੀ ਹੈ ਤੇ ਪੈਰਾਗੁਏ ਨੇ ਚਾਰ ਵਰਲਡ ਕਪ ਜਿੱਤ ਚੁਕੀ ਜਰਮਨੀ ਦੀ ਟੀਮ ਨੂੰ ਬਾਹਰ ਦਾ ਰਸਤਾ ਦਿਖਾਇਆ। ਛੋਟੇ ਦੇਸ਼ ਵੱਡੀਆਂ ਕਮਾਲਾਂ ਕਰ ਰਹੇ ਨੇ। ਕਾਬੋ ਵਰਦੇ ਦਾ ਕਮਾਲ ਤੁਸੀ ਦੇਖ ਹੀ ਚੁਕੇ ਹੋ। ਜੋ ਉਸਨੇ ਅਰਜਨਟਾਈਨਾ ਦਾ ਬੁਰਾ ਹਾਲ ਕੀਤਾ ਸੀ, ਉਹ ਯਾਦ ਰਹੇਗਾ। ਕਾਬੋ ਵਰਦੇ ਨੂੰ ਅਰਜਨਟਾਈਨਾ ਨੇ ਹਰਾ ਜ਼ਰੂਰ ਦਿੱਤਾ ਪਰ ਲੋਕਾਂ ਦੀ ਨਜ਼ਰ ਵਿਚ ਉਸ ਮੁਕਾਬਲੇ ਵਿਚ ਕਾਬੋ ਦੀ ਟੀਮ ਵਧੀਆ ਖੇਡੀ। ਪੈਰਾਗੁਏ ਦੇ 26 ਸਾਲਾਂ ਦੇ ਉਮਰ ਗੋਲ ਕੀਪਰ ਓਰਨਾਲਡੋ ਗਿੱਲ ਨੇ ਜਰਮਨੀ ਦੇ ਖਿਲਾਫ ਆਪਣੀ ਗੋਲਕੀਪਿੰਗ ਦਾ ਜੋ ਮੁਜਾਹਰਾ ਕੀਤਾ ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਜਰਮਨੀ ਪੈਨਲਟੀ ਸ਼ੂਟ ਵਿਚ ਦੁਨੀਆਂ ਦੀ ਸੱਭ ਤੋਂ ਵਧੀਆ ਟੀਮ ਮੰਨੀ ਜਾਂਦੀ ਰਹੀ ਹੈ। ਇਸ ਵਾਰ ਉਸਦੀ ਸ਼ੂਟਆਊਟ ਮੁਕਾਬਲੇ ਵਿਚ ਹਾਰਨ ਦੀ ਵਜ੍ਹਾ ਸਿਰਫ ਤੇ ਸਿਰਫ ਵਿਰੋਧੀ ਧਿਰ ਦਾ ਗੋਲਕੀਪਰ ਗਿੱਲ ਸੀ।

ਫੁਟਬਾਲ ਦੀ ਗੱਲ ਕਰਦੇ-ਕਰਦੇ ਤੇ ਫਿਰ ਅਫਰੀਕਨ ਮੂਲ ਦੇ ਕਾਲੇ ਰੰਗ ਦੇ ਖਿਡਾਰੀਆਂ ਤੇ ਅਥਲੀਟਾਂ ਦੇ ਚੇਹਰੇ ਮੇਰੇ ਮਨ-ਮੰਦਿਰ ਵਿਚ ਘੁੰਮਣੇ ਸ਼ੁਰੂ ਹੋ ਗਏ। ਉਸੈਨ ਬੋਲਟ, ਕਾਰਲ ਲਿਊਸ, ਸੀਮੋਨ, ਪੇਲੇ, ਮਬਾਪੇ, ਓਲੀਸੇ, ਮੁਹੰਮਦ ਅਲੀ, ਬ੍ਰੇਨ ਲਾਰਾ, ਫਲੋਰੈਂਸ, ਤੇ ਅੱਲੜ ਉਮਰ ਦੇ ਫੁਟਬਾਲ ਖਿਡਾਰੀ ਯਮਾਲ ਵਰਗੇ ਇਹ ਲੋਕ ਸਧਾਰਨ ਮਨੁੱਖ ਨਹੀਂ। ਇਹ ਖੇਡ ਸੰਸਾਰ ਦੇ ਖੇੜੇ ਤੇ ਖੁਸ਼ੀਆਂ ਨੇ। ਇਹ ਖੇਡ ਸੰਸਾਰ ਦਾ ਸੋਹਜ ਨੇ। ਇਨ੍ਹਾਂ ਨੂੰ ਦੇਖ ਕੇ ਰੂਹ ਰੱਜ ਜਾਂਦੀ ਹੈ ਤੇ ਇਨ੍ਹਾਂ ਖੇਡਦੇ, ਭੱਜਦੇ ਵੇਖ ਕੇ ਰੂਹ ਅੰਬਰ ਵਿਚ ਉਡਾਰੀਆਂ ਲਾਉਣ ਲੱਗਦੀ ਹੈ। ਮਨ ਗੱਦ-ਗੱਦ ਕਰ ਉਠਦਾ ਹੈ। ਯਮਾਲ ਵੀ ਅਫਰੀਕਨ ਮੂਲ ਦਾ ਹੈ। ਉਸਦਾ ਪਿਤਾ ਮੋਰਾਕੋ ਦਾ ਜੰਮਪਲ ਹੈ ਤੇ ਇਹ ਪਰਿਵਾਰ ਸਪੇਨ ਵਿਚ ਰਹਿੰਦਾ ਹੈ ਤੇ ਯਮਾਲ 16 ਸਾਲ ਦੀ ਉਮਰ ਵਿਚ ਹੀ ਫੁਟਬਾਲ ਦਾ ਯੂਰੋਪੀਅਨ ਚੈਂਪੀਅਨ ਬਣ ਗਿਆ ਸੀ ਤੇ ਹੁਣ ਉਹ 18 ਸਾਲ ਦਾ ਹੈ ਤੇ ਇਸ ਵਰਲਡ ਕੱਪ ਵਿਚ ਵੀ ਗੋਲ ਕਰ ਚੁੱਕਿਆ ਹੈ। ਉਸਦੇ ਪੈਰਾਂ ਵਿਚ ਜਾਦੂ ਹੈ ਤੇ ਉਸਦੇ ਸਰੀਰ ਵਿਚ ਤੇਜ ਹਵਾ ਵਿਚ ਝੂਮਦੇ ਦਰਖਤ ਵਰਗੀ ਲਰਜਿਸ਼।

ਅਫਰੀਕਨ ਮੂਲ ਦੇ ਲੋਕ ਬਹੁਤ ਅਣਖੀ ਲੋਕ ਨੇ। ਉਹ ਆਪਣੀ ਅਣਖ ਦਾ ਪ੍ਰਗਟਾਵਾ ਖੇਡ ਦੇ ਮੈਦਾਨਾਂ ਵਿਚ ਕਰਦੇ ਨੇ। ਹੋਰ ਮਹਿਲਿਆਂ 'ਤੇ ਉਹ ਲੜ ਨਹੀਂ ਸਕਦੇ ਕਿਉਂਕਿ ਉਥੇ ਕਈ ਵਾਰ ਫੈਸਲੇ ਪੱਖ-ਪਾਤ ਦੀ ਬਿਮਾਰੀ ਤੋਂ ਗ੍ਰਸਤ ਮਨੁੱਖਾਂ ਨੇ ਕਰਨੇ ਹੁੰਦੇ ਨੇ। ਜਦੋਂ ਰੇਸ ਲੱਗਦੀ ਹੈ ਤਾਂ ਉਸਦਾ ਫੈਸਲਾ ਘੜੀ ਕਰਦੀ ਹੈ ਕਿ ਕੌਣ ਤੇਜ ਭੱਜਦਾ ਹੈ। ਜੇਕਰ ਇਹ ਫੈਸਲਾ ਮਨੁੱਖ ਦੇ ਹੱਥ ਹੁੰਦਾ, ਤਾਂ ਫਿਰ ਭੇਦ-ਭਾਵ ਹੋਣ ਦੀ ਗੁੰਜਾਇਸ਼ ਬਹੁਤ ਸੀ। ਇਸੇ ਲਈ ਕਾਲੇ ਰੰਗ ਦੇ ਲੋਕ ਦੌੜਾਂ ਵਿਚ ਸਭ ਤੋਂ ਵੱਧ ਦਿਲਚਸਪੀ ਲੈਂਦੇ ਨੇ ਤੇ ਮੇਹਨਤ ਕਰਦੇ ਨੇ। ਉਹ ਆਪਣੇ ਅਪਮਾਨ ਦਾ ਬਦਲਾ ਖੇਡ ਮੈਦਾਨ ਵਿਚ ਲੈਂਦੇ ਨੇ।

ਕਾਲੇ ਰੰਗ ਦੇ ਲੋਕ ਖੇਡਾਂ ਦੀ ਦੁਨੀਆਂ ਦੀ ਅਮੀਰੀ ਨੇ। ਜੇਕਰ ਉਹ ਨਾ ਹੋਣ ਤਾਂ ਖੇਡ ਸੰਸਾਰ ਨੇ ਕਿੰਨਾ ਗਰੀਬ ਹੋਣਾ ਸੀ, ਇਸ ਦਾ ਅੰਦਾਜਾ ਹੀ ਨਹੀਂ ਲਾਇਆ ਜਾ ਸਕਦਾ। ਕਿਸੇ ਸਮੇਂ ਸ਼ਕਤੀ (ਪਾਵਰ) ਨੂੰ ਮਿਣਨ ਲਈ ਮੈਥੇਮੈਟਿਸ਼ਨਾਂ ਨੇ ਘੋੜਿਆਂ ਦੀ ਸ਼ਕਤੀ (ਪਾਵਰ) ਨੂੰ ਮੁੱਖ ਮੰਨਿਆ ਸੀ। ਹੁਣ ਤੱਕ ਉਹੀ ਵਿਧੀ ਚਲ ਰਹੀ ਹੈ। ਇਸ ਲਈ ਕਿਹਾ ਜਾਂਦਾ ਹੈ ਕੇ ਇਹ ਮੋਟਰ ਕਿੰਨੇ ਹੌਰਸਪਾਵਰ (ਐਚ ਪੀ) ਦੀ ਹੈ। ਭਾਵ ਇਸ ਵਿਚ ਕਿੰਨੇ ਘੋੜਿਆਂ ਜਿੰਨੀ ਤਾਕਤ ਹੈ। ਉਸ ਸਮੇਂ ਯੂਰਪ ਵਿਚ ਤੇ ਵਿਕਸਤ ਦੇਸ਼ਾਂ ਵਿਚ ਘੋੜੇ ਨੂੰ ਹੀ ਸਭ ਤੋਂ ਤਾਕਤਵਾਰ ਘੇਰਲੂ ਜਾਨਵਰ ਮੰਨਿਆ ਜਾਂਦਾ ਸੀ। ਪਤਾ ਨਹੀਂ ਮੈਥੇਮੈਟਿਸ਼ਨਾਂ ਦੇ ਮਨ ਵਿਚ ਕਿਉਂ ਕਾਲੇ ਰੰਗ ਦੇ ਲੋਕਾਂ ਦਾ ਖਿਆਲ ਨਹੀਂ ਆਇਆ। ਸ਼ਾਇਦ ਉਨ੍ਹਾਂ 'ਤੇ ਨਸਲੀ ਭੇਦ-ਭਾਵ ਦੀ ਭਾਵਨਾ ਭਾਰੂ ਪੈ ਗਈ ਹੋਵੇ।

## ਰਾਜ ਕਾਕੜਾ ਦੀ ਪਲੇਠੀ ਕਿਤਾਬ 'ਪੈਂਡਾ' ਰਿਲੀਜ਼ ਹੋਣ 'ਤੇ ਵਧਾਈਆਂ!

ਬਾਈ ਰਾਜ ਕਾਕੜਾ ਬਾਰੇ ਲਿਖਣ ਲੱਗਾਂ ਤਾਂ ਮੇਰੇ ਸ਼ਬਦ ਸ਼ਾਇਦ ਓਹਨਾਂ ਦੇ ਕੱਦ ਅੱਗੇ ਬੌਣੇ ਲੱਗਣ। ਬਾਈ ਰਾਜ ਮੈਨੂੰ 1997-98 ਵਿਚ ਚੰਡੀਗੜ੍ਹ ਕੈਟਰਕ ਕੰਪਨੀ ਦੇ ਦਫਤਰ ਵਿਚ ਮਿਲੇ ਜਿੱਥੇ ਗੌਰਵ ਤਰੇਹਨ, ਬਲਵੀਰ ਬੋਪਾਰਾਏ, ਮੇਰੇ ਅੰਕਲ ਗੁਰਦਾਸ ਅੰਕਲ, ਹਰਭਜਨ ਸ਼ੇਰਾ, ਬੱਬੂ ਮਾਨ, ਵੀ ਸਨ। ਉਹ ਬਹੁਤ ਛੋਟੀ ਮੁਲਾਕਾਤ ਸੀ ਵੀਰ ਨਾਲ, ਉਸ ਤੋਂ ਬਾਅਦ ਸਾਡੀ ਮਿਲਣੀ ਫ਼ਿਲਮ 'ਛੱਲਾ ਮੁੜ ਕੇ ਨੀ ਆਇਆ' ਦੀ ਸ਼ੂਟਿੰਗ ਲਈ ਜਾਣ ਸਮੇਂ ਅਸੀਂ ਸਰੀ ਤੋਂ ਬਾਰਕਰ ਵਿਲੇ ਨੂੰ ਤੁਰਨਾ ਸੀ ਉਦੋਂ ਹੋਈ। ਬਾਈ ਨਾਲ ਕਾਫੀ ਗੱਲਾਂ-ਬਾਤਾਂ ਕੀਤੀਆਂ, ਬੱਸ ਫੇਰ ਕਹਿ ਸ਼ੁਰੂ ਹੋਇਆ ਉਨ੍ਹਾਂ ਨਾਲ ਅਜਨਬੀ ਮਿਲਣੀ ਤੋਂ ਇਹ ਭਰਾਵਾਂ ਦਾ ਪਿਆਰ। ਪਹਿਲੀ ਵਾਰ ਕਰੋਨਾ ਦੀ ਪ੍ਰੌਬਲਮ ਕਰਕੇ ਇੱਕ ਦਿਨ ਦੀ ਸ਼ੂਟਿੰਗ ਕਰ ਕੇ ਸਾਨੂੰ ਵਾਪਿਸ ਆਉਣਾ ਪਿਆ। ਮੈਂ, ਬਾਈ ਰਾਜ, ਬਿਕਰਮ ਬਰਾੜ (ਮੁਨਸ਼ੀ) ਅਤੇ ਟਾਈਮ ਐਕਟਰ ਅਤੇ ਡਾਇਰੈਕਟਰ ਅੰਬਰਦੀਪ ਇਕੱਠੇ ਵਾਪਸ ਆਏ। ਰਸਤਾ ਕਾਫੀ ਲੰਬਾ ਸੀ, ਸਾਨੂੰ ਨੌਂ-ਦਸ ਘੰਟੇ ਲੱਗ ਗਏ ਸਰੀ ਪਹੁੰਚਦਿਆਂ। ਰਾਜ ਬਾਈ ਦੀ ਗੱਡੀ ਸੀ। ਮੈਨੂੰ, ਵਿਕਰਮ ਨੂੰ ਘਰ ਛੱਡ ਕੇ ਅੰਬਰ ਬਾਈ ਤੇ ਰਾਜ ਬਾਈ ਚਲੇ ਗਏ। ਫਿਰ ਦੁਬਾਰਾ ਸ਼ੂਟਿੰਗ ਸ਼ੁਰੂ ਹੋਈ ਵੀਰ ਨਾਲ ਲੰਬਾ ਸਮਾਂ ਬਿਤਾਉਣ ਦਾ ਮੌਕਾ ਮਿਲਿਆ।

ਰਾਜ ਕਾਕੜਾ ਬਹੁਤ ਈ ਹਸਮੁੱਖ ਲਹਿਰੀ ਇਨਸਾਨ ਹੋਣ ਦੇ ਨਾਲ-ਨਾਲ ਹੰਢਿਆ ਹੋਇਆ ਲੇਖਕ ਵੀ ਹੈ, ਜੀਹਦੀ ਲੇਖਣੀ ਨੇ ਕਈ ਕਰਵਟਾਂ ਬਦਲੀਆਂ। ਵੀਰ ਦੇ ਗੀਤ ਸੁਖਵਿੰਦਰ ਸਿੰਘ, ਸਰਦੂਲ ਸਿਕੰਦਰ ਸਾਹਿਬ, ਸਤਵਿੰਦਰ ਬਿੱਟੀ, ਨਛੱਤਰ ਗਿੱਲ, ਅਮਰਿੰਦਰ ਗਿੱਲ ਨੇ ਗਾਏ। ਅਮਰਿੰਦਰ ਗਿੱਲ ਤੇ ਬਾਈ ਰਾਜ ਦੀ ਜੋੜੀ ਸਭ ਤੋਂ ਲੰਬਾ ਸਮਾਂ ਹਿੱਟ ਰਹੀ। ਵੀਰ ਦੀਆਂ ਲਿਖਤਾਂ ਅਤੇ ਗਾਇਕਾਂ ਦੇ ਗਾਉਣ ਦੀ ਲਿਸਟ ਬਹੁਤ ਲੰਬੀ ਹੈ, ਮੈਨੂੰ ਜਿਹੜੇ ਚੇਤੇ 'ਚ ਆਏ ਮੈਂ ਲਿਖ ਦਿੱਤੇ। ਵੀਰ ਦੀ ਕਲਮ ਇਸ਼ਕ ਮਿਜਾਜੀ ਦੇ ਨਾਲ-ਨਾਲ ਇਸ਼ਕ ਹਕੀਕੀ ਦੀ ਗੱਲ ਵੀ ਕਰਦੀ ਆ। ਇਹ ਕ੍ਰਾਂਤੀਕਾਰੀ ਕਲਮ ਸੰਤ ਰਾਮ ਉਦਾਸੀ ਦਾ ਭੁਲੇਖਾ ਵੀ ਪਾਉਂਦੀ ਹੈ।

ਲਿਖਣ ਦੇ ਨਾਲ ਨਾਲ ਗਾਇਕੀ ਤੇ ਅਦਾਕਾਰੀ ਵਿਚ ਵੀਰ ਨੇ ਝੰਡੇ ਗੱਡੇ। ਉਨ੍ਹਾਂ ਨੂੰ ਚਾਹੁਣ ਵਾਲੇ ਸਰੋਤੇ ਵੀ ਕਮਾਲ ਹਨ। ਇੱਕ ਵਾਰ ਵੀਰ ਦਾ ਸ਼ੋਅ ਬਿਲ ਸੈਂਟਰ ਵਿਚ ਸੀ, ਅਸੀਂ ਵੀ ਪਹੁੰਚੇ ਸਾਰੇ ਪਰਿਵਾਰ ਨਾਲ। ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਗਲਾ ਖਰਾਬ ਹੋ ਗਿਆ ਤੇ ਗਾਉਣ ਵਿਚ ਦਿੱਕਤ ਆਈ ਪਰ ਸਰੋਤੇ ਐਸੇ ਕਿ ਇਕ ਵੀ ਸਰੋਤਾ ਸ਼ੋਅ ਚਲਦੇ ਵਿਚੋਂ ਛੱਡ ਕੇ ਨਹੀਂ ਗਿਆ। ਮਾਵਾਂ ਉੱਚੀ ਬੋਲ ਕੇ ਵੀਰ ਨੂੰ ਹੌਸਲਾ ਦੇਣ 'ਕੋਈ ਗੱਲ ਨਹੀਂ ਪੁੱਤ ਤੂੰ ਗਾ ਅਸੀਂ ਸੁਣ ਕੇ ਜਾਣਾ ਤੈਨੂੰ...!' ਅਹਿਸਾਸ ਹੋਇਆ ਵੀਰ ਨੇ ਲੋਕਾਂ ਨਾਲੋਂ ਵੱਖਰਾ ਪੰਧ ਚੁਣ ਕੇ ਕੀ ਕਮਾਇਆ, ਸ਼ਾਇਦ ਪੈਸਾ ਜ਼ਰੂਰ ਘੱਟ ਕਮਾਇਆ ਪਰ ਜੋ ਇਹ ਆਪਣਾਪਨ ਵੀਰ ਕਮਾਈ ਬੈਠਾ ਸ਼ਾਇਦ ਈ ਕਿਸੇ ਲੇਖਕ, ਗਾਇਕ, ਅਤੇ ਅਦਾਕਾਰ ਦੇ ਭਾਗਾਂ ਵਿਚ ਹੋਵੇ। ਵੀਰ ਬਾਰੇ ਬਹੁਤ ਕੁਝ ਲਿਖਣ ਦਾ ਮਨ ਆ, ਪਰ ਫੇਰ ਕਦੇ। ਉਨ੍ਹਾਂ ਦੀਆਂ ਸਿਫ਼ਤਾਂ ਈ ਐਨੀਆਂ ਕਿ ਸ਼ਾਇਦ ਇੱਕ ਜਨਮ ਵਿਚ ਤਾਂ ਪੂਰਾ ਲਿਖ ਸਕਣਾ ਸੰਭਵ ਨਹੀਂ, ਕੋਸ਼ਿਸ਼ ਜ਼ਰੂਰ ਕਰਾਂਗਾ। ਇਨ੍ਹਾਂ ਬੰਦਿਆਂ ਨੇ ਪੈਸਾ ਨਾ ਚੁਣ ਕੇ ਸੱਚ ਬੋਲਣਾ ਚੁਣਿਆ। ਦਿਲੋਂ ਅਰਦਾਸਾਂ ਵੀਰ ਲਈ ਗੁਰੂ ਸਾਹਿਬ ਵੀਰ ਰਾਜ ਕਾਕੜਾ ਨੂੰ ਲੰਬੀ ਉਮਰ ਬਖ਼ਸ਼ਣ ਤੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖ਼ਸ਼ਣ। ਵੀਰ ਦੀ ਕਿਤਾਬ 'ਪੈਂਡਾ' ਤੁਸੀਂ ਵੀ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਵੀ ਪੜ੍ਹਨ ਦੀ ਪ੍ਰੇਰਣਾ ਦਿਓ।

*-ਹਰਦੀਪ ਸਿੰਘ ਮਾਨ*

# ਪੜ੍ਹ ਕੇ ਜਾਈਂ ਜਵਾਨਾਂ ਗੱਲ ਤੇਰੇ ਮਤਲਬ ਦੀ

ਪਿਛਲੇ ਦਿਨੀਂ, ਵਿਸ਼ਵ ਬੈਂਕ ਦੇ ਪ੍ਰਧਾਨ ਅਜੈਪਾਲ ਸਿੰਘ ਬੰਗਾ ਨੇ ਪੰਜਾਬ ਦੀ ਖੇਤੀਬਾੜੀ ਨੂੰ ਲੈ ਕੇ ਇਕ ਪੋਡਕਾਸਟ ਵਿਚ ਆਪਣੀ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਆਪਣੀ ਜੱਦੀ/ਪੁਸ਼ਤੀ ਜ਼ਮੀਨ ਵੇਚ ਕੇ ਕੁਝ ਸਮੇਂ ਲਈ ਆਰਥਿਕ ਖੁਸ਼ਹਾਲੀ ਦਾ ਆਨੰਦ ਮਾਣਦੇ ਹਨ, ਪਰ ਬਾਅਦ ਵਿਚ ਰੋਜ਼ੀ-ਰੋਟੀ ਲਈ ਛੋਟੀਆਂ-ਮੋਟੀਆਂ ਨੌਕਰੀਆਂ 'ਤੇ ਨਿਰਭਰ ਹੋ ਜਾਂਦੇ ਹਨ। ਇਹ ਬਿਆਨ ਭਾਵੇਂ ਸਾਰਿਆਂ 'ਤੇ ਲਾਗੂ ਨਹੀਂ ਹੁੰਦਾ, ਪਰ ਇਸ ਨੇ ਪੰਜਾਬ ਦੀ ਖੇਤੀ ਅਤੇ ਪੇਂਡੂ ਅਰਥਚਾਰੇ ਦੀਆਂ ਡੂੰਘੀਆਂ ਸਮੱਸਿਆਵਾਂ ਵੱਲ ਧਿਆਨ ਜ਼ਰੂਰ ਖਿੱਚਿਆ ਹੈ।

ਪੰਜਾਬ ਦੀ ਖੇਤੀ ਸਿਰਫ਼ ਇਕ ਆਰਥਿਕ ਗਤੀਵਿਧੀ ਨਹੀਂ, ਸਗੋਂ ਸਮਾਜਿਕ, ਸੱਭਿਆਚਾਰਕ

**ਡਾ. ਦਲਬੀਰ ਸਿੰਘ**
**ਫੋਨ: +91-94164-47468**

ਅਤੇ ਰਾਜਨੀਤਿਕ ਪਛਾਣ ਦਾ ਅਧਾਰ ਵੀ ਹੈ। ਦੇਸ਼ ਦੀ ਖੁਰਾਕ ਸੁਰੱਖਿਆ ਵਿਚ ਪੰਜਾਬ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਹਰੀ ਕ੍ਰਾਂਤੀ ਨੇ ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਬਣਾਇਆ। ਪਰ, ਅੱਜ ਉਸੇ ਖੇਤੀ ਪ੍ਰਣਾਲੀ ਨੂੰ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭੂ-ਜਲ ਦਾ ਲਗਾਤਾਰ ਘਟਦਾ ਪੱਧਰ, ਜ਼ਮੀਨ ਦੀ ਉਪਜਾਊ ਸ਼ਕਤੀ ਵਿਚ ਗਿਰਾਵਟ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵੱਧ ਰਹੀ ਵਰਤੋਂ, ਕਣਕ-ਝੋਨੇ ਦਾ ਫ਼ਸਲੀ-ਚੱਕਰ, ਖੇਤੀ ਦੀ ਵੱਧਦੀ ਲਾਗਤ ਅਤੇ ਕਿਸਾਨਾਂ ਦੀ ਘੱਟਦੀ ਆਮਦਨ ਇਸ ਸੰਕਟ ਨੂੰ ਹੋਰ ਡੂੰਘਾ ਕਰ ਰਹੇ ਹਨ।

ਸ. ਅਜੈਪਾਲ ਸਿੰਘ ਬੰਗਾ ਦੀ ਟਿੱਪਣੀ ਦੇ ਕਈ ਮਾਇਨੇ ਹੋ ਸਕਦੇ ਹਨ ਪਰ ਆਰਥਿਕ ਦ੍ਰਿਸ਼ਟੀਕੋਣ ਤੋਂ ਸੋਚਿਆ ਜਾਵੇ ਤਾਂ ਜ਼ਮੀਨ ਸਿਰਫ਼ ਇਕ ਜਾਇਦਾਦ ਨਹੀਂ, ਸਗੋਂ ਇਕ ਉਤਪਾਦਕ ਸੰਪਤੀ ਮੰਨੀ ਜਾਂਦੀ ਹੈ। ਜੇਕਰ ਇਸ ਨੂੰ ਵੇਚ ਕੇ ਮਿਲੀ ਰਕਮ ਨੂੰ ਸਿਰਫ਼ ਖ਼ਪਤ, ਮਹਿੰਗੀਆਂ ਗੱਡੀਆਂ, ਸ਼ਾਨੋ-ਸ਼ੌਕਤ ਜਾਂ ਗੈਰ-ਉਤਪਾਦਕ ਕੰਮਾਂ 'ਤੇ ਖ਼ਰਚ ਕਰ ਦਿੱਤਾ ਜਾਵੇ ਤਾਂ ਕੁਝ ਸਾਲਾਂ ਬਾਅਦ ਨਾ ਜ਼ਮੀਨ ਹੀ ਰਹਿੰਦੀ ਹੈ ਅਤੇ ਨਾ ਹੀ ਆਮਦਨ ਦੇ ਸਥਾਈ ਸਰੋਤ। ਅਰਥ-ਸ਼ਾਸਤਰ ਵਿਚ ਇਸ ਨੂੰ 'ਸੰਪਤੀ ਦਾ ਉਪਭੋਗ' ਕਿਹਾ ਜਾਂਦਾ ਹੈ, ਨਾ ਕਿ 'ਸੰਪਤੀ ਦਾ ਨਿਵੇਸ਼।' ਇੱਕ ਵਾਰ ਜ਼ਮੀਨ ਗੈਰ-ਖੇਤੀ ਮਕਸਦਾਂ ਲਈ ਵਿਕ ਗਈ ਤਾਂ ਉਸ ਨੂੰ ਮੁੜ ਖੇਤੀ ਵਿਚ ਲਿਆਉਣਾ ਲਗਭਗ ਅਸੰਭਵ ਹੋ ਜਾਂਦਾ ਹੈ। ਇਹੀ ਉਹ ਹਲੂਣਾ ਹੈ ਜਿਹੜਾ ਸਰਦਾਰ ਬੰਗਾ, ਪੰਜਾਬੀਆਂ ਨੂੰ ਦੇਣਾ ਚਾਹੁੰਦੇ ਹਨ। ਚਿੰਤਾ ਵੀ ਕੋਈ ਆਪਣਾ ਹੀ ਕਰਦਾ ਹੁੰਦਾ ਹੈ, ਗ਼ੈਰ ਤਾਂ ਉਜੜਣ ਦੇ ਜਸ਼ਨ ਮਨਾਉਂਦੇ ਨੇ।

ਪਰ ਇਸ ਵਰਤਾਰੇ ਲਈ ਸਿਰਫ਼ ਨੌਜਵਾਨਾਂ ਜਾਂ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਅਸਲ ਵਿਚ ਪੰਜਾਬ ਦਾ ਖੇਤੀ ਸੰਕਟ ਵਿਅਕਤੀਗਤ ਨਹੀਂ, ਸਗੋਂ ਨੀਤੀਗਤ ਅਤੇ ਢਾਂਚਾਗਤ ਵੀ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿਚ ਖੇਤੀ ਕਣਕ ਅਤੇ ਝੋਨੇ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਖਰੀਦ ਨੇ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਬਾਰੇ ਸੋਚਣ ਹੀ ਨਹੀਂ ਦਿੱਤਾ। ਦੂਜੇ ਪਾਸੇ ਦਾਲਾਂ, ਤੇਲ ਬੀਜਾਂ, ਫਲਾਂ ਅਤੇ ਸਬਜ਼ੀਆਂ ਲਈ ਨਾ ਤਾਂ ਮਜ਼ਬੂਤ ਮੰਡੀ ਪ੍ਰਣਾਲੀ ਵਿਕਸਤ ਹੋਈ ਅਤੇ ਨਾ ਹੀ ਕੀਮਤਾਂ ਦੀ ਕੋਈ ਗਰੰਟੀ ਮਿਲੀ। ਇਸ ਦੇ ਨਾਲ ਹੀ ਪੰਜਾਬ ਵਿਚ ਉਦਯੋਗੀਕਰਨ ਦੀ ਰਫ਼ਤਾਰ ਵੀ ਸੰਤੋਸ਼ਜਨਕ ਨਹੀਂ ਰਹੀ। ਪੇਂਡੂ ਨੌਜਵਾਨਾਂ ਲਈ ਖੇਤੀ ਤੋਂ ਬਾਹਰ ਰੋਜ਼ਗਾਰ ਦੇ ਮੌਕੇ ਸੀਮਤ ਹਨ। ਨਤੀਜੇ ਵਜੋਂ ਇੱਕ ਪਾਸੇ ਖੇਤੀ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਬਦਲਵੇਂ ਰੁਜ਼ਗਾਰ ਦੀ ਘਾਟ ਹੈ।




ਇਸ ਸਥਿਤੀ ਵਿਚ ਜੇ ਕੋਈ ਪਰਿਵਾਰ ਆਪਣੀ ਜ਼ਮੀਨ ਵੇਚਦਾ ਹੈ ਤਾਂ ਇਸ ਨੂੰ ਸਿਰਫ਼ ਨਿੱਜੀ ਫ਼ੈਸਲਾ ਨਹੀਂ, ਸਗੋਂ ਵਿਆਪਕ ਆਰਥਿਕ ਮਜਬੂਰੀ ਦੇ ਸੰਦਰਭ ਵਿਚ ਵੀ ਦੇਖਣਾ ਚਾਹੀਦਾ ਹੈ। ਇਸ ਬਿਆਨ ਦਾ ਦੂਜਾ ਪੱਖ ਇਹ ਵੀ ਹੋ ਸਕਦਾ ਹੈ।

ਕਰੋਨਾ-ਮਹਾਂਮਾਰੀ ਤੋਂ ਬਾਅਦ, ਸ਼ਹਿਰੀਕਰਨ, ਕਾਰਪੋਰੇਟ ਘਰਾਨਿਆਂ ਵਲੋਂ ਉਦਯੋਗਿਕ ਵਿਸਥਾਰ ਅਤੇ ਰੀਅਲ ਅਸਟੇਟ ਕਾਰਨ ਖੇਤੀ ਵਾਲੀ ਜ਼ਮੀਨ ਦੀ ਕੀਮਤ ਕਈ ਗੁਣਾ ਵਧੀ ਹੈ। ਬਹੁਤ ਸਾਰੇ ਪਰਿਵਾਰਾਂ ਨੂੰ ਲੱਗਦਾ ਹੈ ਕਿ ਖੇਤੀ ਤੋਂ ਸਾਲਾਨਾ ਆਮਦਨ ਨਾਲੋਂ ਜ਼ਮੀਨ ਵੇਚਣਾ ਜ਼ਿਆਦਾ ਲਾਭਕਾਰੀ ਹੈ। ਪਰ ਇਹ ਲਾਭ ਇਕ ਵਾਰ ਦਾ ਹੁੰਦਾ ਹੈ, ਜਦਕਿ ਖੇਤੀ ਲੰਬੇ ਸਮੇਂ ਦੀ ਆਮਦਨ ਅਤੇ ਸਮਾਜਿਕ ਸੁਰੱਖਿਆ ਦਾ ਸਰੋਤ ਹੁੰਦੀ ਹੈ।

ਸ. ਬੰਗਾ ਦੇ ਇਹ ਸੁਝਾਅ ਮਹੱਤਵਪੂਰਨ ਹਨ ਕਿ ਪੰਜਾਬ ਦੀ ਖੇਤੀ ਨੂੰ ਤਕਨਾਲੋਜੀ, ਸਹਿਕਾਰੀ ਸੰਸਥਾਵਾਂ, ਉੱਚ ਗੁਣਵੱਤਾ ਵਾਲੇ ਬੀਜ, ਸੰਤੁਲਿਤ ਖਾਦਾਂ ਅਤੇ ਮੁੱਲ ਵਧਾਉਣ ਵਾਲੀਆਂ ਖੇਤੀ ਗਤੀਵਿਧੀਆਂ ਵੱਲ ਮੋੜਨਾ ਚਾਹੀਦਾ ਹੈ। ਅੱਜ ਦੁਨੀਆ ਦੀ ਖੇਤੀ ਸਿਰਫ਼ ਉਤਪਾਦਨ ਤੱਕ ਸੀਮਤ ਨਹੀਂ ਰਹੀ, ਫੂਡ-ਪ੍ਰੋਸੈਸਿੰਗ, ਬ੍ਰਾਂਡਿੰਗ, ਬਰਾਮਦ, ਕੋਲਡ ਸਟੋਰੇਜ਼ (ਕੋਲਡ ਚੇਨ), ਜੈਵਿਕ ਖੇਤੀ, ਬਾਗ਼ਬਾਨੀ ਅਤੇ ਡੇਅਰੀ ਵਰਗੇ ਖੇਤਰ ਕਿਸਾਨਾਂ ਦੀ ਆਮਦਨ ਵਿਚ ਵੱਡਾ ਵਾਧਾ ਕਰ ਸਕਦੇ ਹਨ। ਇਸ ਦੇ ਨਾਲ ਹੀ, ਸੂਖਮ ਸਿੰਚਾਈ, ਆਧੁਨਿਕ ਤਕਨਾਲੋਜੀ, ਜਲ ਸੰਭਾਲ, ਕਿਸਾਨ ਉਤਪਾਦਕ ਸੰਸਥਾਵਾਂ (ਐਫ.ਪੀ.ਓ.) ਅਤੇ ਸਹਿਕਾਰੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਵੀ ਸਮੇਂ ਦੀ ਲੋੜ ਹੈ। ਪਾਣੀ-ਬਚਾਊ ਤਕਨੀਕਾਂ ਨੂੰ ਵਿਆਪਕ ਤੌਰ 'ਤੇ ਅਪਨਾਉਣ ਦੀ ਜ਼ਰੂਰਤ ਹੈ। ਇਸ ਲਈ ਨੀਤੀਗਤ ਸੁਧਾਰ, ਪੇਂਡੂ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਲੰਬੇ ਸਮੇਂ ਦੀ ਸਰਕਾਰੀ ਵਚਨਬੱਧਤਾ ਲਾਜ਼ਮੀ ਹੈ। ਸਰਕਾਰਾਂ ਵਲੋਂ ਕਿਸਾਨਾਂ ਨੂੰ ਨਵੀਆਂ ਫ਼ਸਲਾਂ ਲਈ ਯਕੀਨੀ ਬਾਜ਼ਾਰ, ਪ੍ਰੋਸੈਸਿੰਗ ਉਦਯੋਗ, ਸਸਤਾ ਕਰਜ਼ਾ, ਬੀਮਾ, ਖੋਜ ਅਤੇ ਵਿਸਥਾਰ ਸੇਵਾਵਾਂ ਮੁਹੱਈਆ ਕਰਵਾਉਣੀਆਂ ਹੋਣਗੀਆਂ। ਇਸ ਤੋਂ ਇਲਾਵਾ ਪੇਂਡੂ ਖੇਤਰਾਂ ਵਿਚ ਸਿੱਖਿਆ, ਹੁਨਰ ਵਿਕਾਸ ਅਤੇ ਛੋਟੇ-ਮੱਧਮ ਉਦਯੋਗਾਂ ਦਾ ਵਿਸਥਾਰ ਕਰਨਾ ਵੀ ਲਾਜ਼ਮੀ ਹੈ ਤਾਂ ਜੋ ਨੌਜਵਾਨਾਂ ਨੂੰ ਖੇਤੀ ਦੇ ਨਾਲ-ਨਾਲ ਇੱਜ਼ਤਦਾਰ ਰੁਜ਼ਗਾਰ ਵੀ ਮਿਲ ਸਕੇ।

ਅੱਜ ਪੰਜਾਬ ਜਿਸ ਮੋੜ 'ਤੇ ਖੜ੍ਹਾ ਹੈ ਉਥੇ ਖੇਤੀ ਜਾਂ ਆਧੁਨਿਕਤਾ ਵਿਚੋਂ ਸਿਰਫ਼ ਕਿਸੇ ਇਕ ਨੂੰ ਚੁਣਨ ਦੀ ਲੋੜ ਨਹੀਂ, ਸਗੋਂ ਖੇਤੀ ਨੂੰ ਹੀ ਆਧੁਨਿਕ ਬਣਾਉਂਦੇ ਹੋਏ ਪੇਂਡੂ ਅਰਥਵਿਵਸਥਾ ਲਈ ਨਵੇਂ ਮੌਕੇ ਪੈਦਾ ਕਰਨ ਦੀ ਹੈ। ਪੰਜਾਬ ਦੇ ਹਜ਼ਾਰਾਂ ਨੌਜਵਾਨ ਆਧੁਨਿਕ ਖੇਤੀ, ਸਟਾਰਟਅੱਪ, ਜੈਵਿਕ ਖੇਤੀ, ਡੇਅਰੀ ਅਤੇ ਐਗਰੀ-ਟੈਕ ਰਾਹੀਂ ਨਵੇਂ ਮਾਡਲ ਵੀ ਪੇਸ਼ ਕਰ ਰਹੇ ਹਨ। ਇਸ ਲਈ ਕੁਝ ਉਦਾਹਰਣਾਂ ਨੂੰ ਪੂਰੇ ਪੰਜਾਬ ਦੀ ਤਸਵੀਰ ਨਹੀਂ ਮੰਨਿਆ ਜਾ ਸਕਦਾ। ਪਰ ਇਹ ਵੀ ਸੱਚ ਹੈ ਕਿ ਜ਼ਮੀਨ ਦੀ ਅੰਨ੍ਹੇਵਾਹ ਵਿਕਰੀ ਅਤੇ ਗੈਰ-ਉਤਪਾਦਕ ਖ਼ਰਚੇ ਇਕ ਚਿੰਤਾਜਨਕ ਰੁਝਾਨ ਬਣਦੇ ਜਾ ਰਹੇ ਹਨ।

ਇਸ ਲਈ ਸਿਰਫ਼ ਸਰਕਾਰਾਂ ਹੀ ਨਹੀਂ, ਸਗੋਂ ਕਿਸਾਨਾਂ, ਸਹਿਕਾਰੀ ਸੰਸਥਾਵਾਂ, ਖੇਤੀ ਯੂਨੀਵਰਸਿਟੀਆਂ, ਨਿੱਜੀ ਖੇਤਰ ਅਤੇ ਨੌਜਵਾਨਾਂ ਨੂੰ ਵੀ ਸਾਂਝੀ ਭੂਮਿਕਾ ਨਿਭਾਉਣੀ ਪਵੇਗੀ। ਪੰਜਾਬ ਦੀ ਖੁਸ਼ਹਾਲੀ ਦਾ ਭਵਿੱਖ ਜ਼ਮੀਨ ਵੇਚਣ ਵਿਚ ਨਹੀਂ, ਸਗੋਂ ਜ਼ਮੀਨ ਦੀ ਉਤਪਾਦਕਤਾ, ਖੇਤੀ ਦੀ ਵਿਭਿੰਨਤਾ ਅਤੇ ਪੇਂਡੂ ਅਰਥਚਾਰੇ ਦੇ ਆਧੁਨਿਕੀਕਰਨ ਵਿਚ ਹੈ। ਇਸ ਲਈ ਸਰਦਾਰ ਬੰਗਾ ਦੀ ਟਿੱਪਣੀ ਨੂੰ ਇਕ ਚੇਤਾਵਨੀ ਵਜੋਂ ਦੇਖਣਾ ਚਾਹੀਦਾ ਹੈ। ਪੰਜਾਬ ਨੇ ਦੇਸ਼ ਨੂੰ ਅਨਾਜ ਦੇ ਕੇ ਖੁਰਾਕ ਸੁਰੱਖਿਆ ਦਿੱਤੀ ਹੈ। ਹੁਣ ਸਮਾਂ ਆ ਗਿਆ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੋਵੇਂ ਮਿਲ ਕੇ ਸੰਜੀਦਗੀ ਨਾਲ ਪੰਜਾਬ ਨੂੰ ਟਿਕਾਊ ਖੇਤੀ, ਫ਼ਸਲੀ ਵਿਭਿੰਨਤਾ ਅਤੇ ਪੇਂਡੂ ਉਦਯੋਗੀਕਰਨ ਵੱਲ ਲੈ ਕੇ ਜਾਣ ਨਹੀਂ ਤਾਂ ਭਵਿੱਖ ਵਿਚ ਫ਼ਸਲਾਂ, ਨਸਲਾਂ ਤੇ ਪਾਣੀ-ਤਿੰਨੇ ਹੀ ਬਣ ਜਾਣਗੇ ਗੰਭੀਰ ਕਹਾਣੀ।

# ਨਿਰਪੱਖ ਮੁਕੱਦਮੇ ਦਾ ਅਧਿਕਾਰ ਮਹੱਤਵਪੂਰਨ ਮੋੜ 'ਤੇ

ਇਸ ਸਾਲ ਦੇ ਸ਼ੁਰੂ ਵਿਚ ਜਦੋਂ ਭਾਰਤ ਦੀ ਸੁਪਰੀਮ ਕੋਰਟ ਨੇ 2020 ਦੇ ਦਿੱਲੀ ਦੰਗਾ ਮਾਮਲਿਆਂ ਵਿਚ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ (ਜਦਕਿ ਇਸੇ ਮਾਮਲੇ ਵਿਚ ਹੋਰ ਪੰਜ ਵਿਅਕਤੀਆਂ ਨੂੰ ਜ਼ਮਾਨਤ ਦੇ ਦਿੱਤੀ ਗਈ), ਤਾਂ ਇੱਕ ਬੁਨਿਆਦੀ ਸਵਾਲ ਉੱਠਿਆ ਸੀ — ਕਿਸੇ ਵਿਅਕਤੀ ਨੂੰ ਦੋਸ਼ੀ ਸਾਬਤ ਹੋਣ ਤੋਂ ਪਹਿਲਾਂ ਆਖ਼ਿਰ ਕਿੰਨਾ ਸਮਾਂ ਜੇਲ੍ਹ ਵਿਚ ਰੱਖਿਆ ਜਾ ਸਕਦਾ ਹੈ? ਸੁਪਰੀਮ ਕੋਰਟ ਦੇ ਉਸ ਫ਼ੈਸਲੇ ਵੇਲੇ

**ਗੌਤਮ ਭਾਟੀਆ**
**(ਦਿੱਲੀ ਅਧਾਰਤ ਵਕੀਲ)**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਪੰਜ ਸਾਲ ਤੋਂ ਵੱਧ ਸਮਾਂ ਬਿਨਾਂ ਮੁਕੱਦਮੇ ਚਲਾਏ ਜੇਲ੍ਹ ਵਿਚ ਗੁਜ਼ਾਰ ਚੁੱਕੇ ਸਨ। ਇਹ ਲੇਖ ਲਿਖੇ ਜਾਣ ਤੱਕ ਇਹ ਮਿਆਦ ਛੇ ਸਾਲ ਦੇ ਨੇੜੇ ਪਹੁੰਚ ਚੁੱਕੀ ਹੈ।

**ਜ਼ਮਾਨਤ, ਮੁਕੱਦਮੇ ਵਿਚ ਦੇਰੀ ਅਤੇ ਅਧਿਕਾਰ**

ਆਪਣੇ ਕਈ ਪਹਿਲੇ ਫ਼ੈਸਲਿਆਂ ਵਿਚ ਸੁਪਰੀਮ ਕੋਰਟ ਖ਼ੁਦ ਇਹ ਕਹਿ ਚੁੱਕੀ ਹੈ ਕਿ ਜੇ ਮੁਕੱਦਮੇ ਵਿਚ ਅਸਧਾਰਨ ਦੇਰੀ ਹੋਵੇ, ਤਾਂ ਇਹ ਸੰਵਿਧਾਨ ਦੇ ਆਰਟੀਕਲ 21 ਤਹਿਤ ਮੁਲਜ਼ਮ ਦੇ ਵਿਅਕਤੀਗਤ ਆਜ਼ਾਦੀ ਦੇ ਹੱਕ ਨੂੰ ਪ੍ਰਭਾਵਿਤ ਕਰਦੀ ਹੈ। ਇਸ ਲਈ, ਭਾਵੇਂ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਐਕਟ (ਯੂਏਪੀਏ) ਵਿਚ ਜ਼ਮਾਨਤ ਲਈ ਬਹੁਤ ਸਖ਼ਤ ਸ਼ਰਤਾਂ ਹਨ, ਪਰ ਇਹ ਕਾਨੂੰਨੀ ਪਾਬੰਦੀਆਂ ਸੰਵਿਧਾਨਕ—ਅਤੇ ਦਰਅਸਲ ਮਨੁੱਖੀ—ਆਜ਼ਾਦੀ ਦੇ ਹੱਕ ਉੱਤੇ ਹਾਵੀ ਨਹੀਂ ਹੋ ਸਕਦੀਆਂ।

ਪਰ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਦੀ ਜ਼ਮਾਨਤ ਨੂੰ ਰੱਦ ਕਰਦਿਆਂ ਸੁਪਰੀਮ ਕੋਰਟ ਦੇ ਇੱਕ ਹੋਰ ਬੈਂਚ ਨੇ ਕਿਹਾ ਕਿ ਕੇਵਲ ਮੁਕੱਦਮੇ ਵਿਚ ਦੇਰੀ ਹੋ ਜਾਣ ਨਾਲ ਜ਼ਮਾਨਤ ਦਾ ਕੋਈ ਅਟੱਲ ਜਾਂ ਆਪਣੇ-ਆਪ ਪੈਦਾ ਹੋਣ ਵਾਲਾ ਹੱਕ ਨਹੀਂ ਬਣ ਜਾਂਦਾ। ਇਸ ਦੇ ਨਾਲ-ਨਾਲ ਅਪਰਾਧ ਦੀ ਗੰਭੀਰਤਾ ਅਤੇ ਮੁਕੱਦਮੇ ਵਿਚ ਦੇਰੀ ਲਈ ਕਿਹੜਾ ਪੱਖ ਜ਼ਿੰਮੇਵਾਰ ਹੈ, ਵਰਗੇ ਹੋਰ ਫੈਕਟਰਾਂ ਨੂੰ ਵੀ ਧਿਆਨ ਵਿਚ ਰੱਖਣਾ ਪਵੇਗਾ।

ਪੂਰੇ ਸਤਿਕਾਰ ਨਾਲ ਕਹਿਣਾ ਪੈਂਦਾ ਹੈ ਕਿ ਇਹ ਦਲੀਲ ਅਸਲ ਮੁੱਦੇ ਨੂੰ ਹੀ ਨਜ਼ਰਅੰਦਾਜ਼ ਕਰ ਦਿੰਦੀ ਹੈ। ਅਪਰਾਧ ਦੀ ਗੰਭੀਰਤਾ ਵਰਗੇ ਫੈਕਟਰ ਇਹ ਤੈਅ ਕਰਨ ਲਈ ਵਰਤੇ ਜਾਂਦੇ ਹਨ ਕਿ ਸ਼ੁਰੂਆਤੀ ਪੱਧਰ 'ਤੇ ਜ਼ਮਾਨਤ ਦਿੱਤੀ ਜਾਵੇ ਜਾਂ ਨਹੀਂ। ਪਰ ਫਿਰ ਉਸੇ ਅਪਰਾਧ ਦੀ ਗੰਭੀਰਤਾ—ਜੋ ਜ਼ਮਾਨਤ ਦੇ ਪੜਾਅ 'ਤੇ ਸਿਰਫ਼ ਰਾਜ ਵੱਲੋਂ ਲਗਾਇਆ ਦੋਸ਼ ਹੁੰਦਾ ਹੈ—ਨੂੰ ਮੁਕੱਦਮੇ ਵਿਚ ਹੋਈ ਲੰਮੀ ਦੇਰੀ ਉੱਤੇ ਹਾਵੀ ਕਰ ਦੇਣਾ ਅਜਿਹੀ ਪ੍ਰਣਾਲੀ ਨੂੰ ਜਨਮ ਦਿੰਦਾ ਹੈ, ਜਿਸ ਵਿਚ ਕੁਝ ਲੋਕਾਂ ਨੂੰ ਸਿਰਫ਼ 'ਗੰਭੀਰ ਅਪਰਾਧ ਦੇ ਦੋਸ਼ੀ' ਹੋਣ ਦੇ ਅਧਾਰ 'ਤੇ ਦਹਾਕਿਆਂ ਤੱਕ ਜੇਲ੍ਹ ਵਿਚ ਰੱਖਿਆ ਜਾ ਸਕਦਾ ਹੈ।

ਅਸਲ ਵਿਚ ਅਜਿਹਾ ਹੋਇਆ ਵੀ ਹੈ। ਯੂਏਪੀਏ ਤਹਿਤ ਦੋਸ਼ੀ ਬਣਾਏ ਕਈ ਲੋਕ ਵੀਹ-ਵੀਹ ਸਾਲ ਤੋਂ ਵੱਧ ਸਮਾਂ ਜੇਲ੍ਹ ਵਿਚ ਕੱਟਣ ਤੋਂ ਬਾਅਦ ਆਖ਼ਿਰਕਾਰ ਬਰੀ ਹੋਏ ਹਨ। ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਵਡਮੁੱਲੇ ਸਾਲ ਉਨ੍ਹਾਂ ਤੋਂ ਖੋਹ ਲਏ ਗਏ। ਅਜਿਹਾ ਇੱਕ ਤੋਂ ਵੱਧ ਵਾਰ ਹੋ ਚੁੱਕਾ ਹੈ, ਇਸ ਹਕੀਕਤ ਨੂੰ ਆਪਣੇ-ਆਪ ਵਿਚ ਅਦਾਲਤ ਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਨਾ ਚਾਹੀਦਾ ਸੀ।

ਇਹ ਦਲੀਲ ਵੀ ਟਿਕਾਊ ਨਹੀਂ ਹੈ ਕਿ ਮੁਕੱਦਮੇ ਵਿਚ ਦੇਰੀ ਲਈ ਖ਼ੁਦ ਮੁਲਜ਼ਮ ਜ਼ਿੰਮੇਵਾਰ ਹੋ ਸਕਦੇ ਹਨ। ਭਾਵੇਂ ਮੁਲਜ਼ਮ ਕੋਈ ਅਰਜ਼ੀ ਦੇਵੇ ਜਾਂ ਰਾਜ, ਆਖ਼ਿਰਕਾਰ ਅਦਾਲਤੀ ਕਾਰਵਾਈ ਅਤੇ ਮੁਕੱਦਮੇ ਦੀ ਰਫ਼ਤਾਰ ਉੱਪਰ ਕੰਟਰੋਲ ਜੱਜ ਦਾ ਹੀ ਹੁੰਦਾ ਹੈ। ਇਸ ਲਈ ਇਹ ਯਕੀਨੀ ਬਣਾਉਣ ਦੀ ਆਖ਼ਰੀ ਜ਼ਿੰਮੇਵਾਰੀ ਵੀ ਜੱਜ ਦੀ ਹੈ ਕਿ ਮੁਕੱਦਮੇ ਵਾਜਬ ਸਮੇਂ ਦੇ ਅੰਦਰ ਮੁਕੰਮਲ ਹੋਣ।

ਦਰਅਸਲ, ਇੰਝ ਲੱਗਦਾ ਹੈ ਕਿ ਸੁਪਰੀਮ ਕੋਰਟ ਖ਼ੁਦ ਵੀ ਇਨ੍ਹਾਂ ਚਿੰਤਾਵਾਂ ਤੋਂ ਪੂਰੀ ਤਰ੍ਹਾਂ ਅਣਭਿੱਜ ਨਹੀਂ ਹੈ। ਹਾਲ ਹੀ ਵਿਚ ਸੁਪਰੀਮ ਕੋਰਟ ਦੇ ਇੱਕ ਹੋਰ ਦੋ-ਜੱਜਾਂ ਵਾਲੀ ਬੈਂਚ ਨੇ ਇੱਕ ਦੁਰਲੱਭ ਕਦਮ ਚੁੱਕਦੇ ਹੋਏ ਦਿੱਲੀ ਦੰਗਾ ਮਾਮਲਿਆਂ ਵਿਚ ਜ਼ਮਾਨਤ ਰੱਦ ਕਰਨ ਦੇ ਫ਼ੈਸਲੇ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਉਸ ਨੇ ਕਿਹਾ ਕਿ ਇਹ ਸਥਾਪਿਤ ਨਿਆਂਇਕ ਮਿਸਾਲਾਂ ਦੇ ਉਲਟ ਹੈ ਅਤੇ ਉਨ੍ਹਾਂ ਨੇ ਇਸ ਬੁਨਿਆਦੀ ਸੰਵਿਧਾਨਕ ਸਿਧਾਂਤ ਨੂੰ ਦੁਹਰਾਇਆ ਕਿ ਕਾਨੂੰਨ ਦੇ ਰਾਜ 'ਤੇ ਆਧਾਰਤ ਸੰਵਿਧਾਨ ਦੇ ਤਹਿਤ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮੇ ਦੇ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਨਹੀਂ ਰੱਖਿਆ ਜਾ ਸਕਦਾ।

ਇਸ ਦੇ ਜਵਾਬ ਵਿਚ, ਅਤੇ ਇੱਕ ਹੋਰ ਮਾਮਲੇ ਵਿਚ, ਦਿੱਲੀ ਦੰਗਾ ਮਾਮਲਿਆਂ ਦੀ ਸੁਣਵਾਈ ਕਰ ਰਹੇ ਬੈਂਚ ਨੇ ਇਹ ਸਵਾਲ ਭਾਰਤ ਦੇ ਚੀਫ਼ ਜਸਟਿਸ ਕੋਲ ਭੇਜ ਦਿੱਤਾ ਤਾਂ ਜੋ ਇਸ 'ਤੇ ਫ਼ੈਸਲਾ ਕਰਨ ਲਈ ਇੱਕ ਵੱਡੇ ਬੈਂਚ ਦਾ ਗਠਨ ਕੀਤਾ ਜਾ ਸਕੇ। ਪੂਰੇ ਸਤਿਕਾਰ ਨਾਲ ਕਿਹਾ ਜਾ ਰਿਹਾ ਹੈ ਕਿ ਇਹ ਤੱਥ ਹੀ ਚਿੰਤਾ ਦਾ ਵਿਸ਼ਾ ਹੈ ਕਿ ਸੁਪਰੀਮ ਕੋਰਟ ਖ਼ੁਦ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਪੰਜ ਸਾਲ ਤੋਂ ਵੱਧ ਸਮਾਂ—ਜੋ ਇਕ ਮਸ਼ਹੂਰ ਰਾਜਨੀਤਿਕ ਕੈਦੀ ਕੈਪਟਨ



ਐਲਫਰੈਡ ਡਰੇਫਸ ਵੱਲੋਂ ਜੇਲ੍ਹ ਵਿਚ ਗੁਜ਼ਾਰੇ ਸਮੇਂ ਦੇ ਬਰਾਬਰ ਹੈ—ਜੇਲ੍ਹ ਵਿਚ ਗੁਜ਼ਾਰਨ ਵਾਲੇ ਲੋਕਾਂ ਨੂੰ ਰਿਹਾ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ।

ਇਸ ਦਰਮਿਆਨ ਹੇਠਲੀਆਂ ਅਦਾਲਤਾਂ ਅਤੇ ਉੱਚ ਅਦਾਲਤਾਂ ਵਿਚ ਨਿਆਂਇਕ ਫ਼ੈਸਲਿਆਂ ਵਿਚਕਾਰ ਟਕਰਾਅ ਅਤੇ ਬੇਮੇਲਤਾ ਬਣੀ ਹੋਈ ਹੈ।

ਹਾਲ ਹੀ ਵਿਚ ਦਿੱਲੀ ਹਾਈ ਕੋਰਟ ਨੇ ਕਸ਼ਮੀਰੀ ਮਨੁੱਖੀ ਅਧਿਕਾਰ ਕਾਰਕੁਨ ਖ਼ੁਰਰਮ ਪਰਵੇਜ਼ ਨੂੰ ਜ਼ਮਾਨਤ ਦਿੱਤੀ। ਉਹ ਚਾਰ ਸਾਲ ਤੋਂ ਵੱਧ ਸਮੇਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿਚ ਸਨ। ਹਾਈ ਕੋਰਟ ਨੇ ਮੰਨਿਆ ਕਿ ਬਿਨਾਂ ਮੁਕੱਦਮੇ ਦੇ ਏਨੀ ਲੰਮੀ ਜੇਲ੍ਹਬੰਦੀ ਜ਼ਮਾਨਤ ਦੇਣ ਲਈ ਇੱਕ ਮਹੱਤਵਪੂਰਨ ਆਧਾਰ ਹੈ।

ਪਰ ਦਿਲਚਸਪ ਗੱਲ ਇਹ ਹੈ ਕਿ ਜਿਨ੍ਹਾਂ ਜੱਜ ਨੇ (ਸਹੀ ਤੌਰ 'ਤੇ) ਖ਼ੁਰਮ ਪਰਵੇਜ਼ ਨੂੰ ਜ਼ਮਾਨਤ ਦਿੱਤੀ, ਉਨ੍ਹਾਂ ਨੇ ਹੀ ਇੱਕ ਸਾਲ ਪਹਿਲਾਂ ਦਿੱਲੀ ਦੰਗਾ ਮਾਮਲਿਆਂ ਵਿਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਦੋਂ ਉਸ ਸਮੇਂ ਵੀ ਮੁਲਜ਼ਮ ਚਾਰ ਸਾਲ ਤੋਂ ਵੱਧ ਸਮਾਂ ਜੇਲ੍ਹ ਵਿਚ ਗੁਜ਼ਾਰ ਚੁੱਕੇ ਸਨ।

ਇਹ ਹੀ ਨਹੀਂ, ਇਹੀ ਜੱਜ ਦਿੱਲੀ ਦੰਗਾ ਮਾਮਲਿਆਂ ਵਿਚ ਲਗਭਗ ਇੱਕੋ ਜਿਹੇ ਤੱਥਾਂ ਦੇ ਆਧਾਰ 'ਤੇ ਇੱਕ ਸਾਲ ਦੇ ਅਰਸੇ ਵਿਚ ਜ਼ਮਾਨਤ ਬਾਰੇ ਇੱਕ-ਦੂਜੇ ਦੇ ਉਲਟ ਫ਼ੈਸਲੇ ਵੀ ਦੇ ਚੁੱਕੇ ਹਨ।

ਇਹ ਕਹਿਣਾ ਆਮ ਗੱਲ ਹੈ ਕਿ ਕੋਈ ਵੀ ਦੋ ਮਾਮਲੇ ਬਿਲਕੁਲ ਇੱਕੋ ਜਿਹੇ ਨਹੀਂ ਹੁੰਦੇ। ਪਰ ਵਿਚਾਰ ਅਧੀਨ ਕੈਦ ਵਰਗੇ ਬੁਨਿਆਦੀ ਮਸਲੇ 'ਤੇ ਵੱਖ-ਵੱਖ ਮਾਮਲਿਆਂ ਅਤੇ ਅਦਾਲਤਾਂ ਵਿਚ ਲਗਾਤਾਰ ਸਾਹਮਣੇ ਆਉਣ ਵਾਲੀਆਂ ਅਜਿਹੀਆਂ ਕੁਜੋੜਤਾਵਾਂ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਆਖ਼ਿਰਕਾਰ ਬੁਨਿਆਦੀ ਅਧਿਕਾਰਾਂ ਅਤੇ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਇਹ ਸਵਾਲ ਇਸ ਲਈ ਵੀ ਖ਼ਾਸ ਮਹੱਤਵ ਰੱਖਦੇ ਹਨ ਕਿਉਂਕਿ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦਾ ਇੱਕ ਸਪਸ਼ਟ ਰਾਜਨੀਤਿਕ ਖ਼ਾਸਾ ਹੈ। ਦੁਨੀਆ ਭਰ ਵਿਚ ਇਹ ਸਾਬਤ ਹੋ ਚੁੱਕਾ ਹੈ ਕਿ ਰਾਜ ਅਜਿਹੇ ਕਾਨੂੰਨਾਂ ਦੀ ਅਜਿਹੀ ਵਿਆਖਿਆ ਕਰਦੇ ਹਨ ਜਿਸ ਨਾਲ ਰਾਜਨੀਤਿਕ ਅਸਹਿਮਤੀ ਅਤੇ ਕਾਨੂੰਨ ਵੱਲੋਂ ਪਰਿਭਾਸ਼ਿਤ 'ਦਹਿਸ਼ਤਵਾਦ' ਵਿਚਲੀ ਲਕੀਰ ਧੁੰਦਲੀ ਹੋ ਜਾਂਦੀ ਹੈ। ਫ਼ਲਸਤੀਨ ਵਿਚ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੇ ਵਿਰੋਧ ਨਾਲ ਜੁੜੀ ਅਸਹਿਮਤੀ ਨੂੰ ਲੈ ਕੇ ਹਾਲ ਹੀ ਵਿਚ ਬਰਤਾਨੀਆ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਹੋਈਆਂ ਕਾਰਵਾਈਆਂ ਇਸ ਦੀਆਂ ਮਿਸਾਲਾਂ ਹਨ।

**ਨਿਆਂਪਾਲਿਕਾ ਨੂੰ ਕੀ ਯਕੀਨੀ ਬਣਾਉਣਾ ਚਾਹੀਦਾ ਹੈ**

ਅਜਿਹੇ ਪ੍ਰਸੰਗ 'ਚ ਨਿਆਂਪਾਲਿਕਾ ਲਈ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਯਕੀਨੀ ਬਣਾਵੇ ਕਿ ਅਜਿਹੇ ਕਾਨੂੰਨਾਂ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਿਆ ਨਾ ਜਾਵੇ।

ਕਾਨੂੰਨੀ ਵਿਆਖਿਆ ਭਾਵੇਂ ਵਿਅਕਤੀਗਤ ਹੋ ਸਕਦੀ ਹੈ, ਪਰ ਇੱਕ ਗੱਲ ਬਿਲਕੁਲ ਸਪਸ਼ਟ ਹੈ—ਅਤੇ ਹੋਣੀ ਵੀ ਚਾਹੀਦੀ ਹੈ—ਕਿ ਰਾਜ ਕਿਸੇ ਵੀ ਵਿਅਕਤੀ ਨੂੰ ਸਾਲਾਂ ਤੱਕ ਬਿਨਾਂ ਮੁਕੱਦਮੇ ਦੇ ਜੇਲ੍ਹ ਵਿਚ ਨਹੀਂ ਰੱਖ ਸਕਦਾ। ਅਜਿਹਾ ਕਰਨਾ ਕਾਨੂੰਨ ਦੇ ਰਾਜ 'ਤੇ ਆਧਾਰਤ ਨਿਆਂਪ੍ਰਣਾਲੀ ਦਾ ਮਜ਼ਾਕ ਬਣਾਉਣਾ ਹੈ ਅਤੇ ਇਹ ਉਸ ਪੁਰਾਣੀ ਕਹਾਵਤ ਨੂੰ ਸੱਚ ਸਿੱਧ ਕਰ ਦਿੰਦਾ ਹੈ ਕਿ 'ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।'

ਇਹ ਸਪਸ਼ਟ ਨਹੀਂ ਹੈ ਕਿ ਸੁਪਰੀਮ ਕੋਰਟ ਦਾ ਵੱਡਾ ਬੈਂਚ ਇਸ ਸਵਾਲ 'ਤੇ ਕਦੋਂ ਜਾਂ ਕੀ ਫ਼ੈਸਲਾ ਦੇਵੇਗਾ। ਪਰ ਇਸ ਦੌਰਾਨ ਯੂ.ਏ.ਪੀ.ਏ. ਦੇ ਕਈ ਵਿਵਾਦਿਤ ਮਾਮਲੇ ਅਜੇ ਵੀ ਅਦਾਲਤਾਂ ਵਿਚ ਲਟਕੇ ਹੋਏ ਹਨ, ਜਿਨ੍ਹਾਂ ਵਿਚ ਲੋਕ ਬਿਨਾਂ ਮੁਕੱਦਮੇ ਦੇ ਜੇਲ੍ਹਾਂ ਵਿਚ ਬੰਦ ਹਨ ਅਤੇ ਉਨ੍ਹਾਂ ਦੀ ਹਿਰਾਸਤ ਦੀ ਮਿਆਦ ਲਗਾਤਾਰ ਵਧਦੀ ਜਾ ਰਹੀ ਹੈ, ਜਦਕਿ ਨਿਆਂ ਮਿਲਣ ਦਾ ਕੋਈ ਸੰਕੇਤ ਨਜ਼ਰ ਨਹੀਂ ਆ ਰਿਹਾ।

ਅਜਿਹਾ ਹੀ ਇੱਕ ਮਾਮਲਾ ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ ਦਾ ਹੈ, ਜੋ ਦਿੱਲੀ ਦੰਗਾ ਮਾਮਲਿਆਂ ਵਿਚ ਦੋਸ਼ੀ ਠਹਿਰਾਏ ਗਏ ਵਿਦਿਆਰਥੀ ਕਾਰਕੁਨਾਂ ਵਿਚੋਂ ਅਜੇ ਵੀ ਹਿਰਾਸਤ ਵਿਚ ਰਹਿ ਰਹੇ ਆਖ਼ਰੀ ਦੋ ਵਿਅਕਤੀ ਹਨ। ਸੁਪਰੀਮ ਕੋਰਟ ਵੱਲੋਂ ਜ਼ਮਾਨਤ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਇਹ ਮਾਮਲਾ ਇਸ ਹਫ਼ਤੇ ਇੱਕ ਵਾਰ ਫਿਰ ਟਰਾਇਲ ਕੋਰਟ ਦੇ ਸਾਹਮਣੇ ਸੁਣਵਾਈ ਲਈ ਸੂਚੀ ਵਿਚ ਹੈ। ਇਸ ਦੌਰਾਨ ਪੰਜ ਸਾਲ ਦੀ ਜੇਲ੍ਹਬੰਦੀ ਛੇ ਸਾਲ ਵਿਚ ਬਦਲ ਚੁੱਕੀ ਹੈ ਅਤੇ ਇਸ ਦਾ ਮੁੱਲ—ਕੈਦੀਆਂ ਦੀਆਂ ਜ਼ਿੰਦਗੀਆਂ ਅਤੇ ਕਾਨੂੰਨ ਦੇ ਰਾਜ ਦੋਵਾਂ ਨੂੰ—ਲਗਾਤਾਰ ਚੁਕਾਉਣਾ ਪੈ ਰਿਹਾ ਹੈ।

ਅੰਤ ਵਿਚ, ਇਹ ਮੁੱਦਾ ਸਿਰਫ਼ ਕੁਝ ਵਿਅਕਤੀਆਂ ਦੀਆਂ ਜ਼ਿੰਦਗੀਆਂ ਦਾ ਨਹੀਂ ਹੈ, ਸਗੋਂ ਇੱਕ ਸਮਾਜ ਵਜੋਂ ਮਨੁੱਖੀ ਅਤੇ ਜਮਹੂਰੀ ਕਦਰਾਂ-ਕੀਮਤਾਂ ਪ੍ਰਤੀ ਸਾਡੀ ਵਚਨਬੱਧਤਾ ਦਾ ਵੀ ਹੈ। ਜਿਵੇਂ-ਜਿਵੇਂ ਅਜਿਹੇ ਮਾਮਲੇ ਅਦਾਲਤਾਂ ਸਾਹਮਣੇ ਆਉਂਦੇ ਰਹਿਣਗੇ, ਨਿਆਂਪਾਲਿਕਾ ਕੋਲ ਇਨ੍ਹਾਂ ਕਦਰਾਂ-ਕੀਮਤਾਂ ਦੀ ਮੁੜ ਪੁਸ਼ਟੀ ਕਰਨ ਦਾ ਮੌਕਾ ਹੋਵੇਗਾ—ਚਾਹੇ ਇਹ ਹੇਠਲੀਆਂ ਅਦਾਲਤਾਂ ਵਿਚ ਵਿਅਕਤੀਗਤ ਜ਼ਮਾਨਤ ਦੀਆਂ ਅਰਜ਼ੀਆਂ ਉੱਤੇ ਫ਼ੈਸਲੇ ਕਰਦਿਆਂ ਹੋਵੇ ਜਾਂ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ 'ਤੇ ਕਾਨੂੰਨੀ ਸਿਧਾਂਤ ਤੈਅ ਕਰਦਿਆਂ ਹੋਵੇ।

ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਅਜਿਹਾ ਹੋਵੇਗਾ ਅਤੇ ਬਿਨਾਂ ਮੁਕੱਦਮੇ ਦੇ ਅੰਤਹੀਣ ਜੇਲ੍ਹਬੰਦੀ ਦਾ ਇਹ ਕੁਚੱਕਰ ਆਖ਼ਿਰਕਾਰ ਟੁੱਟੇਗਾ। (ਦੀ ਹਿੰਦੂ, 7 ਜੁਲਾਈ 2026 ਦੇ ਧੰਨਵਾਦ ਸਹਿਤ)


# ਪੰਜਾਬ, ਪੰਜਾਬੀ ਅਤੇ ਭਾਸ਼ਾ ਵਿਭਾਗ

## ਨਾਟਕਕਾਰ ਆਤਮਜੀਤ ਦਾ ਭਗਵੰਤ ਸਿੰਘ ਮਾਨ ਅਤੇ ਹਰਜੋਤ ਸਿੰਘ ਬੈਂਸ ਨੂੰ ਖੁਲ੍ਹਾ ਖ਼ਤ

***ਸਤਿਕਾਰਯੋਗ ਮਾਨ ਜੀ ਅਤੇ ਬੈਂਸ ਜੀ, ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਜਿਹੜੇ ਵਿਭਾਗ ਰਾਹੀਂ ਸਰਕਾਰ ਨੂੰ ਆਮਦਨ ਨਹੀਂ ਹੁੰਦੀ ਅਤੇ ਪਾਰਟੀ ਨੂੰ ਵੋਟਾਂ ਨਹੀਂ ਪੈਂਦੀਆਂ ਉਸਦਾ ਕੋਈ ਵਾਲੀ-ਵਾਰਿਸ ਨਹੀਂ ਹੁੰਦਾ। ਪਰ ਮੇਰਾ ਵਿਸ਼ਵਾਸ ਹੈ ਕਿ ਜਦੋਂ ਆਪਣੀ ਬੋਲੀ ਦੇ ਕਲਾਕਾਰ ਦੀ ਸਰਕਾਰ ਹੋਵੇ ਤਾਂ ਉਹ ਮਾਂ-ਬੋਲੀ ਦਾ ਨਾ ਤਾਂ ਖ਼ੁਦ ਕਿਸੇ ਕਿਸਮ ਦਾ ਸੌਦਾ ਕਰੇਗਾ ਤੇ ਨਾ ਹੀ ਕਿਸੇ ਹੋਰ ਨੂੰ ਕਰਨ ਦੇਵੇਗਾ। ਮੇਰਾ ਇਹ ਖ਼ਤ ਕਿਸੇ ਵੀ ਤਰ੍ਹਾਂ ਜ਼ਫ਼ਰ ਦੀ ਸਹਾਇਤਾ ਲਈ ਨਹੀਂ ਹੈ। ਜੇ ਤੁਸੀਂ ਉਸ ਜੇਹਾ ਜ਼ਹੀਨ, ਮਹੀਨ, ਮਿਹਨਤੀ, ਈਮਾਨਦਾਰ, ਜੁਰਅੱਤੀ ਅਤੇ ਪ੍ਰਤੀਬੱਧ ਬੰਦਾ ਲੱਭ ਸਕਦੇ ਹੋ ਤਾਂ ਉਸਨੂੰ ਬੇਸ਼ਕ ਬਦਲ ਦਿਉ। ਪਰ ਮੇਰੀ ਪਿਆਰੀ ਮਾਂ-ਬੋਲੀ ਦੇ ਇਸ ਅਦਾਰੇ ਨੂੰ, ਜੋ ਹੁਣ ਫਿਰ ਜੀ ਉੱਠਿਆ ਹੈ, ਨਾ ਸਿਰਫ਼ ਤੁਸੀਂ ਬਚਾਉਣਾ ਹੈ ਬਲਿਕ ਸੱਚਮੁਚ ਦੀ ਚੜ੍ਹਦੀ ਕਲਾ ਵਿਚ ਪੁਚਾਉਣਾ ਹੈ। ਮੈਂ, ਤੁਹਾਡਾ ਇਕ ਬਜ਼ੁਰਗ, ਇਹ ਜ਼ਿੰਮੇਵਾਰੀ ਤੁਹਾਨੂੰ ਸੌਂਪ ਕੇ ਚੈਨ ਨਾਲ ਬੈਠਣਾ ਚਾਹੁੰਦਾ ਹਾਂ।***


***ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ,***

ਜਦੋਂ ਵੀ ਤੁਸੀਂ ਕਿਸੇ ਪੁਰਾਣੀ ਮਹੱਤਵਪੂਰਨ ਪੰਜਾਬੀ ਪੁਸਤਕ ਜਾਂ ਗ੍ਰੰਥ ਨੂੰ ਦੇਖਦੇ ਹੋ ਤਾਂ ਬਹੁਤੀ ਵੇਰ ਉਸਦੀ ਤਿਆਰੀ ਜਾਂ ਪ੍ਰਕਾਸ਼ਨ ਭਾਸ਼ਾ ਵਿਭਾਗ, ਪੰਜਾਬ ਦੁਆਰਾ ਕੀਤਾ ਹੁੰਦਾ ਹੈ । ਭਾਈ ਕਾਨ੍ਹ ਸਿੰਘ ਨਾਭਾ ਦਾ 'ਮਹਾਨ ਕੋਸ਼' (ਗੁਰ ਸ਼ਬਦ ਰਤਨਾਕਰ) ਭਾਵੇਂ ਭਾਸ਼ਾ ਵਿਭਾਗ ਦੀ ਸਥਾਪਨਾ ਤੋਂ ਬਹੁਤ ਪਹਿਲਾਂ ਤਿਆਰ ਹੋ ਗਿਆ ਸੀ ਪਰ ਇਸਨੂੰ ਛਾਪ ਕੇ ਹਜ਼ਾਰਾਂ ਵਿਦਿਆਰਥੀਆਂ ਅਤੇ ਵਿਦਵਾਨਾਂ ਦੇ ਹੱਥ ਪੁਚਾਉਣ ਦਾ ਸਿਹਰਾ ਇਸ ਵਿਭਾਗ ਦੇ ਸਿਰ ਹੈ। 'ਪੰਜਾਬੀ ਵਿਸ਼ਵ ਕੋਸ਼', 'ਉਰਦੂ-ਪੰਜਾਬੀ-ਹਿੰਦੀ ਕੋਸ਼', 'ਪੰਜਾਬ ਕੋਸ਼', 'ਭਾਰਤੀ ਪਰਾਚੀਨ ਲਿਪੀਮਾਲਾ', 'ਹਿੰਦੂ ਮਿਥਿਹਾਸ ਕੋਸ਼', 'ਤਵਾਰੀਖ ਗੁਰੂ ਖਾਲਸਾ', 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ', ਅਤੇ ਸਰੂਪ ਦਾਸ ਭੱਲਾ ਦੇ ਕਵਿਤਾ ਵਿਚ ਲਿਖੇ 'ਮਹਿਮਾ ਪ੍ਰਕਾਸ਼' ਵਰਗੇ ਵੱਡਮੁੱਲੇ ਗ੍ਰੰਥ ਇਸੇ ਵਿਭਾਗ ਦੀ ਦੇਣ ਹਨ। ਜੇਕਰ ਮੇਰੀ ਨਿਜੀ ਲਾਇਬ੍ਰੇਰੀ ਵਿਚ 'ਮਹਾਨ ਕੋਸ਼' ਦੇ ਨਾਲ-ਨਾਲ 'ਤੁਕ-ਤਤਕਰਾ ਗੁਰੂ ਗ੍ਰੰਥ ਸਾਹਿਬ' ਵਰਗੀ ਵਿਸ਼ੇਸ਼ ਪੁਸਤਕ ਨਾ ਹੁੰਦੀ ਤਾਂ ਮੇਰਾ ਆਪਣੀ ਬੋਲੀ ਦਾ ਗਿਆਨ ਹੁਣ ਨਾਲੋਂ ਅੱਧਾ ਹੀ ਹੁੰਦਾ। ਸਰਕਾਰੀ ਪ੍ਰਬੰਧ-ਸ਼ਬਦਾਵਲੀਆਂ ਅਤੇ ਵੱਖ-ਵੱਖ ਖਿੱਤਿਆਂ ਦੀਆਂ ਉਪ-ਬੋਲੀਆਂ ਦੇ ਸ਼ਬਦ-ਕੋਸ਼ਾਂ ਤੋਂ ਇਲਾਵਾ ਭਾਸ਼ਾ ਵਿਭਾਗ ਨੇ ਉਨ੍ਹਾਂ ਵੱਡੇ ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਸੰਕਲਨ-ਗ੍ਰੰਥ ਵੀ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਵੱਲ ਵਪਾਰਕ ਕਾਰਨਾਂ ਕਰਕੇ ਉਦੋਂ ਪ੍ਰਾਈਵੇਟ ਪ੍ਰਕਾਸ਼ਕਾਂ ਦਾ ਧਿਆਨ ਨਹੀਂ ਸੀ ਜਾਣਾ। ਇਨ੍ਹਾਂ ਵਿਚ ਸ਼ਾਹ ਹੁਸੈਨ, ਗੁਰੂ ਰਵਿਦਾਸ, ਬਾਵਾ ਬੁੱਧ ਸਿੰਘ, ਕਿਰਪਾ ਸਾਗਰ, ਬ੍ਰਿਜ ਲਾਲ ਸ਼ਾਸਤਰੀ, ਰਜਬ ਅਲੀ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਪ੍ਰੋਫ਼ੈਸਰ ਪੂਰਨ ਸਿੰਘ ਵਰਗੇ ਲੇਖਕ ਸ਼ਾਮਿਲ ਹਨ। 'ਮਹਾਂਭਾਰਤ', 'ਰਿਗਵੇਦ', 'ਸ਼ਾਹਨਾਮਾ ਫ਼ਿਰਦੌਸੀ', 'ਬਾਲਮੀਕੀ ਰਮਾਇਣ' 'ਮਸਨਵੀ ਮੌਲਾਨਾ ਰੂਮੀ' ਅਤੇ ਬਾਣ ਭੱਟ ਦੀ ਰਚਨਾ 'ਕਾਦੰਬਰੀ' ਵਰਗੇ ਕਲਾਸਿਕ ਗ੍ਰੰਥਾਂ ਨੂੰ ਪੰਜਾਬੀ ਵਿਚ ਤੁਹਾਡੇ ਇਸ ਵਿਭਾਗ ਨੇ ਪੇਸ਼ ਕੀਤਾ। 1950 ਵਿਚ ਵਿਭਾਗ ਨੇ 'ਪੰਜਾਬੀ ਦੁਨੀਆ' ਨਾਂ ਦਾ ਬਹੁਤ ਵਕਾਰੀ ਸਾਹਿਤਿਕ ਰਸਾਲਾ ਸ਼ੁਰੂ ਕੀਤਾ, ਜਿਸਦੇ ਅਨੇਕ ਵਿਸ਼ੇਸ਼ ਅੰਕ ਲੋਕਾਂ ਅੱਜ ਵੀ ਸਾਂਭ ਕੇ ਰੱਖੇ ਹੋਏ ਹਨ। ਇਵੇਂ ਹੀ 'ਜਨ ਸਾਹਿਤ' ਵਿਚ ਸਿਰਜਨਾਤਮਕ ਸਾਹਿਤ ਛਪਦਾ ਹੈ। ਭਾਵੇਂ ਆਪਣੇ ਢਾਂਚੇ ਦੀਆਂ ਕਮਜ਼ੋਰੀਆਂ ਕਰਕੇ ਸਰਕਾਰੀ ਸ਼ਰੋਮਣੀ ਐਵਾਰਡਾਂ ਦੀ ਚੋਣ ਉੱਤੇ ਅਕਸਰ ਉਂਗਲ ਉਠਦੀ ਹੈ ਜਿਸਦੀ ਪ੍ਰਕਿਰਿਆ ਅਦਾਲਤੀ ਕੇਸ ਕਾਰਨ ਰੁਕੀ ਹੋਈ ਹੈ, ਪਰ ਇਹ ਤੁਹਾਡੀ ਸਰਕਾਰ ਆਉਣ ਤੋਂ ਪਹਿਲਾਂ ਵਾਪਰਿਆ ਵਰਤਾਰਾ ਹੈ। ਉਂਜ ਸ਼ਾਇਦ ਹੀ ਕੋਈ ਅਜਿਹਾ ਨਾਮਚੀਨ ਪੰਜਾਬੀ ਲੇਖਕ ਹੋਵੇਗਾ ਜਿਸਨੂੰ ਇਹ ਪੁਰਸਕਾਰ ਪ੍ਰਾਪਤ ਨਾ ਹੋਇਆ ਹੋਵੇ। ਇਸੇ ਤਰ੍ਹਾਂ ਵਿਭਾਗ ਵੱਲੋਂ ਛਾਪੀਆਂ ਅਨੇਕਾਂ ਤਰਜਮਾ-ਪੁਸਤਕਾਂ ਨੇ ਵਿਸ਼ਵ ਭਰ ਦੇ ਸਾਹਿਤ ਨਾਲ ਪੰਜਾਬੀਆਂ ਨੂੰ ਜਾਣੂੰ ਕਰਵਾਇਆ ਹੈ। ਇਨ੍ਹਾਂ ਵਿਚ 'ਯੂਟੋਪੀਆ', 'ਪਲੇਗ', 'ਦ ਵਿਕਾਰ ਆਫ਼ ਵੇਕਫ਼ੀਲਡ', 'ਮੋਪਾਸਾ ਦੀਆਂ ਕਹਾਣੀਆਂ', 'ਸ਼ੇਕਸਪੀਅਰ ਦੇ ਨਾਟਕ' ਵਰਗੀਆਂ ਵਕਾਰੀ ਰਚਨਾਵਾਂ ਸ਼ਾਮਿਲ ਹਨ। ਇਕ ਵੇਲਾ ਸੀ ਇਹ ਵਿਭਾਗ ਪੰਜਾਬ ਦੀ ਸਭਿਆਚਾਰਕ ਆਤਮਾ ਹੁੰਦਾ ਸੀ। ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਲਾਲ ਸਿੰਘ, ਡਾਕਟਰ ਜੀਤ ਸਿੰਘ ਸੀਤਲ ਅਤੇ ਡਾਕਟਰ ਰਤਨ ਸਿੰਘ ਜੱਗੀ ਵਰਗੇ ਵਿਦਵਾਨਾਂ ਅਤੇ ਕਦਰਦਾਨਾਂ ਨੇ ਇਸ ਵਿਭਾਗ ਅਤੇ ਪੰਜਾਬੀ ਬੋਲੀ ਦੇ ਆਧੁਨਿਕ ਚਿਹਰੇ-ਮੋਹਰੇ ਨੂੰ ਘੜਨ ਵਿਚ ਆਪਣਾ ਖ਼ਾਸ ਯੋਗਦਾਨ ਪਾਇਆ।



ਮੈਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਦੋਵੇਂ ਪੰਜਾਬੀ ਬੋਲੀ ਦੇ ਸੁਹਿਰਦ ਸਮਰਥਕ ਅਤੇ ਰਾਖੇ ਹੋ। ਮਾਨ ਜੀ, ਤੁਹਾਡੇ ਬੋਲੀ ਨਾਲ ਮੋਹ-ਪਿਆਰ ਤੋਂ ਕੌਣ ਵਾਕਿਫ਼ ਨਹੀਂ? ਤੁਹਾਡੀ ਸਾਰਥਕ-ਸੁਥਰੀ ਕਾਮੇਡੀ ਇਸ ਦੀ ਗਵਾਹ ਹੈ। ਉੱਚ ਸਿੱਖਿਆ ਪ੍ਰਾਪਤ ਬੈਂਸ ਜੀ, ਤੁਹਾਡੀ ਸੀ.ਬੀ.ਐਸ.ਈ. ਵਿਚ ਪੰਜਾਬੀ ਵਿਤਕਰੇ ਬਾਰੇ ਕੇਂਦਰ ਸਰਕਾਰ ਨੂੰ ਲਿਖੀ ਚਿੱਠੀ, ਬੋਲੀ ਬਾਰੇ ਤੁਹਾਡੇ ਨਜ਼ਰੀਏ ਨੂੰ ਜੱਗ-ਜਾਹਰ ਕਰਦੀ ਹੈ। ਸੰਨ 2008 ਵਿਚ ਸਰਕਾਰੀ ਕੰਮਕਾਜ ਵਾਸਤੇ ਪੰਜਾਬੀ ਦੀ ਵਰਤੋਂ ਲਾਜ਼ਮੀ ਤਾਂ ਹੋ ਗਈ ਸੀ ਪਰ ਇਸ ਹੁਕਮ ਨੂੰ ਇਨ-ਬਿਨ ਲਾਗੂ ਕਰਨ ਦਾ ਸੁਪਨਾ ਅਧੂਰਾ ਰਿਹਾ। 2021 ਵਿਚ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਜੁਰਮਾਨੇ ਅਤੇ ਹੋਰ ਸਜ਼ਾਵਾਂ ਨੂੰ ਕਰੜਾ ਕੀਤਾ ਗਿਆ, ਪਰ 2023 ਤੋਂ ਪਹਿਲਾਂ ਕਿਸੇ ਵਿਰੁੱਧ ਕੋਈ ਐਕਸ਼ਨ ਨਹੀਂ ਲਿੱਤਾ ਗਿਆ। ਇਹ ਕੰਮ ਤੁਹਾਡੀ ਸਰਕਾਰ ਨੇ ਕੀਤਾ। ਤੁਸੀਂ ਪੰਜਾਬੀ ਬੋਲੀ ਵਾਸਤੇ ਹੋਰ ਵੀ ਬਹੁਤ ਮਹੱਤਵਪੂਰਨ ਕਾਰਜ ਕੀਤੇ ਹਨ। ਪਿਛਲੇ ਵਰ੍ਹੇ ਸੀ.ਬੀ.ਐਸ.ਈ. ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਉਣਾ ਤੁਹਾਡੀ ਪ੍ਰਾਪਤੀ ਹੈ। ਇਕ ਹੋਰ ਨਾਇਕੀ ਕਾਰਜ ਇਹ ਸੀ ਕਿ ਜੇਕਰ ਦਸਵੀਂ ਵਿਚ ਬੱਚੇ ਨੇ ਲਾਜ਼ਮੀ ਪੰਜਾਬੀ ਨਹੀਂ ਪੜ੍ਹੀ ਤਾਂ ਉਸਦੇ ਸਰਟੀਫ਼ਿਕੇਟ ਦੀ ਮਾਨਤਾ ਨਹੀਂ ਹੋਵੇਗੀ, ਭਾਵੇਂ ਉਹ ਕੇਂਦਰੀ ਬੋਰਡਾਂ ਨੇ ਹੀ ਕਿਉਂ ਨਾ ਦਿੱਤਾ ਹੋਵੇ। ਤੁਸੀਂ ਏਥੋਂ ਤਕ ਚਿਤਾਵਨੀ ਦਿੱਤੀ ਕਿ ਜੇਕਰ ਪੰਜਾਬ ਰਾਜ ਦਾ ਕੋਈ ਵੀ ਸਕੂਲ ਬੱਚਿਆਂ ਨੂੰ ਪੰਜਾਬੀ ਬੋਲਣ ਕਾਰਨ ਕੋਈ ਜੁਰਮਾਨਾ ਲਾਵੇਗਾ ਤਾਂ ਉਸਦੀ ਮਾਨਤਾ ਰੱਦ ਕਰਕੇ ਸਰਕਾਰ ਉਸ ਨੂੰ ਆਪਣੇ ਪ੍ਰਬੰਧ ਹੇਠ ਲੈ ਲਵੇਗੀ। ਇਹ ਈਮਾਨਦਾਰੀ, ਸਿਆਣਪ, ਜੁਰੱਅਤ ਅਤੇ ਦੂਰ-ਦ੍ਰਿਸ਼ਟੀ ਵਾਲਾ ਇਤਿਹਾਸਿਕ ਐਲਾਨ ਹੈ ਅਤੇ ਅਜਿਹੀ ਤਾਕਤ ਦਿਖਾਉਣ ਲਈ ਸਾਰਾ ਪੰਜਾਬ ਤੁਹਾਨੂੰ ਦਾਦ ਦੇਂਦਾ ਹੈ। ਦੁਕਾਨਾਂ ਦੇ ਸਾਈਨਬੋਰਡਾਂ ਵਿਚ ਗੁਰਮੁਖੀ ਵਿਚ ਪੰਜਾਬੀ ਲਿਖਣ ਵਾਸਤੇ ਤੁਸੀਂ 1958 ਦੇ ਨੇਮਾਂ ਵਿਚ ਤਬਦੀਲੀ ਕੀਤੀ। ਅਠਾਰਾਂ ਹਜ਼ਾਰ ਤੋਂ ਵੱਧ ਕਿਤਾਬਾਂ ਦੀ ਡਿਜਿਟਾਈਜ਼ੇਸ਼ਨ, 592 ਦੁਰਲੱਭ ਖਰੜਿਆਂ ਨੂੰ ਠੀਕ ਹਾਲਤ ਵਿਚ ਲਿਆ ਕੇ ਡਿਜੀਟਾਈਜ਼ ਕਰਨਾ, 'ਆਨਲਾਈਨ ਇੰਟਰਨੈਸ਼ਨਲ ਪੰਜਾਬੀ ਬੋਲੀ ਉਲਿੰਪੀਆਡ' ਦੀ ਐਪ ਅਤੇ 'ਸ਼ਬਦਮਾਲਾ ਡਿਕਸ਼ਨਰੀ' ਦੀ ਆਨ-ਲਾਈਨ ਸਹੂਲਤ ਅਜਿਹੇ ਕਾਰਜ ਹਨ, ਜਿਨ੍ਹਾਂ ਦਾ ਮੁੱਲ ਭਵਿੱਖ ਦੀਆਂ ਪੀੜ੍ਹੀਆਂ ਪਾਉਣਗੀਆਂ। ਮੇਰਾ ਖਿਆਲ ਹੈ ਕਿ ਪਹਿਲੀ ਵਾਰ ਕਿਸੇ ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ। ਇਸ ਅਪੀਲ ਦਾ ਮਹੱਤਵ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਆਰ.ਐਸ.ਐਸ. ਦੇ ਪ੍ਰਸਿੱਧ ਵਿਚਾਰਕ ਅਤੇ ਸੀਨੀਅਰ ਪੱਤਰਕਾਰ ਵੇਦ ਪ੍ਰਤਾਪ ਵੇਦਿਕ ਨੇ ਮੇਰੀ ਹਾਜ਼ਰੀ ਵਿਚ ਪੰਚਕੂਲਾ ਵਿਚ ਆਪਣਾ ਗੁਨਾਹ ਸਵੀਕਾਰ ਕੀਤਾ ਸੀ। ਉਸਨੂੰ ਇਸ ਗੱਲ ਦਾ ਦੁੱਖ ਸੀ ਕਿ ਆਰ ਐਸ ਐਸ ਦੀ ਹਾਈ ਕਮਾਨ ਨੇ ਪ੍ਰਚਾਰਕਾਂ ਨੂੰ ਪੰਜਾਬ ਦੇ ਹਿੰਦੂਆਂ ਨੂੰ ਇਹ ਪ੍ਰੇਰਨਾ ਦੇਣ ਲਈ ਭੇਜਿਆ ਸੀ ਕਿ ਉਹ 1961 ਦੀ ਜਨ-ਗਣਨਾ ਵਕਤ ਆਪਣੀ ਬੋਲੀ ਹਿੰਦੀ ਲਿਖਵਾਉਣ। ਮੈਂ ਵੇਦਿਕ ਦੇ ਇਸ ਕਬੂਲਨਾਮੇ ਦੀ ਦਿਲੋਂ ਕਦਰ ਕਰਦਾ ਹਾਂ। ਪਰ ਸਤਿਕਾਰਯੋਗ ਮਾਨ ਜੀ, ਤੁਹਾਡੀ ਸਰਕਾਰ ਨੇ ਬਹੁਤ ਸਾਰੇ ਅਜਿਹੇ ਕਦਮ ਚੁੱਕੇ ਹਨ ਜਿਨ੍ਹਾਂ ਸਦਕਾ ਪੰਜਾਬੀ ਬੋਲੀ ਨੂੰ ਉਸਦਾ ਬਣਦਾ ਸਥਾਨ ਅਤੇ ਸਵੈਮਾਨ ਪ੍ਰਾਪਤ ਹੋਣ ਦੀਆਂ ਸੰਭਾਵਨਾਵਾਂ ਵਿਚ ਚੋਖਾ ਵਾਧਾ ਹੋਇਆ ਹੈ। ਇਸੇ ਦੇ ਨਤੀਜੇ ਵਜੋਂ ਐਮਿਟੀ ਸਕੂਲ ਨੂੰ ਸੰਨ 2023 ਵਿਚ ਪੰਜਾਹ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ। ਭਾਸ਼ਾ ਵਿਭਾਗ ਨੇ ਐਡਵੋਕੇਟ ਜਨਰਲ ਪੰਜਾਬ ਅਤੇ ਹੋਰ ਅਫ਼ਸਰਾਂ ਨੂੰ ਵੀ ਪੰਜਾਬੀ ਦੀ ਵਰਤੋਂ ਬਾਰੇ ਚਿਤਾਵਨੀ-ਪੱਤਰ ਲਿਖੇ।

ਬਸ ਏਥੇ ਆ ਕੇ ਹੀ ਸਾਡੀ ਬੋਲੀ ਦਾ ਪੇਚ ਫਸ ਗਿਆ ਹੈ। ਭਾਵੇਂ ਭਾਸ਼ਾ ਵਿਭਾਗ ਦਾ ਨਿਰਦੇਸ਼ਕ ਆਪਣੇ ਅਧਿਕਾਰ ਖੇਤਰ ਦੇ ਅੰਦਰਵਾਰ ਕੰਮ ਕਰ ਰਿਹਾ ਹੈ ਪਰ ਵੱਡੇ ਪ੍ਰਬੰਧਕੀ ਅਧਿਕਾਰੀਆਂ ਨੂੰ ਇਹ ਚੰਗਾ ਨਹੀਂ ਲਗਦਾ ਕਿ ਡਾਇਰੈਕਟੋਰੇਟ ਪੱਧਰ ਦਾ ਕੋਈ ਅਫ਼ਸਰ ਉਨ੍ਹਾਂ ਨੂੰ ਨੇਮ ਯਾਦ ਕਰਾਵੇ। ਸਭ ਜਾਣਦੇ ਹਨ ਕਿ ਹਰ ਅਫ਼ਸਰ ਦੀ ਹਉਮੈ ਹੁੰਦੀ ਹੈ ਅਤੇ ਉਹ ਕੁਝ ਪੱਠੇ ਮੰਗਦੀ ਹੈ। ਪਰ ਭਾਸ਼ਾ ਵਿਭਾਗ ਦੇ ਸੰਬੰਧ ਵਿਚ ਜੋ ਸਥਿਤੀ ਬਣੀ ਹੋਈ ਹੈ ਉਸ ਮੁਤਾਬਕ ਤਾਂ ਅਫ਼ਸਰੀ ਹਉਮੈ ਸਾਰੀ ਖੇਤੀ ਮੰਗ ਰਹੀ ਹੈ। ਸ਼ਾਇਦ ਇਸੇ ਲਈ ਡਾਇਰੈਕਟਰ ਜਸਵੰਤ ਜ਼ਫ਼ਰ ਨੇ ਭਾਸ਼ਾ ਵਿਭਾਗ ਉਤੇ ਮੰਡਰਾਏ ਖ਼ਤਰੇ ਦੀ ਘੰਟੀ ਵਜਾਈ ਹੈ। ਉਹ ਅਫ਼ਸਰੀ ਹਉਮੈਂ ਨੂੰ ਨਾਜਾਇਜ਼ ਪੱਠੇ ਨਹੀਂ ਪਾਉਂਦਾ, ਇਸ ਲਈ ਉਸਨੂੰ ਡਰ ਹੈ ਕਿ ਬਾਬੂਸ਼ਾਹੀ ਦੀ ਪੱਧਰ 'ਤੇ ਉਸਦੇ ਵਿਭਾਗ ਨੂੰ ਸਮੇਟਣ ਦੀ ਕੋਈ ਖਿਚੜੀ ਪੱਕ ਰਹੀ ਹੈ। ਮੇਰਾ ਪੱਕਾ ਵਿਸ਼ਵਾਸ ਹੈ ਕਿ ਆਪ ਜੀ ਦੇ ਹੁੰਦਿਆਂ ਇਹ ਅਨਰਥ ਨਹੀਂ ਹੋਵੇਗਾ ਪਰ ਹੁਣ ਜਦੋਂ ਜ਼ਫ਼ਰ ਦੇ ਕੰਮ ਵਿਚ ਬੇਸ਼ੁਮਾਰ ਰੁਕਾਵਟਾਂ ਪਾਈਆ ਜਾ ਰਹੀਆਂ ਹਨ, ਤਾਂ ਆਪਜੀ ਵੱਲੋਂ ਪੰਜਾਬੀ ਬੋਲੀ ਵਾਸਤੇ ਸ਼ੁਰੂ ਕੀਤਾ ਇਤਿਹਾਸਿਕ ਕੰਮ ਠੰਢੇ ਬਸਤੇ ਵਿਚ ਜਾ ਸਕਦਾ ਹੈ। ਜੇਕਰ ਸਰਕਾਰੀ ਦਫ਼ਤਰਾਂ ਦੇ ਬੋਰਡ ਪੰਜਾਬੀ ਵਿਚ ਨਾ ਲਿਖੇ ਗਏ ਅਤੇ ਅਫ਼ਸਰਾਂ ਨੇ ਆਪਣੀਆਂ ਫ਼ਾਈਲਾਂ ਉੱਤੇ ਟਿੱਪਣੀਆਂ ਅਤੇ ਦਫ਼ਤਰੀ ਹੁਕਮਾਂ ਨੂੰ ਪੰਜਾਬੀ ਵਿਚ ਜਾਰੀ ਕਰਨ ਦਾ ਕੰਮ ਸੁਹਿਰਦਤਾ ਜਾਂ ਪਾਬੰਦੀ ਨਾਲ ਨਾ ਕੀਤਾ ਤਾਂ ਮੈਨੂੰ ਡਰ ਹੈ ਕਿ ਹੌਲੀ-ਹੌਲੀ ਹਾਲਤਾਂ ਫੇਰ ਪੁਰਾਣੇ ਰਾਹ ਪੈ ਜਾਣਗੀਆਂ।





ਮੇਰੀ ਨਿਰਪੱਖ ਰਾਏ ਵਿਚ ਜ਼ਫ਼ਰ ਤੁਹਾਡੀ ਸੁਝਾਈ ਦਿਸ਼ਾ ਵੱਲ ਸੁਹਿਰਦਤਾ ਨਾਲ ਵਧ ਰਿਹਾ ਹੈ। ਉਸਦਾ ਆਪਣਾ ਕੋਈ ਸਵਾਰਥ ਨਜ਼ਰ ਨਹੀਂ ਆਉਂਦਾ। ਉਹ ਭ੍ਰਿਸ਼ਟ ਨਹੀਂ, ਉਸਦਾ ਕੋਈ ਵੱਡਾ ਅਹੁਦਾ ਲੈਣ ਦਾ ਸੁਪਨਾ ਵੀ ਨਹੀਂ। ਇਸੇ ਲਈ ਉਹ ਮਜ਼ਬੂਤ ਸਟੈਂਡ ਲੈਂਦਾ ਹੈ। ਉਸਦੀ ਕੋਈ ਰਾਜਸੀ ਇੱਛਾ ਨਹੀਂ ਹੈ। ਉਹ ਤਾਂ ਆਪਣੇ ਸਟਾਫ਼ ਨਾਲ ਵੀ ਖੰਡ-ਲਪੇਟੀਆਂ ਗੱਲਾਂ ਨਹੀਂ ਕਰਦਾ; ਲੋਕਾਂ ਤੋਂ ਵੋਟਾਂ ਕਿੱਦਾਂ ਮੰਗੇਗਾ? ਉਸਦਾ ਸਿਰਫ਼ ਇਕ ਮੰਤਵ ਹੈ ਕਿ ਉਹ ਆਪਣੀ ਬੋਲੀ ਦੀ ਸੇਵਾ ਕਰ ਸਕੇ। ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਕਵੀਆਂ-ਕਲਾਕਾਰਾਂ ਵਿਚ ਕੰਮ ਕਰਨ ਦਾ ਇਕ ਜਨੂੰਨ ਹੁੰਦਾ ਹੈ ਜੋ ਉਸ ਉਤੇ ਵੀ ਤਾਰੀ ਹੈ। ਉਹ ਅਣਥੱਕ ਕੰਮ ਕਰ ਰਿਹਾ ਹੈ ਜਿਵੇਂ ਪਿਛਲੇ ਕਈ ਸਾਲਾਂ ਦੀ ਖੜੋਤ ਦਾ ਬਦਲਾ ਲੈ ਰਿਹਾ ਹੋਵੇ। ਉਸਦਾ ਬੋਲੀ ਨਾਲ ਮੋਹ ਮਿਸਾਲੀ ਹੈ; ਇਸੇ ਲਈ ਲਗਾਤਾਰ ਕੰਮ ਕਰਦਾ ਹੈ। ਆਪਣੇ ਛੋਟੇ ਜੇਹੇ ਕਾਰਜ-ਕਾਲ ਵਿਚ ਉਸਨੇ ਕੀ-ਕੀ ਨਹੀਂ ਕੀਤਾ? ਆਪ ਚੰਗੀ ਤਰ੍ਹਾਂ ਜਾਣਦੇ ਹੋ ਕਿ ਉਸਨੇ ਆਖਰੀ ਸਾਹਾਂ 'ਤੇ ਪਹੁੰਚੇ ਇਸ ਵਿਭਾਗ ਵਿਚ ਕਿਵੇਂ ਜਾਨ ਪਾ ਦਿੱਤੀ ਹੈ। ਸਿਰਫ਼ ਦੋ ਸਾਲਾਂ ਵਿਚ ਇਹ ਇਕ ਵਾਰ ਫਿਰ ਪੰਜਾਬ ਦੀ ਸਾਹਿਤਿਕ ਅਤੇ ਸਭਿਆਚਾਰਕ ਜ਼ਿੰਦਗੀ ਦੀ ਧੜਕਣ ਬਣ ਚੁੱਕਾ ਹੈ। ਜ਼ਫ਼ਰ ਨੇ ਸਿਰਫ਼ 1967, 2008 ਅਤੇ 2021 ਦੇ ਐਕਟਾਂ ਦੀ ਪਾਲਣਾ ਦਾ ਕੰਮ ਹੀ ਨਹੀਂ ਕੀਤਾ ਬਲਿਕ ਪਿਛਲੇ ਸਾਲਾਂ ਦੇ ਬਕਾਇਆ ਪੁਸਤਕ-ਪੁਰਸਕਾਰਾਂ ਦਾ ਕਾਰਜ ਸੁਚੱਜ ਨਾਲ ਨਿਬੇੜਿਆ ਹੈ। ਉਸਨੇ ਵਿਭਾਗ ਦੀ ਵੈਬਸਾਈਟ ਨੂੰ ਪੂਰੀ ਤਰ੍ਹਾਂ ਸਜੀਵ ਕੀਤਾ ਹੈ। ਉਸ ਉਤੇ ਮੁਹਾਵਰਾ ਕੋਸ਼ ਅਤੇ ਅਖਾਣ ਕੋਸ਼ ਜੇਹੀ ਵੱਡਮੁੱਲੀ ਸਮੱਗਰੀ ਅਪਲੋਡ ਕੀਤੀ ਹੈ; ਬਹੁਤ ਸਾਰੀਆਂ ਆਡੀਓ ਪੁਸਤਕਾਂ ਵੀ ਉਪਲਬਧ ਕਰਵਾਈਆਂ ਹਨ। ਇਸ ਸਮੇਂ 8300 ਪੁਸਤਕਾਂ ਆਨਲਾਈਨ ਪ੍ਰਾਪਤ ਹੋ ਸਕਦੀਆਂ ਹਨ। ਵਿਭਾਗ ਵੱਲੋਂ ਲਾਏ ਗਏ ਪੁਸਤਕ ਲੰਗਰ ਵਿਚੋਂ ਮੁਫ਼ਤ ਕਿਤਾਬਾਂ ਵੀ ਮਿਲਦੀਆਂ ਹਨ। ਸ਼ਬਦਮਾਲਾ ਸਾਫ਼ਟਵੇਅਰ ਅਤੇ ਸਚਿਤਰ ਪੰਜਾਬੀ ਅਖਰਮਾਲਾ ਵਿਭਾਗ ਦੀਆਂ ਹੋਰ ਪ੍ਰਾਪਤੀਆਂ ਹਨ। ਉਸ ਨੇ ਭਾਸ਼ਾ ਬਾਰੇ ਅਨੇਕਾਂ ਵਰਕਸ਼ਾਪਾਂ ਅਤੇ ਗੋਸ਼ਟੀਆਂ ਦਾ ਆਯੋਜਨ ਕੀਤਾ ਹੈ। ਵਿਭਾਗੀ ਸਮਾਗਮਾਂ ਵਿਚ ਜੋ ਤਾਜ਼ਗੀ ਅਤੇ ਖੇੜਾ ਆਇਆ ਹੈ ਉਸਦਾ ਸ਼ਾਮਿਲ ਹੋਣ ਵਾਲਿਆਂ ਨੂੰ ਅਨੂਠਾ ਅਨੁਭਵ ਹੁੰਦਾ ਹੈ। ਉਸਨੇ ਸ਼ਹੀਦ ਭਗਤ ਸਿੰਘ ਦੇ ਸਾਹਿਤ ਉਤੇ ਗੋਸ਼ਟੀ ਕਰਵਾਈ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜਨਮ ਦਿਨ ਨੂੰ ਸਾਹਿਤਕਾਰਾਂ ਸਮੇਤ ਪ੍ਰੀਤਨਗਰ ਵਿਚ ਮਨਾਇਆ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਉੱਤੇ ਮਟਨ (ਕਸ਼ਮੀਰ) ਵਿਚ ਗੋਸ਼ਟੀ ਕਰਵਾਈ, ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ ਸਰਾਭਾ ਵਿਚ ਗਦਰ ਸਾਹਿਤ ਅਤੇ ਗਦਰ ਲਹਿਰ ਬਾਰੇ ਵਿਚਾਰ ਚਰਚਾ ਅਤੇ ਕਵੀ ਦਰਬਾਰ ਹੋਇਆ। ਇਵੇਂ ਹੀ ਡਾਕਟਰ ਰਤਨ ਸਿੰਘ ਜੱਗੀ, ਬਲਰਾਜ ਸਾਹਨੀ, ਗੁਰਮੁਖ ਸਿੰਘ ਮੁਸਾਫ਼ਰ, ਪ੍ਰੇਮ ਪ੍ਰਕਾਸ਼ ਅਤੇ ਸ਼ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਨੂੰ ਢੁਕਵੇਂ ਤਰੀਕੇ ਨਾਲ ਯਾਦ ਕੀਤਾ ਗਿਆ। ਪਿਛਲੇ ਦੋ ਵਰ੍ਹਿਆਂ ਦੌਰਾਨ ਸਰਕਾਰੀ ਦਸਤਾਵੇਜ਼ਾਂ ਦਾ ਲਗਪਗ 3500 ਪੰਨਿਆਂ ਦਾ ਪੰਜਾਬੀ ਤਰਜਮਾ ਅਪਲੋਡ ਕੀਤਾ ਜਾ ਚੁੱਕਾ ਹੈ। ਇਸ ਵਿਚ ਬਹੁਤ ਸਾਰੇ ਸਰਕਾਰੀ ਐਕਟ ਵੀ ਸ਼ਾਮਿਲ ਹਨ।




ਪਿਆਰੇ ਮੁੱਖ ਮੰਤਰੀ ਜੀ, ਇਹ ਇਸ ਬੰਦੇ ਦਾ ਸਿਰਫ਼ ਦੋ ਸਾਲਾਂ ਦਾ ਕੰਮ ਹੈ। ਉਸਦੀ ਖ਼ੁਸ਼ਕਿਸਮਤੀ ਹੈ ਕਿ ਉਸ ਨੂੰ ਤੁਹਾਡੀ ਅਗਵਾਈ, ਹੱਲਾਸ਼ੇਰੀ ਅਤੇ ਸਹਿਯੋਗ ਪ੍ਰਾਪਤ ਹੈ। ਵਿਸ਼ਵਾਸ ਕਰੋ, ਤੁਹਾਨੂੰ ਵੀ ਉਹਦੇ ਵਰਗਾ ਸੱਚਾ-ਸੁੱਚਾ ਕਾਮਾ ਆਸਾਨੀ ਨਾਲ ਨਹੀਂ ਮਿਲੇਗਾ। ਪਰ ਕੀ ਤੁਸੀਂ ਜਾਣਦੇ ਹੋ ਕਿ ਅਫ਼ਸਰੀ ਹਉਮੈ ਉਸਨੂੰ ਕੀ ਦੇ ਰਹੀ ਹੈ? ਉਸਨੇ ਆਪਣੀ ਬੇਬਸੀ ਨੂੰ ਆਪਣੇ ਬਿਆਨ ਨਾਲ ਲੋਕਾਂ ਸਾਹਮਣੇ ਰੱਖ ਦਿੱਤਾ ਹੈ। ਮੈਂ ਤੁਹਾਨੂੰ ਇਹ ਪੱਤਰ ਉਸਦਾ ਅੰਦਾਜ਼ਾ ਦੇਣ ਵਾਸਤੇ ਲਿਖ ਰਿਹਾ ਹਾਂ। ਮੈਂ ਤੁਹਾਡੇ ਰੁਝੇਵਿਆਂ ਤੋਂ ਭਲੀ-ਭਾਂਤ ਵਾਕਿਫ਼ ਹਾਂ ਪਰ ਮਾਂ-ਬੋਲੀ ਵਾਸਤੇ ਕੱਢਿਆ ਵਕਤ ਕਦੇ ਵੀ ਜ਼ਾਇਆ ਨਹੀਂ ਜਾਂਦਾ। ਉਸ ਅਨੁਸਾਰ, 'ਅਸਲ ਵਿਚ ਨੌਕਰਸ਼ਾਹਾਂ ਨੂੰ ਉਹ ਤੇ ਉਨਾ ਕੁ ਹੀ ਭਾਸ਼ਾ ਵਿਭਾਗ ਚਾਹੀਦਾ ਹੈ, ਜਿਹੜਾ ਉਨ੍ਹਾਂ ਦੇ ਟੈਲੀਫ਼ੋਨ ਕਰਨ ਉਤੇ ਉਨ੍ਹਾਂ ਦੇ ਜਾਣਕਾਰਾਂ ਨੂੰ 'ਪੰਜਾਬੀ ਪਾਸ' ਦਾ, ਜਾਂ 'ਟਾਈਪ ਪਾਸ' ਦਾ ਆਦਰ-ਮਾਣ ਸਹਿਤ ਸਰਟੀਫਿਕੇਟ ਦੇ ਦੇਵੇ।' ਏਥੋਂ ਜ਼ਫ਼ਰ ਅਤੇ ਨੌਕਰਸ਼ਾਹੀ ਵਿਚਲੇ ਤਣਾਅ ਦਾ ਕਾਰਨ ਸਾਫ਼ ਪਤਾ ਲੱਗ ਜਾਂਦਾ ਹੈ। ਗੱਲ ਹੈ ਵੀ ਠੀਕ ਕਿ ਜੇਕਰ ਭਾਸ਼ਾ ਵਿਭਾਗ ਨੂੰ ਬੰਦ ਕਰਵਾਉਣਾ ਹੀ ਸੀ ਤਾਂ ਉਦੋਂ ਕਰਵਾਉਂਦੇ ਜਦੋਂ ਉਹ ਲਗਪਗ ਮਰਿਆਂ ਵਰਗਾ ਸੀ। ਹੁਣ ਉਹ ਜੀਅ ਰਿਹਾ ਹੈ ਤਾਂ ਮਾਰਨ ਦੀ ਨੌਬਤ ਕਿਉਂ ਆ ਗਈ? ਸਿਰਫ਼ ਇਸ ਲਈ ਕਿ ਡਾਇਰੈਕਟਰ ਉਨ੍ਹਾਂ ਦੇ ਨਾਜਾਇਜ਼ ਕੰਮ ਕਰਨ ਲਈ ਤਿਆਰ ਨਹੀਂ ਹੈ? ਮਾਨ ਜੀ, ਤੁਹਾਨੂੰ ਅਫ਼ਸਰਸ਼ਾਹੀ ਦੇ ਘਰਾਂ ਵਿਚ ਜਾਣ ਦਾ ਮੌਕਾ ਨਹੀਂ ਮਿਲਦਾ। ਸਰਕਾਰੀ ਕਾਰਿੰਦੇ ਉੱਥੋਂ ਦੀ ਸਫ਼ਾਈ ਅਤੇ ਬਾਹਰਲਾ ਰੱਖ-ਰਖਾਵ ਬਹੁਤ ਕਮਾਲ ਨਾਲ ਕਰਦੇ ਹਨ। ਪਰ ਭਾਸ਼ਾ ਵਿਭਾਗ ਦਾ ਪੰਜ ਏਕੜ ਦਾ ਕੈਂਪਸ ਰੁਲ ਰਿਹਾ ਹੈ, ਕਿਉਂਕਿ ਜ਼ਿਲ੍ਹਾ ਦਫ਼ਤਰਾਂ ਸਮੇਤ ਕੋਈ ਸਫ਼ਾਈ ਕਰਮਚਾਰੀ, ਮਾਲੀ ਅਤੇ ਸੇਵਾਦਾਰ ਨਹੀਂ ਦਿੱਤਾ ਜਾ ਰਿਹਾ। ਵਿਭਾਗ ਨੇ ਇਸ ਕੰਮ ਨੂੰ ਆਊਟਸੋਰਸ ਕਰਨ ਦੀ ਬੇਨਤੀ ਢਾਈ-ਤਿੰਨ ਮਹੀਨੇ ਪਹਿਲਾਂ ਕੀਤੀ ਸੀ ਜਿਸ ਉਤੇ ਅਮਲ ਦੀ ਉਡੀਕ ਹੈ। ਇਵੇਂ ਹੀ ਸਰਕਾਰੀ ਛਾਪੇਖਾਨੇ ਬੰਦ ਹੋ ਚੁੱਕੇ ਹਨ। ਬਾਹਰੋਂ ਵੀ ਇਹ ਕੰਮ ਕਰਵਾਉਣਾ ਬਹੁਤ ਮੁਸ਼ਕਲ ਹੋ ਰਿਹਾ ਹੈ। ਵਿਭਾਗੀ ਮੈਗਜ਼ੀਨ ਵਕਤ ਉੱਤੇ ਨਾ ਛਪਣ ਕਾਰਨ ਲੇਖਕਾਂ ਅਤੇ ਪਾਠਕਾਂ ਦੋਹਾਂ ਵਿਚ ਉਨ੍ਹਾਂ ਦੀ ਭਰੋਸੇਯੋਗਤਾ ਖ਼ੁਰ ਰਹੀ ਹੈ। ਇਸੇ ਲਈ ਵਿਭਾਗ ਨੇ ਮਿਨੀ ਆਫ਼ਸੈਟ ਮਸ਼ੀਨ ਖਰੀਦਣ ਦੀ ਬੇਨਤੀ ਕੀਤੀ ਹੋਈ ਹੈ, ਜਿਸਦੀ 2026-27 ਦੇ ਬਜਟ ਵਿਚ ਵਿਵਸਥਾ ਨਹੀਂ ਕੀਤੀ ਗਈ। ਇਸੇ ਤਰ੍ਹਾਂ ਪੁਸਤਕਾਂ ਦੀ ਢੋਆ-ਢੁਆਈ ਅਤੇ ਵਿਕਰੀ ਵਾਸਤੇ ਵੈਨ ਖ਼ਰੀਦਣ ਦਾ ਪ੍ਰਸਤਾਵ ਕੁਝ ਸਾਲਾਂ ਤੋਂ ਫ਼ਾਈਲਾਂ ਵਿਚ ਹੀ ਯਾਤਰਾ ਕਰ ਰਿਹਾ ਹੈ। ਭਾਸ਼ਾ ਭਵਨ ਵਿਚ ਲੇਖਕਾਂ ਦੇ ਠਹਿਰਣ ਵਾਸਤੇ ਇਕ ਰੈਸਟ ਹਾਊਸ ਦਾ ਨਿਰਮਾਣ ਕੀਤਾ ਗਿਆ ਸੀ, ਉਹ ਵੀ ਵਿਭਾਗ ਕੋਲੋਂ ਚਿਰੋਕਣਾ ਖੋਹਿਆ ਜਾ ਚੁੱਕਾ ਹੈ। ਜ਼ਫ਼ਰ ਉਸਨੂੰ ਵਾਪਿਸ ਲੈਣ ਲਈ ਵੀ ਟੱਕਰਾਂ ਮਾਰ ਰਿਹਾ ਹੈ। ਵਿਭਾਗ ਵੱਲੋਂ ਜ਼ਿਲ੍ਹਾ ਹੈਡ ਕੁਆਰਟਰਾਂ ਵਿਚ ਚਲਾਏ ਜਾਂਦੇ ਕੰਪਿਊਟਰ ਟਰੇਨਿੰਗ ਸੈਂਟਰ ਇਨਸਟ੍ਰਕਟਰਾਂ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਬੰਦ ਪਏ ਹਨ। ਹੈਰਤ ਦੀ ਗੱਲ ਹੈ ਕਿ ਵਿਭਾਗ ਵਿਚ ਤਾਇਨਾਤ ਕਰਮਚਾਰੀਆਂ ਦੀਆਂ ਉਹ ਤਰੱਕੀਆਂ ਤਾਂ ਮਿਥੇ ਸਮੇਂ 'ਤੇ ਹੋ ਜਾਂਦੀਆਂ ਹਨ, ਜਿਹੜੀਆਂ ਡਾਇਰੈਕਟੋਰੇਟ ਪੱਧਰ 'ਤੇ ਹੋਣੀਆਂ ਹੁੰਦੀਆਂ ਹਨ, ਪਰ ਸਰਕਾਰੀ ਪੱਧਰ 'ਤੇ ਹੋਣ ਵਾਲੀਆਂ ਤਰੱਕੀਆਂ ਸਾਲਾਂ ਬਧੀ ਰੁਕੀਆਂ ਰਹਿੰਦੀਆਂ ਹਨ। ਇਸ ਹਾਲਤ ਵਿਚ ਮਿਹਨਤੀ ਸੀਨੀਅਰ ਸਟਾਫ਼ ਦੇ ਉਤਸਾਹ ਨੂੰ ਕਾਇਮ ਰੱਖਣਾ ਕਿੰਨਾ ਮੁਸ਼ਕਲ ਹੈ।

***ਜੀਉਂਦੇ ਰਹੋ!***
***ਤੁਹਾਡਾ ਆਪਣਾ,***
***ਆਤਮਜੀਤ***

# ਸੋਚੀ ਸਮਝੀ ਰਾਜਨੀਤੀ ਦਾ ਪ੍ਰਸੰਗ

*ਗੁਰਮਤਿ ਦੁਨੀਆਂ ਭਰ ਵਿਚ ਸਰਬੱਤ ਦੇ ਭਲੇ ਦੀ ਜੋ ਸਿਧਾਂਤਕੀ ਸਾਹਮਣੇ ਲਿਆਉਂਦੀ ਰਹੀ ਹੈ, ਉਸ ਨਾਲ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਮੁਹੱਬਤੀ ਸਹਿਚਾਰ ਦਾ ਦੀਵਾ ਜਗਦਾ ਰੱਖਣ ਦੀ ਲਹਿਰ ਚਲਾਈ ਜਾ ਸਕਦੀ ਹੈ। ਸਿੱਖ-ਸੰਸਥਾਵਾਂ ਵਿਚ ਕਾਨੂੰਨੀ ਦਖਲ ਬੇਲੋੜਾ ਸੀ, ਬੇਲੋੜਾ ਹੈ ਅਤੇ ਬੇਲੋੜਾ ਹੀ ਰਹੇਗਾ।*



ਬਲਕਾਰ ਸਿੰਘ ਪ੍ਰੋਫੈਸਰ (ਰਿਟ.)
ਫੋਨ: +91- 93163-01328

'ਹਜ਼ੂਰ ਸਾਹਿਬ ਐਕਟ 2026' ਦਾ ਪ੍ਰਸਤਾਵਿਤ ਵਰਤਾਰਾ ਭਾਵੇਂ ਵਕਤੀ ਤੌਰ 'ਤੇ ਰੁਕ ਗਿਆ ਹੈ, ਪਰ ਇਸ ਨਾਲ ਸਬੰਧਤ ਵਿਵਾਦ ਇਸ ਕਰਕੇ ਮੁੱਕਿਆ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਪੰਥਕ ਪ੍ਰਬੰਧ ਬਨਾਮ ਸਰਕਾਰੀ ਕੰਟਰੋਲ ਦਾ ਮਸਲਾ ਸਿਆਸਤ ਦੇ ਪੈਰੋਂ ਕਿਸੇ ਨਾ ਕਿਸੇ ਰੂਪ ਵਿਚ ਲਗਾਤਾਰ ਸਾਹਮਣੇ ਆਈ ਜਾ ਰਿਹਾ ਹੈ। ਇਸ ਮੌਕੇ 'ਤੇ ਉਠਾਈ ਜਾਣਯੋਗ ਅਕਾਦਮਿਕ ਆਵਾਜ਼ ਇਹ ਹੈ ਕਿ ਪੰਥਕ ਭਾਵਨਾ ਨੂੰ ਕਾਨੂੰਨ ਮੁਤਾਬਿਕ ਹੀ ਸਿਆਸੀ ਸ਼ਿਕੰਜੇ ਵਿਚ ਕੱਸਿਆ ਜਾ ਸਕਦਾ ਹੈ। ਇਸ ਦੀ ਸ਼ੁਰੂਆਤ 1925 ਦੇ ਗੁਰਦੁਆਰਾ ਐਕਟ ਨਾਲ ਹੋਈ ਸੀ ਅਤੇ ਓਸੇ ਮੁਤਾਬਿਕ ਜਿਸ ਕਿਸਮ ਦੀ ਸਿਆਸਤ ਵਿਚੋਂ ਇਹ ਮਸਲਾ ਪੈਦਾ ਹੋਇਆ ਹੈ, ਉਹ ਬਰਾਸਤਾ ਸੰਘ ਪਰਿਵਾਰ ਭਾਜਪਾ ਦੀ ਸੋਚੀ-ਸਮਝੀ ਸਿਆਸੀ ਪੈਂਤੜੇਬਾਜ਼ੀ ਨਾਲ ਜੁੜਿਆ ਹੋਇਆ ਹੈ। ਭਾਰਤ ਨੇ ਕਾਂਗਰਸ ਦੀ ਅਗਵਾਈ ਵਿਚ 70 ਸਾਲਾਂ ਵਿਚ ਜੋ ਕੁਝ ਕੀਤਾ, ਉਸ ਨੂੰ ਉਲਟ-ਪਲਟ ਕੇ ਭਾਜਪਾ ਜੋ ਕੁਝ ਕਰਨਾ ਚਾਹ ਰਹੀ ਹੈ, ਉਸ ਰਾਜਨੀਤੀ ਦੀਆਂ ਪਰਤਾਂ ਲਗਾਤਾਰ ਸਾਹਮਣੇ ਆਈ ਜਾ ਰਹੀਆਂ ਹਨ। ਇਨ੍ਹਾਂ ਵਿਚੋਂ ਹੀ ਇਕ ਪਰਤ ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਦੀ ਹੈ। ਹਿੰਦੂਕਰਣ ਦੇ ਨਾਮ ਹੇਠ ਹੋ ਰਹੀ ਰਾਜਨੀਤੀ ਦੀ ਜੜ੍ਹ ਵਿਚ ਵਰਣ-ਆਸ਼ਰਮ ਦੀ ਸੋਚ ਕਿਸੇ ਨਾ ਕਿਸੇ ਰੂਪ ਵਿਚ ਕੰਮ ਕਰਦੀ ਧਿਆਨ ਵਿਚ ਰੱਖਾਂਗੇ ਤਾਂ ਸਪਸ਼ਟ ਨਜ਼ਰ ਆ ਜਾਏਗਾ ਕਿ ਧਰਮੱਗਤਾ ਦੀ ਸੇਵਾ ਨੂੰ ਧਰਮ ਸਮਝਣ ਦੀ ਆਸ ਉਨ੍ਹਾਂ ਸਾਰਿਆਂ ਤੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਹਿੰਦੂ ਹੋਣ ਦਾ ਅਧਿਕਾਰ ਚਾਹੀਦਾ ਹੈ। ਇਕ ਰੰਗੀਅਤ ਦੀ ਸਿਆਸਤ ਰਾਹੀਂ ਜਿਹੋ-ਜਿਹਾ ਭਾਰਤ ਚਿਤਵਿਆ ਤੇ ਪਰੋਸਿਆ ਜਾ ਰਿਹਾ ਹੈ, ਉਸ ਨਾਲ ਹੀ ਜੁੜਿਆ ਹੋਇਆ ਹੈ, ਪ੍ਰਸਤਾਵਿਤ ਹਜ਼ੂਰ ਸਾਹਿਬ ਐਕਟ। ਸਿੰਘ ਸਭਾ ਲਹਿਰ ਦੇ ਪ੍ਰਭਾਵ ਵਾਲੀ ਗੁਰਮਤਿ ਦੀ ਅਕਾਦਮਿਕਤਾ ਦਾ ਰਾਹ ਬੜੀ ਦੇਰ ਤੋਂ ਰੁਕਿਆ ਹੋਇਆ ਹੈ। ਇਸ ਨਾਲ ਸਿੱਖ ਸੰਸਥਾਵਾਂ ਦੇ ਸਿਆਸੀ ਅਪਹਰਣ ਦਾ ਵਰਤਾਰਾ ਅਕਾਲ ਤਖਤ ਸਾਹਿਬ ਦੇ ਹਵਾਲੇ ਨਾਲ ਸਭ ਦੇ ਸਾਹਮਣੇ ਹੈ। ਜਿੰਨਾ ਕੁ ਸਿਆਸੀ ਦਖਲ ਪੰਜਾਬ ਵਿਚ ਨਜ਼ਰ ਆ ਰਿਹਾ ਹੈ, ਉਨਾ ਕੁ ਬਿਹਾਰ ਵਿਚ ਤਖਤ ਪਟਨਾ ਸਾਹਿਬ ਅਤੇ ਮਹਾਂਰਾਸ਼ਟਰ ਵਿਚ ਤਖਤ ਹਜ਼ੂਰ ਸਾਹਿਬ ਵਿਚ ਵੇਖਿਆ ਜਾ ਸਕਦਾ ਹੈ। ਇਸ ਹਾਲਤ ਵਿਚ ਇਸ ਐਕਟ ਦੀ ਲੋੜ ਕਿਉਂ ਪੈ ਗਈ, ਇਸ ਬਾਰੇ ਦੱਸਣ ਲਈ ਕੋਈ ਨਾ ਤਿਆਰ ਹੈ ਅਤੇ ਨਾ ਹੀ ਅਧਿਕਾਰਤ ਹੈ? ਭਾਰਤ ਵਿਚ ਧਰਮ, ਅਕਸਰ ਸਿਆਸਤ ਤੋਂ ਬਿਨਾ ਜਗਿਆਸੂਆਂ ਦੀਆਂ ਸੁਰਤੀਆਂ-ਬਿਰਤੀਆਂ ਨਾਲ ਜੁੜਿਆ ਰਿਹਾ ਹੈ। ਪਰ ਵਰਤਮਾਨ ਵਿਚ 'ਰਾਜ ਬਿਨਾ ਨਹਿ ਧਰਮ ਚਲਹਿ ਹੈ' ਦਾ ਸਿਆਸੀ ਬੋਲਬਾਲਾ ਹੋ ਗਿਆ ਹੈ। ਇਸ ਨਾਲ ਹਰ ਧਰਮ ਨੂੰ ਨੁਕਸਾਨ ਸਬੰਧਤ ਧਰਮ ਦੇ ਪੈਰੋਕਾਰਾਂ ਦੀ ਸਿਆਸਤ ਨਾਲ ਲਗਾਤਾਰ ਹੁੰਦਾ ਆ ਰਿਹਾ ਹੈ। ਏਸੇ ਕਰਕੇ ਹਰ ਧਰਮ ਦੀ ਸਿਧਾਂਤਕਤਾ ਨੂੰ ਖੜੋਤ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਨਾਲ ਪੈਦਾ ਹੋਣ ਵਾਲੇ ਹਾਲਾਤ ਕੇਵਲ ਤੇ ਕੇਵਲ ਰਾਜਨੀਤੀ ਨੂੰ ਹੀ ਠੀਕ ਬੈਠ ਸਕਦੇ ਹਨ। ਕਿਸੇ ਵੀ ਸੂਬੇ ਦੀ ਸਰਕਾਰ ਨੂੰ ਗੁਰਦੁਆਰਿਆਂ ਦੇ ਪ੍ਰਬੰਧਨ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਹੈ ਅਤੇ ਇਸ ਤਰ੍ਹਾਂ ਦੇ ਕਾਨੂੰਨ ਬਣੇ ਹੋਏ ਪ੍ਰਾਪਤ ਵੀ ਹਨ। ਪਰ ਗੁਰਮਤਿ ਪ੍ਰਸੰਗ ਵਿਚ ਤਖਤ ਸਾਹਿਬ ਗੁਰਦੁਆਰਾ ਨਹੀਂ ਹੈ ਕਿਉਂਕਿ ਤਖਤ ਸਾਹਿਬ ਪੰਥਕ ਸੁਰ ਵਿਚ ਸਾਹਮਣੇ ਆਈ ਅਜਿਹੀ ਪੰਥਕ ਸੰਸਥਾ ਹੈ, ਜਿਸ ਦਾ ਪੰਥਕ ਉਸਾਰ ਪ੍ਰਭੂਸਤਾ ਸੰਪੰਨ ਪੰਥਕ ਉਸਾਰ ਸੰਗਤੀ ਸੁਰ ਵਿਚ ਚਲਦਾ ਆ ਰਿਹਾ ਹੈ। 1925 ਦੇ ਐਕਟ ਵਿਚ ਵੀ ਤਖਤ-ਸੰਸਥਾ ਨੂੰ ਕਾਨੂੰਨੀ ਪਾਬੰਦੀਆਂ ਤੋਂ ਮੁਕਤ ਰੱਖਿਆ ਗਿਆ ਹੈ।

ਸਿਆਸਤਦਾਨਾਂ ਨੂੰ ਕੌਣ ਸਮਝਾਵੇ ਕਿ ਗੁਰਮਤਿ ਨੇ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਸਿਆਸੀ ਟਕਰਾਅ ਵਿਚ ਆਉਣ ਤੋਂ ਗੁਰੇਜ਼ ਕਰਕੇ ਆਮ ਸਿੱਖ ਦੀ ਮਾਨਸਿਕਤਾ ਨੂੰ ਸਿਹਤਮੰਦ ਵਰਤਾਰਿਆਂ ਦੇ ਸਿਰਜਕ ਵਾਂਗ ਉਸਾਰਿਆ ਸੀ। ਭਾਈ ਵੀਰ ਸਿੰਘ ਨੇ ਇਸ ਅਵਸਥਾ ਨੂੰ ਬਲਵਾਨ ਸੁਰਤਿ ਅਤੇ ਚੜ੍ਹਦੀ ਕਲਾ ਵਾਲੀ ਮਾਨਸਿਕਤਾ ਦੇ ਪ੍ਰਤੀਨਿਧ ਵਾਂਗ ਵੇਖਿਆ ਸੀ। ਇਸ ਨਾਲ ਗੁਰਮਤਿ ਨੇ ਸਿਆਸਤ ਨੂੰ ਹਾਸ਼ੀਏ 'ਤੇ ਰੱਖਣ ਦੀ ਸਦਾ ਕੋਸ਼ਿਸ਼ ਕੀਤੀ ਸੀ। ਗੁਰਮਤਿ, ਸਿਆਸਤ ਦਾ ਸ਼ਿਕਾਰ ਹੋਣ ਵੇਲੇ ਵੀ ਭਾਣੇ ਨਾਲ ਨਿਭਣ ਦਾ ਸਹਿਜ ਪਾਲਦੀ ਆਈ ਸੀ। ਇਸ ਭਾਵਨਾ ਵਿਚ ਵੀ ਪ੍ਰਭੂਸੱਤਾ ਸੰਪੰਨ ਮਾਨਸਿਕਤਾ ਦੀ ਪਹਿਰੇਦਾਰੀ ਬਾਣੀ ਦੀ ਅਗਵਾਈ ਵਿਚ ਹੁੰਦੀ ਰਹੀ ਸੀ।

ਦੂਜੇ ਦੇ ਦੂਜੇਪਨ ਦੀ ਰਾਖੀ ਲਈ ਸਿਰ ਤੱਕ ਦੇਣ ਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਗੁਰਮਤਿ ਅਜਿਹੀ ਪ੍ਰੇਮ ਦੀ ਖੇਡ ਹੈ, ਜਿਸ ਨਾਲ ਸਿਰ ਤਲੀ 'ਤੇ ਰੱਖ ਕੇ ਹੀ ਨਿਭਿਆ ਜਾ ਸਕਦਾ ਹੈ। ਗੁਰਮਤਿ ਨੇ ਕਾਨੂੰਨੀ ਬੰਧਨਾਂ ਵਿਚ ਜਿਊਣ ਨੂੰ ਮਾਨਤਾ ਕਦੇ ਵੀ ਨਹੀਂ ਦਿੱਤੀ ਅਤੇ ਬੇਲੋੜੇ ਟਕਰਾਉ ਤੋਂ ਵੀ ਗੁਰੇਜ਼ ਕੀਤਾ ਜਾਂਦਾ ਰਿਹਾ ਹੈ। ਸਿਆਸਤ ਵਾਸਤੇ ਅਕਾਲੀ ਦਲ ਨੂੰ ਸਿਆਸੀ ਪਾਰਟੀ ਵਾਂਗ ਸਾਹਮਣੇ ਲਿਆਂਦਾ ਗਿਆ ਸੀ। ਅੱਜ ਵੀ ਅਕਾਲੀ ਦਲ ਦੀ ਸਿਆਸਤ ਬਹੁਰੰਗੀਅਤ ਹੈ ਅਤੇ ਓਸੇ ਨੂੰ ਲੀਡਰ ਮੰਨਦੀ ਹੈ, ਜਿਸ ਨੂੰ ਸੰਗਤੀ ਪ੍ਰਵਾਨਗੀ ਦਾ ਅਧਿਕਾਰੀ ਸਮਝਿਆ ਜਾਂਦਾ ਹੈ। ਏਸੇ ਕਰਕੇ ਭਾਰਤ ਸਮੇਤ ਦੁਨੀਆਂ ਭਰ ਦੇ ਕਿਸੇ ਵੀ ਦੇਸ਼ ਦਾ ਕਾਨੂੰਨ ਪੰਥਕਤਾ ਨੂੰ ਧਿਆਨ ਵਿਚ ਰੱਖ ਕੇ ਬਣਿਆ ਹੋਇਆ ਪ੍ਰਾਪਤ ਨਹੀਂ ਹੈ। ਇਸ ਦੇ ਬਾਵਜੂਦ ਗੁਰਮਤਿ ਦੇ ਊਰਜਾ ਕੇਂਦਰ ਗੁਰਦੁਆਰੇ ਦਾ ਰਾਹ ਕਿਸੇ ਵੀ ਦੇਸ਼ ਦੇ ਕਾਨੂੰਨ ਨੇ ਅਜੇ ਤੱਕ ਨਹੀਂ ਰੋਕਿਆ। ਕਾਰਨ ਸਪਸ਼ਟ ਹੈ ਕਿ ਗੁਰਦੁਆਰਾ ਸੰਸਥਾ ਕਿਸੇ ਦੇਸ਼ ਦੇ ਕਾਨੂੰਨ ਦਾ ਵਿਰੋਧ ਨਹੀਂ ਕਰਦੀ ਅਤੇ ਗੁਰੂ ਦੀ ਬਖਸ਼ੀ ਹੋਈ ਸਿਧਾਂਤਕੀ ਨੂੰ ਅਮਲ ਵਿਚ ਲਿਆਉਣ ਲਈ ਕਾਰਜਸ਼ੀਲ ਰਹਿੰਦੀ ਹੈ। ਗੁਰਦੁਆਰਾ-ਸੰਸਥਾ, ਜਗਿਆਸੂ ਲਈ ਗੁਰੂ ਦਾ ਦਰ ਵੀ ਹੈ ਅਤੇ ਗੁਰੂ ਦਾ ਘਰ ਵੀ ਹੈ। ਇਸ ਸੰਸਥਾ ਰਾਹੀਂ ਪੈਦਾ ਹੋਇਆ ਕੰਮ-ਸਭਿਆਚਾਰ, ਕਿਰਤ ਕਰੋ ਨਾਲ ਜੁੜਿਆ ਹੋਇਆ ਹੈ, ਵੰਡ ਸਭਿਆਚਾਰ 'ਵੰਡ ਕੇ ਛਕਣ' ਨਾਲ ਜੁੜਿਆ ਹੋਇਆ ਹੈ ਅਤੇ ਸੁਰਤਿ-ਸਭਿਆਚਾਰ 'ਨਾਮ ਜਪਣ' ਨਾਲ ਜੁੜਿਆ ਹੋਇਆ ਹੈ। ਇਸ ਨਾਲ ਗੁਰਮਤਿ ਦੁਨੀਆਂ ਭਰ ਵਿਚ ਸਰਬੱਤ ਦੇ ਭਲੇ ਦੀ ਜੋ ਸਿਧਾਂਤਕੀ ਸਾਹਮਣੇ ਲਿਆਉਂਦੀ ਰਹੀ ਹੈ, ਉਸ ਨਾਲ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਮੁਹੱਬਤੀ ਸਹਿਚਾਰ ਦਾ ਦੀਵਾ ਜਗਦਾ ਰੱਖਣ ਦੀ ਲਹਿਰ ਚਲਾਈ ਜਾ ਸਕਦੀ ਹੈ। ਸਿੱਖ-ਸੰਸਥਾਵਾਂ ਵਿਚ ਕਾਨੂੰਨੀ ਦਖਲ ਬੇਲੋੜਾ ਸੀ, ਬੇਲੋੜਾ ਹੈ ਅਤੇ ਬੇਲੋੜਾ ਹੀ ਰਹੇਗਾ।

ਇਸ ਪ੍ਰਸੰਗ ਵਿਚ ਮਹਾਂਰਾਸ਼ਟਰ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਹਜ਼ੂਰ ਸਾਹਿਬ ਐਕਟ, ਸਿਆਸੀ ਵੰਗਾਰ ਵਾਂਗ ਸਿੱਖ ਭਾਈਚਾਰੇ ਦੇ ਗਲ ਪਾਇਆ ਜਾ ਰਿਹਾ ਹੈ। ਇਸ ਵਿਚੋਂ ਵਧੀਕੀਆਂ ਨਾਲ ਜੂਝਣ ਦੀ ਸਿਆਸਤ ਪੈਦਾ ਹੁੰਦੀ ਰਹੀ ਹੈ। ਭਾਜਪਾ ਇਸ ਐਕਟ ਨੂੰ ਬਣਾਉਣ ਵਿਚ ਜੇ ਸਫਲ ਵੀ ਹੋ ਜਾਵੇ ਤਾਂ ਵੀ ਇਸ ਸਫਲਤਾ ਦਾ ਹਸ਼ਰ ਸ਼ੇਰ ਦੀ ਸਵਾਰੀ ਵਰਗਾ ਹੀ ਰਹੇਗਾ। ਚੁਫੇਰੇ ਫੈਲੀਆਂ ਸਿਆਸੀ ਸਫਲਤਾਵਾਂ ਵਿਚ ਅਹੁਦਿਆਂ ਨਾਲ ਅਕਲ ਬੇਸ਼ਕ ਮੁਫਤ ਵਿਚ ਮਿਲਣ ਲੱਗ ਪਈ ਹੈ, ਪਰ ਇਸ ਦੀ ਦੁਰਵਰਤੋਂ ਦੇ ਨਤੀਜੇ ਭੁਗਤਣ ਦੀ ਕੀਮਤ ਤਾਂ ਦੇਣੀ ਹੀ ਪੈ ਸਕਦੀ ਹੈ। ਗੁਰਮਤੀ ਮਾਨਸਿਕਤਾ ਵਿਚ ਸਿੱਖ ਸੰਸਥਾਵਾਂ ਵਿਚ ਸਿਆਸੀ ਦਖਲ ਅੰਦਰੋਂ ਹੋਵੇ ਜਾਂ ਬਾਹਰੋਂ, ਨ ਕਦੇ ਪ੍ਰਵਾਨ ਹੋਇਆ ਹੈ ਅਤੇ ਨ ਕਦੇ ਪਰਵਾਨ ਹੋਣਾ ਹੈ। ਸਿਆਸੀ ਦਖਲ ਨੇ ਜੇ ਅਕਾਲੀਆਂ ਕੋਲੋਂ ਅਕਾਲੀਅਤ ਖੋਹ ਲਈ ਹੈ, ਤਾਂ ਭਾਜਪਾਈਆਂ ਨੂੰ ਇਹੋ ਜਿਹੀ ਸਿਆਸੀ ਪੈਂਤੜੇਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਉਹ ਸਿੱਖ ਭਾਈਚਾਰੇ ਦੇ ਹਮਾਇਤੀ ਹਨ। ਜੇ ਇਹ ਵੀ ਬਾਕੀ ਜੁਮਲਿਆਂ ਵਾਂਗ ਇਕ ਜੁਮਲਾ ਹੀ ਹੈ ਤਾਂ ਮਸ਼ਵਰਾ ਇਹੀ ਰਹੇਗਾ ਕਿ ਸਿੱਖਾਂ ਦਾ ਸਬਰ ਪਰਖਣ ਤੋਂ ਗੁਰੇਜ਼ ਕਰਣਾ ਚਾਹੀਦਾ ਹੈ।

# ਵਟਸਐਪ ਯੂਜ਼ਰਨੇਮ: ਕਿੰਨਾ ਸੁਰੱਖਿਅਤ, ਕਿੰਨਾ ਖ਼ਤਰਨਾਕ?

ਸੁਬੀਮਲ ਭੱਟਾਚਾਰਜੀ

ਜਦੋਂ ਮੈਟਾ ਨੇ 29 ਜੂਨ ਨੂੰ ਇਹ ਐਲਾਨ ਕੀਤਾ ਕਿ ਵਟਸਐਪ ਵਰਤੋਂਕਾਰ ਜਲਦੀ ਹੀ ਫ਼ੋਨ ਨੰਬਰ ਦੀ ਬਜਾਏ ਆਪਣੀ ਪਸੰਦ ਦੇ ਯੂਜ਼ਰਨੇਮ (ਹੈਂਡਲ) ਦੀ ਵਰਤੋਂ ਕਰ ਸਕਣਗੇ ਤਾਂ ਕੇਂਦਰ ਸਰਕਾਰ ਦੀ ਪ੍ਰਤੀਕਿਰਿਆ ਕਾਫ਼ੀ ਤੇਜ਼ੀ ਨਾਲ ਆਈ ਜੋ ਕਾਫੀ ਚੌਕਸੀ ਭਰੀ ਸੀ। ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਵਟਸਐਪ ਨੂੰ ਨੋਟਿਸ ਜਾਰੀ ਕਰਦਿਆਂ ਤਿੰਨ ਦਿਨਾਂ ਦੇ ਅੰਦਰ ਵੇਰਵੇ ਸਹਿਤ ਸਪੱਸ਼ਟੀਕਰਨ ਮੰਗਿਆ ਹੈ। ਇਸ ਦੇ ਨਾਲ ਹੀ ਕੰਪਨੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਈ ਟੀ ਮੰਤਰਾਲੇ, ਗ੍ਰਹਿ ਮੰਤਰਾਲੇ ਅਤੇ ਹੋਰ ਵਿਰੋਧੀ ਮੈਸੇਜਿੰਗ ਪਲੇਟਫਾਰਮਾਂ ਨਾਲ ਸਲਾਹ-ਮਸ਼ਵਰਾ ਪੂਰਾ ਹੋਣ ਤੱਕ ਭਾਰਤ ਵਿਚ ਇਸ ਫੀਚਰ ਨੂੰ ਲਾਂਚ ਨਾ ਕਰੇ। ਮੰਤਰਾਲੇ ਨੇ ਨੋਟਿਸ ਵਿਚ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਯੂਜ਼ਰਨੇਮ ਆਉਣ ਨਾਲ ਆਨਲਾਈਨ ਧੋਖਾਧੜੀ, ਫਿਸ਼ਿੰਗ, ਡਿਜੀਟਲ ਅਰੈਸਟ ਸਕੈਮ ਅਤੇ ਭੇਸ ਬਦਲ ਕੇ ਕੀਤੀ ਜਾਣ ਵਾਲੀ ਠੱਗੀ (ਇੰਪਰਸੋਨੇਸ਼ਨ) ਵਿਚ 'ਵੱਡਾ ਵਾਧਾ' ਹੋ ਸਕਦਾ ਹੈ। 50 ਕਰੋੜ ਤੋਂ ਵੱਧ ਵਰਤੋਂਕਾਰਾਂ ਵਾਲੇ ਬਾਜ਼ਾਰ ਭਾਰਤ, ਜੋ ਕਿ ਦੁਨੀਆ ਭਰ ਵਿਚ ਵਟਸਐਪ ਦਾ ਸਭ ਤੋਂ ਵੱਡਾ ਆਧਾਰ ਹੈ, ਲਈ ਅਜਿਹੀ ਚੌਕਸੀ ਸੁਭਾਵਿਕ ਹੈ। ਪਰ ਜੇਕਰ ਇਸ ਨੂੰ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਇਹ ਫੀਚਰ ਧੋਖੇਬਾਜ਼ਾਂ ਲਈ ਕੋਈ ਤੋਹਫ਼ਾ ਨਹੀਂ ਹੈ। ਇਹ ਇੱਕ ਅਜਿਹਾ ਸਾਧਨ ਹੈ ਜੋ ਆਮ ਵਰਤੋਂਕਾਰਾਂ ਨੂੰ ਲਾਭ ਪਹੁੰਚਾਉਂਦਾ ਹੈ ਅਤੇ ਮੈਟਾ ਵੱਲੋਂ ਤਿਆਰ ਕੀਤੇ ਸੁਰੱਖਿਆ ਪ੍ਰਬੰਧਾਂ ਦੇ ਚਲਦਿਆਂ ਇਹ ਸਰਕਾਰ ਦੀਆਂ ਸੁਰੱਖਿਆ ਅਤੇ ਫਰਜ਼ੀਵਾੜੇ ਸੰਬੰਧੀ ਚਿੰਤਾਵਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਇਸ ਪੱਖ ਵਿਚ ਤਿੰਨ ਮੁੱਖ ਨੁਕਤੇ ਸਾਹਮਣੇ ਆਉਂਦੇ ਹਨ।

ਪਹਿਲਾ, ਇਹ ਨਿੱਜਤਾ ਦੀ ਉਸ ਖਾਮੀ ਨੂੰ ਦੂਰ ਕਰਦਾ ਹੈ ਜੋ ਖ਼ੁਦ ਧੋਖਾਧੜੀ ਨੂੰ ਹਵਾ ਦਿੰਦੀ ਹੈ। ਸਰਕਾਰ ਦੀ ਦਲੀਲ ਹੈ ਕਿ ਫ਼ੋਨ ਨੰਬਰ ਛੁਪਾਉਣਾ ਖ਼ਤਰਨਾਕ ਹੈ। ਪਰ ਅਸਲੀਅਤ ਇਹ ਹੈ ਕਿ ਵਟਸਐਪ ਅੱਜ ਵੀ ਅਣਜਾਣ ਲੋਕਾਂ ਸਾਹਮਣੇ ਨੰਬਰਾਂ ਨੂੰ ਉਜਾਗਰ ਕਰਦਾ ਹੈ, ਜਿਸ ਦੀ ਸਭ ਤੋਂ ਵੱਡੀ ਮਿਸਾਲ ਕਿਸੇ ਵਰਤੋਂਕਾਰ ਨੂੰ ਕਿਸੇ ਗਰੁੱਪ ਵਿਚ ਸ਼ਾਮਲ ਕੀਤੇ ਜਾਣ ਵੇਲੇ ਦੇਖਣ ਨੂੰ ਮਿਲਦੀ ਹੈ। ਅਣਜਾਣ ਮੈਂਬਰਾਂ ਵਾਲੇ ਗਰੁੱਪ ਵਿਚ ਕਿਸੇ ਵੀ ਵਿਅਕਤੀ ਦਾ ਨੰਬਰ ਹਰ ਮੈਂਬਰ ਦੇ ਸਾਹਮਣੇ ਨਸ਼ਰ ਹੋ ਜਾਂਦਾ ਹੈ। ਅਜਿਹੇ ਗਰੁੱਪ, ਠੱਗਾਂ ਲਈ ਨੰਬਰ ਇਕੱਠੇ ਕਰਨ ਦਾ ਇੱਕ ਵੱਡਾ ਅੱਡਾ ਬਣ ਚੁੱਕੇ ਹਨ, ਜੋ ਇੱਥੋਂ ਨੰਬਰ ਚੋਰੀ ਕਰਕੇ ਉਸੇ ਧੋਖਾਧੜੀ ਦਾ ਜਾਲ ਵਿਛਾਉਂਦੇ ਹਨ ਜਿਸ ਨੂੰ ਸਰਕਾਰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਫ਼ੋਨ ਨੰਬਰ ਕੋਈ ਆਮ ਪਛਾਣ ਪੱਤਰ ਨਹੀਂ ਹੈ: ਭਾਰਤ ਵਿਚ ਇਹ ਬੈਂਕ ਖਾਤੇ, ਯੂ ਪੀ ਆਈ, ਆਧਾਰ ਅਤੇ ਓ ਟੀ ਪੀ ਨਾਲ ਜੁੜਿਆ ਹੁੰਦਾ ਹੈ ਅਤੇ ਇਹੀ ਕਾਰਨ ਹੈ ਕਿ ਧੋਖੇਬਾਜ਼ ਇਸ ਨੂੰ ਹਾਸਲ ਕਰਨ ਦੀ ਤਾਕ ਵਿਚ ਰਹਿੰਦੇ ਹਨ। ਡਿਜੀਟਲ ਅਰੈਸਟ ਵਰਗੇ ਘੁਟਾਲੇ ਜਿੱਥੇ ਅਪਰਾਧੀ ਸੀ ਬੀ ਆਈ, ਐਨਫੋਰਸਮੈਂਟ ਡਾਇਰੈਕਟੋਰੇਟ ਜਾਂ ਆਰ.ਬੀ.ਆਈ. ਦੇ ਅਧਿਕਾਰੀ ਬਣ ਕੇ ਪੀੜਤਾਂ ਨੂੰ ਡਰਾਉਂਦੇ ਹਨ ਅਤੇ ਪੈਸੇ ਟਰਾਂਸਫਰ ਕਰਵਾ ਲੈਂਦੇ ਹਨ, ਸਾਲ 2025 ਵਿਚ ਭਾਰਤੀਆਂ ਵੱਲੋਂ ਸਾਈਬਰ ਧੋਖਾਧੜੀ ਵਿਚ ਗੁਆਏ ਗਏ ਲਗਪਗ 22,495 ਕਰੋੜ ਰੁਪਏ ਦਾ ਦਸਵਾਂ ਹਿੱਸਾ ਸਨ। ਇਹ ਅੰਕੜਾ ਗ੍ਰਹਿ ਮੰਤਰਾਲੇ ਅਤੇ ਇੰਡੀਅਨ ਸਾਈਬਰ ਕਰਾਈਮ ਕੋਆਰਡੀਨੇਸ਼ਨ ਸੈਂਟਰ ਕੋਲ ਦਰਜ ਹੋਈਆਂ ਕਰੀਬ 28 ਲੱਖ ਸ਼ਿਕਾਇਤਾਂ ਦੇ ਆਧਾਰ 'ਤੇ ਹੈ। ਠੱਗੀ ਦੀਆਂ ਇਹ ਸਾਰੀਆਂ ਸਾਜ਼ਿਸ਼ਾਂ ਇੱਕ ਚਾਲੂ ਫ਼ੋਨ ਨੰਬਰ 'ਤੋਂ ਹੀ ਸ਼ੁਰੂ ਹੁੰਦੀਆਂ ਹਨ। ਵਰਤੋਂਕਾਰਾਂ ਨੂੰ ਆਪਣਾ ਨੰਬਰ ਸਾਂਝਾ ਕੀਤੇ ਬਿਨਾਂ ਚੈਟ ਕਰਨ, ਗਰੁੱਪਾਂ ਵਿਚ ਜੁੜਨ ਅਤੇ ਅਣਜਾਣ ਲੋਕਾਂ ਨਾਲ ਗੱਲਬਾਤ ਕਰਨ ਦੀ ਸਹੂਲਤ ਦੇ ਕੇ ਯੂਜ਼ਰਨੇਮ ਉਨ੍ਹਾਂ ਜਨਤਕ ਹੋਣ ਵਾਲੇ ਨੰਬਰਾਂ ਦੀ ਗਿਣਤੀ ਨੂੰ ਘਟਾ ਦੇਣਗੇ ਜਿਨ੍ਹਾਂ 'ਤੇ ਠੱਗ ਨਿਰਭਰ ਕਰਦੇ ਹਨ। ਇਹ ਫੀਚਰ ਸਾਈਬਰ ਹਮਲਿਆਂ ਦੇ ਮੌਜੂਦਾ ਖ਼ਤਰੇ ਨੂੰ ਘਟਾਉਂਦਾ ਹੈ ਨਾ ਕਿ ਕੋਈ ਨਵਾਂ ਰਾਹ ਖੋਲ੍ਹਦਾ ਹੈ। ਜੋ ਕਿ ਸਿੱਧੇ ਤੌਰ 'ਤੇ ਵਰਤੋਂਕਾਰਾਂ ਦੇ ਹਿੱਤ ਵਿਚ ਅਤੇ ਸਮੁੱਚ ਤੌਰ 'ਤੇ ਜਨਤਕ ਸੁਰੱਖਿਆ ਲਈ ਲਾਹੇਵੰਦ ਹੈ।

ਦੂਜਾ, ਫ਼ੋਨ ਨੰਬਰ ਕਦੇ ਵੀ ਸਿਸਟਮ ਵਿਚੋਂ ਗਾਇਬ ਨਹੀਂ ਹੁੰਦਾ, ਜਿਸ ਕਾਰਨ ਜਾਂਚ ਦੀ ਪ੍ਰਕਿਰਿਆ ਬਰਕਰਾਰ ਰਹਿੰਦੀ ਹੈ। ਸੁਰੱਖਿਆ ਸੰਬੰਧੀ ਇਤਰਾਜ਼ਾਂ ਦਾ ਮੁੱਖ ਆਧਾਰ ਜਾਂਚ ਦੀ ਪ੍ਰਕਿਰਿਆ ਹੀ ਹੈ: ਭਾਰਤੀ ਕੋਡ (+91) ਵਾਲਾ ਫੋਨ ਨੰਬਰ ਜਾਂਚ ਅਧਿਕਾਰੀਆਂ ਨੂੰ ਦੋਸ਼ੀਆਂ ਤੱਕ ਪਹੁੰਚਣ ਦਾ ਇੱਕ ਜ਼ਰੀਆ ਪ੍ਰਦਾਨ ਕਰਦਾ ਹੈ ਅਤੇ ਅਧਿਕਾਰੀਆਂ ਨੂੰ ਚਿੰਤਾ ਹੈ ਕਿ ਯੂਜ਼ਰਨੇਮ ਇਸ ਕੜੀ ਨੂੰ ਤੋੜ ਦੇਣਗੇ। ਪਰ ਅਜਿਹਾ ਬਿਲਕੁਲ ਨਹੀਂ ਹੈ। ਹਰੇਕ ਵਟਸਐਪ ਖਾਤੇ ਨੂੰ ਰਜਿਸਟਰ ਕਰਨ ਅਤੇ ਚਲਾਉਣ ਲਈ ਅਜੇ ਵੀ ਫੋਨ ਨੰਬਰ ਦੀ ਲੋੜ ਪਵੇਗੀ: ਯੂਜ਼ਰਨੇਮ ਸਿਰਫ਼ ਪ੍ਰੋਫਾਈਲ




'ਤੇ ਦਿਖਾਈ ਦੇਣ ਵਾਲੀ ਇੱਕ ਪਰਤ ਹੈ ਨਾ ਕਿ ਪਛਾਣ ਦਾ ਬਦਲ। ਦੂਜੇ ਵਰਤੋਂਕਾਰਾਂ ਲਈ ਨੰਬਰ ਲੁਕਿਆ ਰਹੇਗਾ, ਜੋ ਕਿ ਨਿੱਜਤਾ ਦੇ ਪੱਖੋਂ ਇੱਕ ਵੱਡੀ ਜਿੱਤ ਹੈ, ਪਰ ਪਲੇਟਫਾਰਮ ਕੋਲ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਇਹ ਨੰਬਰ ਹਮੇਸ਼ਾ ਰਿਕਾਰਡ ਵਿਚ ਰਹੇਗਾ ਜੋ ਜਾਂਚ ਲਈ ਇੱਕ ਪੱਕਾ ਆਧਾਰ ਪ੍ਰਦਾਨ ਕਰਦਾ ਹੈ।

ਮੈਟਾ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਦੋਂ ਕਿਸੇ ਵਰਤੋਂਕਾਰ ਨੂੰ ਪਹਿਲੀ ਵਾਰ ਕੋਈ ਸੰਦੇਸ਼ ਮਿਲੇਗਾ ਤਾਂ ਉਸ ਨੂੰ ਇਹ ਦਿਖਾਇਆ ਜਾਵੇਗਾ ਕਿ ਸੰਦੇਸ਼ ਭੇਜਣ ਵਾਲਾ ਖਾਤਾ ਬਿਲਕੁਲ ਨਵਾਂ ਹੈ ਜਾਂ ਵਿਦੇਸ਼ ਤੋਂ ਚਲਾਇਆ ਜਾ ਰਿਹਾ ਹੈ। ਇਸ ਨਾਲ ਜਾਂਚਕਰਤਾਵਾਂ ਅਤੇ ਸੰਦੇਸ਼ ਪ੍ਰਾਪਤ ਕਰਨ ਵਾਲਿਆਂ ਨੂੰ ਵਧੇਰੇ ਜਾਣਕਾਰੀ ਮਿਲੇਗੀ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਰਕਾਰ ਕੋਲ ਇਸ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਸੁਰੱਖਿਆ ਕਵਚ ਮੌਜੂਦ ਹੈ। ਦੂਰਸੰਚਾਰ ਵਿਭਾਗ ਦੀ ਸਿਮ-ਬਾਈਡਿੰਗ ਹਦਾਇਤ ਮੁਤਾਬਿਕ ਵਟਸਐਪ, ਸਿਗਨਲ, ਟੈਲੀਗ੍ਰਾਮ ਅਤੇ ਹੋਰ ਪਲੇਟਫਾਰਮਾਂ ਲਈ ਇਹ ਲਾਜ਼ਮੀ ਹੈ ਕਿ ਉਹ ਹਰੇਕ ਹੈਂਡਲ (ਯੂਜ਼ਰਨੇਮ) ਨੂੰ ਇੱਕ ਪ੍ਰਮਾਣਿਤ (ਵੈਰੀਫਾਈਡ) ਨੰਬਰ ਨਾਲ ਜੋੜਨ ਤਾਂ ਜੋ ਯੂਜ਼ਰਨੇਮ ਆਧਾਰਿਤ ਖਾਤੇ ਦੀ ਅਸਲ ਪਛਾਣ ਸਥਾਪਿਤ ਕੀਤੀ ਜਾ ਸਕੇ।

ਪੁਲੀਸ ਵੱਲੋਂ ਜਿਸ ਅਸਲ ਖਾਮੀ ਦਾ ਹਵਾਲਾ ਦਿੱਤਾ ਜਾਂਦਾ ਹੈ (ਜਿਵੇਂ ਕਿ ਕਿਸੇ ਵਿਦੇਸ਼ੀ ਨੰਬਰ ਰਾਹੀਂ ਕਿਸੇ ਅਧਿਕਾਰੀ ਦੇ ਭੇਸ 'ਚ ਠੱਗੀ ਮਾਰਨਾ, ਜਿਸ ਦਾ ਭਾਰਤ ਵਿਚ ਕੋਈ ਸੁਰਾਗ ਨਹੀਂ ਮਿਲਦਾ) ਉਹ ਸਮੱਸਿਆ ਯੂਜ਼ਰਨੇਮ ਦੇ ਆਉਣ ਤੋਂ ਬਿਨਾਂ ਅੱਜ ਵੀ ਮੌਜੂਦ ਹੈ। ਇਹ ਮਾਮਲਾ ਅੰਤਰਰਾਸ਼ਟਰੀ ਸਹਿਯੋਗ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀਆਂ ਬੇਨਤੀਆਂ 'ਤੇ ਵਟਸਐਪ ਦੇ ਜਵਾਬੀ ਸਮੇਂ ਨਾਲ ਜੁੜਿਆ ਹੋਇਆ ਹੈ। ਇਸ ਮਾਮਲੇ ਵਿਚ ਕੰਪਨੀ ਵੱਲੋਂ ਜਵਾਬ ਦੇਣ ਲਈ ਲਏ ਜਾਂਦੇ ਕਈ ਦਿਨਾਂ ਦੇ ਸਮੇਂ 'ਤੇ ਸਰਕਾਰ ਦਾ ਗੁੱਸਾ ਬਿਲਕੁਲ ਜਾਇਜ਼ ਹੈ। ਪਰ ਇਸ ਸਮੱਸਿਆ ਦਾ ਹੱਲ ਆਪਸੀ ਸਹਿਯੋਗ ਦੇ ਸਖ਼ਤ ਨਿਯਮਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਨਿੱਜਤਾ ਦੇ ਅਜਿਹੇ ਫੀਚਰ ਨੂੰ ਰੋਕ ਕੇ, ਜੋ ਦੇਸ਼ ਦੇ ਅੰਦਰੂਨੀ ਜਾਂਚ ਢਾਂਚੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਦਾ ਹੈ।

ਤੀਜਾ, ਇਸ ਫੀਚਰ ਦਾ ਡਿਜ਼ਾਈਨ ਭੇਸ ਬਦਲ ਕੇ ਕੀਤੀ ਜਾਣ ਵਾਲੀ ਠੱਗੀ (ਇੰਪਰਸੋਨੇਸ਼ਨ) ਨੂੰ ਨਾਕਾਮ ਕਰਨ ਵਾਲਾ ਹੈ। ਆਈਟੀ ਮੰਤਰਾਲੇ ਦੀ ਮੁੱਖ ਚਿੰਤਾ 'rbi verify' ਜਾਂ 'modi' ਵਰਗੇ ਫਰਜ਼ੀ ਹੈਂਡਲਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਬਾਰੇ ਹੈ। ਪਰ ਮੈਟਾ ਦਾ ਤਕਨੀਕੀ ਢਾਂਚਾ ਅਜਿਹੇ ਫਰਜ਼ੀਵਾੜੇ ਦੇ ਸਖ਼ਤ ਖ਼ਿਲਾਫ਼ ਹੈ। ਵਟਸਐਪ 'ਤੇ ਕੋਈ ਜਨਤਕ ਡਾਇਰੈਕਟਰੀ, ਸਰਚ ਜਾਂ ਆਟੋ-ਕੰਪਲੀਟ' ਦੀ ਸਹੂਲਤ ਨਹੀਂ ਹੋਵੇਗੀ, ਯਾਨੀ ਸਹੀ ਯੂਜ਼ਰਨੇਮ ਪਤਾ ਹੋਣ 'ਤੇ ਹੀ ਸੰਪਰਕ ਸੰਭਵ ਹੋਵੇਗਾ। ਪ੍ਰਮੁੱਖ ਸ਼ਖਸੀਅਤਾਂ, ਸਰਕਾਰੀ ਅਦਾਰਿਆਂ ਅਤੇ ਸੈਲੀਬ੍ਰਿਟੀਜ਼ ਦੇ ਹਾਈ-ਪ੍ਰੋਫਾਈਲ ਨਾਵਾਂ ਨੂੰ ਪਹਿਲਾਂ ਹੀ ਰਾਖਵਾਂ ਰੱਖਿਆ ਗਿਆ ਹੈ। ਕਾਰੋਬਾਰੀ ਅਦਾਰੇ ਅਤੇ ਸੰਸਥਾਵਾਂ ਮੈਟਾ ਅਕਾਊਂਟਸ ਸੈਂਟਰ ਰਾਹੀਂ ਆਪਣੀ ਪਛਾਣ ਸਾਬਤ ਕਰਕੇ ਇੰਸਟਾਗ੍ਰਾਮ ਜਾਂ ਫੇਸਬੁੱਕ ਵਾਲਾ ਯੂਜ਼ਰਨੇਮ ਹੀ ਲਾਕ ਕਰ ਸਕਦੇ ਹਨ, ਜਿਸ ਨਾਲ ਫਰਜ਼ੀਵਾੜੇ ਦੀ ਗੁੰਜਾਇਸ਼ ਘਟੇਗੀ। ਇਸ ਤੋਂ ਇਲਾਵਾ ਨਵੇਂ ਲੋਕਾਂ ਨਾਲ ਸੰਪਰਕ ਕਰਨ ਦੀ ਸੀਮਾ ਅਤੇ ਇੱਕ ਬਦਲਵੀਂ ਯੂਜ਼ਰਨੇਮ ਕੀਅ ਵਰਗੇ ਹੋਰ ਸੁਰੱਖਿਆ ਚੱਕਰ ਵੀ ਹੋਣਗੇ। ਇੱਕ ਫ਼ੋਨ ਨੰਬਰ ਦੇ ਮੁਕਾਬਲੇ, ਜਿਸ ਨੂੰ ਕੋਈ ਵੀ ਚੋਰੀ ਕਰਕੇ ਸੇਵ ਕਰ ਸਕਦਾ ਹੈ, ਯੂਜ਼ਰਨੇਮ ਵਾਲਾ ਇਹ ਸਿਸਟਮ ਠੱਗਾਂ ਲਈ ਬੇਹੱਦ ਮੁਸ਼ਕਲ ਮਾਹੌਲ ਸਿਰਜਦਾ ਹੈ। ਰਹੀ ਗੱਲ ਕੁਝ ਬਾਕੀ ਬਚੀਆਂ ਕਮੀਆਂ ਦੀ ਤਾਂ ਉਨ੍ਹਾਂ ਨੂੰ ਆਪਸੀ ਸਲਾਹ-ਮਸ਼ਵਰੇ ਨਾਲ ਸੁਧਾਰਿਆ ਜਾ ਸਕਦਾ ਹੈ। ਇਨ੍ਹਾਂ ਕਰਕੇ ਨਿੱਜਤਾ ਦੇ ਇਸ ਅਹਿਮ ਫੀਚਰ ਨੂੰ ਠੰਢੇ ਬਸਤੇ ਵਿਚ ਨਹੀਂ ਪਾਇਆ ਜਾਣਾ ਚਾਹੀਦਾ।


ਵਿਸ਼ਵਵਿਆਪੀ ਤਜਰਬਾ ਵੀ ਸੰਤੁਲਿਤ ਪਹੁੰਚ ਦਾ ਸਮਰਥਨ ਕਰਦਾ ਹੈ। ਸਿਗਨਲ ਅਤੇ ਟੈਲੀਗ੍ਰਾਮ ਵਰਗੇ ਐਪਸ ਪਹਿਲਾਂ ਹੀ ਵਰਤੋਂਕਾਰਾਂ ਨੂੰ ਯੂਜ਼ਰਨੇਮ ਪਿੱਛੇ ਆਪਣੇ ਫ਼ੋਨ ਨੰਬਰ ਛੁਪਾਉਣ ਦੀ ਸਹੂਲਤ ਦਿੰਦੇ ਹਨ। ਸਿਗਨਲ ਨੇ ਇਸ ਫੀਚਰ ਨੂੰ ਬੇਹੱਦ ਸੀਮਤ ਡਾਟਾ ਸੁਰੱਖਿਆ ਨਾਲ ਜੋੜਿਆ ਹੈ, ਜਿਸ ਕਾਰਨ ਕੋਈ ਵਿਵਾਦ ਖੜ੍ਹਾ ਨਹੀਂ ਹੋਇਆ। ਦੂਜੇ ਪਾਸੇ ਟੈਲੀਗ੍ਰਾਮ ਦੇ ਢਿੱਲੇ ਸੁਰੱਖਿਆ ਢਾਂਚੇ ਕਾਰਨ ਠੱਗੀ ਦੇ ਮਾਮਲੇ ਵਧਣ 'ਤੇ ਉਸ ਦੀ ਕਾਫ਼ੀ ਆਲੋਚਨਾ ਹੋਈ ਹੈ ਜਿਸ ਬਾਰੇ ਦਿੱਲੀ ਹਾਈ ਕੋਰਟ ਨੇ ਵੀ ਚਿੰਤਾ ਪ੍ਰਗਟਾਈ ਸੀ।

ਇਸ ਤੋਂ ਸਾਫ਼ ਹੈ ਕਿ ਯੂਜ਼ਰਨੇਮ ਆਪਣੇ ਆਪ ਵਿਚ ਨਾ ਤਾਂ ਖ਼ਤਰਨਾਕ ਹੁੰਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਸੁਰੱਖਿਅਤ। ਅਸਲ ਨਤੀਜੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਪਲੇਟਫਾਰਮ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਕਿਹੋ ਜਿਹਾ ਹੈ ਅਤੇ ਉਹ ਕਾਨੂੰਨੀ ਅਦਾਰਿਆਂ ਨਾਲ ਕਿੰਨੀ ਜ਼ਿੰਮੇਵਾਰੀ ਨਾਲ ਸਹਿਯੋਗ ਕਰਦਾ ਹੈ। ਇਨ੍ਹਾਂ ਦੋਵਾਂ ਮਾਪਦੰਡਾਂ 'ਤੇ ਵਟਸਐਪ ਦਾ ਮਾਡਲ (ਜਿੱਥੇ ਫੋਨ ਨੰਬਰ ਸਿਸਟਮ ਵਿਚ ਰਹੇਗਾ, ਕੋਈ ਜਨਤਕ ਸਰਚ ਡਾਇਰੈਕਟਰੀ ਨਹੀਂ ਹੋਵੇਗੀ, ਪ੍ਰਮੁੱਖ ਨਾਂ ਰਾਖਵੇਂ ਰਹਿਣਗੇ, ਮੈਸੇਜ ਭੇਜਣ ਦੀ ਸੀਮਾ ਹੋਵੇਗੀ ਅਤੇ ਇੱਕ ਸੁਰੱਖਿਆ ਕੋਡ ਹੋਵੇਗਾ) ਇੱਕ ਜ਼ਿੰਮੇਵਾਰ ਪਹੁੰਚ ਦੇ ਬੇਹੱਦ ਨੇੜੇ ਦਿਖਾਈ ਦਿੰਦਾ ਹੈ। ਇਸ ਸਭ ਦੇ ਬਾਵਜੂਦ, ਸਰਕਾਰ ਦੀ ਚੌਕਸੀ ਨੂੰ ਗ਼ਲਤ ਨਹੀਂ ਠਹਿਰਾਇਆ ਜਾ ਸਕਦਾ, ਡਿਜੀਟਲ ਅਰੈਸਟ ਅਤੇ ਭੇਸ ਬਦਲ ਕੇ ਕੀਤੀ ਜਾ ਰਹੀ ਠੱਗੀ ਇਸ ਵੇਲੇ ਦੇਸ਼ ਵਿਚ ਇੱਕ ਅਸਲ ਸੰਕਟ ਬਣ ਚੁੱਕੀ ਹੈ ਅਤੇ ਇਸ ਮਾਮਲੇ 'ਤੇ ਆਪਸੀ ਸਲਾਹ-ਮਸ਼ਵਰਾ ਕਰਨਾ ਬਿਲਕੁਲ ਸਹੀ ਕਦਮ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਰਕਾਰ ਦਾ ਇਹ ਹੁਕਮ ਸਿਰਫ਼ ਇੱਕ ਆਰਜ਼ੀ ਰੋਕ ਹੈ ਨਾ ਕਿ ਪੱਕੀ ਪਾਬੰਦੀ ਅਤੇ ਇਸ ਨੂੰ ਇਸੇ ਨਜ਼ਰੀਏ ਨਾਲ ਹੀ ਦੇਖਿਆ ਜਾਣਾ ਚਾਹੀਦਾ ਹੈ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 16

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 16ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਜਗਦੀਪ ਤੇ ਚਰਨਜੀਤ ਦੇ ਬੰਬਈ ਜਾਣ ਨਾਲ ਪੰਜਾਬੀ ਦੇ ਹੀ ਨਹੀਂ, ਹਿੰਦੀ ਤੇ ਉਰਦੂ ਦੇ ਸਾਹਿਤਕ ਹਲਕਿਆਂ ਵਿਚ ਵੀ ਤੂਫ਼ਾਨ ਆ ਗਿਆ। ਲੇਖਕਾਂ-ਲੇਖਿਕਾਵਾਂ ਵਿਚ ਤਾਂ ਚਬਾ-ਚਬੀ ਹੋਣੀ ਹੀ ਸੀ, ਅਖ਼ਬਾਰਾਂ ਵਿਚ ਵੀ ਡੱਬੀਆਂ ਲਾ ਲਾ ਕੇ ਬੜੀ ਕੋਝੀ ਸੁਰ ਵਾਲੀਆਂ ਖ਼ਬਰਾਂ ਛਪੀਆਂ, 'ਚਿਤਰਕਾਰ ਆਸ਼ਕ ਕਵਿੱਤਰੀ ਨੂੰ ਲੈ ਕੇ ਫ਼ਰਾਰ!', 'ਆਸ਼ਕ ਨਾਲ ਉੱਧਲੀ ਪ੍ਰਸਿੱਧ ਕਵਿੱਤਰੀ!', 'ਪਤੀ ਤੇ ਬੱਚੇ ਛੱਡ ਕੇ ਅਧੇੜ ਲੇਖਿਕਾ ਜਵਾਨ ਆਸ਼ਕ ਨਾਲ ਭੱਜੀ!' ਤੇ ਅਜਿਹੀਆਂ ਹੀ ਹੋਰ ਗਾਲ਼ਾਂ ਵਰਗੀਆਂ ਸੁਰਖੀਆਂ।



ਸਮੁੱਚ ਵਿਚ ਤਾਂ ਪੰਜਾਬੀ ਸਾਹਿਤਕਾਰਾਂ ਨੇ ਇਸ ਘਟਨਾ ਨਾਲ ਤੇ ਅਜਿਹੀਆਂ ਸੁਰਖੀਆਂ ਨਾਲ ਨਮੋਸ਼ੀ ਜਿਹੀ ਹੀ ਮੰਨੀ ਪਰ ਕੁਛ ਲੋਕ ਵੱਖਰਾ ਵੀ ਸੋਚਦੇ ਸਨ। ਕਈ ਲੇਖਕ ਚਰਨਜੀਤ ਨਾਲ ਰਸ਼ਕ ਕਰਦੇ, ਉਹ ਟੀਸੀ ਦਾ ਬੇਰ ਤੋੜ ਕੇ ਲੈ ਗਿਆ ਸੀ। ਕਈ ਲੇਖਿਕਾਵਾਂ ਜਗਦੀਪ ਨਾਲ ਰਸ਼ਕ ਕਰਦੀਆਂ, ਉਸ ਨੇ ਕਿਸੇ ਪੜੇ-ਪਰਿਵਾਰ ਜਾਂ ਸੜੇ-ਸਮਾਜ ਦੀ ਪਰਵਾਹ ਕੀਤੇ ਬਿਨਾਂ ਮਨਮਰਜ਼ੀ ਦਾ ਸਾਥ ਹਾਸਲ ਕਰ ਲਿਆ ਸੀ। ਉਹ ਪਹਿਲਾਂ ਹੀ ਕਸੈਲੇ ਰਿਸ਼ਤਿਆਂ ਵਾਲੇ ਪਤੀਆਂ ਵੱਲ ਹੋਰ ਕੌੜ ਨਜ਼ਰਾਂ ਨਾਲ ਦੇਖਦੀਆਂ, ਜਿਨ੍ਹਾਂ ਨੇ ਉਹਨਾਂ ਦਾ ਵੱਡੀਆਂ ਲੇਖਿਕਾਵਾਂ ਬਣਨ ਦਾ ਰਾਹ ਬੰਦ ਕਰ ਛੱਡਿਆ ਸੀ। ਉਹਨਾਂ ਦਾ ਮੱਤ ਸੀ ਕਿ ਉਹਨਾਂ ਕੋਲ ਪ੍ਰਸਿੱਧ ਹੋਣ ਵਾਸਤੇ ਜਗਦੀਪ ਵਾਲੀਆਂ ਸਭ ਖ਼ਾਸੀਅਤਾਂ ਹਨ, ਜੇ ਨਹੀਂ ਤਾਂ ਬੱਸ ਇਹ ਨਹੀਂ ਕਿ ਜਦੋਂ ਜਿਸ ਨਾਲ ਦਿਲ ਚਾਹੇ, ਇਸ਼ਕ ਕਰ ਸਕਣ। ਜੇ ਵੱਸ ਚਲਦਾ, ਕਈ ਤਾਂ ਅੱਜ ਹੀ ਪਤੀਆਂ ਨੂੰ ਤਿਆਗ ਕੇ ਆਸ਼ਕਾਂ ਨਾਲ ਬੰਬਈ ਦੀ ਰੇਲ ਚੜ੍ਹ ਜਾਂਦੀਆਂ!

ਅਖ਼ਬਾਰਾਂ ਦਾ ਪ੍ਰਤੀਕਰਮ ਬਹੁਤ ਉਲਾਰ ਸੀ। ਉਹਨਾਂ ਦੇ ਸੰਪਾਦਕਾਂ ਨੂੰ ਰਚਨਾਵਾਂ ਭੇਜਣ ਤੋਂ, ਇੰਟਰਵਿਊਆਂ ਦੇ ਬਹਾਨੇ ਮੁਲਾਕਾਤਾਂ ਦਾ ਮੌਕਾ ਦੇਣ ਤੋਂ ਜਗਦੀਪ ਦੇ ਇਨਕਾਰ ਦਾ ਬਦਲਾ ਲੈਣ ਦਾ ਮਸਾਂ ਮੌਕਾ ਮਿਲਿਆ ਸੀ। ਈਰਖਾ ਵਿਚ ਸੜੇ-ਭੁੱਜੇ ਲੋਕ ਉਸ ਤੱਕ ਆਪਣੀ ਅਪਹੁੰਚਤਾ ਦਾ ਗਿਣ-ਗਿਣ ਕੇ ਬਦਲਾ ਲੈ ਰਹੇ ਸਨ। ਇਕ ਧਾਰਮਿਕ-ਰਾਜਨੀਤਕ ਪਾਰਟੀ ਨਾਲ ਜੁੜੇ ਹੋਏ ਅਖ਼ਬਾਰ ਨੇ ਤਾਂ ਪੂਰੀ ਮੁਹਿੰਮ ਹੀ ਛੇੜ ਦਿੱਤੀ। ਉਸ ਦਾ ਕਹਿਣਾ ਸੀ, ਗੁਰਸਿੱਖ ਪਰਿਵਾਰ ਵਿਚ ਜੰਮ-ਪਲ ਕੇ ਸਿਗਰਟ-ਸ਼ਰਾਬ ਪੀਂਦੀ ਲੇਖਿਕਾ ਨੇ ਆਖ਼ਰੀ ਤਿਣਕੇ ਵਰਗੇ ਇਸ ਕਦਮ ਨਾਲ ਪੂਰੀ ਕੌਮ ਦੇ ਪੱਲੇ ਨਮੋਸ਼ੀ ਪਾਈ ਹੈ ਜਿਸ ਕਾਰਨ ਉਹਦਾ ਮੁਕੰਮਲ ਬਾਈਕਾਟ ਹੋਣਾ ਚਾਹੀਦਾ ਹੈ। ਇਕ ਹੋਰ ਅਖ਼ਬਾਰ ਨੇ ਤਾਂ ਉਹਨੂੰ ਗ਼ੈਰ-ਪੰਜਾਬਣ ਐਲਾਨੇ ਜਾਣ ਦੀ ਸ਼ੁਰਲੀ ਤੱਕ ਛੱਡ ਦਿੱਤੀ। ਸਕੂਲੀ-ਕਾਲਜੀ ਕੋਰਸਾਂ ਵਿਚੋਂ ਉਸ ਦੀਆਂ ਰਚਨਾਵਾਂ ਕੱਢੇ ਜਾਣ ਦੀ ਮੰਗ ਹੋਣ ਲੱਗੀ ਤੇ ਉਹਦੀਆਂ ਸਾਹਿਤਕ ਪੁਸਤਕਾਂ ਦੇ ਪੰਜਾਬ ਵਿਚ ਦਾਖ਼ਲੇ ਉੱਤੇ ਪਾਬੰਦੀ ਦੇ ਮਤੇ ਪਾਸ ਹੋਣ ਲੱਗੇ। ਕੁਛ ਛੋਟੇ-ਮੋਟੇ ਲੇਖਕਾਂ ਨੇ ਇਕ-ਦੋ ਥਾਂ ਉਹਦੀਆਂ ਕਿਤਾਬਾਂ ਵੀ ਸਾੜੀਆਂ।

ਇਕ ਹੋਰ ਅਖ਼ਬਾਰ ਦਾ ਸੰਪਾਦਕ ਇਸ ਤੋਂ ਵੀ ਅੱਗੇ ਲੰਘ ਗਿਆ। ਇਹ ਉਹੋ ਸੱਜਣ ਸੀ ਜਿਸ ਨੇ ਜਗਦੀਪ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਣ ਸਮੇਂ ਵਿਰੋਧ ਦਾ ਝੰਡਾ ਬੁਲੰਦ ਕੀਤਾ ਸੀ। ਉਸ ਸਮੇਂ ਉਹਨੇ ਇਨਾਮੀ ਪੁਸਤਕ 'ਪੌਣਾਂ ਹੱਥ ਸੰਦੇਸ਼' ਚੁੱਕੀ ਸੀ ਤੇ ਆਪਣੇ ਅਖ਼ਬਾਰ ਦੇ ਐਤਵਾਰ ਦੇ ਸਾਹਿਤਕ ਅੰਕ ਵਿਚ ਇਕ-ਇਕ ਕਰ ਕੇ ਪਹਿਲੀ ਤੋਂ ਅੰਤਲੀ ਕਵਿਤਾ ਤੱਕ ਦੀ ਲੜੀਵਾਰ ਆਲੋਚਨਾ ਸ਼ੁਰੂ ਕਰ ਦਿੱਤੀ ਸੀ। ਆਲੋਚਨਾ ਕਾਹਦੀ ਸੀ, ਆਲੋਚਨਾ ਦੇ ਨਾਂ ਉੱਤੇ ਹਰ ਕਵਿਤਾ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਕਿਸੇ ਰਚਨਾ ਦੀ ਨਿਰਪੱਖ ਨਿਰਖ-ਪਰਖ ਕਰਨ ਦੀ ਥਾਂ ਜਦੋਂ ਨਿੰਦਿਆ ਜਾਂ ਪ੍ਰਸੰਸਾ ਦਾ ਉਦੇਸ਼ ਪਹਿਲਾਂ ਹੀ ਮਿਥ ਲਿਆ ਜਾਵੇ, ਉਸ ਨਜ਼ਰੀਏ ਤੋਂ ਲਿਖਦੇ ਰਹਿਣਾ ਕੋਈ ਔਖਾ ਨਹੀਂ ਹੁੰਦਾ। ਜੇ ਕੋਈ ਚਾਹੇ, ਤਰਕ ਦਾ ਰਾਹ ਤਜ ਕੇ ਦੁਨੀਆ ਦੀ ਕਿਸੇ ਵੀ ਮਹਾਨ ਰਚਨਾ ਨੂੰ ਕੱਖੋਂ ਹੌਲੀ ਸਿੱਧ ਕਰ ਸਕਦਾ ਹੈ। ਮਿਸਾਲ ਵਜੋਂ, ਇਕ ਦਿਨ ਇਕ ਕਵਿਤਾ ਦੀਆਂ ਸਿਰਫ਼ ਇਹ ਦੋ ਸਤਰਾਂ ਲੈ ਕੇ ਪੂਰਾ ਲੇਖ ਲਿਖਿਆ ਹੋਇਆ ਸੀ:

'ਤੇਰੇ ਰੰਗਲੇ ਇਸ਼ਕ ਦੀ ਮਹਿਕ ਮਿੱਠੀ,
ਸਾਡੇ ਸਾਹਾਂ ਦੀ ਲੜੀ ਨੂੰ ਤੋਰਦੀ ਏ।
ਸਾਨੂੰ ਖਾਣ ਤੇ ਪੀਣ ਦੀ ਸੁਧ ਕੋਈ ਨਾ,
ਘੁੱਟ ਭਰੀ ਦੀਦਾਰ ਦੇ ਲੋਰ ਦੀ ਏ।'

ਉਹਦੀਆਂ ਦਲੀਲਾਂ ਨੇ ਇਹ ਰਾਹ ਫੜਿਆ: 'ਇਸ਼ਕ ਨਿਰਾਕਾਰ ਹੁੰਦਾ ਹੈ। ਨਿਰਾਕਾਰ ਚੀਜ਼ ਵਿਚ ਕੇਹਾ ਰੰਗ, ਕੇਹੀ ਮਹਿਕ ਤੇ ਕੇਹਾ ਸੁਆਦ? ਉਸਨੂੰ ਰੰਗਲਾ ਕਹਿਣਾ ਜਾਂ ਉਸ ਵਿਚੋਂ ਮਹਿਕ ਆਉਂਦੀ ਕਹਿਣਾ ਜਾਂ ਉਸਦਾ ਮਿੱਠਾ ਸੁਆਦ ਕਹਿਣਾ ਸੁੱਧੀ ਮੂਰਖਤਾ ਹੈ। ਇਸ਼ਕ ਕੋਈ ਫੁੱਲ ਨਹੀਂ ਜਿਸਦਾ ਰੰਗ ਵੀ ਹੋਵੇ ਤੇ ਮਹਿਕ ਵੀ ਹੋਵੇ। ਮਿੱਠੀ ਤਾਂ ਖਾਣ ਵਾਲੀ ਚੀਜ਼ ਹੁੰਦੀ ਹੈ, ਜਿਵੇਂ ਗੁੜ-ਸ਼ੱਕਰ ਜਾਂ ਲੱਡੂ-ਬਰਫ਼ੀ। ਚੀਜ਼ ਦੇ ਮਿੱਠੀ ਹੋਣ ਦਾ ਪਤਾ ਮੂੰਹ ਵਿਚ ਪਾ ਕੇ ਲਗਦਾ ਹੈ। ਮਹਿਕ ਸੁੰਘਣ ਵਾਲੀ ਚੀਜ਼ ਹੈ। ਕਿਸੇ ਚੀਜ਼ ਨੂੰ ਸੁੰਘਿਆ ਨੱਕ ਰਾਹੀਂ ਜਾਂਦਾ ਹੈ। ਨੱਕ ਨੂੰ ਮਿੱਠੀ-ਕੌੜੀ ਚੀਜ਼ ਦਾ ਪਤਾ ਨਹੀਂ ਲਗਦਾ, ਖ਼ੁਸ਼ਬੂ ਜਾਂ ਬਦਬੂ ਦਾ ਪਤਾ ਲਗਦਾ ਹੈ। ਇਸ਼ਕ ਕੋਈ ਮਿੱਠੀ ਮਹਿਕਦਾਰ ਚੀਜ਼ ਨਹੀਂ। ਏਨੀ ਹੀ ਮੂਰਖਾਨਾ ਗੱਲ ਮਨੁੱਖ ਦੀ ਸਾਹਾਂ ਦੀ ਲੜੀ ਦਾ ਰੰਗਲੇ ਇਸ਼ਕ ਦੀ ਮਿੱਠੀ ਮਹਿਕ ਦੇ ਸਹਾਰੇ ਚੱਲਣਾ ਹੈ।

ਸਾਹਾਂ ਦੀ ਲੜੀ ਰੋਟੀ-ਪਾਣੀ ਜਿਹੀਆਂ ਸਥੂਲ ਚੀਜ਼ਾਂ ਦੇ ਸਹਾਰੇ ਚਲਦੀ ਹੈ, ਰੰਗਾਂ ਤੇ ਮਹਿਕਾਂ ਜਿਹੀਆਂ ਫ਼ਜ਼ੂਲ ਚੀਜ਼ਾਂ ਦੇ ਸਹਾਰੇ ਨਹੀਂ। ਜੇ ਇਸ ਤੋਂ ਵੀ ਵੱਡੀ ਫ਼ਜ਼ੂਲੀਅਤ ਦੇ ਦਰਸ਼ਨ ਕਰਨੇ ਹੋਣ, ਦੀਦਾਰ ਦਾ ਲੋਰ ਪੜ੍ਹ ਲਵੋ। ਦੀਦਾਰ ਅੱਖਾਂ ਨਾਲ ਕੀਤਾ ਜਾਂਦਾ ਹੈ ਤੇ ਲੋਰ ਮੂੰਹ ਨਾਲ ਖਾਧੀ-ਪੀਤੀ ਕਿਸੇ ਨਸ਼ੇ ਵਾਲੀ ਵਸਤ ਦਾ ਚੜ੍ਹਦਾ ਹੈ। ਜਦੋਂ ਇਹ ਆਪੇ ਮਹਾਨ ਬਣੀ ਸਾਧਾਰਨ ਤੋਂ ਵੀ ਘਟੀਆ ਲਿਖਣ ਵਾਲੀ ਲੇਖਿਕਾ ਖ਼ੁਦ ਮੰਨਦੀ ਹੈ ਕਿ ਉਸ ਨੂੰ ਖਾਣ-ਪੀਣ ਦੀ ਕੋਈ ਸੁੱਧ ਹੀ ਨਹੀਂ, ਫੇਰ ਘੁੱਟ ਕਿਵੇਂ ਭਰ ਲਈ? ਦੀਦਾਰ ਤੇ ਲੋਰ, ਦੋਵੇਂ ਨਿਰਾਕਾਰ ਵਸਤਾਂ ਹਨ, ਇਹਨਾਂ ਵਿਚੋਂ ਕਿਸੇ ਦੀ ਵੀ ਘੁੱਟ ਨਹੀਂ ਭਰੀ ਜਾ ਸਕਦੀ। ਇਸ ਮਹਾਨ ਕਵਿੱਤਰੀ ਨੂੰ ਮੇਰਾ ਚੈਲਿੰਜ ਹੈ ਕਿ ਖਾਣਾ-ਪੀਣਾ ਤਿਆਗ ਕੇ ਰੰਗਲੇ ਇਸ਼ਕ ਦੀ ਮਿੱਠੀ ਮਹਿਕ ਤੇ ਦੀਦਾਰ ਦੇ ਲੋਰ ਦੀ ਘੁੱਟ ਦੇ ਸਹਾਰੇ ਜਿਉਂ ਕੇ ਤਾਂ ਦਿਖਾਵੇ, ਜੇ ਦੋ ਦਿਨਾਂ ਵਿਚ ਨਾਨੀ ਯਾਦ ਨਾ ਆ ਜਾਵੇ!'

ਹੁਣ ਉਹਨੇ 'ਪਾਠਕਾਂ ਦੀ ਜ਼ੋਰਦਾਰ ਮੰਗ ਕਾਰਨ' ਇਹ ਲੇਖ-ਲੜੀ ਦੁਬਾਰਾ ਛਾਪਣੀ ਸ਼ੁਰੂ ਕਰ ਦਿੱਤੀ ਸੀ। ਇਸ ਲੀਹ ਉੱਤੇ ਉਹਦੇ ਵਿਚਾਰਾਂ ਦੀ ਰੇਲ ਦੁਬਾਰਾ ਹਰ ਐਤਵਾਰ ਮਾਰੋ-ਮਾਰ ਕਰਦੀ ਉਸੇ ਰਫ਼ਤਾਰ ਨਾਲ ਭੱਜਣ ਲੱਗੀ ਜਿਸ ਨਾਲ ਪੰਜਾਬ ਮੇਲ ਕਵਿੱਤਰੀ ਤੇ ਉਹਦੇ ਚਿਤਰਕਾਰ ਦੋਸਤ ਨੂੰ ਦਿੱਲੀ ਤੋਂ ਬੰਬਈ ਲੈ ਕੇ ਗਈ ਸੀ। ਉਹਨੇ ਇਸ ਲੇਖ-ਲੜੀ ਦੀ ਸਮਾਪਤੀ ਮਗਰੋਂ ਇਕ ਨਵੀਂ ਲੇਖ-ਲੜੀ ਸ਼ੁਰੂ ਕਰਨ ਦੀ ਜਾਣਕਾਰੀ ਵੀ ਦੇ ਦਿੱਤੀ। ਉਹ ਲੜੀ ਜਗਦੀਪ ਦੇ ਇਸ਼ਕਾਂ ਦੇ ਕਿੱਸਿਆਂ ਦੀ ਹੋਣੀ ਸੀ। ਹਰ ਐਤਵਾਰ ਇਕ ਨਵਾਂ ਇਸ਼ਕ! ਇਸ ਵਿਚ ਮੋਹਨ ਸਿੰਘ ਅਤੇ ਸਾਹਿਰ ਵਰਗੇ ਮਘਦੇ ਰਿਸ਼ਤੇ ਤਾਂ ਹੋਣੇ ਹੀ ਸਨ, ਭਰਪੂਰ ਸਿੰਘ ਸ਼ਾਂਤ ਤੇ ਸਾਧੂ ਸਿੰਘ ਫੱਕਰ ਵਰਗੇ ਇਸ਼ਕ ਦੇ ਇਕਪਾਸੀ ਦਾਅਵੇਦਾਰਾਂ ਦੇ ਨਾਲ-ਨਾਲ ਅਜਿਹੇ ਆਸ਼ਕ ਵੀ ਸ਼ਾਮਲ ਹੋਣੇ ਸਨ ਜਿਨ੍ਹਾਂ ਨੂੰ ਕਰੋਲਬਾਗ਼ ਦੇ ਭੂਗੋਲ ਤੱਕ ਦਾ ਵੀ ਪਤਾ ਨਹੀਂ ਸੀ। ਸੰਪਾਦਕ ਨੇ ਇਹ ਐਲਾਨ ਵੀ ਕੀਤਾ ਸੀ ਕਿ ਉਹਦੇ ਜਿਹੜੇ ਇਸ਼ਕ ਅਜੇ ਤੱਕ ਲੋਕਾਂ ਦੀ ਜਾਣਕਾਰੀ ਤੋਂ ਛੁਪੇ ਰਹੇ ਹਨ, ਉਹ ਲੱਭਣ ਵਾਸਤੇ ਵੀ ਖੋਜੀ ਲਾ ਦਿੱਤੇ ਗਏ ਹਨ। ਤੇ ਇਸ ਲੜੀ ਦੀ ਟੀਸੀ ਹੋਣੀ ਸੀ ਚਰਨਜੀਤ ਦੇ ਇਸ਼ਕ ਦੀ ਕਥਾ-ਕਹਾਣੀ!

ਪੰਜਾਬ ਦੇ ਕਈ ਅਖ਼ਬਾਰਾਂ ਦਾ ਪੱਤਰਕਾਰੀ ਦੇ ਪਾਣੀਆਂ ਵਿਚ ਘੋਲਿਆ ਜਾ ਰਿਹਾ ਇਹ ਗਾਰਾ ਉਹਨਾਂ ਲੋਕਾਂ ਤੱਕ ਪੁੱਜ ਹੀ ਨਹੀਂ ਸੀ ਰਿਹਾ ਜੋ ਇਹਦੇ ਪਾਤਰ ਸਨ। ਗੁਰਮੁਖ ਸਿੰਘ ਕੋਲ ਇਹ ਅਖ਼ਬਾਰ ਆਉਂਦੇ ਹੀ ਨਹੀਂ ਸਨ। ਉਹਨੂੰ ਕੋਈ ਭੇਜਦਾ ਵੀ ਨਹੀਂ ਸੀ ਕਿਉਂਕਿ ਅਖ਼ਬਾਰਾਂ ਵਾਲਿਆਂ ਤੇ ਲੇਖਕਾਂ-ਪਾਠਕਾਂ ਦੀ ਨਜ਼ਰ ਵਿਚ ਉਹ ਤਾਂ ਮਜ਼ਲੂਮ ਸੀ ਜਿਸ ਦੇ ਜ਼ਖ਼ਮਾਂ ਉੱਤੇ ਇਹਨਾਂ ਲਿਖਤਾਂ ਦਾ ਲੂਣ ਭੁੱਕਣਾ ਠੀਕ ਨਹੀਂ ਸੀ। ਦਿੱਲੀ ਦੇ ਹਿਤੈਸ਼ੀ ਜੀ ਵਰਗੇ ਲੋਕ ਵੀ, ਜਿਨ੍ਹਾਂ ਕੋਲ ਡਾਕ ਵਿਚ ਪਛੜ ਕੇ ਹੀ ਸਹੀ, ਅਜਿਹੇ ਅਖ਼ਬਾਰ-ਰਸਾਲੇ ਪਹੁੰਚਦੇ ਸਨ, ਉਹਦੇ ਨਾਲ ਇਹ ਜ਼ਿਕਰ ਕਰਨਾ ਵਾਜਬ ਨਹੀਂ ਸਨ ਸਮਝਦੇ। ਤੇ ਖਲਨਾਇਕੀ ਨਾਇਕ-ਨਾਇਕਾ ਤਾਂ ਉਹਨਾਂ ਦੀ ਮਾਰ ਤੋਂ ਬਹੁਤ ਦੂਰ ਬੰਬਈ ਦੇ ਸਮੁੰਦਰ ਕਿਨਾਰੇ ਬੈਠੇ ਚੜ੍ਹਦੀਆਂ-ਲਹਿੰਦੀਆਂ ਲਹਿਰਾਂ ਗਿਣ ਰਹੇ ਸਨ!

* * *

ਬੰਬਈ ਜਾ ਕੇ ਖਰਚੇ ਦੇ ਪੱਖੋਂ ਉਹਨਾਂ ਲਈ ਕਿਸੇ ਸਸਤੇ ਹੋਟਲ ਵਿਚ ਰਹਿਣਾ ਵੀ ਸੰਭਵ ਨਹੀਂ ਸੀ ਹੋਣਾ ਤੇ ਜਿਸ ਰਿਸ਼ਤੇ ਨੂੰ ਲੈ ਕੇ ਉਹ ਜਾ ਰਹੇ ਸਨ, ਕਿਸੇ ਪਰਿਵਾਰ ਵਿਚ ਰਹਿਣਾ ਤਾਂ ਵੈਸੇ ਹੀ ਸੌਖਾ ਨਹੀਂ ਸੀ। ਪਰਿਵਾਰ ਦਾ ਕੋਈ ਜੀਅ ਪੁੱਛੇ ਨਾ ਪੁੱਛੇ, ਉਹਨਾਂ ਕੋਲ ਰਿਸ਼ਤੇ ਦਾ ਨਾਂ ਤਾਂ ਹੋਣਾ ਹੀ ਚਾਹੀਦਾ ਸੀ। ਪਰ ਉਹ ਹੈ ਨਹੀਂ ਸੀ। ਆਪਣੇ ਰਿਸ਼ਤੇ ਨੂੰ ਜੋ ਨਾਂ ਉਹ ਦਿੰਦੇ ਸਨ, ਉਹ ਕਿਸੇ ਘਰ-ਬਾਰੀ ਨੂੰ ਸਮਝ ਵੀ ਨਹੀਂ ਸੀ ਆਉਣਾ ਤੇ ਪਰਵਾਨ ਵੀ ਨਹੀਂ ਸੀ ਹੋਣਾ!

ਜਗਦੀਪ ਦੀ ਵੱਡੀ ਮੇਰ ਸਾਹਿਰ ਉੱਤੇ ਸੀ ਪਰ ਉਹ ਮਿਆਨ ਦੀ ਦੂਜੀ ਤਲਵਾਰ ਸੀ। ਵੈਸੇ ਵੀ ਇਹ ਮੇਰ ਜਗਦੀਪ ਨੂੰ ਸੀ, ਸਾਹਿਰ ਤਾਂ ਅਫ਼ਸਾਨੇ ਦਾ ਅੰਜਾਮ ਤੱਕ ਜਾਣਾ ਮੁਮਕਿਨ ਨਾ ਹੋਣ ਕਰਕੇ ਉਹਨੂੰ ਇਕ ਖ਼ੂਬਸੂਰਤ ਮੋੜ ਦੇ ਕੇ ਛੱਡ ਗਿਆ ਸੀ। ਹੋਰ ਜੋ ਲੋਕ ਘੱਟ-ਵੱਧ ਜਾਣੂ ਸਨ, ਉਹਨਾਂ ਵਿਚੋਂ ਬੱਸ ਇਕ ਮਹਿੰਦਰ ਸਿੰਘ ਸੋਢੀ ਹੀ ਸੀ ਜੋ ਕਾਫ਼ੀ ਅਪਣੱਤ ਵੀ ਰਖਦਾ ਸੀ ਤੇ ਮੌਜੀ ਸੁਭਾਅ ਸਦਕਾ ਉਹਨਾਂ ਦੇ ਰਿਸ਼ਤੇ ਨੂੰ ਵੀ ਸਮਝ ਸਕਦਾ ਸੀ। ਫ਼ਿਲਮ-ਨਗਰੀ ਵਿਚ ਕਥਾ, ਪਟਕਥਾ, ਵਾਰਤਾਲਾਪ ਅਤੇ ਨਿਰਦੇਸ਼ਣ ਦੇ ਖੇਤਰ ਵਿਚ ਉਹਦਾ ਦਬਦਬਾ ਇਹਨਾਂ ਦੇ ਉਦੇਸ਼ ਦੀ ਪਰਾਪਤੀ ਵਿਚ ਵੀ ਸਹਾਈ ਹੋ ਸਕਦਾ ਸੀ।

ਦਿੱਲੀ ਤੋਂ ਤੁਰਨ ਤੋਂ ਪਹਿਲਾਂ ਜਗਦੀਪ ਨੇ ਫ਼ੋਨ ਕਰ ਕੇ ਗੁਰਮੁਖ ਸਿੰਘ ਨੂੰ ਸਦਾ ਵਾਸਤੇ ਤਿਆਗਦਿਆਂ ਚਰਨਜੀਤ ਨਾਲ ਆਉਣ ਦਾ ਸਾਰਾ ਮਾਜਰਾ ਆਖ ਸੁਣਾਇਆ ਤੇ ਆਪਣੀ ਪਹਿਲੀ ਲੋੜ, ਨਵੇਕਲੇ ਕਮਰੇ ਦੀ ਲੋੜ ਦੱਸ ਦਿੱਤੀ ਜਿਸ ਦਾ ਕੋਈ ਕਿਰਾਇਆ ਨਾ ਹੀ ਦੇਣਾ ਪਵੇ ਤਾਂ ਚੰਗਾ। ਫ਼ਿਲਮੀ ਦੁਨੀਆ ਵਿਚ ਝੰਡੇ ਗੱਡਣ ਦਾ ਮੰਤਵ ਉਸ ਨੇ ਛੁਪਾ ਲਿਆ। ਇਹ ਮਿਲ ਕੇ ਦੱਸਿਆ ਹੀ ਠੀਕ ਰਹਿਣਾ ਸੀ। ਸੋਢੀ ਨੇ ਇਕ ਪਲ ਸੋਚਿਆ ਤੇ ਕਿਹਾ, 'ਤੁਸੀਂ ਆਓ ਤਾਂ ਸਹੀ, ਕੁਛ ਨਾ ਕੁਛ ਹੋ ਹੀ ਜਾਵੇਗਾ। ਸਟੇਸ਼ਨ ਤੋਂ ਟੈਕਸੀ ਫੜ ਕੇ ਮੇਰੇ ਘਰ ਆ ਜਾਣਾ। ਸਾਡੇ ਸ਼ਹਿਰ ਦੇ ਟੈਕਸੀਆਂ ਵਾਲੇ ਠੱਗ ਨਹੀਂ। ਸਿੱਧੇ ਘਰ ਲੈ ਆਉਣਗੇ।'

ਜਗਦੀਪ ਦੇ ਮਨ ਦਾ ਚੋਰ ਬੋਲ ਪਿਆ, 'ਪਰ ਅਸੀਂ ਤੁਹਾਡੇ ਘਰ ਰਹਿਣਾ ਨਹੀਂ। ਸਾਡੇ ਆਉਣ ਤੱਕ ਤੁਹਾਡੇ ਕੋਲ ਕੋਈ ਥਾਂ ਸੋਚਣ-ਲੱਭਣ ਦਾ ਕਾਫ਼ੀ ਸਮਾਂ ਹੈ। ਤੁਸੀਂ ਉਸੇ ਟੈਕਸੀ ਵਿਚ ਸਾਨੂੰ ਸਾਡੇ ਟਿਕਾਣੇ ਛੱਡ ਆਉਣਾ।'

ਸੋਢੀ ਹੱਸਿਆ, 'ਤੁਸੀਂ ਆਉਗੇ ਤਾਂ ਹੀ ਕਿਤੇ ਛੱਡ ਕੇ ਆਵਾਂਗਾ ਨਾ! ਇਹੋ ਜਿਹੇ ਕਦਮ ਚੁੱਕ ਕੇ ਫੇਰ ਬਹੁਤਾ ਸੋਚਾਂ ਵਿਚ ਨਹੀਂ ਪਈਦਾ ਹੁੰਦਾ। ਵਕਤ ਜੋ ਹੁੰਦਾ ਹੈ, ਆਪੇ ਰਾਹ ਬਣਾਉਂਦਾ ਜਾਂਦਾ ਹੈ!'

ਉਹਨਾਂ ਦੇ ਆਉਣ ਵੇਲੇ ਸੋਢੀ ਅਜੇ ਦਫ਼ਤਰ ਪਹੁੰਚਿਆ ਨਹੀਂ ਸੀ ਹੋਣਾ। ਹਰ ਕਿਸਮ ਦੇ ਫ਼ਿਲਮੀ ਲੋਕਾਂ ਦੀ ਆਵਾਜਾਈ ਉਹਦੇ ਘਰ ਲੱਗੀ ਹੀ ਰਹਿੰਦੀ ਸੀ। ਉਹਨਾਂ ਲੋਕਾਂ ਦੀ ਸੀਮਾ ਡਰਾਇੰਗ ਰੂਮ ਤੱਕ ਹੁੰਦੀ। ਪਰਿਵਾਰ ਦਾ ਉਹਨਾਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ ਹੁੰਦਾ। ਸੋਢੀ ਦੀ ਸੰਕੇਤੀ ਭਾਸ਼ਾ ਦਾ ਮਾਹਿਰ ਨੌਕਰ, ਜਿਸ ਦਾ ਨਾਂ ਤਾਂ ਰਮੇਸ਼ ਸੀ ਪਰ ਉਹ ਉਹਦੇ ਵਾਲਾਂ ਦੇ ਸਟਾਈਲ ਤੇ ਜੇਬ ਦੀ ਕੰਘੀ ਕਾਰਨ 'ਸਾਹਿਬ ਜੀ' ਆਖਦਾ ਸੀ, ਮੁਲਾਕਾਤੀ ਅੱਗੇ ਉਹਦੀ ਹੈਸੀਅਤ ਅਨੁਸਾਰ ਨਿਰਮਲ ਜਲ ਤੋਂ ਲੈ ਕੇ ਚਾਹ-ਕੌਫ਼ੀ ਤੱਕ ਪੇਸ਼ ਕਰ ਦਿੰਦਾ। ਇਸ ਕੰਮ ਵਾਸਤੇ ਕਿਚਨ ਵੀ ਵੱਖਰੀ ਸੀ ਤੇ ਇਹ ਨੌਕਰ ਵੀ ਵੱਖਰਾ। ਉਹ ਸੋਢੀ ਦੇ ਸਭ ਭੇਤਾਂ ਦਾ ਜਾਣਕਾਰ ਸੀ ਤੇ ਉਹਦੇ ਨਾਲ ਹੀ ਦਫ਼ਤਰ ਪਹੁੰਚ ਜਾਂਦਾ ਸੀ। ਸੋਢੀ ਨੇ ਉਹਨੂੰ ਕਾਰ ਚਲਾਉਣੀ ਵੀ ਸਿਖਾ ਦਿੱਤੀ ਸੀ। ਆਇਆ ਤਾਂ ਹੀਰੋ ਬਣਨ ਸੀ ਪਰ ਝੂਠੇ ਸੁਪਨੇ ਦੇਖਣ ਵਾਲੇ ਹੋਰ ਸੈਂਕੜੇ-ਹਜ਼ਾਰਾਂ ਨਾਕਾਮਯਾਬਾਂ ਵਿਚੋਂ ਇਕ ਬਣ ਕੇ ਰਹਿ ਗਿਆ ਸੀ। ਆਖ਼ਰ ਤਿਲ੍ਹਕਦਾ-ਤਿਲ੍ਹਕਦਾ ਐਕਟਰ ਰਾਜਕੁਮਾਰ ਦਾ ਨੌਕਰ ਬਣ ਗਿਆ। ਸ਼ਾਇਦ ਉਹਦੇ ਆਕੜਖਾਨ ਨਵਾਬੀ ਸੁਭਾਅ ਬਾਰੇ ਉਸ ਨੇ ਕੁਛ ਸੁਣਿਆ ਹੋਇਆ ਨਹੀਂ ਸੀ।

ਸੋਢੀ ਦੀ ਨੌਕਰ ਦੀ ਤਲਾਸ਼ ਦੇ ਇਕ ਜਾਣਕਾਰ ਦੇ ਦੱਸਿਆਂ ਉਹ ਰਾਜਕੁਮਾਰ ਤੋਂ ਜਾਨ ਬਚਾ ਕੇ ਇਥੇ ਆ ਪਹੁੰਚਿਆ। ਚੰਗਾ ਇਹ ਹੋਇਆ ਕਿ ਹੁਣ ਤੱਕ ਉਹਨੂੰ ਕਾਫ਼ੀ ਅਨੁਭਵ ਤਾਂ ਆਪਣਾ ਹੀ ਹੋ ਗਿਆ ਸੀ, ਬਾਕੀ ਸਕੂਲਿੰਗ ਰਾਜਕੁਮਾਰ ਨੇ ਪੂਰੀ ਕਰ ਦਿੱਤੀ ਸੀ! ਤਾਂ ਵੀ ਉਹ ਪੂਰੀ ਤਰ੍ਹਾਂ ਨਿਰਾਸ ਨਹੀਂ ਸੀ ਹੋਇਆ। ਆਸ ਦੀ ਇਕ ਤੰਦ ਉਹਦੇ ਅੰਦਰ ਅਜੇ ਵੀ ਜੁੜੀ ਹੋਈ ਸੀ। ਵਾਲਾਂ ਦੇ ਸਟਾਈਲ ਤੇ ਕੱਪੜੇ ਪਹਿਨਣ ਦੇ ਢੰਗ ਤੋਂ ਲੈ ਕੇ ਬੋਲਣ-ਚਾਲਣ ਦੇ ਅੰਦਾਜ਼ ਸਦਕਾ ਇਹ ਉਮੀਦ ਅਜੇ ਖ਼ਤਮ ਨਹੀਂ ਸੀ ਹੋਈ ਕਿ ਕਿਸੇ ਦਿਨ ਸੋਢੀ ਸਾਹਿਬ ਨੂੰ ਮਿਲਣ ਆਇਆ ਕੋਈ ਨਿਰਦੇਸ਼ਕ ਜਾਂ ਨਿਰਮਾਤਾ ਜ਼ਰੂਰ ਪਾਰਖੂ ਅੱਖ ਵਾਲਾ ਜੌਹਰੀ ਨਿੱਕਲੇਗਾ। ਹੋਰ ਨਹੀਂ ਤਾਂ ਸੋਢੀ ਸਾਹਿਬ ਵਰਗੇ ਮਿਹਰਬਾਨ ਤੋਂ ਤਾਂ ਇਹ ਆਸ ਕੀਤੀ ਹੀ ਜਾ ਸਕਦੀ ਸੀ। ਉਹਨੇ ਅਨੇਕ ਕਿੱਸੇ ਸੁਣੇ ਹੋਏ ਸਨ ਜਦੋਂ ਕਿਸੇ ਪਾਰਖੂ ਨੇ ਕਿਸੇ ਫਲਾਂ ਦੇ ਦੁਕਾਨਦਾਰ, ਕਿਸੇ ਦਰਜ਼ੀ, ਕਿਸੇ ਬਸ-ਕੰਡਕਟਰ, ਕਿਸੇ ਮਜ਼ਾਹੀਏ ਨਕਲਚੀ ਨੂੰ ਫੜ ਕੇ ਲੱਖਾਂ ਲੋਕਾਂ ਦੀਆਂ ਅੱਖਾਂ ਦਾ ਤਾਰਾ ਬਣਾ ਦਿੱਤਾ ਸੀ। ਉਹਦੇ ਭਾਗ ਵੀ ਕਿਸੇ ਦਿਨ ਖੁੱਲ੍ਹ ਸਕਦੇ ਸਨ। ਹੀਰੋ ਨਾ ਸਹੀ, ਹੀਰੋ ਦਾ ਦੋਸਤ ਹੀ ਸਹੀ!

ਫ਼ਿਲਮੀ ਦੁਨੀਆ ਵਿਚੋਂ ਕੋਈ ਆਪਣਾ ਆਉਂਦਾ, ਸੋਢੀ ਤਦੇ ਹੀ ਅੰਦਰ ਆਵਾਜ਼ ਦਿੰਦਾ। ਕੁਦਰਤੀ ਸੀ, ਇਸ ਆਵਾਜ਼ ਤੋਂ ਬਿਨਾਂ ਕਿਸੇ ਦੇ ਆਇਆਂ ਅੰਦਰੋਂ ਕੋਈ ਡਰਾਇੰਗ ਰੂਮ ਵਿਚ ਝਾਤ ਵੀ ਨਹੀਂ ਸੀ ਪਾਉਂਦਾ। ਪਰਿਵਾਰ ਦੇ ਅੰਦਰ-ਬਾਹਰ ਜਾਣ ਲਈ ਇਕ ਹੋਰ ਬੂਹਾ ਘਰ ਦੀ ਵੱਖੀ ਵਿਚ ਸੀ। ਉਹ ਡਰਾਇੰਗ ਰੂਮ ਵਿਚੋਂ ਦੀ ਨਹੀਂ ਸਨ ਲੰਘਦੇ। ਅਜਿਹੀ ਹਾਲਤ ਵਿਚ ਜਗਦੀਪ ਦਾ ਕੁਛ ਚਿਰ ਲਈ ਸਟੇਸ਼ਨ ਤੋਂ ਘਰ ਆਉਣਾ ਕੋਈ ਸਮੱਸਿਆ ਨਹੀਂ ਸੀ। ਉਹਨਾਂ ਦਾ ਨਾਸ਼ਤਾ-ਪਾਣੀ ਵੀ ਹੋ ਜਾਣਾ ਸੀ ਤੇ ਸੋਢੀ ਨੇ ਦਫ਼ਤਰ ਵਾਸਤੇ ਤਿਆਰ ਵੀ ਹੋ ਜਾਣਾ ਸੀ।

ਵਿਚਕਾਰ ਲਾਂਘੇ ਵਾਲੀ ਇਮਾਰਤ ਦੇ ਇਕ ਪਾਸੇ ਦੇ ਅਗਲੇ ਦੋ ਕਮਰੇ ਸੋਢੀ ਦਾ ਦਫ਼ਤਰ ਸਨ। ਵਿਚਕਾਰ ਸਾਂਝਾ ਗੁਸਲਖ਼ਾਨਾ ਸੀ ਜਿਸਦੇ ਦਰਵਾਜ਼ੇ ਦੋਵਾਂ ਕਮਰਿਆਂ ਵਿਚ ਖੁੱਲ੍ਹਦੇ ਸਨ। ਦਫ਼ਤਰ ਤਾਂ ਅਸਲ ਵਿਚ ਅਗਲਾ ਕਮਰਾ ਹੀ ਸੀ। ਪਿਛਲੇ ਕਮਰੇ ਵਿਚ, ਜਿਸਦਾ ਇਕ ਦਰਵਾਜ਼ਾ ਲਾਂਘੇ ਵਿਚ ਵੀ ਖੁੱਲ੍ਹਦਾ ਸੀ, ਦੀਵਾਨ ਵਿਛਿਆ ਹੋਇਆ ਸੀ ਤੇ ਸੋਫ਼ਾ ਸਜਿਆ ਹੋਇਆ ਸੀ। ਇਥੇ ਉਹਦੇ ਮਿੱਤਰ-ਪਿਆਰੇ ਮਿਲਦੇ ਤੇ ਮਹਿਫ਼ਲਾਂ ਸਜਦੀਆਂ। ਇਸ ਕਮਰੇ ਬਾਰੇ ਫ਼ਿਲਮੀ ਦੁਨੀਆ ਵਿਚ ਅਨੇਕ ਕਿੱਸੇ-ਕਹਾਣੀਆਂ ਮਸ਼ਹੂਰ ਸਨ। ਬਾਹਰ, ਸੜਕ ਦੇ ਦੂਜੇ ਪਾਸੇ ਖਾਣ-ਪੀਣ ਦਾ ਟਿਕਾਣਾ ਸੀ ਜੋ ਲਗਭਗ ਦਿਨ-ਰਾਤ ਹੀ ਖੁੱਲ੍ਹਾ ਰਹਿੰਦਾ ਸੀ। ਹੈ ਤਾਂ ਉਹ ਢਾਬਾ ਹੀ ਸੀ ਪਰ ਪੁਰਾਣੇ ਢੰਗ ਦੇ ਢਾਬਿਆਂ ਵਾਂਗ ਉਹ ਮਾਂਜੀ-ਪੋਚੀ ਹੋਈ ਸਫ਼ਾਈ ਰਖਦੇ ਸਨ ਤੇ ਠੀਕ ਭਾਅ ਵਧੀਆ ਸਾਫ਼-ਸ਼ੁੱਧ ਭੋਜਨ ਤੇ ਚਾਹ-ਪਾਣੀ ਦਿੰਦੇ ਸਨ। ਸੋਢੀ ਨੇ ਸੋਚਿਆ, ਜਦੋਂ ਤੱਕ ਹਫ਼ਤਾ, ਦੋ ਹਫ਼ਤੇ ਉਹਨਾਂ ਦਾ 'ਹਨੀਮੂਨ' ਚੱਲੇਗਾ, ਮੈਂ ਔਖਾ-ਸੌਖਾ ਸਿਰਫ਼ ਅਗਲੇ ਇਕ ਕਮਰੇ ਨਾਲ ਸਾਰ ਲਵਾਂਗਾ, ਪਿਛਲਾ ਕਮਰਾ ਉਹਨਾਂ ਵਾਸਤੇ ਵਧੀਆ ਰਹਿਣਾ ਸੀ। ਆਖ਼ਰ ਕੁਛ ਹੀ ਦਿਨਾਂ ਦੀ ਤਾਂ ਗੱਲ ਸੀ।

ਜਗਦੀਪ ਨੇ ਆਪਣੇ ਬੰਬਈ ਆਉਣ ਦਾ ਅਸਲ ਮੰਤਵ ਦੱਸਿਆ ਤਾਂ ਸੋਢੀ ਸੋਚੀਂ ਪੈ ਗਿਆ। ਜੇ ਦਿੱਲੀ ਤੋਂ ਹੀ ਪੂਰੀ ਗੱਲ ਦੱਸੀ ਹੁੰਦੀ, ਉਹ ਯਕੀਨਨ ਉਹਨਾਂ ਨੂੰ ਫ਼ਿਲਮੀ ਰਾਹ ਪੈਣੋਂ ਰੋਕਣ ਦੀ ਕੋਸ਼ਿਸ਼ ਕਰਦਾ ਤੇ ਉਹਨਾਂ ਦੇ ਨਾ ਰੁਕਣ ਦੀ ਸੂਰਤ ਵਿਚ ਕਿਸੇ ਹੋਰ ਮੁਫ਼ਤ ਦੀ ਨਹੀਂ ਤਾਂ ਸਸਤੀ ਰਿਹਾਇਸ਼ ਦਾ ਪਰਬੰਧ ਕਰਦਾ। ਪਰ ਹੁਣ ਇਸ ਰਾਹ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਫ਼ਜ਼ੂਲ ਸੀ। ਹੁਣ ਤਾਂ ਉਹਨਾਂ ਨੇ ਆਪਣੇ ਚੰਗੇ-ਮਾੜੇ ਅਨੁਭਵ ਸਦਕਾ ਹੀ ਸਿੱਖਣਾ ਤੇ ਤੁਰਨਾ ਸੀ।

ਉਹ ਨਾ ਉਹਨਾਂ ਨੂੰ ਨਿਰਾਸ ਕਰਨਾ ਚਾਹੁੰਦਾ ਸੀ, ਨਾ ਹੀ ਬੇਬੁਨਿਆਦ ਆਸ ਬੰਨ੍ਹਾਉਣੀ ਚਾਹੁੰਦਾ ਸੀ। ਕਹਿੰਦਾ, 'ਠੀਕ ਹੈ, ਮੈਂ ਵੀ ਪਹਿਲਾਂ ਦੇ ਤੈਅ ਕੀਤੇ ਹੋਏ ਕੁਛ ਜ਼ਰੂਰੀ ਕੰਮ ਕਰਨੇ ਨੇ, ਤੁਸੀਂ ਵੀ ਥੱਕੇ ਹੋਏ ਹੋ, ਅੱਜ ਤਾਂ ਆਰਾਮ ਕਰੋ। ਇਸ ਕੰਮ ਵਿਚ ਜੇ ਕੋਈ ਸੁਹਿਰਦਤਾ ਨਾਲ ਸਹਾਈ ਹੋ ਸਕਦਾ ਹੈ, ਉਹ ਚੋਪੜਾ ਜੀ ਨੇ, ਉਹ ਵੀ ਜੇ ਉਹਨਾਂ ਦੀ ਪਲਾਨ ਕੀਤੀ ਹੋਈ ਕਿਸੇ ਫ਼ਿਲਮ ਵਿਚ ਕਿਸੇ ਗੀਤ-ਗ਼ਜ਼ਲ ਦੀ ਕੋਈ ਗੁੰਜਾਇਸ਼ ਹੋਈ। ਜੇ ਗੁੰਜਾਇਸ਼ ਹੋਈ, ਉਹ ਵਾਧੂ ਅਹਿਸਾਨ ਨਹੀਂ ਕਰਨਗੇ, ਨਾ ਹੋਈ, ਉਹ ਫ਼ਜ਼ੂਲ ਲਾਰੇ ਨਹੀਂ ਲਾਉਣਗੇ। ਜੋ ਕਹਿਣਾ ਹੋਇਆ, ਸਾਫ਼ ਕਹਿ ਦੇਣਗੇ। ਅੱਜ ਮੈਂ ਉਹਨਾਂ ਤੋਂ ਕੱਲ੍ਹ ਵਾਸਤੇ ਵਕਤ ਲੈ ਲਵਾਂਗਾ।'

###

# MILWAUKEE TEEYAN DA MELA

## JULY 19, 2026 1-6PM

VENUE: CROWNE PLAZA MILWAUKEE

ADDRESS: 6401 S. 13TH ST., MILWAUKEE, WI 53221

TICKETS: ADULTS $35, CHILDREN 5+ $10

CHILDREN UNDER 5 FREE

LADIES ONLY

MUSICAL GUEST:
JASMEEN AKHTAR

Email: MilwaukeeTeeyan@gmail.com to register your performance. On the spot performance will not be accepted. Limit 1 performance per group.



MC:
GURLEEN KAUR, PTC NEWS

ORGANIZERS CONTACT:
HAPPY CHAHAL: 414-712-6568
HARJINDER SOOS: 414-530-5699
PINKU SANDHAWALIA: 414-708-2035
GURDEEP CHAHAL: 414-861-7395
JAS KAUR, HARPREET TOOR, MANI TOOR, BALJIT GILL, REENA AULAKH, HARJEET BOPARAI, RAMAN HANSI



VENDOR PARTNERS & SPONSORS

CHIEF SPONSOR:
DARSHAN SINGH DHALIWAL

Asian Diva Salon Milwaukee

CAFE INDIA MILWAUKEE

PUNJABI COMMUNITY ORGANIZATION OF WI.

dream DECOR BY KIRAN

DJ DESI VIBES


WATERSTONE BANK



## ਕਲਾ ਪਰਿਕਰਮਾ

# 'ਬਿਰਖ਼ ਜੋ ਸਾਜ਼ ਹੈ'
# ਸੁਰਜੀਤ ਪਾਤਰ

**ਨਵਦੀਪ ਸਿੰਘ ਝੁਨੀਰ**



ਕੁੱਝ ਆਵਾਜ਼ਾਂ ਸਮੇਂ ਦੇ ਵਹਾਅ ਵਿਚ ਵੀ ਨਹੀਂ ਰੁੜ੍ਹਦੀਆਂ। ਉਹ ਯਾਦਾਂ ਦੀ ਮਿੱਟੀ ਵਿਚ ਕਿਸੇ ਪੁਰਾਣੇ ਬਿਰਖ਼ ਦੀਆਂ ਜੜ੍ਹਾਂ ਵਾਂਗੂ ਇੰਨੀ ਡੂੰਘਾਈ ਨਾਲ ਉਤਰ ਜਾਂਦੀਆਂ ਹਨ ਕਿ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਜਦੋਂ ਉਹ ਮੁੜ ਕੰਨੀਂ ਪੈਂਦੀਆਂ ਹਨ ਤਾਂ ਸਿਰਫ਼ ਸ਼ਬਦ ਹੀ ਨਹੀਂ ਜਾਗਦੇ ਸਗੋਂ ਉਨ੍ਹਾਂ ਨਾਲ ਜੁੜਿਆ ਪੂਰਾ ਸਮਾਂ, ਪੂਰਾ ਮਾਹੌਲ ਅਤੇ ਪੂਰਾ ਜੀਵਨ ਇੱਕੋ ਵਾਰੀ ਜਾਗ ਪੈਂਦਾ ਹੈ। ਮੇਰੇ ਲਈ ਸੁਰਜੀਤ ਪਾਤਰ ਦੀ ਆਵਾਜ਼ ਵਿਚ ਰਿਕਾਰਡ ਹੋਈ ਆਡੀਓ ਕੈਸੈਟ 'ਬਿਰਖ਼ ਜੋ ਸਾਜ਼ ਹੈ' ਅਜਿਹੀ ਹੀ ਇਕ ਅਨਮੋਲ ਸੌਗਾਤ ਹੈ। ਮੈਂ ਇਸ ਕੈਸੇਟ ਨੂੰ ਪਹਿਲੀ ਵਾਰ 1999 ਵਿਚ ਸੁਣਿਆ ਸੀ, ਜਦੋਂ ਮੈਂ ਬਚਪਨ ਦੀਆਂ ਬਰੂਹਾਂ ਟੱਪ ਕੇ ਜਵਾਨੀ ਵਿਚ ਪ੍ਰਵੇਸ਼ ਕਰ ਰਿਹਾ ਸੀ।

ਉਸ ਵੇਲੇ ਇਹ ਅੰਦਾਜ਼ਾ ਕਿੱਥੇ ਸੀ ਕਿ ਇਹ ਕੈਸਿਟ ਮਹਿਜ਼ ਸੁਣਨ ਦੀ ਸ਼ੈਅ ਨਹੀਂ, ਸਗੋਂ ਮੇਰੀ ਜ਼ਿੰਦਗੀ ਦੀ ਕਹਾਣੀ ਦਾ ਇਕ ਅਮਿੱਟ ਸਫ਼ਾ ਬਣਨ ਜਾ ਰਹੀ ਹੈ। ਇਸ ਦੀਆਂ ਗ਼ਜ਼ਲਾਂ ਤੇ ਨਜ਼ਮਾਂ ਮੇਰੇ ਅੰਦਰ ਹੌਲੀ-ਹੌਲੀ ਇੰਝ ਰਚਦੀਆਂ-ਵਸਦੀਆਂ ਗਈਆਂ ਕਿ ਅੱਜ ਵੀ ਇਹ ਸਾਰੀਆਂ ਰਚਨਾਵਾਂ ਜ਼ੁਬਾਨ ਉੱਤੇ ਆਪਣੇ-ਆਪ ਆ ਜਾਂਦੀਆਂ ਹਨ। ਮੈਂ ਪਾਤਰ ਸਾਹਿਬ ਦੀ ਇਸ ਸ਼ਾਇਰੀ ਨੂੰ ਸੈਂਕੜੇ ਵਾਰ ਸੁਣਿਆ ਹੈ ਪਰ ਹੈਰਾਨੀ ਇਹ ਕਿ ਹਰ ਵਾਰ ਸੁਣਨ ਤੇ ਇੰਝ ਲੱਗਦਾ ਹੈ ਜਿਵੇਂ ਪਹਿਲੀ ਵਾਰ ਕੋਈ ਬੂਹਾ ਖੁੱਲ੍ਹ ਰਿਹਾ ਹੋਵੇ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕੁਝ ਅਜਿਹੇ ਦੁਰਲੱਭ ਪਲ ਆਉਂਦੇ ਹਨ, ਜਦੋਂ ਸਾਹਿਤ ਕਿਤਾਬਾਂ ਦੇ ਦੀਆਂ ਹੱਦਾਂ ਤੋਂ ਬਾਹਰ ਨਿਕਲ ਕੇ ਲੋਕਾਂ ਦੀ ਸਾਹ-ਲੈਣੀ ਦਾ ਹਿੱਸਾ ਬਣ ਜਾਂਦਾ ਹੈ। 'ਬਿਰਖ਼ ਜੋ ਸਾਜ਼ ਹੈ' ਅਜਿਹਾ ਹੀ ਇਕ ਇਤਿਹਾਸਕ ਪਲ ਸੀ। ਇਹ ਉਹ ਦੌਰ ਸੀ ਜਦੋਂ ਆਡੀਓ ਕੈਸਿਟਾਂ ਪੰਜਾਬ ਦੇ ਸੱਭਿਆਚਾਰਕ ਜੀਵਨ ਦੀ ਨਬਜ਼ ਸਨ। ਪਿੰਡਾਂ ਦੀਆਂ ਦੁਕਾਨਾਂ, ਸ਼ਹਿਰਾਂ ਦੀਆਂ ਸੰਗੀਤ ਲਾਇਬ੍ਰੇਰੀਆਂ ਘਰਾਂ ਦੇ ਟੇਪ ਰਿਕਾਰਡਰਾਂ ਅਤੇ ਬੱਸਾਂ, ਕਾਰਾਂ, ਟਰੱਕਾਂ ਵਿਚ ਸੰਗੀਤ ਦੇ ਨਾਲ-ਨਾਲ ਸ਼ਾਇਰੀ ਵੀ ਸਫ਼ਰ ਕਰ ਰਹੀ ਸੀ।

ਇਸ ਐਲਬਮ ਨੇ ਸੁਰਜੀਤ ਪਾਤਰ ਨੂੰ ਕੇਵਲ ਪੜ੍ਹਨ ਵਾਲਿਆਂ ਦੇ ਘੇਰੇ ਤੋਂ ਮੁਕਤ ਕਰ ਕੇ ਸੁਣਨ ਵਾਲਿਆਂ ਦੇ ਦਿਲਾਂ ਤੱਕ ਪਹੁੰਚਾਇਆ। ਸ਼ਿਵ ਤੋਂ ਬਾਅਦ ਬਹੁਤੇ ਲੋਕਾਂ ਨੇ ਪਹਿਲੀ ਵਾਰ ਕਿਸੇ ਸ਼ਾਇਰ ਦੀ ਸ਼ਾਇਰੀ ਨੂੰ ਉਸ ਦੀ ਆਪਣੀ ਹੀ ਆਵਾਜ਼ ਵਿਚ ਸੁਣਿਆ ਅਤੇ ਇਹ ਕੋਈ ਸਧਾਰਨ ਤਜਰਬਾ ਨਹੀਂ ਸੀ। ਪਾਤਰ ਦੀ ਆਵਾਜ਼ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਨਿਰਛਲ ਸਾਦਗੀ ਸੀ। ਕੋਈ ਬਣਾਵਟ ਨਹੀਂ, ਕੋਈ ਨਾਟਕੀਪਣ ਨਹੀਂ, ਕੋਈ ਪ੍ਰਭਾਵ ਪਾਉਣ ਦੀ ਤਾਂਘ ਨਹੀਂ। ਉਹ ਸ਼ਬਦਾਂ ਨੂੰ ਅਦਾਕਾਰੀ ਨਾਲ ਨਹੀਂ, ਅਨੁਭਵ ਨਾਲ ਬੋਲਦੇ ਸਨ। ਉਨ੍ਹਾਂ ਦੀ ਆਵਾਜ਼ ਵਿਚ ਉਦਾਸੀ ਵੀ ਸੀ ਅਤੇ ਸਕੂਨ ਵੀ, ਜਿਵੇਂ ਝੱਖੜ ਤੋਂ ਬਾਅਦ ਦੀ ਖ਼ਾਮੋਸ਼ੀ ਹੁੰਦੀ ਹੈ। ਹਰ ਸ਼ਿਅਰ ਇੰਝ ਲੱਗਦਾ ਸੀ, ਜਿਵੇਂ ਉਨ੍ਹਾਂ ਦੇ ਸੀਨੇ ਵਿੱਚੋਂ ਗੁਜ਼ਰ ਕੇ ਆ ਰਿਹਾ ਹੋਵੇ।


ਉਹ ਆਪਣੀ ਸ਼ਾਇਰੀ ਸੁਣਾਉਂਦੇ ਨਹੀਂ ਸਨ ਸਗੋਂ ਉਸ ਨੂੰ ਜੀਉਂਦੇ ਸਨ। ਸ਼ਾਇਦ ਇਸੇ ਲਈ 'ਬਿਰਖ਼ ਜੋ ਸਾਜ਼ . ਹੈ ਨੂੰ ਸੁਣਨਾ ਕੇਵਲ ਇਕ ਆਡੀਓ ਐਲਬਮ ਸੁਣਨਾ ਨਹੀਂ, ਸਗੋਂ ਕਿਸੇ ਅਜਿਹੀ ਰੂਹਾਨੀ ਯਾਤਰਾ ਉੱਤੇ ਨਿਕਲ ਪੈਣਾ ਹੈ, ਜਿੱਥੋਂ ਤੁਸੀਂ ਓਹੀ ਨਹੀਂ ਮੁੜਦੇ ਜੋ ਗਏ ਸੀ। ਐਲਬਮ ਦੀ ਸ਼ੁਰੂਆਤ 'ਬਲਦਾ ਬਿਰਖ਼ ਹਾਂ' ਨਾਲ ਹੁੰਦੀ ਹੈ, ਜੋ ਮਨੁੱਖ ਦੇ ਅੰਦਰਲੇ ਸੰਘਰਸ਼ ਤੇ ਜਿਊਂਦੇ ਰਹਿਣ ਦੀ ਜ਼ਿੱਦ ਦਾ ਅਜਿਹਾ ਰੂਪਕ ਜੋ ਸਿੱਧਾ ਦਿਲ ਵਿਚ ਉਤਰਦਾ ਹੈ। 'ਬੰਸਰੀ ਨਾਲ ਬਹਿਸ ਕੌਣ ਕਰੇ ਵਿਚ ਕਲਾ, ਜੀਵਨ ਅਤੇ ਸਮਾਜ ਦੇ ਰਿਸ਼ਤਿਆਂ ਬਾਰੇ ਅਜਿਹੇ ਡੂੰਘੇ ਸਵਾਲ ਉੱਠਦੇ ਹਨ, ਜਿਨ੍ਹਾਂ ਦਾ ਜਵਾਬ ਸ਼ਾਇਦ ਕਦੇ ਨਹੀਂ ਮਿਲਦਾ ਪਰ ਜਿਨ੍ਹਾਂ ਨੂੰ ਪੁੱਛਣਾ ਜ਼ਰੂਰੀ ਹੁੰਦਾ ਹੈ। ਐਲਬਮ ਦੀ ਸਭ ਤੋਂ ਮਸ਼ਹੂਰ ਗ਼ਜ਼ਲ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਹੈ। ਪੰਜਾਬੀ ਸ਼ਾਇਰੀ ਵਿਚ ਬਹੁਤ ਘੱਟ ਰਚਨਾਵਾਂ ਅਜਿਹੀਆਂ ਹੁੰਦੀਆਂ ਹਨ, ਜੋ ਲੋਕਾਂ ਦੀ ਹੈ, ਗ਼ੈਰ-ਹਾਜ਼ਰੀ ਦਾ ਭਾਰ ਹੈ ਅਤੇ ਇਕ ਅਜਿਹੀ ਖ਼ਾਮੋਸ਼ ਉਦਾਸੀ ਹੈ, ਜੋ ਸੁਣਨ ਵਾਲੇ ਦੇ ਨਾਲ ਕਦਮ ਮਿਲਾ ਕੇ ਚੱਲਦੀ ਰਹਿੰਦੀ ਹੈ। 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਅਤੇ 'ਮੇਰਾ ਸੂਰਜ ਡੁੱਬਿਆ ਹੈ ਤੇਰੀ ਸ਼ਾਮ ਨਹੀਂ''

ਸਾਂਝੀ ਯਾਦ ਦਾ ਹਿੱਸਾ ਬਣ ਜਾਣ, ਇਹ ਗ਼ਜ਼ਲ ਉਨ੍ਹਾਂ ਵਿਰਲੀਆਂ ਵਿੱਚੋਂ ਇਕ ਹੈ। ਇਸ ਵਿਚ ਪ੍ਰੇਮ ਹੈ, ਯਾਦ ਹੈ" ਵਿਚ ਪਾਤਰ ਦਾ ਸਮਾਜਿਕ ਤੇ ਦਾਰਸ਼ਨਿਕ ਚਿੰਤਨ ਆਪਣੀ ਪੂਰੀ ਡੂੰਘਾਈ ਨਾਲ ਸਾਹਮਣੇ ਆਉਂਦਾ ਹੈ। ਇੱਥੇ ਉਹ ਕੇਵਲ ਪ੍ਰੇਮ ਦੇ ਸ਼ਾਇਰ ਨਹੀਂ ਰਹਿੰਦੇ ਸਗੋਂ ਉਹ ਆਪਣੇ ਸਮੇਂ ਦੇ ਸਾਖ਼ੀ ਬਣ ਜਾਂਦੇ ਹਨ। ਮਨੁੱਖ ਦੇ ਅੰਦਰਲਾ ਇਕੱਲਾਪਣ, ਸਮਾਜ ਦੀਆਂ ਵਿਸੰਗਤੀਆਂ ਅਤੇ ਸਮੇਂ ਦੀ ਬੇਚੈਨੀ, ਸਭ ਕੁਝ ਉਨ੍ਹਾਂ ਦੀ ਕਲਮ ਵਿੱਚੋਂ ਬੜੀ ਨਫ਼ਾਸਤ ਤੇ ਪੀੜ ਨਾਲ ਵਗਦਾ ਹੈ।

ਇਸ ਐਲਬਮ ਦੀ ਇਕ ਹੋਰ ਵੱਡੀ ਖ਼ੂਬੀ ਅਤੁਲ ਸ਼ਰਮਾ ਦਾ ਸੰਗੀਤ ਹੈ। ਉਨ੍ਹਾਂ ਨੇ ਸ਼ਬਦਾਂ ਤੇ ਸੁਰਾਂ ਵਿਚਕਾਰ ਅਜਿਹਾ ਸੰਤੁਲਨ ਕਾਇਮ ਕੀਤਾ ਹੈ, ਜੋ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ। ਸੰਗੀਤ ਇੱਥੇ ਸ਼ਾਇਰੀ ਉੱਤੇ ਹਾਵੀ ਨਹੀਂ ਹੁੰਦਾ ਸਗੋਂ ਉਸ ਦਾ ਸਾਇਆ ਬਣ ਕੇ ਨਾਲ ਤੁਰਦਾ ਹੈ, ਥਾਂ ਲੈਣ 'ਦੀ ਜਗ੍ਹਾ ਪਿਛੋਕੜ ਸਿਰਜਦਾ ਹੈ। ਇਸੇ ਕਰ ਕੇ ਹਰ ਸ਼ਿਅਰ ਆਪਣੀ ਪੂਰੀ ਤਾਕਤ ਨਾਲ ਸਰੋਤੇ ਦੀ ਰੂਹ ਤੱਕ ਪਹੁੰਚਦਾ ਹੈ। ਅੱਜ ਜਦੋਂ ਸੁਰਜੀਤ ਪਾਤਰ ਸਾਡੇ ਵਿਚਕਾਰ ਸਰੀਰਕ ਤੌਰ 'ਤੇ ਮੌਜੂਦ ਨਹੀਂ ਰਹੇ, 'ਬਿਰਖ਼ ਜੋ ਸਾਜ਼ ਹੈ ਦੀ ਅਹਿਮੀਅਤ ਹੋਰ ਵੀ ਗਹਿਰੀ ਹੋ ਜਾਂਦੀ ਹੈ।

ਹੁਣ ਕੇਵਲ ਇਕ ਇਕ ਅਜਿਹਾ ਜਿਊਂਦਾ-ਜਾਗਦਾ ਦਸਤਾਵੇਜ਼ ਬਣ ਗਈ ਹੈ, ਜਿਸ ਵਿਚ ਇਕ ਯੁੱਗ ਦੀ ਆਵਾਜ਼, ਇਕ ਸ਼ਾਇਰ ਦੀ ਰੂਹ ਤੇ ਇਕ ਸਮਾਜ ਦੀ ਸੰਵੇਦਨਾ ਸਾਹ ਲੈਂਦੀ ਹੈ। ਮੇਰੀ ਪੀੜ੍ਹੀ ਲਈ ਇਹ ਕੈਸੇਟ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸੀ। ਇਹ ਮੇਰੀ ਚੜ੍ਹਦੀ ਜਵਾਨੀ ਦੀ ਸਾਥਣ ਸੀ, ਇਕੱਲੇਪਣ ਦੀ ਹਮਰਾਜ਼ ਸੀ, ਉਨ੍ਹਾਂ ਦਿਨਾਂ ਦੀ ਜ਼ੁਬਾਨ ਸੀ ਜਦੋਂ ਆਪਣੀਆਂ ਭਾਵਨਾਵਾਂ ਲਈ ਸ਼ਬਦ ਘੱਟ ਪੈ ਜਾਂਦੇ ਸਨ ਤਾਂ ਪਾਤਰ ਦੇ ਸ਼ਿਅਰ ਸਾਡੇ ਦਿਲ ਦੀ ਤਰਜਮਾਨੀ ਕਰਦੇ ਸਨ।

ਅੱਜ ਵੀ, ਜਦੋਂ ਟੇਪ ਰਿਕਾਰਡਰਾਂ ਦਾ ਯੁੱਗ ਇਤਿਹਾਸ ਦੀਆਂ ਅਲਮਾਰੀਆਂ ਵਿਚ ਜਾ ਬੈਠਾ ਹੈ ਅਤੇ ਦੁਨੀਆ ਡਿਜੀਟਲ ਦੀਆਂ ਉਡਾਣਾਂ ਭਰਦੀ ਹੈ, ਅੱਜ ਵੀ ਡਿਜੀਟਲ ਰੂਪ ਵਿਚ 'ਬਿਰਖ ਜੋ ਸਾਜ਼ ਹੈ ਆਪਣੀ ਸਾਰੀ ਤਾਜ਼ਗੀ ਤੇ ਡੂੰਘਾਣ ਨਾਲ ਜਿਊਂਦੀ ਹੈ। ਇਸ ਨੂੰ ਸੁਣਦਿਆਂ ਲੱਗਦਾ ਹੈ ਜਿਵੇਂ ਸਮਾਂ ਇਕ ਪਲ ਲਈ ਠਹਿਰ ਗਿਆ ਹੋਵੇ ਅਤੇ ਯਾਦਾਂ ਦਾ ਪੂਰਾ ਇਕ ਯੁੱਗ ਮੁੜ ਸਾਹ ਲੈਣ ਲੱਗ ਪਿਆ ਹੋਵੇ। ਜਿਸ ਨੇ ਸੁਰਜੀਤ ਪਾਤਰ ਨੂੰ ਪੜ੍ਹਿਆ ਹੈ ਪਰ ਉਨ੍ਹਾਂ ਦੀ ਆਵਾਜ਼ ਵਿਚ ਉਨ੍ਹਾਂ ਨੂੰ ਨਹੀਂ ਸੁਣਿਆ, ਉਸ ਨੇ ਅਜੇ ਪਾਤਰ ਦਾ ਅੱਧਾ ਰੂਪ ਹੀ ਜਾਣਿਆ ਹੈ। ਅਤੇ ਜਿਸ ਨੇ 'ਬਿਰਖ਼ ਜੋ ਸਾਜ਼ ਹੈ ਨਹੀਂ ਸੁਣੀ, ਉਸ ਨੇ ਪੰਜਾਬੀ ਸ਼ਾਇਰੀ ਦਾ ਇਕ ਅਜਿਹਾ ਅਦਭੁੱਤ ਅਨੁਭਵ ਅਜੇ ਤੱਕ ਮਹਿਸੂਸ ਨਹੀਂ ਕੀਤਾ ਜੋ ਕੇਵਲ ਸੁਣਿਆ ਨਹੀਂ ਜਾਂਦਾ ਸਗੋਂ ਸਿੱਧਾ ਰੂਹ ਦੇ ਅੰਦਰ ਉਤਰ ਜਾਂਦਾ ਹੈ। ਸ਼ਾਇਦ ਇਹੀ ਕਿਸੇ ਮਹਾਨ ਰਚਨਾ' ਦੀ ਸਭ ਤੋਂ ਸੱਚੀ ਪਛਾਣ ਹੁੰਦੀ ਹੈ ਕਿ ਉਹ ਸੁਣੀ ਨਹੀਂ ਜਾਂਦੀ, ਹੌਲ਼ੀ-ਹੌਲੀ ਤੁਹਾਡੇ ਦਿਲ ਵਿਚ ਉਤਰ ਕੇ ਤੁਹਾਡੇ ਚੇਤਿਆਂ ਦੇ ਇਤਿਹਾਸ ਵਿਚ ਸਦਾ ਲਈ ਵਸ ਜਾਂਦੀ ਹੈ।




### ਦਰਦਮੰਦ ਆਤਮ-ਗੱਲਬਾਤ

'ਚੱਲ ਪਾਤਰ ਹੁਣ ਢੂੰਡਣ ਚੱਲੀਏ' ਇਕ ਅਜਿਹੀ ਦਰਦਮੰਦ ਆਤਮ-ਗੱਲਬਾਤ ਹੈ, ਜਿਸ ਵਿਚ ਸ਼ਾਇਰ ਖ਼ੁਦ ਆਪਣੇ ਆਪ ਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਦਿਖਾਈ ਦਿੰਦਾ ਹੈ। 'ਹਰ ਸ਼ਾਮ ਅਸੀਂ ਭਟਕੇ ਪੌਣਾਂ ਵਿਚ ਰਲ਼ ਕੇ, ਇਸ ਤਰ੍ਹਾਂ ਹੈ ਜਿਸ ਤਰ੍ਹਾਂ ਦਿਨ ਰਾਤ ਵਿਚਲਾ ਫ਼ਾਸਲਾ', 'ਖ਼ੂਬ ਨੇ ਇਹ ਝਾਂਜਰਾਂ ਛਣਕਣੇ ਲਈ ਅਤੇ 'ਤੇਰੇ ਵਿਯੋਗ ਨੂੰ ਕਿੰਨਾ ਮੇਰਾ ਖ਼ਿਆਲ ਰਿਹਾ' ਵਰਗੀਆਂ ਰਚਨਾਵਾਂ ਵਿਚ ਪ੍ਰੇਮ, ਵਿਛੋੜਾ, ਯਾਦ ਅਤੇ ਮਨੁੱਖੀ 16 ਰਿਸ਼ਤਿਆਂ ਦੀਆਂ ਉਹ ਬਾਰੀਕ ਪਰਤਾਂ ਖੁੱਲ੍ਹਦੀਆਂ ਹਨ, ਜੋ ਆਮ ਤੌਰ 'ਤੇ ਅਣਕਹੀਆਂ ਹੀ ਰਹਿ ਜਾਂਦੀਆਂ ਹਨ। ਇਨ੍ਹਾਂ ਨੂੰ ਸੁਣਦਿਆਂ ਮਹਿਸੂਸ ਹੁੰਦਾ ਹੈ ਕਿ ਪਾਤਰ ਕੇਵਲ ਆਪਣੇ ਦਿਲ ਦੀ ਗੱਲ ਨਹੀਂ ਕਰ ਰਹੇ, ਸਗੋਂ ਹਰ ਉਸ ਇਨਸਾਨ ਦੀ ਅਣਕਹੀ ਨੂੰ ਹੇਠਾਂ ਤੱਕ ਲੈ ਆ ਰਹੇ ਹਨ, ਜੋ ਕਦੇ ਮੁਹੱਬਤ ਕਰਦਾ ਰਿਹਾ ਹੋਵੇ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਜੁਲਾਈ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-750



*ਵਾਂਗ ਫ਼ੌਲਾਦ ਸਰੀਰ ਕਮਾਵੇਂ, ਬੱਲੇ ਬੱਲੇ ਓਏ ਜਵਾਨਾਂ,*
*ਉਂਗਲੀਆਂ 'ਤੇ ਭਾਰ ਟਿਕਾਵੇਂ, ਉੱਚੀਆਂ ਭਰ ਉਡਾਨਾਂ।*
*ਵਿਚ ਜਵਾਨੀ ਨਸ਼ਾ ਜ਼ੋਰ ਦਾ, ਹਿੱਕਾਂ-ਡੌਲ਼ਿਆਂ ਜਾਨਾਂ,*
*ਕਿਆ ਕਹਿਣੇ ਪੰਜਾਬੀ ਸ਼ੇਰਾ, ਤੇਰੇ ਪਾਣੀ ਭਰੇ ਜ਼ਮਾਨਾ।*

### ਕੈਪਸ਼ਨ ਮੁਕਾਬਲਾ-748



ਛੱਡ ਕੇ ਸਰਕਾਰੀ ਸਕੂਲ ਪਿੰਡ ਦਾ,
ਬੱਚੇ ਪੜ੍ਹਨ ਸ਼ਹਿਰ ਨੂੰ ਘੱਲੇ,
ਬਾਬੇ ਵਾਲ਼ਾ ਟਾਂਗਾ ਕਰਕੇ ਸਾਲਮ,
ਘੋੜਾ ਟੱਪ ਟੱਪ ਸੜਕ ਦੁਵੱਲੇ।
ਸਿਰ 'ਤੇ ਪਟਕੇ ਪਾ ਲਾਲ ਕੋਟੀਆਂ,
ਵਾਹ ਕਿੰਨੇ ਸੋਹਣੇ ਬੱਲੇ ਬੱਲੇ,
ਸ਼ਾਲਾ! ਕਰਨ ਪੜ੍ਹਾਈਆਂ ਰੱਜ ਕੇ,
ਬਾਪੂ ਦੇ ਸੁਫ਼ਨੇ ਹੋਵਣ ਸੁਵੱਲੇ।
***-ਸੇਵਾ ਸਿੰਘ 'ਨੂਰਪੁਰੀ'***

---

ਨਿੱਤ ਸਵੇਰੇ ਕਰ ਫੁੱਲ ਤਿਆਰੀ
ਤਾਂਗੇ ਵਾਲ਼ਾ ਸ਼ਹਿਰ ਨੂੰ ਜਾਵੇ।
ਸਜ਼ੇ ਸਜ਼ਾਏ ਬੱਚਿਆਂ ਤਾਈਂ
ਚੁੱਕ ਚੁੱਕ ਉਹ ਵਿਚ ਬਹਾਵੇ।
ਠੱਕ-ਠੱਕ ਵਾਲੀ ਤਾਲ਼ ਰਸੀਲੀ
ਨਾਲ਼ ਉਹ ਆਪਣੀ ਸੁਰ ਰਲ਼ਾਵੇ।
ਛਾਂਟੇ ਨੂੰ ਪਹੀਏ ਨਾਲ਼ ਲਾ ਕੇ
ਨਾਲ਼ ਤਾਲ ਦੇ ਤਾਲ ਮਿਲਾਵੇ।
ਬੱਚਿਆਂ ਸੰਗ ਸਵਾਰੀ ਕਰਕੇ
ਅਜ਼ਬ ਤਰ੍ਹਾਂ ਦੀ ਮਸਤੀ ਛਾਵੇ।
ਵਿਚ ਅਨੰਦ ਦੇ ਆਪਣੇ ਹੱਥੋਂ
ਨਿੱਕਿਆਂ ਹੱਥ ਲਗਾਮ ਫੜਾਵੇ।
ਨਿੱਕੀਆਂ ਨਿੱਕੀਆਂ ਗੱਲਾਂ ਕਰਦਾ
ਗੱਲਾਂ ਵਿਚ ਹੀ ਵਾਟ ਮੁਕਾਵੇ।
ਭੋਲ਼ੇ ਭਾਲ਼ੇ ਨਿੱਤ ਖੜ੍ਹੇ ਉਡੀਕਣ
ਤਾਂਗਾ ਜਲਦੀ ਕਿਉਂ ਨਾ ਆਵੇ।
***- ਜਗਮੀਤ ਸਿੰਘ ਪੰਧੇਰ***

---

ਮੂਰਤ ਵੇਖ ਮੈਂ ਇਹ ਟਾਂਗੇ ਵਾਲੀ।
ਪਿੱਛੇ ਪਹੁੰਚਿਆ ਜਾ, ਸਾਲ ਚਾਲੀ।
ਟਪ ਟਪ ਕਰਦੇ ਸਨ ਸੜਕਾਂ ਉੱਤੇ।
ਹੁਨਾਲੇ ਸਿਆਲੇ ਹੋਰ ਸਭਨਾਂ ਰੁੱਤੇ।
ਚਾਬਕ ਹੱਥ ਫੜ ਘੋੜਾ ਡਰਾਉਂਦਾ।
ਬੋਲਦਾ ਚਾਲਕ ਘੋੜੇ ਮਨ ਭਾਉਂਦਾ।
ਚਲੋ ਸਵਾਰੀ ਚਲੋ 'ਟੇਸ਼ਨ ਤੇ ਅੱਡੇ।
ਬਾਜ਼ਾਰ ਬਜਾਜੀ ਛੋਟੇ ਮਧਰੇ ਵੱਡੇ।
ਟਾਂਗੇ ਹੁਣ ਵਿਚ ਸੁਫ਼ਨਿਆਂ ਦਿਸਦੇ!
ਢੋਣ ਜੁਆਕ ਸਕੂਲੇ ਓਹ ਕਿਸਦੇ?
ਸਕੂਟਰਾਂ ਕਾਰਾਂ ਨੇ ਘੇਰੀ ਥਾਂ ਸਾਰੀ।
ਟਾਂਗੇ ਵਾਲੇ ਦੀ ਨਾ ਕਿਸੇ ਵੀਚਾਰੀ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਉਹ ਵੀ ਦਿਨ ਹੁੰਦੇ ਸੀ
ਜਦ ਟਾਂਗੇ 'ਤੇ ਸਕੂਲ ਸੀ ਜਾਂਦੇ
ਬੱਸਾਂ ਪਿੱਛੇ ਲਮਕਦੇ ਸੀ
'ਭੂੰਡ' 'ਤੇ ਸੀ ਧੱਕੇ ਆਂਦੇ।
ਹੁਣ ਉਨ੍ਹਾਂ ਪਲਾਂ ਦੇ ਸਹਾਰੇ
ਜੀ ਰਹੇ ਹਾਂ ਜੋ ਪਲ ਕਦੀ ਸਾਡੇ ਸੀ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ***


---

ਟਾਂਗਾ ਵਾਹਿਆ ਸਾਰੀ ਉਮਰ
ਲੈ ਕੇ ਜਾ ਰਿਹਾ ਸਕੂਲੀ ਬੱਚੇ
ਪੋਤੇ ਦੇ ਹੱਥ ਲਗਾਮ ਫੜਾਈ
ਕਾਕਾ ਬਹਿ ਲਾ ਛੈਂਟਾ
ਦੇਖ ਕਿਵੇਂ ਅਸਾਂ ਉਮਰ ਲੰਘਾਈ।
***-ਦਰਸ਼ਨ ਪਾਲ ਦੋਸਾਂਝ***

# ਅੰਤਰਰਾਸ਼ਟਰੀ ਵਿਦਿਆਰਥੀਆਂ ਵਲੋਂ ਬੀ ਸੀ ਦੇ ਹੈਲਥ ਕੇਅਰ ਵਿਚ ਵਿੱਤੀ ਯੋਗਦਾਨ

ਬ੍ਰਿਟਿਸ਼ ਕੋਲੰਬੀਆ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪਿਛਲੇ ਸੱਤਾਂ ਸਾਲਾਂ ਦੌਰਾਨ ਸੂਬੇ ਦੇ ਹੈਲਥ ਕੇਅਰ (ਸਿਹਤ ਸੇਵਾ) ਦੇ ਖ਼ਜ਼ਾਨੇ ਵਿਚ ਅੱਧੇ ਅਰਬ ਡਾਲਰ ਦੇ ਕਰੀਬ ਦਾ ਯੋਗਦਾਨ ਪਾਇਆ ਹੈ, ਅਤੇ ਫੈਡਰਲ ਸਰਕਾਰ ਵੱਲੋਂ ਸਟੱਡੀ ਪਰਮਿਟਾਂ 'ਤੇ ਲਾਈਆਂ ਪਾਬੰਦੀਆਂ ਦੇ ਬਾਵਜੂਦ ਇਹ ਰਕਮ ਹਰ ਸਾਲ ਵਧਦੀ ਜਾ ਰਹੀ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੈਲਥ ਕੇਅਰ ਤੱਕ ਪਹੁੰਚ ਕਰਨ ਦੇ ਮਾਮਲੇ ਵਿਚ ਬੀ.ਸੀ. ਕਨੇਡਾ ਦਾ ਦੂਜਾ ਸਭ ਤੋਂ ਮਹਿੰਗਾ ਸੂਬਾ ਹੈ, ਜਿੱਥੇ ਹਰੇਕ ਵਿਦਿਆਰਥੀ ਨੂੰ ਪਬਲਿਕ ਹੈਲਥ ਕੇਅਰ ਸਿਸਟਮ ਦਾ ਮੈਂਬਰ ਬਣਨ ਲਈ ਹਰ ਸਾਲ 900 ਡਾਲਰ ਅਦਾ ਕਰਨੇ ਪੈਂਦੇ ਹਨ। ਸਭ ਤੋਂ ਮਹਿੰਗਾ ਸੂਬਾ ਮੈਨੀਟੋਬਾ ਹੈ, ਜਿੱਥੇ

ਲੇਖਕ: ਬ੍ਰਿਸ਼ਟੀ ਬਾਸੂ
ਅਨੁਵਾਦ: ਸੁਖਵੰਤ ਹੁੰਦਲ

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਕ ਪ੍ਰਾਈਵੇਟ ਇਨਸ਼ੋਰੈਂਸ ਕੰਪਨੀ ਨੂੰ ਹਰ ਸਾਲ 1200 ਡਾਲਰ ਦਾ ਪ੍ਰੀਮੀਅਮ ਦੇਣਾ ਪੈਂਦਾ ਹੈ।

ਪ੍ਰੈੱਸਪ੍ਰੋਗਰੈੱਸ ਵੱਲੋਂ ਫ੍ਰੀਡਮ ਔਫ ਇਨਫਰਮੇਸ਼ਨ ਦੀ ਬੇਨਤੀ ਰਾਹੀਂ ਪ੍ਰਾਪਤ ਕੀਤੇ ਅੰਕੜਿਆਂ ਅਨੁਸਾਰ, ਬੀ.ਸੀ. ਨੇ ਅੰਤਰਰਾਸ਼ਟਰੀ ਸਟੂਡੈਂਟ ਸਿਹਤ ਫੀਸ (ਇੰਟਰਨੈਸ਼ਨਲ ਸਟੂਡੈਂਟ ਹੈਲਥ ਫੀ ਭਾਵ ਆਈ ਐੱਸ.ਐੱਚ.ਐੱਫ) ਰਾਹੀਂ ਸਿੱਧੇ ਤੌਰ 'ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ 41 ਕ੍ਰੋੜ 70 ਲੱਖ (417 ਮਿਲੀਅਨ) ਡਾਲਰ ਤੋਂ ਜ਼ਿਆਦਾ ਰਕਮ ਇਕੱਠੀ ਕੀਤੀ ਹੈ- ਪਬਲਿਕ ਹੈਲਥਕੇਅਰ ਲਈ ਲਿਆ ਜਾਣ ਵਾਲਾ ਇਹ ਖਰਚਾ ਸਿਰਫ ਇਸ ਵਰਗ (ਅੰਤਰਰਾਸ਼ਟਰੀ ਵਿਦਿਆਰਥੀਆਂ) 'ਤੇ ਹੀ ਲਾਗੂ ਹੁੰਦਾ ਹੈ।

ਸੰਨ 2020 ਤੋਂ ਬੀ.ਸੀ. ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਈ.ਐੱਸ.ਐੱਚ. ਐੱਫ. (ਇੰਟਰਨੈਸ਼ਨਲ ਸਟੂਡੈਂਟ ਹੈਲਥ ਫੀ) ਰਾਹੀਂ ਹਰ ਮਹੀਨੇ 75 ਡਾਲਰ ਅਦਾ ਕਰਨਾ ਲਾਜ਼ਮੀ ਹੈ। ਪਹਿਲਾਂ ਵੀ ਕਈ ਸਾਲਾਂ ਲਈ ਵਿਦਿਆਰਥੀਆਂ ਤੋਂ ਇਹੋ ਜਿਹੀ ਫੀਸ ਲਈ ਜਾਂਦੀ ਸੀ, ਜਿਸ ਨੂੰ 2019 ਵਿਚ ਥੋੜ੍ਹੇ ਸਮੇਂ ਲਈ ਘਟਾ ਕੇ 37.50 ਡਾਲਰ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਸੀ, ਅਤੇ ਫਿਰ 2020 ਵਿਚ ਇਸ ਪੁਰਾਣੇ ਰੇਟ ਨੂੰ ਮੁੜ ਬਹਾਲ ਕਰ ਦਿੱਤਾ ਗਿਆ।

ਫ੍ਰੀਡਮ ਆਫ ਇਨਫਰਮੇਸ਼ਨ (ਐੱਫ.ਓ.ਆਈ) ਰਾਹੀਂ ਪ੍ਰਾਪਤ ਕੀਤੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਵੇਂ ਜਨਵਰੀ 2024 ਵਿਚ ਸਟੱਡੀ ਪਰਮਿਟਾਂ 'ਤੇ ਫੈਡਰਲ ਸਰਕਾਰ ਵਲੋਂ ਲਾਈਆਂ ਪਾਬੰਦੀਆਂ ਦੇ ਲਾਗੂ ਹੋ ਜਾਣ ਕਾਰਨ ਕੈਨੇਡਾ ਵਿਚ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਕਾਫੀ ਗਿਰਾਵਟ ਆ ਗਈ ਸੀ, ਫਿਰ ਵੀ ਬੀ.ਸੀ. ਦੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ.ਐੱਸ.ਪੀ.) ਲਈ ਬਿੱਲ ਕੀਤੀ ਗਈ ਕੁੱਲ ਰਕਮ ਵਧਦੀ ਜਾ ਰਹੀ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਐੱਮ.ਐੱਸ.ਪੀ. ਵਿਚ ਪਾਇਆ ਜਾਂਦਾ ਯੋਗਦਾਨ 2021 ਤੋਂ ਹਰ ਸਾਲ 1 ਕਰੋੜ (10 ਮਿਲੀਅਨ) ਡਾਲਰ ਦੇ ਲਗਭਗ ਵਧਿਆ ਹੈ, ਅਤੇ ਪਿਛਲੇ ਸਾਲ ਇਹ ਰਕਮ 9 ਕਰੋੜ 30 ਲੱਖ (93 ਮਿਲੀਅਨ) ਡਾਲਰ ਤੋਂ ਉੱਤੇ ਪਹੁੰਚ ਗਈ ਸੀ।

ਕੈਨੇਡੀਅਨ ਫੈਡਰੇਸ਼ਨ ਆਫ਼ ਸਟੂਡੈਂਟਸ ਦੀ ਚੇਅਰਪਰਸਨ ਮੈਰੀ ਫੈਲਥਮ ਨੇ ਪ੍ਰੈੱਸ-ਪ੍ਰੋਗਰੈੱਸ ਨਾਲ ਕੀਤੀ ਇੱਕ ਇੰਟਰਵਿਊ ਦੌਰਾਨ ਕਿਹਾ, 'ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਭਾਵੇਂ ਕੈਨੇਡਾ ਭਰ ਵਿਚ ਵਿਦਿਅਕ ਅਦਾਰਿਆਂ ਵਿਚ ਘੱਟ ਅੰਤਰਰਾਸ਼ਟਰੀ ਵਿਦਿਆਰਥੀ ਦਾਖਲ ਹੋ ਰਹੇ ਹਨ, ਫਿਰ ਵੀ ਉਹ ਸੂਬੇ ਦੇ ਹੈਲਥ ਸੈਕਟਰ ਵਿਚ ਕਰੋੜਾਂ ਡਾਲਰਾਂ ਦਾ ਯੋਗਦਾਨ ਪਾ ਰਹੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਆਰਥਿਕਤਾ ਅਤੇ ਉਸ ਭਾਈਚਾਰੇ ਵਿਚ ਬਹੁਤ ਸਾਰੀ ਪੂੰਜੀ ਦਾ ਯੋਗਦਾਨ ਪਾਉਂਦੇ ਹਨ, ਜਿਸ ਵਿਚ ਉਹ ਰਹਿੰਦੇ ਹਨ।'

ਪ੍ਰੈੱਸਪ੍ਰੋਗਰੈੱਸ ਨੂੰ ਭੇਜੇ ਇੱਕ ਬਿਆਨ ਵਿਚ, ਬੀ.ਸੀ. ਦੀ ਹੈਲਥ ਮਨਿਸਟਰੀ ਦੇ ਇੱਕ ਨੁਮਾਇੰਦੇ ਨੇ ਕਿਹਾ ਕਿ ਬਿੱਲਾਂ ਦੀ ਕੁੱਲ ਰਕਮ ਉਦੋਂ ਵੀ ਵੱਧ ਸਕਦੀ ਹੈ ਜਦੋਂ ਨਵੇਂ ਵਿਦਿਆਰਥੀਆਂ ਦੇ ਦਾਖ਼ਲੇ ਵਿਚ ਗਿਰਾਵਟ ਆ ਰਹੀ ਹੋਵੇ। ਉਨ੍ਹਾਂ ਨੇ ਇੱਕ ਈਮੇਲ ਵਿਚ ਲਿਖਿਆ, 'ਇਹ ਤਬਦੀਲੀਆਂ ਬਿਲਿੰਗ ਦੇ ਸਮੇਂ ਅਤੇ ਕਵਰੇਜ ਦੀ ਮਿਆਦ ਵਿਚ ਅੰਤਰ ਸਮੇਤ ਪ੍ਰੋਗਰਾਮ ਦੀ ਆਮ ਪ੍ਰਕ੍ਰਿਆ ਦਾ ਅਕਸ ਦਿਖਾਉਂਦੀਆਂ ਹਨ ਨਾ ਕਿ ਕਿਸੇ ਖਾਸ ਸਾਲ ਵਿਚ ਜਾਰੀ ਕੀਤੇ ਗਏ ਸਟੱਡੀ ਪਰਮਿਟਾਂ ਦੀ ਗਿਣਤੀ ਵਰਗੇ ਕਿਸੇ ਇਕ ਕਾਰਨ ਨੂੰ। ਇਸ ਪਿੱਛੇ ਕੰਮ ਕਰਦਾ ਇਕ ਹੋਰ ਕਾਰਨ ਇਹ ਹੈ ਕਿ ਇੰਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿੱਪ ਕੈਨੇਡਾ ਵਲੋਂ ਪਹਿਲਾਂ ਦੇ ਸਾਲਾਂ ਵਿਚ ਮਨਜ਼ੂਰ ਕੀਤੇ ਸਟੱਡੀ ਪਰਮਿਟਾਂ ਅਧੀਨ ਬੀ.ਸੀ. ਵਿਚ ਰਹਿ ਰਹੇ ਅੰਤਰਰਾਸ਼ਟਰੀ ਵਿਦਿਆਰਥੀ ਮੈਡੀਕਲ ਸਰਵਿਸਜ਼ ਪਲੈਨ (ਐੱਮ.ਐੱਸ.ਪੀ.) ਦੇ ਮੈਂਬਰ ਬਣੇ ਰਹਿੰਦੇ ਹਨ।'

ਹੈਲਥ ਮਨਿਸਟਰੀ ਦੇ ਬਿਆਨ ਵਿਚ ਕਿਹਾ ਗਿਆ ਕਿ ਡਾਲਰਾਂ ਦੀਆਂ ਰਕਮਾਂ "ਬਿੱਲ ਕੀਤੀਆਂ ਗਈਆਂ ਰਕਮਾਂ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਉਹ ਉਸੇ ਸਾਲ ਵਸੂਲੀਆਂ ਜਾਂ ਪ੍ਰਾਪਤ ਕੀਤੀਆਂ ਗਈਆਂ ਰਕਮਾਂ ਹੋਣ।" ਪਰ ਫ੍ਰੀਡਮ ਆਫ ਇਨਫਰਮੇਸ਼ਨ ਅਧੀਨ ਫਾਈਨੈਂਸ ਮਨਿਸਟਰੀ ਵਲੋਂ ਜਾਰੀ ਕੀਤੇ ਗਏ ਦਸਤਾਵੇਜ਼ ਇਹਨਾਂ ਰਕਮਾਂ ਨੂੰ

*(ਇਹ ਲੇਖ ਪਹਿਲੀ ਵਾਰ ਬ੍ਰੌਡਵੈਂਟ ਇੰਸਟੀਚਿਊਟ ਦੀ ਨਿਊਜ਼ ਡਿਵੀਜ਼ਨ ਪ੍ਰੈੱਸ ਪ੍ਰੋਗਰੈੱਸ ਦੀ ਸਾਈਟ (pressprogress.ca) 'ਤੇ 6 ਮਈ 2026 ਨੂੰ ਛਪਿਆ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ।)*




ਹਰ ਸਾਲ "ਵਸੂਲੀਆਂ ਗਈਆਂ ਨਿਰੋਲ ਫੀਸਾਂ" ਵਜੋਂ ਦਰਸਾਉਂਦੇ ਹਨ।

ਪ੍ਰੈੱਸਪ੍ਰੋਗਰੈੱਸ ਵੱਲੋਂ ਫ੍ਰੀਡਮ ਆਫ ਇਨਫਰਮੇਸ਼ਨ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਪਹਿਲਾਂ ਬੀ ਸੀ ਦੀ ਹੈਲਥ ਮਨਿਸਟਰੀ ਤੋਂ ਮੰਗੀ ਗਈ ਸੀ। ਉਨ੍ਹਾਂ ਨੇ ਇਹ ਜਾਰੀ ਕਰਨ ਲਈ 427.50 ਡਾਲਰ ਦੀ ਫੀਸ ਦੱਸੀ ਸੀ। ਅਸੀਂ ਫਿਰ ਉਹੀ ਬੇਨਤੀ ਸੂਬੇ ਦੀ ਫਾਈਨੈਂਸ ਮਨਿਸਟਰੀ ਕੋਲ ਭੇਜੀ, ਜਿਹਨਾਂ ਨੇ ਬਿਨਾਂ ਕਿਸੇ ਖਰਚੇ, ਦੇਰੀ ਜਾਂ ਕਾਂਟ-ਛਾਂਟ ਦੇ ਮੰਗੇ ਗਏ ਦਸਤਾਵੇਜ਼ ਜਾਰੀ ਕਰ ਦਿੱਤੇ।

**ਸੂਬਿਆਂ ਵਿਚ ਵੱਖ-ਵੱਖ ਪਹੁੰਚ**

ਕੈਨੇਡੀਅਨ ਹੈਲਥ ਕੋਲੀਸ਼ਨ ਅਤੇ ਮਾਈਗ੍ਰੈਂਟ ਜਸਟਿਸ ਸੈਂਟਰ ਦੀ ਮਧੂ ਵਰਮਾ ਵੱਲੋਂ ਜਨਵਰੀ ਵਿਚ ਜਾਰੀ ਕੀਤੀ ਗਈ ਇੱਕ ਵਿਸਤ੍ਰਿਤ ਰਿਪੋਰਟ ਅਨੁਸਾਰ, ਵੱਖ ਵੱਖ ਸੂਬਿਆਂ ਅਤੇ ਟੈਰਾਟਰੀਆਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਬਲਿਕ ਹੈਲਥ ਕੇਅਰ (ਸਰਕਾਰੀ ਸਿਹਤ ਸੇਵਾਵਾਂ) ਤੱਕ ਪਹੁੰਚ ਵੱਖਰੀ ਵੱਖਰੀ ਹੈ।

ਅਲਬਰਟਾ, ਸਸਕੈਚਵਨ, ਨਿਊ ਬਰੰਸਵਿਕ, ਨਿਊਫਾਊਂਡਲੈਂਡ ਅਤੇ ਲੈਬਰਾਡੋਰ, ਨੌਰਥਵੈਸਟ ਟੈਰੀਟਰੀਜ਼ ਅਤੇ ਪ੍ਰਿੰਸ ਐਡਵਰਡ ਆਈਲੈਂਡ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਸ਼ਰਤ ਦੇ ਮੁਫਤ ਪਬਲਿਕ ਹੈਲਥ ਕੇਅਰ ਪ੍ਰਦਾਨ ਕਰਦੇ ਹਨ।

ਕਿਊਬੈਕ ਵਿਚ ਸੂਬੇ ਨਾਲ ਸੋਸ਼ਲ ਸਿਕਿਊਰਟੀ ਐਗਰੀਮੈਂਟ 'ਤੇ ਦਸਖਤ ਕਰਨ ਵਾਲੇ ਯੂਰਪ ਦੇ 11 ਦੇਸ਼ਾਂ - ਬੈਲਜੀਅਮ, ਡੈਨਮਾਰਕ, ਫਿਨਲੈਂਡ, ਫਰਾਂਸ, ਗ੍ਰੀਸ, ਲਕਸਮਬਰਗ, ਨਾਰਵੇ, ਪੁਰਤਗਾਲ, ਰੋਮਾਨੀਆ, ਸਰਬੀਆ ਅਤੇ ਸਵੀਡਨ - ਤੋਂ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਬਲਿਕ ਹੈਲਥ ਕੇਅਰ ਮੁਫਤ ਹੈ। ਬਾਕੀ ਸਾਰੇ ਦੇਸ਼ਾਂ ਤੋਂ ਆਕੇ ਕਿਊਬਕ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪ੍ਰਾਈਵੇਟ ਹੈਲਥ ਇਨਸ਼ੋਰੈਂਸ ਕਰਵਾਉਣੀ ਪੈਂਦੀ ਹੈ।

ਓਨਟਾਰੀਓ ਵਿਚ, ਜਿੱਥੇ ਆਮ ਤੌਰ 'ਤੇ ਸਭ ਤੋਂ ਵੱਧ ਗਿਣਤੀ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਆਉਂਦੇ ਹਨ- ਸਟੈਟਿਸਕਸ ਕੈਨੇਡਾ ਅਨੁਸਾਰ ਕੈਨੇਡਾ ਵਿਚ ਆਉਣ ਵਾਲੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ 56% ਤੋਂ ਵੱਧ - ਵਿਦਿਆਰਥੀਆਂ ਲਈ ਆਮ ਤੌਰ 'ਤੇ ਆਪਣੇ ਸਕੂਲ ਵੱਲੋਂ ਪੇਸ਼ ਕੀਤੀ ਗਈ ਪ੍ਰਾਈਵੇਟ ਇਨਸ਼ੋਰੈਂਸ ਪਲੈਨ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ। ਆਮ ਤੌਰ 'ਤੇ ਉਨ੍ਹਾਂ ਨੂੰ ਯੂਨੀਵਰਸਿਟੀ ਹੈਲਥ ਇੰਸ਼ੋਰੈਂਸ ਪਲੈਨ (ਯੂ ਐੱਚ ਆਈ ਪੀ) ਪੇਸ਼ ਕੀਤੀ ਜਾਂਦੀ ਹੈ, ਜੋ ਓਨਟਾਰੀਓ ਦੀ ਪਬਲਿਕ ਹੈਲਥ ਪਲੈਨ ਹੇਠ ਆਉਣ ਵਾਲੀਆਂ ਸੇਵਾਵਾਂ ਨੂੰ ਕਵਰ ਕਰਦੀ ਹੈ, ਅਤੇ ਇਸ ਦਾ ਖਰਚਾ 792 ਡਾਲਰ ਪ੍ਰਤੀ ਸਾਲ ਜਾਂ 66 ਡਾਲਰ ਪ੍ਰਤੀ ਮਹੀਨਾ ਹੈ।

ਹੁਣ ਤੱਕ ਦਾ ਸਭ ਤੋਂ ਮਹਿੰਗਾ ਸੂਬਾ ਮੈਨੀਟੋਬਾ ਹੈ, ਜਿੱਥੇ ਜ਼ਿਆਦਾਤਰ ਅਦਾਰਿਆਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੂਬੇ ਵੱਲੋਂ ਸੰਨ 2018 ਵਿਚ ਲਾਗੂ ਕੀਤੀ ਲਾਜ਼ਮੀ ਸ਼ਰਤ ਅਧੀਨ ਮੈਨੀਟੋਬਾ ਇੰਟਰਨੈਸ਼ਨਲ ਸਟੂਡੈਂਟ ਹੈਲਥ ਪਲੈਨ ਰਾਹੀਂ 1,200 ਡਾਲਰ ਪ੍ਰਤੀ ਸਾਲ ਦੀ ਲਾਗਤ 'ਤੇ ਪ੍ਰਾਈਵੇਟ ਹੈਲਥ ਇਨਸ਼ੋਰੈਂਸ ਖਰੀਦਣੀ ਪੈਂਦੀ ਹੈ — ਜਿਸ ਦਾ ਪ੍ਰਬੰਧ ਸਟੂਡੈਂਟਕੇਅਰ ਅਤੇ ਮੈਨੀਟੋਬਾ ਬਲੂ ਕਰੌਸ ਦੁਆਰਾ ਕੀਤਾ ਜਾਂਦਾ ਹੈ।

ਉਨ੍ਹਾਂ ਸੂਬਿਆਂ ਅਤੇ ਟੈਰੀਟਰੀਆਂ ਵਿਚ ਵੀ ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪਬਲਿਕ ਹੈਲਥ ਕੇਅਰ ਮੁਫ਼ਤ ਹੈ, ਕਵਰੇਜ ਸ਼ੁਰੂ ਹੋਣ ਤੋਂ ਪਹਿਲਾਂ ਅਕਸਰ ਇੱਕ ਉਡੀਕ ਦਾ ਸਮਾਂ (ਵੇਟਿੰਗ ਪੀਰੀਅਡ) ਹੁੰਦਾ ਹੈ, ਅਤੇ ਮੈਡੀਕਲ ਪਲੈਨ ਨੂੰ ਨਵਿਆਉਣ ਲਈ ਇਕ ਅਮਲ ਹੁੰਦਾ ਹੈ ਜਿਸ ਵਿਚੋਂ ਦੀ ਵਿਦਿਆਰਥੀਆਂ ਨੂੰ ਲੰਘਣਾ ਪੈਂਦਾ ਹੈ।

ਨਿਊਫਾਊਂਡਲੈਂਡ ਅਤੇ ਲੈਬਰਾਡੋਰ ਵਿਚ ਇੱਕ ਰਜਿਸਟਰਡ ਨਰਸ ਵਜੋਂ ਕੰਮ ਕਰ ਰਹੀ ਫੈਲਥਮ ਨੇ ਕਿਹਾ, "ਇਸ ਗੱਲ ਦੇ ਆਧਾਰ 'ਤੇ ਕਿ ਉਹ ਕਿਸ ਸੂਬੇ ਵਿਚ ਹਨ, ਵਿਦਿਆਰਥੀ ਨਿਸ਼ਚਿਤ ਤੌਰ 'ਤੇ ਬੀਮਾਰ ਹੋਣ ਤੋਂ ਡਰਦੇ ਹਨ ਕਿਉਂਕਿ ਉਹ ਜਾਣਦੇ ਹੁੰਦੇ ਹਨ ਕਿ ਇਸ ਨਾਲ ਉਨ੍ਹਾਂ ਦਾ ਕਾਫੀ ਖਰਚਾ ਆ ਸਕਦਾ ਹੈ ਜਾਂ ਉਹ ਇਲਾਜ ਕਰਾਉਣ ਵਿਚ ਦੇਰੀ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਪੱਕੀ ਤਰ੍ਹਾਂ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਦੀ ਕਵਰੇਜ ਨੂੰ ਅਜੇ ਮਨਜ਼ੂਰੀ ਮਿਲੀ ਹੈ ਜਾਂ ਨਹੀਂ। ਅਸਲ ਵਿਚ ਜਦੋਂ ਮੈਂ ਨਊਫਾਊਂਡਲੈਂਡ ਅਤੇ ਲੈਬਰਾਡੋਰ ਵਿਚ ਆਪਣੀ ਅੰਡਰਗ੍ਰੈਜੂਏਟ ਦੀ ਪੜ੍ਹਾਈ ਕਰ ਰਹੀ ਸੀ, ਉਸ ਸਮੇਂ ਇਕ ਕੇਸ ਸਾਹਮਣੇ ਆਇਆ ਸੀ, ਜਿੱਥੇ ਇਕ ਵਿਅਕਤੀ ਨੇ ਆਪਣੀ ਪਲੈਨ ਨੂੰ ਸਮੇਂ ਸਿਰ ਨਵਿਆਇਆ ਸੀ, ਪਰ ਸੂਬਾਈ ਸਰਕਾਰ ਨੇ ਇਸ ਨੂੰ ਸਵੀਕਾਰ ਕਰਨ ਵਿਚ ਇਕ ਮਹੀਨੇ ਦੇ ਦੇਰੀ ਕਰ ਦਿੱਤੀ ਸੀ। ਉਸ ਸਮੇਂ ਦੌਰਾਨ ਉਸ ਨੂੰ ਇਕ ਐਮਰਜੈਂਸੀ ਸਰਜਰੀ ਕਰਵਾਉਣੀ ਪਈ ਸੀ ਅਤੇ ਉਸ ਸਰਜਰੀ ਲਈ 2,000 ਡਾਲਰ ਤੋਂ ਵੱਧ ਅਦਾ ਕਰਨੇ ਪਏ ਸਨ ਜੋ ਕਿ ਸੂਬੇ ਦੇ ਕਿਸੇ ਵੀ ਹੋਰ ਨਿਵਾਸੀ ਨੂੰ ਅਦਾ ਨਹੀਂ ਕਰਨੇ ਪੈਂਦੇ।'

ਸਭ ਤੋਂ ਤਾਜ਼ਾ ਮਿਲਦੇ ਅੰਕੜਿਆਂ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀਆਂ ਨੇ 2022 ਵਿਚ ਕੈਨੇਡਾ ਦੀ ਆਰਥਿਕਤਾ ਵਿਚ 37 ਅਰਬ (ਬਿਲੀਅਨ) ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ।

ਵਿਦੇਸ਼ੀ ਵਿਦਿਆਰਥੀਆਂ ਵੱਲੋਂ ਬੀ.ਸੀ. ਅਤੇ ਹੋਰ ਸੂਬਿਆਂ ਵਿਚ ਹੈਲਥ ਕੇਅਰ ਪ੍ਰਬੰਧ ਵਿਚ ਸਿੱਧੇ ਤੌਰ 'ਤੇ ਪਾਏ ਗਏ ਵਿੱਤੀ ਯੋਗਦਾਨ ਦੇ ਬਾਵਜੂਦ, ਫੈਡਰਲ ਲਿਬਰਲ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਵਿਚ ਪੋਸਟ-ਸੈਕੰਡਰੀ ਸਿੱਖਿਆ ਲਈ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਹੋਏ ਵਾਧੇ ਕਾਰਨ 'ਰਿਹਾਇਸ਼, ਹੈਲਥਕੇਅਰ ਅਤੇ ਹੋਰ ਸੇਵਾਵਾਂ 'ਤੇ ਪਏ ਦਬਾਅ' ਨੂੰ ਘਟਾਉਣ ਲਈ ਸਟੱਡੀ ਪਰਮਿਟਾਂ 'ਤੇ ਪਾਬੰਦੀਆਂ ਲਾਉਣੀਆਂ ਜ਼ਰੂਰੀ ਸਨ।

ਮਾਰਚ ਵਿਚ ਜਾਰੀ ਕੀਤੀ ਗਈ ਆਡੀਟਰ ਜਨਰਲ ਦੀ ਇੱਕ ਰਿਪੋਰਟ ਅਨੁਸਾਰ, ਇਸ ਦੇ ਨਤੀਜੇ ਵਜੋਂ ਕੈਨੇਡਾ ਵਿਚ ਆਉਣ ਵਾਲੇ ਨਵੇਂ ਵਿਦਿਆਰਥੀਆਂ ਦੀ ਗਿਣਤੀ ਵਿਚ ਉਮੀਦ ਤੋਂ ਕਿਤੇ ਵੱਧ ਗਿਰਾਵਟ ਆਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ, '2024 ਵਿਚ, ਡਿਪਾਰਟਮੈਂਟ (ਇੰਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿੱਪ ਕੈਨੇਡਾ) ਨੇ ਅਨੁਮਾਨਿਤ ਗਿਣਤੀ ਤੋਂ ਅੱਧੇ ਤੋਂ ਵੀ ਘੱਟ ਨਵੇਂ ਸਟੱਡੀ ਪਰਮਿਟਾਂ ਨੂੰ ਮਨਜ਼ੂਰੀ ਦਿੱਤੀ ਸੀ। ਇਹ ਰੁਝਾਨ 2025 ਵਿਚ ਵੀ ਜਾਰੀ ਰਿਹਾ, ਜਿਸ ਵਿਚ ਸਤੰਬਰ ਤੱਕ ਅਨੁਮਾਨਿਤ 255,360 ਨਵੇਂ ਸਟੱਡੀ ਪਰਮਿਟਾਂ ਵਿਚੋਂ ਸਿਰਫ਼ 50,000 ਤੋਂ ਥੋੜ੍ਹੇ ਜਿਹੇ ਵੱਧ ਨੂੰ ਹੀ ਮਨਜ਼ੂਰੀ ਮਿਲੀ। ਡਿਪਾਰਟਮੈਂਟ ਨੂੰ ਇਹ ਪਤਾ ਨਹੀਂ ਕਿ ਮਨਜ਼ੂਰੀ ਦਰਾਂ ਅਨੁਮਾਨ ਤੋਂ ਘੱਟ ਕਿਉਂ ਸਨ।'

# ਸ਼ੁਕਰਾਨੇ 'ਚ ਜੀਓ ਉਲਾਂਭੇ 'ਚ ਨਹੀਂ

ਅਜੋਕੇ ਸਮਾਜ ਵਿਚ ਰਹਿੰਦੇ ਮਨੁੱਖ ਦਾ ਜੀਵਨ ਤਕਲੀਫ਼ਾਂ ਭਰਿਆ ਮਹਿਸੂਸ ਕੀਤਾ ਜਾ ਸਕਦਾ ਹੈ। ਮਾਨਸਿਕ ਬਿਮਾਰੀਆਂ ਦਾ ਘੇਰਾ ਦਿਨੋਂ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਅੱਜ ਨਿੱਕੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗਾਂ ਤਕ, ਸਭ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਇਨ੍ਹਾਂ ਮਾਨਸਿਕ ਰੋਗਾਂ ਦਾ ਮੂਲ ਕਾਰਨ ਹੈ- 'ਭੱਜਦੌੜ ਭਰਿਆ ਮਸ਼ੀਨੀ ਜੀਵਨ' ਜਿਸ ਵਿਚ ਮਨੁੱਖ ਕੋਲ਼ ਵਕਤ ਦੀ ਘਾਟ ਹੈ। ਤਰੱਕੀ ਦੀ ਦੌੜ ਨੇ ਮਨੁੱਖ ਕੋਲੋਂ ਸੁਖ, ਚੈਨ ਅਤੇ ਸਕੂਨ ਭਰਿਆ ਜੀਵਨ ਖੋਹ ਲਿਆ ਜਾਪਦਾ ਹੈ। ਇਸੇ



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਕਰਕੇ ਮਾਨਸਿਕ ਰੋਗਾਂ ਨਾਲ ਗ੍ਰਸਤ ਲੋਕਾਂ ਦੀ ਗਿਣਤੀ ਨਿਰੰਤਰ ਵੱਧਦੀ ਜਾ ਰਹੀ ਹੈ।

ਬੱਚਿਆਂ ਦੇ ਉੱਪਰ ਪੜ੍ਹਾਈ ਦਾ ਬੋਝ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ। ਦੋ-ਢਾਈ ਸਾਲ ਦੇ ਮਾਸੂਮ ਬੱਚਿਆਂ ਨੂੰ ਪੜ੍ਹਨ ਲਈ ਸਕੂਲਾਂ ਵਿਚ ਦਾਖ਼ਲ ਕਰਵਾ ਦਿੱਤਾ ਜਾਂਦਾ ਹੈ। ਫਿਰ ਇਹ ਬੋਝ ਤਾਉਮਰ ਬੱਚੇ 'ਤੇ ਮਨ 'ਤੇ ਪਿਆ ਰਹਿੰਦਾ ਹੈ। ਫੇਰ ਸਹਿਜੇ-ਸਹਿਜੇ ਇਹੀ ਬੱਚੇ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਜਾਂਦੇ ਹਨ। ਮਾਂ-ਬਾਪ ਕੋਲ਼ ਇੰਨਾ ਵਕਤ ਨਹੀਂ ਹੁੰਦਾ ਕਿ ਉਹ ਆਪਣੇ ਬੱਚੇ ਦੇ ਮਨ ਦੇ ਭਾਵਾਂ ਨੂੰ ਸਮਝ ਸਕਣ ਅਤੇ ਉਸ ਨਾਲ ਗੱਲ ਕਰ ਸਕਣ। ਇਸ ਸਥਿਤੀ ਵਿਚ ਬੱਚੇ ਬਿਮਾਰ ਹੋ ਜਾਂਦੇ ਹਨ। ਬਿਲਕੁਲ ਇੰਝ ਦੇ ਹਾਲਾਤ ਬਜ਼ੁਰਗਾਂ ਦੇ ਵੀ ਬਣੇ ਹੋਏ ਹਨ। ਅੱਜ ਘਰਾਂ ਵਿਚ ਬਜ਼ੁਰਗਾਂ ਨਾਲ ਗੱਲ ਕਰਨ ਵਾਲਾ ਕੋਈ ਮੈਂਬਰ ਹੀ ਨਹੀਂ ਹੁੰਦਾ।

ਅੱਜ ਬਹੁਤੇ ਬਜ਼ੁਰਗ ਆਪਣੇ ਘਰਾਂ ਅੰਦਰ ਇਕਲਾਪੇ ਦਾ ਸੰਤਾਪ ਹੰਢਾ ਰਹੇ ਹਨ। ਨੌਜਵਾਨ ਪੀੜ੍ਹੀ ਨੂੰ ਆਪਣੇ ਜੀਵਨ ਵਿਚ ਕਾਮਯਾਬੀ ਦੀ ਚਿੰਤਾ ਹੈ। ਉਹ ਹਰ ਹੀਲਾ ਵਰਤ ਕੇ ਪੈਸਾ ਕਮਾਉਣਾ ਚਾਹੁੰਦੇ ਹਨ, ਕਾਮਯਾਬੀ ਪ੍ਰਾਪਤ ਕਰਨਾ ਚਾਹੁੰਦੇ ਹਨ, ਅੱਗੇ ਵੱਧਣਾ ਚਾਹੁੰਦੇ ਹਨ। ਇਸ ਦੀ ਇਵਜ਼ ਵਿਚ ਉਹ ਆਪਣੀ ਹਰ ਖੁਸ਼ੀ, ਇੱਛਾ ਨੂੰ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ। ਪਿੰਡਾਂ ਵਿਚ ਅਜੇ ਸਥਿਤੀ ਇੰਨੀ ਭਿਆਨਕ ਨਹੀਂ ਹੋਈ ਜਿੰਨੀ ਵੱਡੇ ਸ਼ਹਿਰਾਂ ਵਿਚ ਹੋ ਚੁਕੀ ਹੈ।

ਪਿਛਲੇ ਦਿਨੀਂ ਅਖ਼ਬਾਰ ਵਿਚ ਛਪੀ ਇਕ ਖ਼ਬਰ ਨੇ ਮਨੁੱਖਤਾ ਨੂੰ ਹਿਲਾ ਕੇ ਰੱਖ ਦਿੱਤਾ। ਇਕ ਘਰ ਵਿਚ ਇਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ। ਉਹ ਆਪਣੇ ਘਰ ਵਿਚ ਇਕੱਲਾ ਹੀ ਰਹਿੰਦਾ ਸੀ। ਉਸਦੇ ਬੱਚੇ ਬਾਹਰ (ਵਿਦੇਸ਼)



ਵਿਚ ਰਹਿੰਦੇ ਸਨ। ਘਰ ਵਿਚ ਰਹਿੰਦੇ ਇਕੱਲੇ ਬਜ਼ੁਰਗ ਦੀ ਮੌਤ ਹੋ ਗਈ। ਕਿਸੇ ਨੂੰ ਕੋਈ ਖ਼ਬਰ ਤਕ ਨਹੀਂ ਲੱਗੀ। ਫੇਰ ਜਦੋਂ ਕੁਝ ਦਿਨਾਂ ਬਾਅਦ ਲਾਸ਼ ਵਿਚੋਂ ਮੁਸ਼ਕ ਆਉਣ ਲੱਗੀ ਤਾਂ ਆਂਢ-ਗੁਆਂਡ ਦੇ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਆ ਕੇ ਜਦੋਂ ਬੂਹਾ ਤੋੜਿਆ ਤਾਂ ਬਜ਼ੁਰਗ ਦੀ ਲਾਸ਼ ਨੂੰ ਕੀੜੇ ਖਾ ਚੁਕੇ ਸਨ। ਲਾਸ਼ ਦੀ ਥਾਂ 'ਤੇ ਕੁਝ ਹੱਡੀਆਂ ਹੀ ਬਚੀਆਂ ਸਨ। ਇਹ ਵਰਤਾਰਾ ਅਜੋਕੇ ਸਮਾਜ ਦੀ ਡਰਾਉਣੀ ਤਸਵੀਰ ਨੂੰ ਪੇਸ਼ ਕਰਦਾ ਹੈ। ਪਰ ਇਸ ਪਾਸੇ ਕਿਸੇ ਦਾ ਧਿਆਨ ਨਹੀਂ ਹੈ, ਨਾ ਤਾਂ ਸਰਕਾਰਾਂ ਦਾ ਅਤੇ ਨਾ ਹੀ ਸਮਾਜ ਦੇ ਬੁਧੀਜੀਵੀ ਵਰਗ ਦਾ। ਇਹ ਵਰਤਾਰਾ ਕਿੱਥੇ ਜਾ ਕੇ ਰੁਕੇਗਾ? ਕੁਝ ਕਿਹਾ ਨਹੀਂ ਜਾ ਸਕਦਾ।

ਅੱਜ ਸਥਿਤੀ ਇਹ ਹੈ ਕਿ ਸਕੂਲਾਂ, ਕਾਲਜਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਕੋਈ ਹੌਸਲਾ ਦੇਣ ਵਾਲਾ ਨਹੀਂ ਹੈ। ਪੇਪਰਾਂ ਵਿਚ ਨਾਕਾਮਯਾਬੀ ਦੇ ਡਰ ਤੋਂ ਕੋਟਾ (ਰਾਜਸਥਾਨ) ਵਿਖੇ ਕੋਚਿੰਗ ਕਰਦੇ ਕਈ ਵਿਦਿਆਰਥੀ ਮੌਤ ਨੂੰ ਗ਼ਲੇ ਲਗਾ ਚੁਕੇ ਹਨ। ਅੱਜ ਹਰ ਬੰਦਾ ਇਕਲਾਪੇ ਦਾ ਸੰਤਾਪ ਆਪਣੇ ਪਿੰਡੇ 'ਤੇ ਹੰਢਾ ਰਿਹਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਅੱਜ ਦਾ ਮਨੁੱਖ ਆਪਣੀਆਂ ਜੜਾਂ ਨਾਲੋਂ ਟੁੱਟ ਚੁਕਿਆ ਹੈ ਅਤੇ ਤਰੱਕੀ ਅਤੇ ਕਾਮਯਾਬੀ ਦੀ ਹਨ੍ਹੇਰੀ ਵਿਚ ਗੁਆਚ ਗਿਆ ਜਾਪਦਾ ਹੈ। ਆਪਸੀ ਮੋਹ-ਮੁਹੱਬਤ ਬੀਤੇ ਵੇਲੇ ਦੀਆਂ ਬਾਤਾਂ ਹੋ ਕੇ ਰਹਿ ਗਈਆਂ ਹਨ। ਮਨੁੱਖ ਮਸ਼ੀਨ ਵਿਚ ਤਬਦੀਲ ਹੋ ਚੁਕਿਆ ਹੈ।

ਜੇਕਰ ਮਨੁੱਖ ਨੂੰ ਆਪਣੇ ਜੀਵਨ ਵਿਚ ਖੁਸ਼ੀ, ਸਕੂਨ ਅਤੇ ਸ਼ਾਂਤੀ ਚਾਹੀਦੀ ਹੈ ਤਾਂ ਪਹਿਲਾਂ ਆਪਣੇ ਪੁਰਾਤਨ ਵਿਰਸੇ ਅਤੇ ਸੰਸਕ੍ਰਿਤੀ ਵਾਲੇ ਪਾਸੇ ਮੁੜਨਾ ਪਵੇਗਾ। ਆਪਸੀ ਪ੍ਰੇਮ-ਪਿਆਰ ਦੀ ਭਾਵਨਾ ਨੂੰ ਜਾਗ੍ਰਤ ਕਰਨਾ ਪਵੇਗਾ। ਇਕ-ਦੂਜੇ ਦੇ ਸੁਖ-ਦੁਖ ਨੂੰ ਸੁਣਨਾ, ਜਾਣਨਾ ਅਤੇ ਮਹਿਸੂਸ ਕਰਨਾ ਪਵੇਗਾ। ਆਧੁਨਿਕਤਾ ਦੀ ਦੌੜ ਨੂੰ ਕੁਝ ਵਕਤ ਲਈ ਲਾਂਭੇ ਰੱਖ ਕੇ ਆਪਣਿਆਂ-ਪਿਆਰਿਆਂ ਨਾਲ ਜ਼ਿੰਦਗੀ ਦੇ ਹਸੀਨ ਪਲਾਂ ਨੂੰ ਮਾਣਨਾ ਪਵੇਗਾ ਤਾਂ ਹੀ ਮਨੁੱਖ ਆਪਣੀ ਜ਼ਿੰਦਗੀ ਨੂੰ ਖੁੱਲ੍ਹ ਕੇ ਜੀਅ ਸਕਦਾ ਹੈ। ਇਕ-ਦੂਜੇ ਦੇ ਸੁਖ-ਦੁਖ ਵਿਚ ਸ਼ਰੀਕ ਹੋ ਸਕਦਾ ਹੈ, ਸਮਝ ਸਕਦਾ ਹੈ ਅਤੇ ਇਸਦਾ ਹੱਲ ਕੱਢ ਸਕਦਾ ਹੈ। ਇਹੋ ਖੁਸ਼ਹਾਲ ਜੀਵਨ ਦਾ ਅਸਲ ਮੰਤਰ ਹੈ।

ਅਜੋਕੇ ਮਨੁੱਖ ਨੂੰ ਉਲਾਂਭੇ ਦੀ ਥਾਂ ਤੇ ਸ਼ੁਕਰਾਨੇ ਵਿਚ ਜੀਉਣ ਦੀ ਜਾਚ ਸਿੱਖਣੀ ਪਵੇਗੀ ਕਿਉਂਕਿ ਜ਼ਰੂਰਤਾਂ ਤਾਂ ਗ਼ਰੀਬ ਤੋਂ ਗ਼ਰੀਬ ਬੰਦੇ ਦੀਆਂ ਵੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਇੱਛਾਵਾਂ ਤਾਂ ਰਾਜਿਆਂ-ਮਹਾਰਾਜਿਆਂ ਦੀਆਂ ਵੀ ਅਧੂਰੀਆਂ ਹੀ ਰਹਿੰਦੀਆਂ ਹਨ। ਸੋ ਦੋਸਤੋ, ਜ਼ਰੂਰਤਾਂ ਦੇ ਮੁਤਾਬਿਕ ਜੀਓ, ਇੱਛਾਵਾਂ ਦੇ ਮੁਤਾਬਿਕ ਨਹੀਂ। ਪਰ ਇਨ੍ਹਾਂ ਗੱਲਾਂ ਵੱਲ ਕਦੋਂ ਧਿਆਨ ਦਿੱਤਾ ਜਾਂਦਾ ਹੈ, ਇਹ ਅਜੇ ਭਵਿੱਖ ਦੀ ਕੁੱਖ਼ ਵਿਚ ਹੈ। ਪਰ ਇਹ ਗੱਲ 100 ਫ਼ੀਸਦੀ ਯਕੀਨੀ ਅਤੇ ਦਰੁੱਸਤ ਹੈ ਕਿ ਜਦੋਂ ਮਨੁੱਖ ਇਸ ਪਾਸੇ ਵੱਲ ਤੁਰ ਪਿਆ ਤਾਂ ਉਸਦੇ ਜੀਵਨ ਦੀਆਂ ਅੱਧੀਆ ਸਮੱਸਿਆਵਾਂ ਤਾਂ ਆਪੇ ਹੀ ਹੱਲ ਹੋ ਜਾਣੀਆਂ ਹਨ। ਖ਼ੈਰ!

ਜਿਉਂਦੇ-ਵੱਸਦੇ ਰਹੋ ਸਾਰੇ।

***

# ਭਲੇ-ਪੁਰਸ਼-ਬਾਬਾ ਇੰਦਰ ਸਿੰਘ ਜੀ

## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080



***ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।***

ਪਿੰਡਾਂ ਵਿਚ ਅਕਸਰ ਕੁਝ ਕੁ ਅਜੇਹੀਆਂ ਸਨਮਾਨਯੋਗ ਸ਼ਖ਼ਸੀਅਤਾਂ ਹੁੰਦੀਆਂ, ਜਿਹੜੀਆਂ ਸਭ ਲਈ ਪੂਜਨੀਕ ਹੁੰਦੀਆਂ। ਉਨ੍ਹਾਂ ਦਾ ਕਿਹਾ ਸਭ ਸਿਰ ਮੱਥੇ ਮੰਨਦੇ। ਉਨ੍ਹਾਂ ਦੀ ਆਭਾ ਹੀ ਅਜੇਹੀ ਹੁੰਦੀ ਕਿ ਉਹ ਸਭ ਲਈ ਸਮਾਨ ਸੋਚ ਰੱਖਦੇ। ਉਹ ਹਰ ਗੱਲ/ਕਾਰਜ ਬਹੁਤ ਮਿਣ-ਤੋਲ ਕੇ ਅਤੇ ਸਭ ਦੀਆਂ ਭਾਵਨਾਵਾਂ ਨੂੰ ਮੁੱਖ ਰੱਖ ਕੇ ਕਰਦੇ। ਉਹ ਕਦਾਚਿੱਤ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਕੋਈ ਗੱਲ ਕਿਸੇ ਹੋਰ ਨੂੰ ਪੀੜਤ ਕਰੇ। ਉਹ ਹਰ ਵਰਗ ਦੇ ਮਰਦ ਅਤੇ ਔਰਤਾਂ ਵਿਚ ਮਕਬੂਲ ਹੁੰਦੇ। ਹਰ ਬੱਚੇ ਦੀ ਇਹ ਤਮੰਨਾ ਹੁੰਦੀ ਕਿ ਉਨ੍ਹਾਂ ਦਾ ਆਸ਼ੀਰਵਾਦ ਅਤੇ ਸੇਧ ਮਿਲੇ ਤਾਂ ਕਿ ਉਹ ਵੀ ਵਧੀਆ ਮਨੁੱਖ ਬਣ ਜਾਣ ਅਤੇ ਤਰੱਕੀ ਕਰਕੇ ਆਪਣਾ ਅਤੇ ਆਪਣੇ ਪਿੰਡ ਦਾ ਨਾਮ ਰੁਸ਼ਨਾਉਣ। ਅਜੇਹੀਆਂ ਸ਼ਖਸੀਅਤਾਂ ਕਰਕੇ ਹੀ ਕਿਸੇ ਪਿੰਡ ਦਾ ਸਰਕਾਰੇ-ਦਰਬਾਰੇ ਇੱਜ਼ਤ ਮਾਣ ਹੁੰਦਾ। ਉਹ ਬਿਨਾਂ ਕਿਸੇ ਉਚੇਚ ਦੇ ਅਦਬ ਕਮਾਉਂਦੀਆਂ। ਪਿੰਡ ਪੱਧਰ 'ਤੇ ਕੀਤੇ ਜਾਂ ਹੋ ਰਹੇ ਕਿਸੇ ਵੀ ਫੈਸਲੇ, ਚੋਣ ਜਾਂ ਪਹਿਲ ਵਿਚ ਜ਼ਿਕਰਯੋਗ ਭੂਮਿਕਾ ਨਿਭਾਉਂਦੀਆਂ। ਅਜੇਹੇ ਹੀ ਸਨ ਮੇਰੇ ਪਿੰਡ ਦੀ ਬਹੁਤ ਹੀ ਸਤਿਕਾਰਤ ਸ਼ਖ਼ਸੀਅਤ ਬਾਬਾ ਇੰਦਰ ਸਿੰਘ ਜੀ।

ਨੂਰਾਨੀ ਮੁੱਖੜਾ, ਚਿੱਟੀ ਦਾਹੜੀ, ਗੁਰਮੁਖ ਦਿੱਖ ਅਤੇ ਰੱਬੀ ਰੰਗ ਵਿਚ ਰੰਗੇ ਹੋਏ ਸਨ ਬਾਬਾ ਇੰਦਰ ਸਿੰਘ ਜੀ। ਜਦ ਮੈਂ ਛੋਟਾ ਸਾਂ ਤਾਂ ਉਹ ਆਪਣੇ ਭਾਈਵਾਲ ਸ. ਸੰਤਾ ਸਿੰਘ ਹੋਰਾਂ ਨਾਲ ਸਾਂਝੀ ਦੁਕਾਨਦਾਰੀ ਕਰਦੇ ਸਨ ਜਿਥੋਂ ਪਿੰਡ ਵਾਸੀਆਂ ਦੀ ਹਰ ਲੋੜ ਪੂਰੀ ਹੁੰਦੀ ਸੀ ਭਾਵੇਂ ਇਹ ਨਕਦ ਲੈਣਾ ਹੋਵੇ ਹਾਂ ਹੁਧਾਰ। ਦਰਅਸਲ ਉਨ੍ਹਾਂ ਸਮਿਆਂ ਵਿਚ ਜ਼ਿਆਦਾ ਉਧਾਰ ਹੀ ਚੱਲਦਾ ਸੀ। ਦੁਕਾਨ 'ਤੇ ਸੌਦਾ ਲੈਣ ਲਈ ਅਕਸਰ ਹੀ ਕਣਕ, ਮੱਕੀ, ਕਪਾਹ ਆਦਿ ਦੇ ਬਦਲੇ ਵਿਚ ਦੁਕਾਨ ਤੋਂ ਚੀਜ਼ਾਂ ਖਰੀਦੀਆਂ ਜਾਂਦੀਆਂ ਸਨ। ਪਿੰਡ ਵੱਡਾ ਹੋਣ ਕਰਕੇ ਪਿੰਡ ਦੀ ਵਿਚਕਾਰਲੀ ਗ.ਲੀ ਵਿਚ ਚਾਰ-ਪੰਜ ਦੁਕਾਨਾਂ ਵਾਲਾ ਬਾਜ਼ਾਰ ਸੀ ਜਿਥੇ ਹਰ ਵੇਲੇ ਚਹਿਲ-ਪਹਿਲ ਲੱਗੀ ਰਹਿੰਦੀ। ਇਸ ਬਜ਼ਾਰ ਨੁਮਾ ਗ.ਲੀ ਵਿਚ ਚਾਰ ਕੁ ਦੁਕਾਨਾਂ ਦਰਜੀਆਂ ਦੀਆਂ ਵੀ ਸਨ। ਪਿੰਡ ਵਾਸੀਆਂ ਨੂੰ ਕਿਸੇ ਖਾਸ ਮੌਕੇ 'ਤੇ ਹੀ ਸ਼ਹਿਰ ਜਾਣਾ ਪੈਂਦਾ ਸੀ। ਬਾਬਾ ਜੀ ਹੁਰਾਂ ਨੇ ਬਹੁਤ ਸਮਾਂ ਇਹ ਦੁਕਾਨਦਾਰੀ ਕੀਤੀ ਪਰ ਬਾਅਦ ਵਿਚ ਉਨ੍ਹਾਂ ਨੇ ਦੁਕਾਨਦਾਰੀ ਛੱਡ ਕੇ ਖੇਤੀਬਾੜੀ ਕਰਵਾਉਣੀ ਸ਼ੁਰੂ ਕਰ ਦਿਤੀ ਸੀ।

ਬਾਬਾ ਜੀ ਦੇ ਵੱਡੇ ਪਰਿਵਾਰ ਵਿਚ ਤਿੰਨ ਪੁੱਤ ਤੇ ਦੋ ਧੀਆਂ ਸਨ। ਉਨ੍ਹਾਂ ਨੇ ਆਪਣੇ ਪੁੱਤ-ਧੀਆਂ ਨੂੰ ਉਚੇਰੀ ਪੜ੍ਹਾਈ ਕਰਵਾਈ ਕਿਉਂਕਿ ਉਨ੍ਹਾਂ ਦਾ ਮੱਤ ਸੀ ਕਿ ਸਭ ਤੋਂ ਜ਼ਰੂਰੀ ਪੜ੍ਹਾਈ ਹੁੰਦੀ ਜਿਸ ਨਾਲ ਬੰਦਾ ਅਤੇ ਪਰਿਵਾਰ ਤਰੱਕੀ ਕਰ ਸਕਦਾ। ਦਰਅਸਲ ਇਸ ਪਿੱਛੇ ਵੀ ਇਕ ਅਜੇਹੀ ਘਟਨਾ ਜੁੜੀ ਹੋਈ ਹੈ ਜਿਸਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਤਬਦੀਲ ਕੀਤਾ। 'ਕੇਰਾਂ ਉਹ ਤਹਿਸੀਲ ਵਿਚ ਕਿਸੇ ਕੰਮ ਗਏ। ਸਾਰਾ ਦਿਨ ਹੀ ਤਹਿਸੀਲਦਾਰ ਨੇ ਉਨ੍ਹਾਂ ਨੂੰ ਬਿਠਾਈ ਰੱਖਿਆ ਅਤੇ ਉਨ੍ਹਾਂ ਦਾ ਕੰਮ ਨਾ ਕੀਤਾ। ਉਸ ਪਲ ਉਨ੍ਹਾਂ ਨੇ ਮਨ ਵਿਚ ਧਾਰਿਆ ਕਿ ਉਹ ਆਪਣੇ ਬੱਚਿਆਂ ਨੂੰ ਵਧੀਆ ਪੜ੍ਹਾ ਕੇ ਅਫ਼ਸਰ ਬਣਾਉਣਗੇ। ਇਥੋਂ ਤੱਕ ਕਿ ਬਾਬਾ ਜੀ ਨੇ ਤਾਂ ਆਪਣੀਆਂ ਦੋਵੇਂ ਵੱਡੀਆਂ ਨੂੰਹਾਂ ਨੂੰ ਪੜ੍ਹਾਉਣ ਲਈ ਪਿੰਡ ਦੀ ਮਾਸਟਰਨੀ ਨੂੰ ਰੱਖਿਆ ਹੋਇਆ ਸੀ ਜੋ ਹਰ ਸ਼ਾਮ ਘਰ ਆ ਕੇ ਉਨ੍ਹਾਂ ਨੂੰ ਪੜ੍ਹਾਉਂਦੀ ਸੀ। ਉਨ੍ਹਾਂ ਦਾ ਤਰਕ ਸੀ ਕਿ ਪੜ੍ਹੀ-ਲਿਖੀ ਘਰ ਦੀ ਲਾਣੇਦਾਰਨੀ ਪਰਿਵਾਰ ਦੀਆਂ ਤਰਜੀਹਾਂ ਤੇ ਤਕਦੀਰਾਂ ਨੂੰ ਬਦਲ ਸਕਦੀ ਹੈ।

ਉਨ੍ਹਾਂ ਦਾ ਵੱਡਾ ਬੇਟਾ ਸ. ਜੀਵਨ ਸਿੰਘ ਫੌਜ ਵਿਚ ਲੈਫਟੀਨੈਂਟ ਭਰਤੀ ਹੋ ਗਿਆ, ਮੇਜਰ ਬਣ ਕੇ ਰਿਟਾਇਰ ਹੋ ਗਿਆ ਅਤੇ ਖੇਤੀਬਾੜੀ ਵਿਚ ਰੁੱਝ ਗਿਆ। ਨਾਲ ਹੀ ਅਕਾਲੀ ਪਾਰਟੀ ਦੀ ਰਾਜਨੀਤੀ ਵਿਚ ਸਰਗਰਮ ਹੋ ਗਿਆ ਕਿਉਂਕਿ ਉਨ੍ਹਾਂ ਦੇ ਦੋਸਤ ਸ. ਰਘਬੀਰ ਸਿੰਘ ਜੀ ਅਕਾਲੀ ਸਿਆਸਤ ਵਿਚ ਵੱਡੇ ਆਗੂ ਸਨ। ਬਾਅਦ ਵਿਚ ਮੇਜਰ ਜੀਵਨ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ ਪਰ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਦੇਖ ਕੇ ਉਨ੍ਹਾਂ ਦਾ ਫੌਜੀ ਮਨ ਜਲਦੀ ਹੀ ਉਚਾਟ ਹੋ ਗਿਆ। ਮੇਜਰ ਸਾਹਿਬ ਦੀ ਵੱਡੀ ਬੇਟੀ ਜੋ ਬਾਸਕਟ ਬਾਲ ਦੀ ਨੈਸ਼ਨਲ ਖਿਡਾਰਨ ਰਹੀ ਹੈ, ਲੈਫਟੀਨੈਂਟ ਜਨਰਲ ਦੀ ਪਤਨੀ ਹੈ ਜੋ ਅੱਜ-ਕੱਲ੍ਹ ਰਿਟਾਇਰਡ ਜ਼ਿੰਦਗੀ ਦਾ ਆਨੰਦ ਮਾਣ ਰਹੀ ਹੈ। ਬਾਬਾ ਜੀ ਦੀ ਇਹ ਪੋਤੀ ਪੰਜਾਬੀ ਅਤੇ ਹਿੰਦੀ ਦੀ ਸ਼ਾਇਰਾ ਵੀ ਹੈ ਜਿਸਦੇ ਬੱਚੇ ਫ਼ਿਲਮੀ ਜਗਤ ਵਿਚ ਆਪਣੀ ਪਛਾਣ ਸਿਰਜ ਰਹੇ ਹਨ। ਬਾਬਾ ਜੀ ਦਾ ਛੋਟਾ ਬੇਟਾ ਸ. ਹਰੀ ਸਿੰਘ ਭੰਡਾਲ ਵੀ ਫੌਜ ਵਿਚ ਅਫਸਰ ਬਣ ਗਿਆ ਸੀ। ਪਰ ਸ਼ਾਰਟ ਸਰਵਿਸ ਕਮਿਸ਼ਨ ਵਿਚ ਨੌਕਰੀ ਪੂਰੀ ਕਰਨ ਤੋਂ ਬਾਅਦ ਆਈ.ਏ.ਐਸ. ਬਣਿਆ ਅਤੇ ਭਾਰਤ ਸਰਕਾਰ ਦੇ ਰੱਖਿਆ ਵਿਭਾਗ ਵਿਚੋਂ ਪ੍ਰਿੰਸੀਪਲ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਜਿਨ੍ਹਾਂ ਦਾ ਬੇਟਾ ਅੱਜ-ਕੱਲ੍ਹ ਫ਼ੌਜ ਵਿਚ ਲੈਫਟੀਨੈਂਟ ਕਰਨਲ ਹੈ। ਬਾਬਾ ਜੀ ਦੇ ਤੀਜੇ ਬੇਟੇ ਮਾਹਣ ਸਿੰਘ ਦੀ ਮੰਡ ਵਿਚ ਸ਼ਿਕਾਰ ਖੇਡਦਿਆਂ ਗੋਲੀ ਲੱਗਣ ਨਾਲ ਭਰ ਜਵਾਨੀ ਵਿਚ ਅਚਨਚੇਤੀ ਹੋਈ ਮੌਤ ਨੇ ਉਨ੍ਹਾਂ ਨੂੰ ਬਹੁਤ ਉਦਾਸ ਕੀਤਾ ਸੀ। ਪਰ ਉਹ ਜਲਦੀ ਹੀ ਇਸ ਦੁੱਖ ਵਿਚੋਂ ਬਾਹਰ ਨਿਕਲ ਰੱਬ ਦੇ ਭਾਣੇ ਨੂੰ ਮੰਨ ਕੇ ਆਮ ਵਾਂਗ ਲੋਕ ਭਲਾਈ ਦੇ ਕੰਮਾਂ ਵਿਚ ਰੁੱਝ ਗਏ ਸਨ। ਉਨ੍ਹਾਂ ਦੀ ਵੱਡੀ ਬੇਟੀ ਵਿਦੇਸ਼ ਵਿਚ ਰਹਿੰਦੀ ਹੈ ਜਦ ਕਿ ਛੋਟੀ ਬੇਟੀ ਆਈ.ਏ.ਐਫ਼. ਅਫ਼ਸਰ ਨੂੰ ਵਿਆਹੀ ਹੋਈ ਹੈ। ਦਰਅਸਲ ਆਪਣੇ ਬੱਚਿਆਂ ਦੀਆਂ ਤਰੱਕੀਆਂ ਅਤੇ ਪ੍ਰਾਪਤੀਆਂ ਪਿੱਛੇ ਬਾਬਾ ਜੀ ਦੀ ਘਾਲਣਾ, ਉਨ੍ਹਾਂ ਨੂੰ ਯੋਗ ਅਗਵਾਈ ਦੇਣਾ, ਅਸ਼ੀਰਵਾਦ, ਸੁਮੱਤਾਂ ਅਤੇ ਵਿਦਿਆ ਦੇ ਲੜ ਲਾਉਣਾ ਸੀ।

ਜਦ ਉਨ੍ਹਾਂ ਦੇ ਦੋਵੇਂ ਵੱਡੇ ਪੁੱਤ ਵੱਡੇ ਅਫਸਰ ਬਣ ਗਏ ਤਾਂ ਉਨ੍ਹਾਂ ਨੇ ਮੰਡ ਵਿਚ ਬਹੁਤ ਜ਼ਿਆਦਾ ਜ਼ਮੀਨ ਘੱਟ ਮੁੱਲ ਉਤੇ ਖਰੀਦ ਲਈ। ਇਸਨੂੰ ਵਾਹੀ ਯੋਗ ਬਣਾਉਣ ਲਈ ਸਾਡੇ ਪਿੰਡ ਵਿਚ ਪਹਿਲਾਂ ਹਿੰਦੁਸਤਾਨ ਟਰੈਕਟਰ ਬਾਬਾ ਜੀ ਦੇ ਪਰਿਵਾਰ ਨੇ ਹੀ ਖਰੀਦਿਆ ਸੀ। ਮੰਡ ਦੀ ਬਹੁਤ ਹੀ ਉਪਜਾਊ ਜ਼ਮੀਨ ਨੇ ਬਾਬਾ ਜੀ ਦੇ ਪਰਿਵਾਰ ਸਮੇਤ ਸਾਡੇ ਪਿੰਡ ਵਾਸੀਆਂ ਨੂੰ ਬਹੁਤ ਅਮੀਰ ਕੀਤਾ। ਬਾਬਾ ਜੀ ਨੇ ਕੁਝ ਸਮਾਂ ਤਾਂ ਆਪ ਖੇਤੀ ਕਰਵਾਈ ਪਰ ਜਲਦੀ ਉਨ੍ਹਾਂ ਦਾ ਵੱਡਾ ਬੇਟਾ ਆਰਮੀ ਵਿਚੋਂ ਰਿਟਾਇਰ ਹੋ ਕੇ ਆ ਗਿਆ। ਫਿਰ ਬਾਬਾ ਜੀ ਨੇ ਪਿੰਡ ਦੇ ਅੱਡੇ 'ਤੇ ਆੜਤ ਦੀ ਦੁਕਾਨ ਖੋਲ੍ਹ ਲਈ ਜਿਥੇ ਜ਼ਿਮੀਂਦਾਰਾਂ ਦੀਆਂ ਲੋੜਾਂ ਦਾ ਸਮਾਨ ਵੀ ਮਿਲਦਾ ਸੀ ਅਤੇ ਆੜਤ ਵੀ ਕਰਦੇ ਸਨ।

ਬਾਬਾ ਜੀ ਦੀ ਆਕਰਸ਼ਤ ਸ਼ਖ਼ਸ਼ੀਅਤ ਦਾ ਕਮਾਲ ਸੀ ਕਿ ਜਦ ਉਹ ਕਿਸੇ ਕਾਲਜ ਜਾਂ ਸਕੂਲ ਪੜ੍ਹਦੇ ਬੱਚੇ ਨੂੰ ਮਿਲਦੇ ਤਾਂ ਉਸਨੂੰ ਉਸਦੀ ਪੜ੍ਹਾਈ ਬਾਰੇ ਪੁੱਛਦੇ। ਹੋਰ ਉਚੇਰੀ ਪੜ੍ਹਾਈ ਲਈ ਪ੍ਰੇਰਤ ਕਰਦੇ ਅਤੇ ਜੀਵਨ ਵਿਚ ਉਚੀਆਂ ਮੰਜ਼ਲਾਂ ਸਰ ਕਰਨ ਲਈ ਉਤਸ਼ਾਹਿਤ ਕਰਦੇ। ਮੈਨੂੰ ਯਾਦ ਹੈ ਕਿ ਜਦ ਵੀ ਮੈਨੂੰ ਮਿਲਣਾ, ਬਾਬਾ ਜੀ ਨੇ ਪੁੱਛਣਾ ਕਿ ਕਿਹੜੀ ਜਮਾਤ ਵਿਚ ਪੜ੍ਹਦਾਂ, ਕਿੰਨੇ ਨੰਬਰ ਆਉਂਦੇ ਅਤੇ ਅੱਗੋਂ ਕਿਥੇ ਪੜ੍ਹਾਈ ਕਰਨੀ? ਆਖਣਾ ਕਿ ਤੇਰਾ ਪਿਉ ਚੰਨਣ ਸੂੰਹ ਬਹੁਤ ਸਿਰੜੀ, ਤਕੜਾ ਅਤੇ ਮਿਹਨਤੀ ਹੈ। ਚੇਤੇ ਰੱਖ ਕਿ ਤੂੰ ਉਸਦੀ ਮਿਹਨਤ ਦਾ ਮੁੱਲ ਪਾਉਣਾ। ਮਨ ਲਾ ਕੇ ਪੜ੍ਹਿਆ ਕਰ। ਉਨ੍ਹਾਂ ਦੇ ਉਪਦੇਸ਼ਾਂ ਦਾ ਅਜੇਹਾ ਅਸਰ ਸੀ ਕਿ ਹਰ ਬੱਚਾ ਉਨ੍ਹਾਂ ਦੇ ਨਿਰਮਲ ਭੈਅ ਕਾਰਨ ਆਪਣੇ ਆਪ ਨੂੰ ਕਿਸੇ ਟੀਚੇ ਦੀ ਪ੍ਰਾਪਤੀ ਲਈ ਤਨੋਂ-ਮਨੋਂ ਅਰਪਿਤ ਹੋ ਜਾਂਦਾ ਸੀ।

ਬਾਬਾ ਜੀ ਪਿੰਡ ਦੇ ਹਰ ਕੰਮ ਵਿਚ ਮੋਹਰੀ ਹੁੰਦੇ ਸਨ। ਪਿੰਡ ਵਾਲੇ ਜਾਂ ਪੰਚਾਇਤ ਹਰ ਕੰਮ ਵਿਚ ਉਨ੍ਹਾਂ ਦੀ ਸਲਾਹ ਜ਼ਰੂਰ ਲੈਂਦੇ। ਪਿੰਡ ਵਾਲਿਆਂ ਨੇ ਕਈ ਵਾਰ ਕੋਸ਼ਿਸ਼ ਕੀਤੀ ਕਿ ਸਰਬਸੰਮਤੀ ਨਾਲ ਉਨ੍ਹਾਂ ਨੂੰ ਸਰਪੰਚ ਬਣਾਇਆ ਜਾਵੇ ਪਰ ਹਰ ਵਾਰ ਉਹ ਨਾਂਹ ਕਰ ਦਿੰਦੇ, ਉਂਜ ਹਰ ਕੰਮ ਵਿਚ ਉਨ੍ਹਾਂ ਦਾ ਪੂਰਨ ਸਹਿਯੋਗ ਹੁੰਦਾ। ਕਮਾਲ ਦੀ ਗੱਲ ਤਾਂ ਇਹ ਸੀ ਕਿ ਆਪਣੇ ਪੁੱਤਰਾਂ ਦੇ ਸ਼ਹਿਰਾਂ ਵਿਚ ਰਹਿੰਦਿਆਂ ਵੀ, ਉਹ ਸਾਰੀ ਉਮਰ ਆਪਣੀ ਪਤਨੀ ਨਾਲ ਪਿੰਡ ਵਿਚ ਹੀ ਰਹੇ ਕਿਉਂਕਿ ਉਨ੍ਹਾਂ ਦੀ ਰੂਹ ਪਿੰਡ ਦੀ ਫਿਜ਼ਾ ਵਿਚ ਵੱਸਦੀ ਸੀ।

ਇਹ ਬਾਬਾ ਜੀ ਦੀ ਸ਼ਖ਼ਸੀਅਤ ਦਾ ਹੀ ਜਲੌਅ ਸੀ ਕਿ ਪਿੰਡ ਦੇ ਕੁਝ ਬਦਮਾਸ਼ ਨੁਮਾ ਲੋਕ ਵੀ ਉਨ੍ਹਾਂ ਸਾਹਵੇਂ ਅੱਖ ਉਚੀ ਨਹੀਂ ਸੀ ਕਰਦੇ ਸਗੋਂ ਪੂਰਨ ਅਦਬ ਨਾਲ ਉਨ੍ਹਾਂ ਦਾ ਆਖਾ ਮੰਨਣਾ ਆਪਣਾ ਧਰਮ ਸਮਝਦੇ ਸਨ। ਖਾੜਕੂ ਦੌਰ ਵਿਚ ਪਿੰਡ ਦੇ ਕੁਝ ਨੌਜਵਾਨ ਇਸ ਲਹਿਰ ਨਾਲ ਜੁੜੇ ਹੋਏ ਸਨ ਪਰ ਬਾਬਾ ਜੀ ਦੀ ਮਨੋਂ ਇਜ਼ਤ ਕਰਦੇ। ਉਹ ਆਲੇ-ਦੁਆਲੇ ਦੇ ਪਿੰਡਾਂ ਵਿਚ ਕੁਝ ਵੀ ਅਜੇਹਾ ਕਰਨ ਤੋਂ ਗੁਰੇਜ਼ ਕਰਦੇ ਜਿਸ ਤੋਂ ਬਾਬਾ ਜੀ ਸਾਹਵੇਂ ਸ਼ਰਮਿੰਦਗੀ ਹੰਢਾਉਣੀ ਪਵੇ।

ਬਾਬਾ ਜੀ ਦਾ ਰੋਅਬ ਅਤੇ ਉਨ੍ਹਾਂ ਦੀ ਹਰ ਅਫਸਰ ਸਾਹਵੇਂ ਸੱਚ ਬੋਲਣ ਦੀ ਜੁਰਅਤ ਬਹੁਤ ਸੀ। ਹਰ ਅਫਸਰ ਉਨ੍ਹਾਂ ਦੀ ਗੱ.ਲ ਨੂੰ ਸੱਚ ਮੰਨਦਾ ਸੀ। ਬਾਬਾ ਜੀ ਦੀ ਇਹ ਫ਼ਿਤਰਤ ਸੀ ਕਿ ਉਹ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਤੋਂ ਕਦੇ ਵੀ ਉਕਦੇ ਨਹੀਂ ਸਨ। ਭਾਵੇਂ ਕੋਈ ਕਿੰਨਾ ਵੀ ਵੱਡਾ ਅਫ਼ਸਰ ਜਾਂ ਵਿਅਕਤੀ ਹੋਵੇ, ਉਨ੍ਹਾਂ ਦੀ ਗੱਲ ਨਾਲ ਖੁਸ਼ ਹੋਵੇ ਜਾਂ ਨਾਰਾਜ਼ ਹੋਵੇ। 'ਕੇਰਾਂ ਮੰਡ ਵਿਚ ਸਾਡੇ ਖੇਤਾਂ ਵਿਚ ਇਕ ਵਿਅਕਤੀ ਦੀ ਜ਼ਿਆਦਾ ਸ਼ਰਾਬ ਪੀਣ ਕਾਰਨ ਮੌਤ ਹੋ ਗਈ। ਮ੍ਰਿਤਕ ਦਾ ਭਰਾ ਜਿਹੜਾ ਪੁਲੀਸ ਦਾ ਮੁਖਬਰ ਵੀ ਸੀ, ਉਸਨੇ ਥਾਣੇ ਵਿਚ ਮੇਰੇ ਛੋਟੇ ਭਰਾ ਦੇ ਵਿਰੁੱਧ ਕਤਲ ਦੀ ਝੂਠੀ ਸ਼ਿਕਾਇਤ ਕਰ ਦਿਤੀ ਕਿ ਉਸਨੇ ਮੇਰਾ ਭਰਾ ਮਾਰਿਆ ਹੈ। ਪੁਲੀਸ ਵਾਲੇ ਬਹੁਤ ਜ਼ਿਆਦਾ ਪਰੇਸ਼ਾਨ ਕਰਨ ਲੱਗੇ। ਅਸੀਂ ਬਾਬਾ ਜੀ ਨੂੰ ਦੱਸਿਆ ਤਾਂ ਉਹ ਕਹਿਣ ਲੱਗੇ ਕਿ ਮੈਂ ਤਾਂ ਤੁਹਾਡੇ ਭਰਾ ਨੂੰ ਚੰਗੀ ਤਰ੍ਹਾਂ ਜਾਣਦਾਂ। ਇਹ ਤਾਂ ਅਜੇਹਾ ਕਰਨ ਬਾਰੇ ਸੋਚ ਹੀ ਨਹੀਂ ਸਕਦਾ। ਉਹ ਪੰਚਾਇਤ ਨਾਲ ਠਾਣੇ ਗਏ ਅਤੇ ਥਾਣੇਦਾਰ ਨੂੰ ਕਿਹਾ ਕਿ ਇਸਦੀ ਜ਼ਮਾਨਤ ਅਤੇ ਗਵਾਹੀ ਮੈਂ ਦਿੰਦਾ ਹਾਂ। ਇਹ ਕਦੇ ਵੀ ਕਿਸੇ ਦਾ ਕਤਲ ਨਹੀਂ ਕਰ ਸਕਦਾ। ਇਹ ਸਭ ਮ੍ਰਿਤਕ ਦੇ ਭਰਾ ਨੇ ਝੂਠੀ ਕਹਾਣੀ ਘੜੀ ਹੈ ਤਾਂ ਕਿ ਇਸ ਪਰਿਵਾਰ ਨੂੰ ਪ੍ਰੇਸ਼ਾਨ ਕਰ ਸਕੇ ਅਤੇ ਪੈਸੇ ਲੈ ਕੇ ਸਮਝੌਤਾ ਕਰੇ। ਇਸਨੂੰ ਛੱਡ ਦਿਓ ਅਤੇ ਜਦ ਵੀ ਲੋੜ ਹੋਈ ਇਸ ਮੁੰਡੇ ਨੂੰ ਮੈਂ ਲੈ ਕੇ ਆਵਾਂਗਾ। ਠਾਣੇਦਾਰ ਨੂੰ ਸੱਚ ਤਾਂ ਪਤਾ ਹੀ ਸੀ ਉਹ ਤਾਂ ਸਿਰਫ਼ ਪੈਸੇ ਲੈ ਕੇ ਹੀ ਛੱਡਣਾ ਚਾਹੁੰਦਾ ਸੀ। ਪਰ ਬਾਬਾ ਜੀ ਦੀ ਬਦੌਲਤ ਉਸਨੂੰ ਮੇਰਾ ਭਰਾ ਉਸ ਵੇਲੇ ਹੀ ਛੱਡਣਾ ਪਿਆ। ਬਾਅਦ ਵਿਚ ਕੁਝ ਵੀ ਨਹੀਂ ਹੋਇਆ ਕਿਉਂਕਿ ਇਹ ਸਭ ਕੁਝ ਮਨਘੜਤ ਕਹਾਣੀ ਹੀ ਬਣਾਈ ਗਈ ਸੀ।

ਬਾਬਾ ਜੀ ਜਦ ਬਜ਼ੁਰਗ ਹੋ ਗਏ ਤਾਂ ਬੱਸ ਅੱਡੇ 'ਤੇ ਚੁਬਾਰੇ ਵਿਚ ਆਪਣੀ ਪਤਨੀ ਨਾਲ ਰਹਿੰਦੇ ਸਨ ਕਿਉਂਕਿ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ ਕਿ ਪਿੰਡ ਛੱਡ ਕੇ ਆਪਣੇ ਪੁੱਤਾਂ ਨਾਲ ਸ਼ਹਿਰ ਵਿਚ ਜਾ ਕੇ ਰਹਿਣ। ਬਹੁਤ ਹੀ ਸਧਾਰਨ ਜੀਵਨ ਜਿਉਣ ਵਾਲੇ ਅਤੇ ਸਧਾਰਨਤਾ ਵਿਚ ਖਾਸ ਸ਼ਖ਼ਸੀਅਤ ਬਣ ਕੇ ਪਰਿਵਾਰ, ਪਿੰਡ ਅਤੇ ਸਮਾਜ ਦਾ ਨਾਮ ਰੌਸ਼ਨ ਕਰਨ ਵਾਲੇ ਬਾਬਾ ਜੀ ਨੂੰ ਪਿੰਡ ਵਿਚ ਰਹਿੰਦੇ ਸਾਰੇ ਪਰਿਵਾਰਾਂ ਨਾਲ ਅੰਤਾਂ ਦਾ ਮੋਹ ਸੀ। ਇਸ ਮੋਹਵੰਤੇ ਰਿਸ਼ਤੇ ਨੂੰ ਨਿਭਾਉਂਦਿਆਂ ਆਪਣਾ ਆਖਰੀ ਸਾਹ ਵੀ ਪਿੰਡ ਵਿਚ ਹੀ ਲਿਆ। ਉਨ੍ਹਾਂ ਦੀ ਵਿਰਾਸਤ ਨੂੰ ਉਨ੍ਹਾਂ ਦੇ ਪੁੱਤਰਾਂ ਨੇ ਹੋਰ ਵਡੇਰਾ ਕੀਤਾ। ਬਾਬਾ ਜੀ ਦਾ ਬਹੁਤ ਵੱਡਾ ਪਰਿਵਾਰ ਹੁਣ ਦੇਸ਼ਾਂ-ਵਿਦੇਸ਼ਾਂ ਅਤੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਫੈਲਿਆ, ਉਨ੍ਹਾਂ ਦੀ ਮਾਣਮੱਤੀ ਵਿਰਾਸਤ ਨੂੰ ਅੱਗੇ ਤੋਰ ਰਿਹਾ ਹੈ।

ਦਰਅਸਲ ਪਿੰਡਾਂ ਵਿਚ ਰੱਬ ਵੱਸਣ ਦੀ ਕਹਾਵਤ ਦਾ ਸੱਚ ਵੀ ਅਜੇਹੀਆਂ ਰੱਬ ਵਰਗੀਆਂ ਹਸਤੀਆਂ ਹੀ ਹੁੰਦੀਆਂ ਕਿਉਂਕਿ ਅਜੇਹੇ ਲੋਕ ਵਰਣਾਂ, ਜਾਤਾਂ, ਵੰਡਾਂ ਜਾਂ ਨਿੱਜੀ ਰੰਜਸ਼ਾਂ/ਦੁਸ਼ਮਣੀਆਂ ਤੋਂ ਉਪਰ ਉਠ ਕੇ ਸਮੁੱਚੇ ਸਮਾਜ ਨੂੰ ਸੁੰਦਰ ਬਣਾਉਣ ਲਈ ਆਪਣੇ ਆਪ ਨੂੰ ਅਰਪਿਤ ਕਰਦੇ। ਬਾਬਾ ਜੀ ਉਸ ਦੌਰ ਦੇ ਲੋਕਾਂ ਦੇ ਮਨਾਂ ਵਿਚ ਸਦਾ ਵੱਸਦੇ ਰਹਿਣਗੇ ਜਿਨ੍ਹਾਂ ਦੀਆਂ ਜ਼ਿੰਦਗੀ ਨੂੰ ਉਨ੍ਹਾਂ ਨੇ ਸੁਚੱਜੇ ਰੂਪ ਵਿਚ ਪ੍ਰਭਾਵਤ ਕਰਕੇ, ਪਰਿਵਾਰ ਅਤੇ ਪਿੰਡ ਨੂੰ ਰੌਸ਼ਨ ਕਰਨ ਦਾ ਸਿਹਰਾ ਬੱਝਿਆ ਸੀ। ਬਾਬਾ ਜੀ ਦੀ ਨਿੱਘੀ ਯਾਦ ਅਤੇ ਉਨ੍ਹਾਂ ਦੀ ਨਿਰਸੁਆਰਥ ਦੇਣ ਨੂੰ ਸਿਜਦਾ ਜਿਸਦੀ ਬਦੌਲਤ ਮੈਨੂੰ ਵੀ ਆਪਣੀ ਜ਼ਿੰਦਗੀ ਦੀਆਂ ਰੌਸ਼ਨ ਰਾਹਾਂ ਦਾ ਸਿਰਨਾਵਾਂ ਮਿਲਿਆ ਸੀ।

---

## ਫੈਸ਼ਨ ਪੱਟੀਏ !

ਸੁਣ ਫੈਸ਼ਨ ਦੀ ਪੱਟੀਏ ਕੁੜੀਏ!
ਆਖਦੇ ਤੈਨੂੰ ਕਿਸਮਤ ਥੁੜ੍ਹੀਏ।
ਬੈਠ ਕੋ.ਲ ਇੱਕ ਗੱਲ ਸਮਝਾਵਾਂ,
ਹੌ.ਲੀ ਹੌ.ਲੀ ਤੇਰੇ ਖਾਨੇ ਪਾਵਾਂ।

ਅੱਧ ਕੱਜੇ ਤਨ ਨੂੰ ਫੈਸ਼ਨ ਜਾਣੇ,
ਆਖ ਅਜ਼ਾਦੀ ਤੂੰ ਇਹਨੂੰ ਮਾਣੇ।
ਜੇ ਆਪਣਾ ਇੰਝ ਕਰਨ ਤੋਂ ਰੋਕੇ ,
ਝੱਟ ਪੱਟ ਜ਼ੁਬਾਨ ਲੜਾ ਕੇ ਟੋਕੇਂ।

ਕੀ ਇਹ ਪਾ ਹੋਈ ਵੱਡੀ ਹਸਤੀ,
ਜਾਂ ਮਿਲਦੀ ਹੈ ਸ਼ੌਹਰਤ ਸਸਤੀ?
ਮੱਤ ਵਿਚ ਕੀਂਕਣ ਹੋਏ ਸੁਧਾਰ,
ਕਿੰਨੀ ਕੁ ਉੱਚੀ ਮਾਰੀ ਉਡਾਰ?

ਕਿਉਂ ਚਾਹਵੇਂ ਤੂੰ ਅੰਗ ਦਿਖਾਣੇ,
ਵਿਚ ਬਜ਼ਾਰ ਕੀ ਵਿੱਕਰੀ ਲਾਣੇ?
ਸ਼ਰਮ ਹਯਾ ਦੇ ਟੱਪੇਂ ਹੱਦ ਬੰਨੇ,
ਛੱਡ ਪਿੱਛੇ ਅਮੀਰ ਵਿਰਸਾ ਫੰਨੇ?

ਕਿੰਨੇ ਮਿਲ ਗਏ ਤੈਨੂੰ ਹੱਕ ਵਾਧੂ,
ਕੀ ਖੱਟਿਆ ਕੀ ਮਿਲਿਆ ਵਾਧੂ?
ਕੀ ਜੀਣ ਦੀ ਚਾਹ ਹੋਈ ਸੁਖਾ.ਲੀ,
ਜਾਂ ਤੇਰੀ ਪੱਤ ਦੀ ਹੋਈ ਰਖਵਾਲੀ?

ਦੇਖ ਕੁਦਰਤ ਫਿਰੇ ਸਾਰੀ ਨੰਗੀ,
ਤਨ ਢੱਕਣ ਨੂੰ ਕਿਉਂ ਮੰਨੇ ਤੰਗੀ?
ਕਦੇ ਬੈਠ ਕੇ ਸੋਚ ਵਿਚਾਰ ਕੁੜੇ,
ਕਿਤੇ ਅਕਲਾਂ ਨੂੰ ਹੱਥ ਮਾਰ ਕੁੜੇ।

ਚੰਡੀ, ਦੁਰਗਾ, ਮਾਈ ਭਾਗੋ ਨੀਂ ਤੂੰ,
ਜੱਗ ਜਣਨੀ ਭਰੀ ਭਾਗੋ ਨੀਂ ਤੂੰ।
ਪਵਿੱਤਰ ਕੰਚਨ ਕਾਇਆ ਤੇਰੀ,
ਅਜਬ ਪ੍ਰਭੂ ਦੀ ਮਾਇਆ ਢੇਰੀ।

ਤੂੰ ਹੁਸਨ ਸ਼ਬਾਬ ਦੀ ਪਟਰਾਣੀ,
ਜੱਗ ਸੁਹੱਪਣ ਦਾ ਭਰਦਾ ਪਾਣੀ।
ਸਾਥ ਤੇਰੇ ਬਿਨ ਹੈ ਜੱਗ ਅਧੂਰਾ,
ਸੁਪਨਾ ਜੀਣ ਦਾ ਨਾ ਹੋਵੇ ਪੂਰਾ।

ਮਹਾਂਭਾਰਤ ਦੇ ਜੰਗ ਦੀ ਨਾਇਕਾ,
ਤੇਰੇ ਬਿਨ ਨਾ ਕਥਾ 'ਚ ਜ਼ਾਇਕਾ।
ਰਾਮ ਦੇ ਸੰਗ ਤੂੰ ਸੀਤਾ ਬਨਵਾਸੀ,
ਸ਼ੁੱਧ ਹਿਰਦਾ ਰਹੀ ਬਣ ਕੇ ਦਾਸੀ।

ਜਨਮੇ ਸੂਰਬੀਰ ਪੀਰ ਸਭ ਰਾਜੇ,
ਮਹਾਂਬਲੀ ਗੁਰੂ ਫਕੀਰ ਤੂੰ ਸਾਜੇ।
ਮਾਂ ਧੀ ਭੈਣ ਜਿਹਾ ਰਿਸ਼ਤਾ ਪਾਵੇਂ,
ਪਰਿਵਾਰ ਨੂੰ ਤੂੰ ਬਹਿਸ਼ਤ ਬਣਾਵੇਂ।

ਫਿਰ ਕਿਉਂ ਬਣੇ ਤੂੰ ਚੀਜ਼ ਬਜ਼ਾਰੂ,
ਕਿਉਂ ਭਾਵਨਾ ਇਹ ਤੇਰੇ 'ਤੇ ਭਾਰੂ?
ਰੱਖ ਖੁਲ੍ਹੇ ਵਿਚਾਰ ਮਾਣ ਅਜ਼ਾਦੀ,
ਪਰ ਪੁਸ਼ਾਕ ਨਾ ਬਣੇ ਬਰਬਾਦੀ।

ਅਜ਼ਾਦੀ ਦਾ ਬਣ ਜਾਵਾਂ ਜ਼ਾਮਨ,
ਕੋਈ ਦੁੱਖ ਨਾ ਤੇਰੇ ਨੇੜੇ ਆਵਣ।
ਜੀਅ ਕਰੇ ਤੂੰ ਉੱਚੀ ਕਰੇਂ ਪੜ੍ਹਾਈ,
ਜੱਗ 'ਤੇ ਸਦਾ ਰਹੇ ਤੇਰੀ ਚੜ੍ਹਾਈ !

***-ਸੇਵਾ ਸਿੰਘ 'ਨੂਰਪੁਰੀ'***

---

## ਧਰਤੀ ਦਾ ਸਵਰਗ - ਕੈਨੇਡਾ

ਸੱਤ ਸਮੁੰਦਰ ਪਾਰ ਆ ਗਏ
ਸੁਪਨਿਆਂ ਦਾ ਸੰਸਾਰ ਲੈ ਕੇ,
ਹਰ ਸੁਪਨਾ ਹੁਣ ਸਿਰੇ ਚੜਨਾ
ਵਾਹਿਗੁਰੂ ਨਾਂ ਰੋਜ਼ਾਨਾ ਲੈ ਕੇ

ਧਰਤੀ ਦਾ ਸਵਰਗ - ਕੈਨੇਡਾ
ਹਰ ਇੱਕ ਦੇ ਮੰਨ ਦੀ ਖੁਆਇਸ਼,
ਸਭ ਕੁੱਝ ਆ ਕੇ ਏਥੇ ਮਿਲਿਆ
ਤਾਈਓਂ ਤੇ ਹਰ ਇੱਕ ਦੀ ਚੌਇਸ

ਤਾਜ਼ੀ ਹਵਾ ਤੇ ਖੂਬਸੂਰਤ ਵਾਦੀਆਂ
ਉੱਤੋਂ ਹਰਿਆਵਲ ਵੀ ਬਥੇਰੀ,
ਜ਼ਿੰਦਗੀ ਜੀਉਣ ਦਾ ਸਵਾਦ ਆਉਂਦਾ
ਕੈਨੇਡਾ ਬਦਲੂ ਤਕਦੀਰ ਤੇਰੀ


ਵੰਨ-ਸੁਵੰਨੇ ਰੰਗਾਂ ਨਾਲ ਭਰਿਆ
ਪੱਤਝੜ ਦਾ ਇਹ ਮੌਸਮ,
ਗਲੀਆਂ, ਘਰ ਦੂਰੋਂ ਮੰਨ ਭਾਉਂਦੇ
ਲੱਗਦੇ ਦੂਰੋਂ ਸਭ ਓਸਮ

ਢਿੱਲੋਂ, ਖੁਸ਼ੀਆਂ ਨੂੰ ਹੰਢਾਉਂਦੇ ਹੋਏ
ਇਸ ਧਰਤੀ ਦੇ ਹਰ ਘਰ 'ਚ ਦੇਖੇ,
ਸਦਾ ਵੱਸਦਾ ਰਹੇ ਸਾਡਾ ਓ ਕੈਨੇਡਾ
ਮਾੜੀ ਨਜ਼ਰ ਨਾਲ ਕੋਈ ਨਾ ਦੇਖੇ॥

***-ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)***

# ਆਵਾਜ਼ਾਂ ਦਬਾ ਕੇ ਜ਼ਮੀਰ ਨੂੰ ਖ਼ਾਮੋਸ਼ ਨਹੀਂ ਕੀਤਾ ਜਾ ਸਕਦਾ!

ਮੈਂ ਤਿੰਨ ਮਹੀਨੇ ਤੋਂ ਕੁਝ ਨਹੀਂ ਲਿਖਿਆ। ਪਰਿਵਾਰ ਵਿਚ ਵੱਡੇ ਭਾਈ ਸਾਹਿਬ ਸ. ਮਨਜੀਤ ਸਿੰਘ ਅਕਾਲ ਚਲਾਣਾ ਕਰ ਗਏ ਸੀ। ਫਿਰ ਮੇਰੇ ਪਤਨੀ ਦੇ ਇੱਕ ਹਾਦਸੇ ਵਿਚ ਚੋਟ ਲੱਗ ਗਈ ਜੋ ਅਜੇ ਵੀ ਠੀਕ ਨਹੀਂ, ਅਜੇ ਡੇਢ ਮਹੀਨਾ ਹੋਰ ਲੱਗੇਗਾ ਠੀਕ ਹੋਣ ਨੂੰ। ਇਸ ਦੌਰਾਨ ਮੈਂ ਕੁਝ ਨਹੀਂ ਲਿਖਿਆ ਪਰ ਇਹ ਜੋ ਦਿਲਜੀਤ ਵੀਰੇ ਦੀ ਫਿਲਮ 'ਪੰਜਾਬ 95' ਨਵੇਂ ਨਾਮ 'ਸਤਲੁਜ' ਅਧੀਨ ਜ਼ੀ5 'ਤੇ ਰਿਲੀਜ਼ ਹੋਈ ਸੀ ਤੇ



**ਅਮਰੀਕ ਸਿੰਘ ਸ਼ਿਕਾਗੋ**
**ਯੂ.ਐੱਸ.ਏ.**

ਇੱਕ ਦਿਨ ਬਾਅਦ ਫਿਰ ਰੋਕ ਦਿੱਤੀ, ਉਸ ਬਾਰੇ ਲਿਖਣ ਤੋਂ ਕਲਮ ਰੁਕ ਨਹੀਂ ਸਕੀ...।

ਇਸ ਫਿਲਮ ਤੋਂ ਇੰਨਾ ਡਰ ਕਿਉਂ?

ਜੇ 'ਪੰਜਾਬ 95' ਜਾਂ 'ਸਤਲੁਜ' ਸਿਰਫ਼ ਇੱਕ ਫ਼ਿਲਮ ਸੀ, ਤਾਂ ਫਿਰ ਉਸ ਨੂੰ ਦੁਨੀਆ ਤੱਕ ਪਹੁੰਚਣ ਤੋਂ ਕਿਉਂ ਰੋਕਿਆ ਗਿਆ? ਆਖ਼ਰ ਕਿਸ ਗੱਲ ਦਾ ਡਰ ਸੀ? ਸੱਚ ਦਾ... ਜਾਂ ਉਨ੍ਹਾਂ ਸਵਾਲਾਂ ਦਾ, ਜਿਨ੍ਹਾਂ ਦੇ ਜਵਾਬ ਅੱਜ ਤੱਕ ਨਹੀਂ ਮਿਲੇ? ਜਦੋਂ ਕੋਈ ਸਰਕਾਰ ਜਾਂ ਪ੍ਰਬੰਧ ਇੱਕ ਕਹਾਣੀ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਦਾ ਹੈ, ਤਾਂ ਉਹ ਆਪਣੇ ਆਪ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਲੈਂਦਾ ਹੈ। ਕਿਉਂਕਿ ਸੱਚ ਨੂੰ ਪਾਬੰਦੀਆਂ ਦੀ ਲੋੜ ਨਹੀਂ ਹੁੰਦੀ, ਪਾਬੰਦੀਆਂ ਤਾਂ ਅਕਸਰ ਸੱਚ ਤੋਂ ਡਰਨ ਵਾਲੇ ਲਗਾਉਂਦੇ ਹਨ। ਅਸੀਂ ਅੱਜ ਵੀ ਪੁੱਛਦੇ ਹਾਂ—

ਉਹ ਹਜ਼ਾਰਾਂ ਬੇਕਸੂਰ ਨੌਜਵਾਨ ਕੌਣ ਸਨ ਜੋ ਆਪਣੀਆਂ ਮਾਵਾਂ ਦੀਆਂ ਅੱਖਾਂ ਦਾ ਨੂਰ ਸਨ, ਪਰ ਜਿਨ੍ਹਾਂ ਦੀਆਂ ਲਾਸ਼ਾਂ ਹੀ ਵਾਪਸ ਆਈਆਂ ਜਾਂ ਜੋ ਕਦੇ ਘਰ ਮੁੜੇ ਹੀ ਨਹੀਂ?

ਉਹ ਮਾਵਾਂ ਅੱਜ ਤੱਕ ਕਿਸ ਜੁਰਮ ਦੀ ਸਜ਼ਾ ਭੁਗਤ ਰਹੀਆਂ ਹਨ?


ਉਹ ਪਿਤਾ ਕਿਸ ਅਦਾਲਤ ਵਿਚ ਇਨਸਾਫ਼ ਮੰਗਣ ਜਾਣ?

ਉਹ ਬੱਚੇ, ਜੋ ਆਪਣੇ ਪਿਤਾ ਦੀ ਉਂਗਲ ਫੜ ਕੇ ਤੁਰਨਾ ਚਾਹੁੰਦੇ ਸਨ, ਉਨ੍ਹਾਂ ਦਾ ਕਸੂਰ ਕੀ ਸੀ? ਜੇ ਕਿਸੇ ਨੇ ਕਾਨੂੰਨ ਤੋੜਿਆ ਸੀ ਤਾਂ ਉਸ ਨੂੰ ਅਦਾਲਤ ਵਿਚ ਪੇਸ਼ ਕਰਨਾ ਚਾਹੀਦਾ ਸੀ। ਪਰ ਜੇ ਬੇਗੁਨਾਹ ਵੀ ਮਾਰੇ ਗਏ, ਤਾਂ ਉਨ੍ਹਾਂ ਲਈ ਨਿਆਂ ਕਦੋਂ ਹੋਵੇਗਾ? ਇਹ ਸਵਾਲ ਇਤਿਹਾਸ ਦੇ ਸਫ਼ਿਆਂ 'ਤੇ ਅੱਜ ਵੀ ਦਰਜ ਹਨ।

ਸਾਨੂੰ ਇਹ ਨਾ ਕਹੋ ਕਿ ਭੁੱਲ ਜਾਓ। ਜ਼ਖ਼ਮ ਉਹੀ ਭੁੱਲਦਾ ਹੈ ਜਿਸ ਨੂੰ ਦਰਦ ਨਾ ਹੋਇਆ ਹੋਵੇ। ਜਿਨ੍ਹਾਂ ਦੇ ਘਰਾਂ ਦੇ ਚਿਰਾਗ ਬੁੱਝ ਗਏ, ਉਨ੍ਹਾਂ ਲਈ ਹਰ ਦਿਨ ਉਹੀ ਇਤਿਹਾਸ ਦੁਬਾਰਾ ਜਿਉਂਦਾ ਹੋ ਜਾਂਦਾ ਹੈ।

ਫ਼ਿਲਮਾਂ 'ਤੇ ਪਾਬੰਦੀ ਲਗਾ ਕੇ ਇਤਿਹਾਸ ਨਹੀਂ ਬਦਲਿਆ ਜਾ ਸਕਦਾ। ਕਿਤਾਬਾਂ ਰੋਕ ਕੇ ਸੱਚ ਨਹੀਂ ਮਿਟਾਇਆ ਜਾ ਸਕਦਾ।

ਆਵਾਜ਼ਾਂ ਦਬਾ ਕੇ ਜ਼ਮੀਰ ਨੂੰ ਖ਼ਾਮੋਸ਼ ਨਹੀਂ ਕੀਤਾ ਜਾ ਸਕਦਾ।



ਅਸੀਂ ਕਿਸੇ ਨਾਲ ਨਫ਼ਰਤ ਨਹੀਂ ਕਰਦੇ, ਪਰ ਅਸੀਂ ਨਿਆਂ ਮੰਗਣ ਦਾ ਹੱਕ ਕਦੇ ਨਹੀਂ ਛੱਡਾਂਗੇ। ਸਾਡੀ ਮੰਗ ਬਦਲੇ ਦੀ ਨਹੀਂ, ਸੱਚ ਦੀ ਹੈ। ਸਾਡੀ ਲੜਾਈ ਕਿਸੇ ਕੌਮ ਨਾਲ ਨਹੀਂ, ਸਗੋਂ ਹਰ ਉਸ ਜ਼ੁਲਮ ਦੇ ਵਿਰੁੱਧ ਹੈ ਜਿਸ ਨੇ ਬੇਗੁਨਾਹਾਂ ਦੀਆਂ ਜਾਨਾਂ ਲਈਆਂ ਅਤੇ ਹਜ਼ਾਰਾਂ ਪਰਿਵਾਰਾਂ ਨੂੰ ਉਜਾੜ ਦਿੱਤਾ।

ਇਤਿਹਾਸ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਸੱਚ ਨੂੰ ਕੁਝ ਸਮੇਂ ਲਈ ਰੋਕਿਆ ਜਾ ਸਕਦਾ ਹੈ, ਪਰ ਹਮੇਸ਼ਾ ਲਈ ਦਫ਼ਨ ਨਹੀਂ ਕੀਤਾ ਜਾ ਸਕਦਾ। ਸਵਾਲ ਅੱਜ ਵੀ ਜ਼ਿੰਦਾ ਹਨ... ਅਤੇ ਜਦ ਤੱਕ ਜਵਾਬ ਨਹੀਂ ਮਿਲਦੇ, ਇਹ ਸਵਾਲ ਪੁੱਛੇ ਜਾਂਦੇ ਰਹਿਣਗੇ।




## *ਨਾ-ਸ਼ੁਕਰੇ ਤੇ ਫੁਕਰੇ*

**ਹੀਰ ਆਖਦੀ ਰਾਂਝਿਆ ਆਪ ਫਸ ਗਏ,**
**ਕੜੇ-ਕੈਦੋਂ ਹੁਣ ਪਿਆਰ ਵਿਚ ਜੱਗ ਉੱਤੇ।**

**ਟਿੱਲਾ ਇਸ਼ਕ ਦਾ ਨੀ ਸੜਨ ਤੋਂ ਰੁਕ ਸਕਦਾ,**
**ਗੋਰਖ ਨਾਥ ਹੀ ਡਿੱਗਣ ਜਦ ਅੱਗ ਉੱਤੇ।**

**ਨਾ-ਸ਼ੁਕਰੇ ਤੇ ਫੁਕਰੇ ਬਹੁਤ ਹੋ ਗਏ,**
**ਨੱਕ ਆਪਣਾ ਹੀ ਵੱਢਣ ਦੇ ਰਾਹ ਪੈ ਗਏ।**

**ਐਂਵੇਂ ਦੂਜਿਆਂ ਸਿਰ ਹੀ ਦੋਸ਼ ਮੜ੍ਹਦੇ,**
**ਛੁਰੀ ਆਪ ਹੀ ਰੱਖੀ ਏ ਰਗ਼ ਉੱਤੇ।**

**ਸੱਚੀਂ! ਮਰਦ ਅਖਵਾਉਣ ਦਾ ਭਰਮ ਲਗਦਾ,**
**ਬੰਦੇ ਤੀਵੀਆਂ ਨਾਲੋਂ ਕਈ ਗਏ ਗੁਜ਼ਰੇ।**

**ਜਦੋਂ ਮੀਸਣੇ ਦੀ ਰਮਜ਼ ਨ੍ਹੀਂ ਸਮਝ ਆਉਂਦੀ,**
**ਭਰੋਸਾ ਹੋ ਹੀ ਜਾਂਦਾ ਏ ਠੱਗ ਉੱਤੇ।**

**ਰਹੀ ਅਣਖ ਨਾ ਵੀਰ ਸ਼ਮੀਰਿਆਂ ਵਿਚ,**
**ਸਾਹਿਬਾਂ ਮਿਰਜ਼ੇ ਨਾਲ ਭੱਜਣ ਤੋਂ ਰੋਕਦੇ ਨਹੀਂ।**

**ਨਾ ਖੀਵੇ ਖਾਨ ਤੇ ਚੂਚਕ ਨੂੰ ਫਿਕਰ 'ਭੌਰੇ',**
**ਕਿ ਦਾਗ ਕਿੰਨੇ ਕੁ ਪਏ ਨੇ ਪੱਗ ਉੱਤੇ।**

# ਜਬ ਆਸ਼ਿਆਨਾ ਜਲਾ ਹੀ ਡਾਲਾ ਤੋ ਅਬ ਧੂੰਏਂ ਪਰ ਕਿਸੀ ਬਹਿਸ ਔਰ ਰਾਖ ਸੇ ਕੈਸਾ ਗਿਲਾ!

ਭਾਈ ਖਾਲੜਾ 'ਤੇ ਬਣੀ 'ਸਤਲੁਜ'...ਇੱਕ ਵੀਰ ਨੇ ਉਚੇਚੀ ਕਲਿੱਪ ਭੇਜੀ...ਵੇਖ ਲਵੋ ਕਿੰਨਾ ਵਿਰੋਧ ਹੁੰਦਾ ਸੀ...ਧੋਣੇ ਧੋ ਦਿੱਤੇ...ਕਿੰਨੀ ਵਧੀਆ ਐਕਟਿੰਗ...ਰੀਲ ਅਤੇ ਰੀਅਲ ਵਿਚ ਫਰਕ ਹੀ ਨਹੀਂ ਰਹਿਣ ਦਿੱਤਾ...!

ਜੁਆਬ ਦਿੱਤਾ ਭਾਈ ਇਥੇ ਕਿਹੜਾ ਕੋਈ ਨਿੱਜੀ ਵੈਰ-ਵਿਰੋਧ ਸੀ...ਬੱਸ ਮੁੱਦੇ ਦੀ ਹੀ ਤਾਂ ਗੱਲ ਸੀ...ਜਿਸ ਖੁੱਲ੍ਹੇ ਦਿਲ ਨਾਲ ਹਿੰਦੁਸਤਾਨੀ, ਪਾਕਿਸਤਾਨੀ, ਬੰਗਲਾਦੇਸ਼ੀ ਅਤੇ ਕਨੇਡੀਅਨ ਝੰਡਾ ਪ੍ਰਵਾਨ ਸੀ ਓਸੇ ਭਾਵਨਾ ਨਾਲ ਖਾਲਿਸਤਾਨੀ ਝੰਡੇ 'ਤੇ ਵੀ ਦੜ ਵੱਟੀ ਰੱਖਦਾ...ਕੋਈ ਕਿੰਤੂ-ਪ੍ਰੰਤੂ ਹੋਣਾ ਹੀ ਨਹੀਂ ਸੀ..ਖੈਰ ਤਾਂ ਵੀ ਵਧੀਆ ਅਦਾਕਾਰੀ ਦੀ ਸਿਫਤ ਕਰਦੇ ਹਾਂ...


ਨਾਲ ਹੀ ਇੱਕ ਕੌੜੀ ਹਕੀਕਤ ਹੋਰ ਵੀ ਕਿ ਪੰਦਰਾਂ ਸਾਲ ਚਲਾਏ ਉਸ ਭਿਆਨਕ ਦਮਨ ਚੱਕਰ ਨੂੰ ਸਿਰਫ ਦੋ ਘੰਟਿਆਂ ਦੀ ਫਿਲਮ ਵਿਚ ਸਮੇਟ ਦੇਣਾ ਸੂਰਜ ਨੂੰ ਦੀਵਾ ਵਿਖਾਉਣ ਤੋਂ ਵੀ ਹੌਲਾ ਏ...ਅਜੇ ਹਜ਼ਾਰਾਂ ਕਿੱਸੇ ਕਹਾਣੀਆਂ ਹੋਰ ਵੀ ਨੇ...!

ਨਾਲ ਹੀ ਅੱਗਿਓਂ ਕੁਝ ਮੋੜਵੇਂ ਸਵਾਲ ਮੈਂ ਵੀ ਕਰ ਦਿੱਤੇ...ਕਿ ਫਿਲਮ ਵੇਖਣ ਤੋਂ ਬਾਅਦ ਹੁਣ ਮੰਨੋਗੇ ਕਿ ਉਸ ਦੌਰ ਦੇ ਜ਼ਿਆਦਾਤਰ ਮੁਕਾਬਲੇ ਝੂਠੇ ਸਨ...

ਹੁਣ ਮੰਨੋਗੇ ਕਿ ਪੈਸੇ ਪ੍ਰੋਮੋਸ਼ਨਾਂ ਅਤੇ ਵਾਹ-ਵਾਹ ਦੀ ਖਾਤਿਰ ਬੇਦੋਸ਼ਿਆਂ 'ਤੇ ਅੰਨ੍ਹਾ ਤਸ਼ੱਦਦ ਹੋਇਆ...

ਹੁਣ ਮੰਨੋਗੇ ਕਿ ਲਾਵਾਰਿਸ ਕਹਿ ਕੇ ਹਜ਼ਾਰਾਂ ਚਿਰਾਗ ਨਹਿਰਾਂ-ਕੱਸੀਆਂ ਵਿਚ ਵਹਾਅ ਦਿੱਤੇ ਗਏ...

ਹੁਣ ਮੰਨੋਗੇ ਕਿ ਪੁਲੀਸ ਅਤੇ ਜੁਡੀਸ਼ਰੀ ਅੰਨ੍ਹੀ ਅਤੇ ਕੁਰੱਪਟ ਹੋ ਚੁਕੀ ਸੀ...ਮੂੰਹ ਨੂੰ




ਖੂਨ ਲੱਗ ਚੁੱਕਾ ਸੀ...!

ਹੁਣ ਮੰਨੋਗੇ ਕਿ ਦੋ ਲੱਖਾਂ ਕਰੋੜਾਂ ਦੀ ਜਾਇਦਾਤ ਬਣਾ ਚੁੱਕੀ ਖਾਕੀ ਦੀ ਅੱਜ ਨਿਰਪੱਖ ਜਾਂਚ ਹੋਣੀ ਚਾਹੀਦੀ

ਹੁਣ ਮੰਨੋਗੇ ਕਿ ਅੰਨਾ ਤਸ਼ੱਦਦ ਕਰਨ ਵਾਲੇ ਜੋ ਅਜੇ ਵੀ ਜਿਉਂਦੇ ਨੇ...ਫਾਹੇ ਟੰਗਣੇ ਚਾਹੀਦੇ...!

ਹੁਣ ਮੰਨੋਗੇ ਕਿ ਧੀਆਂ ਭੈਣਾਂ ਮਾਵਾਂ ਦੀ ਸ਼ਰ੍ਹੇਆਮ ਬੇਪਤੀ ਕਰਵਾਈ ਜਾਂਦੀ ਸੀ...!

ਹੁਣ ਮੰਨੋਗੇ ਕਿ ਸੱਚ ਨੂੰ ਸੱਚ ਆਖਣ ਵਾਲੀ ਵਿਰਲੀ ਟਾਵੀਂ ਖਾਕੀ ਵੀ ਇਸੇ ਅੱਗ ਵਿਚ ਝੋਕ ਦਿੱਤੀ ਗਈ

ਹੁਣ ਮੰਨੋਗੇ ਕਿ ਦਿੱਲੀ ਨੇ ਇਸ ਸਭ ਕੁਝ ਦੀ ਜਾਣ ਬੁਝ ਕਿ ਖੁੱਲ੍ਹ ਦਿੱਤੀ ਹੋਈ ਸੀ...!

ਹੁਣ ਮੰਨੋਗੇ ਕਿ ਨੌਜੁਆਨਾਂ ਦੇ ਸ਼ਿਕਾਰ ਲਈ ਪੈਸੇ ਸੁਪੋਰਟ ਸਿੱਧਾ ਦਿੱਲੀਓਂ ਘੱਲੀ ਜਾਂਦੀ ਸੀ

ਹੁਣ ਮੰਨੋਗੇ ਕਿ ਅਪੀਲਾਂ ਦਲੀਲਾਂ ਵਕੀਲ ਸਫ਼ੀਰ...ਸਭ ਕੁਝ ਸਿਫ਼ਰ ਦੇ ਬਰੋਬਰ ਹੋ ਗਿਆ ਸੀ

ਹੁਣ ਮੰਨੋਗੇ ਕਿ ਦੋਸ਼ੀ ਕਰਾਰ ਦਿੱਤੇ ਗਏ ਵਿਰਲੇ-ਟਾਵੇਂ ਵੀ ਸਿਸਟਮ ਨੇ ਮਗਰੋਂ ਰਿਹਾਅ ਕਰ ਦਿੱਤੇ...!

ਹੁਣ ਮੰਨੋਗੇ ਕਿ ਇਹੋ ਜਿਹੇ ਬੁੱਚੜਾਂ ਨੂੰ ਅਦਾਲਤੀ ਪ੍ਰਕਿਰਿਆ ਦੌਰਾਨ ਸਰਕਾਰਾਂ ਨੇ ਮਾਲੀ ਮਦਦ ਦਿੱਤੀ

ਹੁਣ ਮੰਨੋਗੇ ਕਿ ਅਦਾਲਤੀ ਪ੍ਰਕਿਰਿਆ ਸਿਰਫ ਇੱਕ ਫਾਰਮੈਲਿਟੀ ਹੋ ਕਿ ਰਹਿ ਗਈ ਸੀ...!

ਹੁਣ ਮੰਨੋਗੇ ਕਿ ਪ੍ਰੈਸ ਮੀਡੀਆ ਦਾ ਰੋਲ ਇੱਕਪਾਸੜ ਸੀ...!

ਹੁਣ ਮੰਨੋਗੇ ਕਿ ਅੱਜ ਕੌਮ ਦੇ ਅਖੌਤੀ ਰਾਖੇ ਬਣੇ ਕਈ ਚੌਧਰੀ ਹੀ ਓਸ ਵੇਲੇ ਇਸ ਦੇ ਵੱਡੇ ਹਾਮੀ ਰਹੇ ਸੀ

ਹੁਣ ਮੰਨੋਗੇ ਕਿ ਅਨੰਦ, ਕਾਂਤੀ ਅਤੇ ਸੁਰਜੀਤ ਵਰਗੇ ਕਾਡਰ ਵੀ ਕਾਤਿਲਾਂ ਦੀ ਪੁਸ਼ਤਪਨਾਹੀ 'ਤੇ ਸਨ!

ਹੁਣ ਮੰਨੋਗੇ ਕਿ ਇੱਕ ਸੱਚ ਅਧਾਰਿਤ ਫਿਲਮ ਨੂੰ ਦਰਸ਼ਕਾਂ ਤੀਕਰ ਜਾਣ ਲਈ ਮੁਖ ਧਾਰਾ ਨਸੀਬ ਨਾ ਹੋਈ!

ਹੁਣ ਮੰਨੋਗੇ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਦੇਸ਼-ਧ੍ਰੋਹ ਦੇ ਬਰੋਬਰ ਗਰਦਾਨ ਦਿੱਤੀ ਗਈ!

ਹੁਣ ਮੰਨੋਗੇ ਕਿ ਚਾਰ ਦਹਾਕੇ ਬੀਤ ਜਾਣ ਮਗਰੋਂ ਪਰਨਾਲਾ ਅਜੇ ਵੀ ਓਥੇ ਦਾ ਓਥੇ ਹੀ ਹੈ...!

ਹੁਣ ਮੰਨੋਗੇ ਕਿ ਪੀੜਤ ਧਿਰ ਨੂੰ ਹੀ ਅਜੇ ਵੀ ਬੁਰੀ ਤਰ੍ਹਾਂ ਬਦਨਾਮ ਕੀਤਾ ਜਾ ਰਿਹਾ...!

ਹੁਣ ਮੰਨੋਗੇ ਕਿ ਅਜੇ ਵੀ ਐਸੇ ਹਜ਼ਾਰਾਂ ਕਾਤਿਲ ਜਿਹੜੇ ਸਰਕਾਰੀ ਛੱਤਰੀ ਅਤੇ ਸਹੂਲਤਾਂ ਨੂੰ ਮਾਣ ਰਹੇ...

ਅਜੇ ਮੇਰੇ ਸਵਾਲ ਅੱਧ-ਵਿਚਾਲੇ ਹੀ ਸਨ ਕਿ ਮੈਦਾਨ ਛੱਡ ਗਿਆ ਕਿ ਮੁੱਦੇ ਤੋਂ ਭਟਕ ਰਹੇ ਓ...ਇੱਕ ਸੋਹਣੀ ਫ਼ਿਲਮੀ ਅਦਾਕਾਰੀ ਨੂੰ ਦਰਸਾਏ ਗਏ ਤੱਥਾਂ ਦੇ ਸੱਚੇ-ਝੂਠੇ ਹੋਣ ਦੀ ਪ੍ਰਮਾਣਿਕਤਾ ਨਾਲ ਰਲ ਗੱਡ ਨਾ ਕਰੋ...!

ਮੈਂ ਵੀ ਇਹ ਸੋਚ ਮਗਰੋਂ 'ਵਾਜ ਮਾਰਨੀ ਠੀਕ ਨਹੀਂ ਸਮਝੀ ਕਿ ਜਿਹਨਾਂ ਲੋਕਾਂ ਨੂੰ ਉਨ੍ਹਾਂ ਵੇਲਿਆਂ ਵੇਲੇ ਵੱਡੇ ਕਤਲਾਂ ਵਿਚ ਸ਼ਾਮਿਲ ਰਹੇ ਕੁਝ ਕੂ ਅੱਜ ਸਿਰਫ ਇਸ ਕਰਕਿ ਪ੍ਰਵਾਨ ਹਨ ਕਿਉਂਕਿ ਉਨ੍ਹਾਂ ਵੱਲੋਂ ਮੌਜੂਦਾ ਦੌਰ ਵਿਚ ਕੀਤੀ ਜਾ ਰਹੀ ਸਮੂਹਕ ਕੌਮੀ ਕਿਰਦਾਰਕੁਸ਼ੀ ਇਨ੍ਹਾਂ ਦੇ ਏਜੰਡੇ 'ਤੇ ਐਨ ਫਿੱਟ ਬੈਠਦੀ ਹੈ...ਇਨ੍ਹਾਂ ਨਾਲ ਭਲਾ ਕਾਹਦੀ ਜਿਰਾਹ ਤੇ ਕਾਹਦੀ ਬਹਿਸ...!

ਜਬ ਆਸ਼ਿਆਨਾ ਜਲਾ ਹੀ ਡਾਲਾ ਤੋਂ ਅਬ ਧੂੰਏਂ ਪਰ ਕਿਸੀ ਬਹਿਸ ਔਰ ਰਾਖ ਸੇ ਕੈਸਾ ਗਿਲਾ!

## *ਜ਼ਿੰਦਗੀ ਨਾਮਾ*



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

# ਪੰਜਾਬੀ ਨੌਜਵਾਨਾਂ ਵਿਚ 'ਜਜ਼ਬਾਤੀ ਬਹਾਦਰੀ' ਦੀ ਥਾਂ ਗਿਆਨ ਅਤੇ ਸੂਝ-ਬੂਝ ਦੀ ਬਹਾਦਰੀ ਦਾ ਨਵਾਂ ਯੁਗ ਆਰੰਭ

## *'ਬੌਧਿਕ ਬਗਾਵਤ' ਦੀ ਨਵੀਂ ਸਵੇਰ*

ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਨੂੰ ਲੈ ਕੇ 'ਸਤਲੁਜ' ਫਿਲਮ ਦੋ ਡਿਜੀਟਲ ਪਲੇਟਫਾਰਮਾਂ ਉੱਤੇ ਸ਼ੁਰੂ ਹੋਣ ਦੇ ਸਿਰਫ 48 ਘੰਟੇ ਪਿੱਛੋਂ ਹੀ ਉਤਾਰ ਦਿੱਤੀ ਗਈ, ਕਿਉਂਕਿ ਸਰਕਾਰ ਨੂੰ ਅਚਾਨਕ ਪਤਾ ਲੱਗਾ ਕਿ ਇਹ ਫਿਲਮ ਕਿਸੇ ਨਾ ਕਿਸੇ ਰੂਪ ਵਿਚ ਦੇਸ਼ ਦੀ ਏਕਤਾ, ਅਖੰਡਤਾ ਤੇ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਸੁਰੱਖਿਆ ਲਈ ਵੱਡਾ ਖਤਰਾ ਬਣ ਸਕਦੀ ਹੈ।

ਪਰ ਸਰਕਾਰ ਦਾ ਬਿਰਤਾਂਤ ਅਰਥਾਤ ਨੈਰੇਟਿਵ ਉਸਦੇ ਚਾਹੁੰਦੇ ਹੋਏ ਵੀ ਉਲਟ-ਪੁਲਟ ਹੋ ਗਿਆ ਅਤੇ ਕੌਮ ਦਾ ਦਬਿਆ ਬਿਰਤਾਂਤ ਸਾਹਮਣੇ ਹੋ ਕੇ ਆ ਗਿਆ,ਕਿਉਂਕਿ ਹੁਣ ਇਹ ਫਿਲਮ ਘਰ-ਘਰ ਤੱਕ ਪਹੁੰਚ ਗਈ ਹੈ। ਦੂਜੇ ਸ਼ਬਦਾਂ ਵਿਚ ਜੇ ਇਹ ਫਿਲਮ ਥਿਏਟਰ ਵਿਚ ਨਹੀਂ ਲੱਗ ਰਹੀ ਤਾਂ ਹਰ ਘਰ ਹੁਣ ਇੱਕ ਤਰ੍ਹਾਂ ਨਾਲ ਥਿਏਟਰ ਤਾਂ ਬਣ ਹੀ ਗਿਆ ਹੈ।

'ਵੇਖ ਲਈ ਫਿਲਮ?...ਪਹੁੰਚ ਗਈ ਤੇਰੇ ਕੋਲ?...ਜੇ ਨਹੀਂ ਤਾਂ ਭੇਜਾਂ?...ਤੈਨੂੰ ਕਿਵੇਂ ਮਿਲੀ?...ਹਾਂ ਵੇਖ ਹੀ ਰਿਹਾ ਹਾਂ...ਅੱਧੀ ਕੁ ਵੇਖ ਲਈ ਹੈ, ਬਾਕੀ ਵੇਖੀ ਨਹੀਂ ਜਾਂਦੀ, ਗੁੱਸਾ ਵੀ ਆਉਂਦਾ ਹੈ, ਹੈਰਾਨੀ ਵੀ ਅਤੇ ਹੰਝੂ ਵੀ...'

ਇਹ ਗੱਲਾਂ ਘਰ ਘਰ ਹੋ ਰਹੀਆਂ ਹਨ। ਫੋਨ



ਖੜਕ ਰਹੇ ਹਨ ਅਤੇ ਇਉਂ ਲੱਗਦਾ ਹੈ, ਜਿਵੇਂ ਸਾਰੀ ਕੌਮ ਕੁਝ ਚਿਰ ਲਈ ਕਿਸੇ ਇਤਿਹਾਸਿਕ ਏਕਤਾ ਵਿਚ ਬਝ ਗਈ ਹੋਵੇ।

ਫਿਲਮ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਜੋ ਚਮਤਕਾਰ ਹੋਇਆ, ਉਸ ਦਾ ਕਾਰਨ ਆਰਟੀਫਿਸ਼ਅਲ ਇੰਟੈਲੀਜਸ ਅਤੇ ਡਿਜੀਟਲ ਟੈਕਨੋਲੋਜੀ ਦਾ ਸਿੱਧੇ ਰੂਪ ਵਿਚ ਹੱਥ ਹੈ। ਜਦੋਂ ਫਿਲਮ ਓਟੀਟੀ ਅਤੇ ਜੀ5 ਪਲੇਟਫਾਰਮ ਤੋਂ ਹਟਾ ਦਿੱਤੀ ਗਈ ਤਾਂ ਪੰਜਾਬੀ ਨੌਜਵਾਨਾਂ ਨੇ ਟੈਲੀਗਰਾਮ, ਕਲਾਊਡ ਲਿੰਕਸ ਅਤੇ ਟੋਰੈਂਟ ਰਾਹੀਂ ਕੁਝ ਹੀ ਘੰਟਿਆਂ ਵਿਚ ਇਸ ਫਿਲਮ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾ ਦਿੱਤਾ। ਸਿਆਣੇ ਬੁੱਧੀਜੀਵੀਆਂ ਦੀਆਂ ਨਜ਼ਰਾਂ ਵਿਚ ਇਹ ਇੱਕ ਤਰ੍ਹਾਂ ਨਾਲ 'ਬੌਧਿਕ ਬਗਾਵਤ' ਸੀ।

ਹੁਣ ਹਾਲਤ ਬਹੁਤ ਬਦਲੀ ਹੋਈ ਲਗਦੀ ਹੈ। ਜਦੋਂ ਪੰਜਾਬ ਦੇ ਮੁੱਦਿਆਂ ਉੱਤੇ ਬਣੀਆਂ ਫਿਲਮਾਂ ਜਾਂ ਕਿਤਾਬਾਂ ਉੱਤੇ ਪਾਬੰਦੀ ਲੱਗ ਜਾਂਦੀ ਹੈ ਤਾਂ ਜਵਾਨੀ ਸੜਕਾਂ ਉੱਤੇ ਉਤਰਨ ਦੀ ਥਾਂ ਅਤੇ ਪੱਥਰ ਚੁੱਕਣ ਦੀ ਬਜਾਏ ਤਕਨਾਲੋਜੀ ਦਾ ਸਹਾਰਾ ਲੈਂਦੀ ਹੈ।

ਅੱਜ ਦੇ ਨੌਜਵਾਨ ਜਜ਼ਬਾਤੀ ਬਿਆਨਬਾਜੀ ਨਹੀਂ ਕਰਦੇ ਸਗੋਂ ਕਾਨੂੰਨ, ਪੱਤਰਕਾਰੀ ਅਤੇ ਰਾਜਨੀਤਿਕ ਸ਼ਾਸਤਰ ਦੀ ਪੜ੍ਹਾਈ ਕਰਕੇ ਕੌਮਾਂਤਰੀ ਪੱਧਰ 'ਤੇ ਆਪਣਾ ਪੱਖ ਪੇਸ਼ ਕਰ ਰਹੇ ਹਨ ਤਾਂ ਜੋ ਸਿੱਖ ਇਤਿਹਾਸ ਨੂੰ ਦੁਨੀਆਂ ਦੇ ਸਾਹਮਣੇ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾਵੇ। ਪੋਡਕਾਸਟ, ਯੂਟਿਊਬ ਚੈਨਲ, ਪਿੰਡਾਂ ਦੀਆਂ ਲਾਇਬਰੇਰੀਆਂ ਅਤੇ ਡਾਇਸਪੋਰਾ ਵਰਗੇ ਸਾਧਨ ਇਸ ਵਿਚ ਸਭ ਤੋਂ ਵੱਡਾ ਰੋਲ ਅਦਾ ਕਰ ਰਹੇ ਹਨ।

ਅੱਜ ਦੀ ਜਵਾਨੀ ਟੀਵੀ ਚੈਨਲਾਂ ਨੂੰ ਛੱਡ ਕੇ

*(ਬਾਕੀ ਸਫਾ 23 'ਤੇ)*

# ਅੱਖੀਂ ਡਿੱਠੀ 'ਪੰਜਾਬ ਟਾਈਮਜ਼ ਨਾਈਟ'

ਮੈਂ ਸੰਨ ਦੋ ਹਜ਼ਾਰ ਦੋ ਵਿਚ ਕੈਲੇਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿਚ ਆ ਕੇ ਰਹਿਣ ਲੱਗ ਗਿਆ ਸੀ। ਪਿਤਾ ਜੀ ਦੇ ਮਾਮੇ ਦੇ ਪੁੱਤਾਂ ਦਾ ਗੈਸ ਸਟੇਸ਼ਨ ਸੀ ਤੇ ਮੈਂ ਉਸ ਉਪਰ ਰੋਜ਼ੀ ਰੋਟੀ ਕਮਾਉਣ ਲੱਗ ਪਿਆ। ਗੁਰਦੁਆਰਾ ਨੇੜੇ ਹੋਣ ਕਰਕੇ ਮੈਂ ਰੋਜ਼ ਮੱਥਾ ਟੇਕ ਕੇ ਕੰਮ 'ਤੇ ਲੱਗਦਾ। ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਬੈਂਚ ਦੇ ਉੱਪਰ ਤਕਰੀਬਨ ਦੱਸ ਤਰ੍ਹਾਂ ਦੀਆਂ ਪੰਜਾਬੀ ਅਖ਼ਬਾਰਾਂ ਪਈਆਂ ਹੁੰਦੀਆਂ। ਅਮਰੀਕਾ ਵਿਚ ਜੇ ਕੋਈ ਚੀਜ਼ ਮੁਫ਼ਤ ਵਿਚ ਮਿਲਦੀ ਹੈ, ਤਾਂ ਉਹ ਹਨ ਪੰਜਾਬੀ ਅਖ਼ਬਾਰਾਂ। ਸਾਰੀਆਂ ਅਖਬਾਰਾਂ ਦੀ ਇੱਕ ਇੱਕ ਕਾਪੀ ਚੁੱਕ ਲੈਣੀ। ਵਿਹਲੇ ਟਾਈਮ ਵਿਚ ਫਿਰ ਕੱਲੀ ਕੱਲੀ ਅਖ਼ਬਾਰ ਫਰੋਲ ਕੇ ਮਨਪਸੰਦ ਲੇਖ, ਕਹਾਣੀਆਂ, ਪੜ੍ਹ ਲੈਣੀਆਂ। ਬਹੁਤੀਆਂ ਅਖ਼ਬਾਰਾਂ ਵਿਚ ਤਾਂ ਪਖੰਡਾਂ ਦੇ ਇਸ਼ਤਿਹਾਰ ਹੁੰਦੇ ਸਨ। ਧਾਗੇ-ਤਵੀਤਾਂ ਨਾਲ ਪੈਸੇ ਦਾ ਤੇ ਔਲਾਦ ਦਾ ਸੁੱਖ ਲੈਣ ਦੇ ਸੁਨੇਹੇ ਹੀ ਹੁੰਦੇ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916 273 2856**

ਸਨ। ਮੈਂ ਛੇਤੀ ਹੀ ਸ਼ਿਕਾਗੋ ਤੋ ਛਪਦੇ 'ਪੰਜਾਬ ਟਾਈਮਜ਼' ਮੈਨੂੰ ਸਭ ਤੋਂ ਵਧੀਆ ਲੱਗਾ, ਕਿਉਂਕਿ ਇਹ ਕਿਸੇ ਵੀ ਪਖੰਡ, ਅੰਧਵਿਸ਼ਵਾਸ, ਜੰਤਰ-ਮੰਤਰ ਵਾਲੇ ਇਸ਼ਤਿਹਾਰਾਂ ਨੂੰ ਨੇੜੇ ਨਹੀਂ ਲੱਗਣ ਦਿੰਦਾ ਸੀ। ਨਿਰੋਲ ਸਾਹਿਤਕ ਹੋਣ ਕਰਕੇ ਇਸ ਅਖਬਾਰ ਨਾਲ ਮੇਰੀ ਸਾਹਿਤਕ ਭੁੱਖ ਪੂਰੀ ਹੋਣ ਲੱਗੀ ਅਤੇ ਮੈਂ ਇਹ ਅਖਬਾਰ ਮੇਰੀ ਬਣ ਗਿਆ। ਇਸ ਦੇ ਮੁੱਖ ਸੰਪਾਦਕ ਅਮੋਲਕ ਸਿੰਘ ਜੰਮੂ ਬਹੁਤ ਤਜਰਬੇਕਾਰ ਪੱਤਰਕਾਰ ਸਨ। ਉਨ੍ਹਾਂ ਦੀ ਨਿਰਪੱਖ ਸੋਚ ਤੇ ਨਿਡਰਤਾ ਵਾਲਾ ਸੁਭਾਅ ਅਖ਼ਬਾਰ ਦੇ ਸ਼ਬਦਾਂ ਨੂੰ ਹੋਰ ਵੀ ਨਰੋਆ ਤੇ ਪੜ੍ਹਨ ਲਈ ਪਾਠਕ ਨੂੰ ਚੁੰਬਕ ਵਾਂਗ ਖਿੱਚਦਾ ਸੀ।

ਮੈਂ 'ਪੰਜਾਬ ਟਾਈਮਜ਼' ਨਾਲ ਟਿੱਚ ਬਟਨਾਂ ਦੀ ਜੋੜੀ ਵਾਂਗ ਜੁੜ ਗਿਆ। ਮੈਂ ਕੁਝ ਵੀ ਪੜ੍ਹਨ ਤੋਂ ਪਹਿਲਾਂ ਲੇਖਕ ਦਾ ਨਾਮ ਜਰੂਰ ਪੜਦਾ ਹੁੰਦਾ ਸੀ ਤੇ ਹੁਣ ਵੀ ਇੰਜ ਹੀ ਕਰਦਾ ਹਾਂ। ਮੇਰੇ ਦਿਲ ਵਿਚ ਇਹ ਖਿਆਲ ਆਉਣਾ ਕਿ ਇਨ੍ਹਾਂ ਲੇਖਕਾਂ ਵਾਂਗ ਕਦੇ ਮੇਰਾ ਨਾਮ ਵੀ ਇਸ ਅਖ਼ਬਾਰ ਵਿਚ ਛਪੇਗਾ। ਪੜ੍ਹਨ-ਲਿਖਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਸਾਡੇ ਪਿੰਡ ਗੁਰਦੁਆਰਾ ਸਾਹਿਬ ਵਿਚ ਖੁੱਲ੍ਹੀ ਲਾਇਬਰੇਰੀ ਤੋਂ ਮੈਂ ਬਹੁਤ ਕਿਤਾਬਾਂ ਲਿਆ ਕੇ ਪੜ੍ਹਦਾ ਰਹਿੰਦਾ। ਹੁਣ ਵੀ ਸਰਹਾਣੇ ਕਿਤਾਬਾਂ ਪਈਆਂ ਹੁੰਦੀਆਂ ਹਨ। ਸੌਣ ਤੋਂ ਪਹਿਲਾਂ ਕੁੱਝ ਨਾ ਕੁੱਝ ਪੜ੍ਹ ਕੇ ਸੌਂਦਾ ਹਾਂ। ਕਲਮ ਫੜ੍ਹ ਕੇ ਲਿਖਣ ਦੀ ਕੋਸ਼ਿਸ਼ ਮੈਂ ਜਸਵੰਤ ਸਿੰਘ ਕੰਵਲ ਦੇ ਨਾਵਲ ਪੜ੍ਹ ਕੇ ਕਰਨ ਲੱਗ ਗਿਆ ਸੀ, ਪਰ ਮੈਨੂੰ ਪਤਾ ਨਹੀਂ ਸੀ ਲੱਗਦਾ ਕਿ ਜੋ ਮੈਂ ਲਿਖਦਾ ਹਾਂ ਇਹ ਛਪਣਯੋਗ ਹੈ ਵੀ। ਪਰ ਮੈਂ ਲਿਖ ਲਿਖ ਖੁਦ ਹੀ ਲਿਖਤ ਦੀਆਂ ਗਲਤੀਆਂ ਕੱਢ ਕੇ ਪਾੜ ਦਿੰਦਾ ਸੀ। ਹੌਲੀ ਹੌਲੀ ਕਵਿਤਾ ਦੇ ਸ਼ਬਦ ਜੋੜਨ ਲੱਗਿਆ। ਫਿਰ ਮੈਂ ਇੱਕ ਕਵਿਤਾ ਲਿਖੀ ਜਿਸ ਦਾ ਨਾਮ ਸੀ।

**ਫੁੱਲ**

ਸਾਨੂੰ ਟਾਹਣੀ ਨਾਲੋਂ ਤੋੜ ਕੇ
ਖੁੱਦ ਮੁਹੱਬਤਾਂ ਦੇ ਨਾਤੇ ਜੋੜਦਾ
ਦਿਲ ਨਾਲ ਦਿਲ ਮਿਲਾਉਣ ਦੇ ਲਈ
ਸਾਡਾ ਕਿਉਂ ਦਿਲ ਤੋੜਦਾ
ਪਹਿਲੀ ਮੁਲਾਕਾਤ ਦੇ ਲਈ
ਸਾਨੂੰ ਸੱਜਣਾਂ ਵੱਲ ਨੂੰ ਤੋਰਦਾ
ਸੱਜਣ ਪਿਛਾਂਹ ਨੂੰ ਧੱਕਦੇ ਨੇ
ਉਨ੍ਹਾਂ ਦੇ ਹੱਥਾਂ ਵਿਚ ਫੁੱਲ ਕਿਸੇ ਹੋਰ ਦਾ
ਗੁੱਸੇ ਵਿਚ ਆ ਕੇ ਸਾਨੂੰ
ਧਰਤੀ 'ਤੇ ਸੁੱਟਦਾ
ਬੂਟਾਂ ਦੀਆਂ ਅੱਡੀਆਂ ਨਾਲ
ਸਾਡਾ ਸਾਰਾ ਸਰੀਰ ਕੁੱਟਦਾ
ਪੱਤੀ ਪੱਤੀ ਹੋ ਕੇ ਫਿਰ ਅਸੀਂ
ਸੱਜਣਾਂ ਦੇ ਪੈਰਾਂ ਵਿਚ ਰੁਲਦੇ
ਫੁੱਲ ਵੰਡਦੇ ਦੇ ਖੁਸ਼ਬੋ ਸਾਰਿਆਂ ਨੂੰ
ਚੰਗੇ ਲੱਗਦੇ ਨੇ ਟਾਹਣੀ ਨਾਲ ਝੂਲਦੇ
ਵੰਡਣੀ ਖੁਸ਼ਬੋ ਸਿੱਖੀਏ ਫੁੱਲ ਕੋਲੋਂ
ਆਪਸ ਵਿਚ ਕਦੇ ਨਾ ਲੜੀਏ
'ਇੱਥੋਂ ਫੁੱਲ ਤੋੜਨਾ ਸਖ਼ਤ ਮਨ੍ਹਾ ਹੈ ,,
'ਮੇਜਰ ਕੁਲਾਰ, ਬੋਰਡ ਤੇ ਪੜੀਏ॥

ਇਹ ਕਵਿਤਾ ਮੈਂ 'ਪੰਜਾਬ ਟਾਈਮਜ਼' ਅਖਬਾਰ ਦੇ ਉੱਪਰ ਲਿਖੇ ਹੋਏ ਫੈਕਸ ਨੰਬਰ 'ਤੇ ਸੰਪਾਦਕ ਜੀ ਨੂੰ ਭੇਜ ਦਿੱਤੀ। ਦੋ ਮਹੀਨੇ 'ਪੰਜਾਬ ਟਾਈਮਜ਼' ਦਾ ਹਰੇਕ ਅੰਕ ਬਰੀਕੀ ਨਾਲ ਪੜ੍ਹਦਾ ਪਰ ਮੇਰੀ ਕਵਿਤਾ ਨੂੰ ਅਖ਼ਬਾਰ ਦੀ ਬੁੱਕਲ ਦਾ ਪਿਆਰ ਨਸੀਬ ਨਾ ਹੋਇਆ। ਫਿਰ ਇੱਕ ਦਿਨ ਮਨ ਕਰੜਾ ਜਿਹਾ ਕਰਕੇ ਸੰਪਾਦਕ ਜੰਮੂ ਜੀ ਨੂੰ ਫੋਨ ਮਿਲਾਇਆ। ਤੀਜੀ ਕੁ ਰਿੰਗ 'ਤੇ ਫੋਨ ਤੇ ਪਹਿਲੀ ਵਾਰ ਜੰਮੂ ਜੀ ਦੀ ਆਵਾਜ਼ ਸੁਣੀ ਸੀ। ਮੈਂ ਪਹਿਲਾਂ ਫ਼ਤਿਹ ਬੁਲਾਈ ਅਸੀਂ ਇੱਕ ਦੂਜੇ ਦਾ ਹਾਲ ਚਾਲ ਪੁੱਛਣ ਤੋਂ ਬਾਅਦ ਮੈਂ ਆਪਣੀ ਕਵਿਤਾ ਬਾਰੇ ਪੁੱਛਿਆ ਤਾ ਜੰਮੂ ਜੀ ਨੇ ਮਜ਼ਾਕ ਵਿਚ ਜਵਾਬ ਦਿੱਤਾ 'ਮੇਜਰ ਸਿਆਂ! ਕਵਿਤਾ ਲੱਗ ਜਾਏਗੀ... ਹੋਰ ਅਸੀਂ ਇੱਥੇ ਕਿਹੜਾ ਜਲੇਬੀਆਂ ਕੱਢਦੇ ਹਾਂ। ਸਾਡਾ ਕੰਮ ਤਾਂ ਚੰਗਾ ਲਿਖਿਆ ਹੋਇਆ ਛਾਪਣਾ ਹੀ ਹੈ। ਅਗਲੇ ਹਫਤੇ ਲੱਗ ਜਾਊਗੀ।

ਮੈਂ ਜੰਮੂ ਜੀ ਦਾ ਧੰਨਵਾਦ ਕਰਕੇ ਫਤਹਿ ਬੁਲਾ ਦਿੱਤੀ। ਫਿਰ ਅਗਲੇ ਹਫ਼ਤੇ ਦੀ ਉਡੀਕ ਕਰਨ ਲੱਗਾ। ਫਿਰ ਸੱਚੀ ਉਸ ਹਫਤੇ ਮੇਰੀ ਕਵਿਤਾ ਛਪ ਗਈ। ਮੈਂ ਸਾਰੇ ਦੋਸਤਾਂ-ਮਿੱਤਰਾਂ ਨੂੰ ਫੋਨ ਕਰਕੇ ਦੱਸਿਆ ਕਿ 'ਪੰਜਾਬ ਟਾਈਮਜ਼' ਵਿਚ ਮੇਰੀ ਕਵਿਤਾ ਛਪੀ ਹੈ। ਸੱਚ ਜਾਣਿਓ, ਮੈਨੂੰ ਆਪਣੇ ਘਰ ਮੁੰਡਾ ਜੰਮਣ ਜਿੰਨੀ ਖੁਸ਼ੀ ਹੋਈ। ਬਹੁਤਿਆਂ ਨੂੰ ਤਾ ਮੈਂ ਗੁਰਦੁਆਰੇ 'ਤੋਂ ਅਖਬਾਰ ਲਿਆ ਕੇ ਵੀ ਦਿੱਤੇ ਕਿ ਤੁਸੀਂ ਮੇਰੀ ਕਵਿਤਾ ਪੜ੍ਹੋ। ਇਸ ਤੋਂ ਬਾਅਦ ਮੈਂ ਛੋਟੇ ਛੋਟੇ ਆਰਟੀਕਲ ਲਿਖ ਕੇ ਭੇਜੇ ਤੇ ਉਹ ਛਪਦੇ ਰਹੇ। ਮੈਂ ਜੰਮੂ ਜੀ ਦਾ ਧੰਨਵਾਦ ਕਰਦਾ ਰਿਹਾ। ਜਨਵਰੀ ਦੋ ਹਜ਼ਾਰ ਨੌਂ ਵਿਚ ਜੰਮੂ ਜੀ ਨੇ ਮੈਨੂੰ 'ਮੂੰਹ ਆਈ ਬਾਤ' ਦਾ ਇੱਕ ਪੱਕਾ ਹੀ ਕਾਲਮ ਦੇ ਦਿੱਤਾ, ਜੋ ਇੱਕ ਹਫਤਾ ਛੱਡ ਕੇ ਛਪਣ ਲੱਗਿਆ ਮੇਰਾ ਪਹਿਲਾ ਆਰਟੀਕਲ 'ਪੰਜਾਬ ਟਾਈਮਜ਼' ਵਿਚ ਜੋ ਛਪਿਆ ਉਹ ਸੀ, 'ਇੱਕ ਨੇ ਪੰਜ ਪਾਲੇ ਪੰਜਾਂ ਤੋਂ ਇੱਕ ਨਹੀਂ ਪ-



ਲਿਆ।' ਇਸ ਆਰਟੀਕਲ ਨੇ ਮੇਰੀ 'ਪੰਜਾਬ ਟਾਈਮਜ਼' ਨਾਲ ਪੱਕੀ ਗਲਵੱਕੜੀ ਪਵਾ ਦਿੱਤੀ ਜੋ ਅੱਜ ਤੱਕ ਗੋਲ ਗੰਢ ਵਾਂਗ ਪੂਰੀ ਟੈਟ ਹੈ। ਸਮਾਂ ਲੰਘਦਾ ਗਿਆ ਮੇਰੇ ਲਿਖਣ ਦੇ ਸ਼ੌਕ ਨੂੰ ਬੂਰ ਪੈਂਦਾ ਗਿਆ। ਦੋ ਹਜ਼ਾਰ ਗਿਆਰਾਂ ਵਿਚ ਮੈਂ ਜੰਮੂ ਜੀ ਦੇ ਕਹਿਣ 'ਤੇ ਸਿਕਾਗੋ 'ਪੰਜਾਬ ਟਾਈਮਜ਼ ਨਾਈਟ' 'ਤੇ ਪਹੁੰਚਿਆ। ਜੰਮੂ ਜੀ ਨੂੰ ਪਹਿਲੀ ਤੇ ਆਖਰੀ ਵਾਰ ਮਿਲਿਆ ਸੀ। ਬੱਸ ਉਹ ਨਿੱਕੀ ਜਿਹੀ ਮਿਲਣੀ ਉਮਰਾਂ ਦੀ ਯਾਦ ਬਣ ਗਈ।

ਜੰਮੂ ਜੀ ਦੇ ਸੁਰਗਵਾਸ ਤੋ ਬਾਅਦ ਉਨ੍ਹਾਂ ਦੀ ਧਰਮ ਪਤਨੀ ਜਸਪ੍ਰੀਤ ਕੋਰ ਨੇ ਤੇ ਉਨ੍ਹਾਂ ਦੇ ਸਪੁੱਤਰ ਮਨਦੀਪ ਸਿੰਘ ਨੇ 'ਪੰਜਾਬ ਟਾਈਮਜ਼' ਨੂੰ ਉਨ੍ਹਾਂ ਲੀਹਾਂ 'ਤੇ ਤੋਰਿਆ, ਜਿੱਥੇ ਜੰਮੂ ਜੀ ਛੱਡ ਗਏ ਸਨ। ਅਖ਼ਬਾਰ ਦੇ ਨੈਣ ਨਕਸ਼ ਉਸੇ ਤਰ੍ਹਾਂ ਹੀ ਹਨ। ਅਖ਼ਬਾਰ ਨੂੰ ਪੜ੍ਹਦਿਆਂ ਲੱਗਦਾ ਨਹੀਂ ਕਿ ਜੰਮੂ ਜੀ ਸਾਡੇ ਵਿਚ ਨਹੀਂ ਹਨ। ਅਖ਼ਬਾਰ ਦੇ ਹਰੇਕ ਸ਼ਬਦ ਵਿਚੋਂ ਜੰਮੂ ਜੀ ਦੇ ਪਿਆਰ ਦੀ ਖੁਸਬੋ ਆਉਂਦੀ ਹੈ। ਮੈਂ ਐਤਕੀਂ ਭੈਣ ਜੀ ਜਸਪ੍ਰੀਤ ਕੌਰ ਦੇ ਸੱਦੇ 'ਤੇ 'ਪੰਜਾਬ ਟਾਈਮਜ਼' ਦੀ ਸਤਾਈਵੀਂ ਵਰ੍ਹੇਗੰਢ 'ਤੇ ਸਿਕਾਗੋ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਜਹਾਜ਼ ਦੀ ਟਿਕਟ ਖਰੀਦ ਲਈ ਤੇ 'ਪੰਜਾਬ ਟਾਈਮਜ਼' ਨਾਈਟ ਦਾ ਇਸ਼ਤਿਹਾਰ ਅਖਬਾਰ ਵਿਚ ਛਪਣ ਲੱਗ ਗਿਆ। ਸਿਕਾਗੋ ਰਹਿੰਦੇ ਮੇਰੇ ਪਿੰਡ ਤੋਂ ਬੜੇ ਹੀ ਸਤਿਕਾਰਯੋਗ ਚਾਚਾ ਜੀ ਹਰਦਿਆਲ ਸਿੰਘ ਦਿਉਲ ਹੋਰਾਂ ਦਾ ਫੋਨ ਆਇਆ ਕਿ 'ਮੇਜਰ ਸਿਆਂ! ਅਖ਼ਬਾਰ ਪੜ੍ਹ ਕੇ ਪਤਾ ਲੱਗਾ ਕਿ ਤੁਸੀਂ ਸ਼ਿਕਾਗੋ ਆ ਰਹੇ ਹੋ। ਤੁਸੀਂ ਮੈਨੂੰ ਦੱਸ ਦੇਣਾ ਮੈਂ ਆਪੇ ਤੁਹਾਨੂੰ ਏਅਰਪੋਰਟ 'ਤੋਂ ਚੁੱਕ ਲਵਾਂਗਾ ਤੇ ਤੁਸੀਂ ਸਾਡੇ ਕੋਲ ਹੀ ਰਹਿਣਾ। ਆਪਾ ਇੱਕੱਠੇ ਹੀ 'ਪੰਜਾਬ ਟਾਈਮਜ਼' ਨਾਈਟ 'ਤੇ ਚਲੇ ਚੱਲਾਂਗੇ। ਮੈਂ ਕਿਹਾ...ਸੱਤ ਬਚਨ ਚਾਚਾ ਜੀ!

19 ਜੂਨ ਦੀ ਰਾਤ ਨੂੰ ਮੈਂ ਯੂਨਾਈਟਡ ਏਅਰ ਲਾਈਨ ਰਾਹੀਂ ਸਵੇਰੇ ਸਾਢੇ ਛੇ ਵਜੇ ਸ਼ਿਕਾਗੋ ਏਅਰਪੋਰਟ 'ਤੇ ਪਹੁੰਚ ਗਿਆ। ਏਅਰਪੋਰਟ 'ਤੋਂ ਬਾਹਰ ਨਿਕਲ ਕੇ ਮੈਂ ਚਾਚਾ ਜੀ ਨੂੰ ਫੋਨ ਕਰ ਦਿੱਤਾ ਉਹ ਪੰਦਰਾਂ ਕੁ ਮਿੰਟਾਂ ਵਿਚ ਪਹੁੰਚ ਗਏ। ਮੈਂ ਚਾਚਾ ਜੀ ਨੂੰ ਸੰਨ੍ਹ 1987 ਵਿਚ ਪਿੰਡ ਦੇਖਿਆ ਹੀ ਸੀ, ਪਰ ਕੋਈ ਗੱਲਬਾਤ ਨਹੀਂ ਹੋਈ ਸੀ, ਕਿਉਂਕਿ ਉਸ ਟਾਈਮ ਮੈਂ ਛੋਟਾ ਸੀ। ਇਨ੍ਹਾਂ ਨੂੰ ਮੈਂ ਇਸ ਲਈ ਜਾਣਦਾ ਸੀ ਕਿ ਇਨ੍ਹਾਂ ਦੇ ਪਿਤਾ ਸ. ਬਿਕਰਮ ਸਿੰਘ ਦਿਓਲ ਬਹੁਤ ਹੀ ਨੇਕ ਇਨਸਾਨ ਸਨ। ਉਨ੍ਹਾਂ ਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਹ ਸਾਰਾ ਮਹੀਨਾ ਸਹਿਜ ਪਾਠ ਆਰੰਭ ਕਰਕੇ ਖੁਦ ਬਾਣੀ ਪੜ੍ਹ ਕੇ ਸੰਗਰਾਂਦ ਵਾਲੇ ਦਿਨ ਪਾਠ ਦਾ ਭੋਗ ਪਾਉਂਦੇ ਸਨ ਤੇ ਮਿੱਠੇ ਚੋਲ ਬਣਾ ਕੇ ਪ੍ਰਾਇਮਰੀ ਤੇ ਹਾਈ ਸਕੂਲ ਦੇ ਬੱਚਿਆਂ ਨੂੰ ਸੱਦ ਕੇ ਛਕਾਉਂਦੇ ਸਨ। ਰੋਜ਼ ਸ਼ਾਮ ਨੂੰ ਬਜ਼ੁਰਗਾਂ ਨੂੰ ਇਕੱਠੇ ਕਰਕੇ ਇਤਿਹਾਸ ਦੀ ਕਥਾ ਸਣਾਉਂਦੇ ਸਨ। ਚਾਚਾ ਜੀ ਦੇ ਪਿਤਾ ਜੀ ਦਾ ਸਾਡੇ ਨਗਰ ਵਾਲੇ ਬਹੁਤ ਸਤਿਕਾਰ ਕਰਦੇ ਸਨ। ਚਾਚਾ ਜੀ ਹੋਰੀ ਸਾਰੇ ਭਰਾ ਪਿੰਡ ਲਈ ਬਹੁਤ ਕੁਝ ਦਾਨ ਕਰਦੇ ਸਨ ਤੇ ਹੁਣ ਵੀ ਕਰਦੇ ਹਨ। ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਂ ਬਾਬਾ ਬਿਕਰਮ ਸਿੰਘ ਹੋਰਾਂ ਦੀ ਸੰਗਤ ਮਾਣੀ ਹੈ ਤੇ ਉਨ੍ਹਾਂ ਤੋ ਬਹੁਤ ਕੁਝ ਸਿੱਖਿਆ ਹੈ। ਇਸ ਪਰਿਵਾਰ ਨਾਲ ਪੁਰਾਣੀ ਸਾਂਝ ਦੀ ਲੜੀ ਹੁਣ ਚਾਚਾ ਜੀ ਨੇ ਮੈਨੂੰ ਏਅਰਪੋਰਟ ਤੋਂ ਚੁੱਕ ਕੇ ਅੱਗੇ ਤੋਰ ਲਈ।

ਘਰ ਦੇ ਦਰਵਾਜ਼ੇ 'ਤੇ ਸਾਡੇ ਸਤਿਕਾਰਯੋਗ ਚਾਚੀ ਜੀ ਸਾਨੂੰ ਉਡੀਕ ਰਹੇ ਸਨ। ਦਹਿਲੀਜ਼ 'ਤੋਂ ਅੰਦਰ ਟੱਪਦਿਆਂ ਇੰਝ ਲੱਗਾ ਜਿਵੇਂ ਬਾਬਾ ਜੀ ਆਪਣੀ ਬੁੱਕਲ ਵਿਚ ਲੈ ਲਿਆ ਹੋਵੇ। ਸ਼ਿਕਾਗੋ ਜਾਣ 'ਤੋਂ ਪਹਿਲਾਂ ਮੇਰੇ ਬੱਚਿਆਂ ਨੇ ਕਿਹਾ ਸੀ ਕਿ ਡੈਡੀ ਜੀ ਤੁਸੀਂ ਏਅਰਪੋਰਟ ਤੋਂ ਹੀ ਕਾਰ ਕਿਰਾਏ ਤੇ ਲੈ ਕੇ ਕਿਸੇ ਹੋਟਲ ਵਿਚ ਰਹਿ ਲਿਉ। ਮੇਰਾ ਵੀ ਇਰਾਦਾ ਇੰਝ ਹੀ ਸੀ ਪਰ ਚਾਚਾ ਜੀ ਦੇ ਫੋਨ ਨੇ ਇਹ ਵਿਉਂਤ ਬਦਲ ਦਿੱਤੀ ਸੀ। ਹੁਣ ਮੈਂ ਚਾਚਾ ਜੀ ਦੇ ਅਲੀਸ਼ਾਨ ਘਰ ਵਿਚ ਵੜ ਕੇ ਸੋਚਿਆ ਕਿ ਇਹ ਕੰਮ ਚੰਗਾ ਹੋ ਗਿਆ ਕਿ ਮੈਂ ਚਾਚਾ ਜੀ ਕੋਲ ਆਇਆ। ਚਾਚੀ ਜੀ ਨੇ ਬਹੁਤ ਹੀ ਵਧੀਆ ਤੇ ਸਵਾਦ ਬਰੇਕ ਫ਼ਾਸਟ ਬਣਾਇਆ। ਮੈਨੂੰ ਲੱਗਾ ਹੀ ਨਹੀਂ ਕਿ ਮੈਂ ਇਸ ਪਰਿਵਾਰ ਨੂੰ ਪਹਿਲੀ ਵਾਰ ਮਿਲ ਰਿਹਾ ਹਾਂ। ਚਾਚਾ-ਚਾਚੀ ਦਾ ਸੁਭਾਅ ਬਹੁਤ ਹੀ ਵਧੀਆ ਤੇ ਮਿਲਾਪੜਾ ਹੈ। ਬਰੇਕ ਫ਼ਾਸਟ ਤੋ ਬਾਅਦ ਪਿੰਡ, ਪਰਿਵਾਰ, ਸਿਆਸਤ ਤੇ ਟਰੰਪ ਦੀਆਂ ਗੱਲਾਂ ਬਾਤਾਂ ਹੋਣ ਤੋਂ ਬਾਅਦ ਮੈਂ ਆਰਮ ਕਰਨ ਲਈ ਕਮਰੇ ਵਿਚ ਚਲਾ ਗਿਆ।

ਦੁਪਹਿਰ ਦਾ ਲੰਚ ਕਰਕੇ ਅਸੀਂ ਫਿਰ ਗੱਲਾਂ ਕਰਦੇ ਰਹੇ। ਚਾਚਾ ਜੀ ਨੇ ਫਿਰ ਮੇਰੀ ਗੱਲ ਆਪਣੇ ਵੱਡੇ ਭਰਾ ਚਾਚਾ ਜੀ ਗੁਰਦਿਆਲ ਸਿੰਘ ਦਿਓਲ (ਕਨੈਡਾ) ਨਾਲ ਕਰਵਾਈ। ਉਹ ਬਹੁਤ ਖੁਸ਼ ਹੋਏ ਕਿ ਮੈਂ ਇੱਥੇ ਠਹਿਰਿਆ ਹਾਂ। ਸ਼ਾਮ ਨੂੰ ਅਸੀਂ ਸਾਰੇ 'ਪੰਜਾਬ ਟਾਈਮਜ਼ ਨਾਈਟ' 'ਤੇ ਪਹੁੰਚ ਗਏ। ਬੜੇ ਸ਼ਾਨਦਾਰ ਹਾਲ ਵਿਚ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਸੀ ਸਾਡਾ ਪਿਆਰਾ ਮਿੱਤਰ ਗੁਰਮੁੱਖ ਸਿੰਘ ਭੁੱਲਰ ਤੇ ਜੱਸੀ ਪਰਮਾਰ ਨੇ ਸਟੇਜ ਨੂੰ ਬੜੇ ਪਿਆਰ ਦੇ ਸ਼ਬਦਾਂ ਨਾਲ ਕੀਲਿਆ ਹੋਇਆ ਸੀ। ਭੈਣ ਜਸਪ੍ਰੀਤ ਕੌਰ ਆਏ ਹੋਏ ਮਹਿਮਾਨਾਂ ਨੂੰ ਬੜੇ ਪਿਆਰ ਸਤਿਕਾਰ ਨਾਲ ਜੀ ਆਇਆਂ ਆਖ ਰਹੇ ਸਨ। ਦੇਖਦਿਆਂ-ਦੇਖਦਿਆਂ ਹੀ ਹਾਲ ਮਹਿਮਾਨਾਂ ਨਾਲ ਭਰ ਗਿਆ। ਜੰਮੂ ਜੀ ਨੂੰ ਯਾਦ ਕਰਦਿਆਂ ਕਿਸੇ ਦੀ ਅੱਖ ਨਮ ਨਹੀਂ ਹੋਈ ਸਗੋਂ ਉਨ੍ਹਾਂ ਦੀ ਦਲੇਰ ਸ਼ਖ਼ਸੀਅਤ ਨੂੰ ਸਲਾਮ ਕੀਤਾ ਗਿਆ। ਉਨ੍ਹਾਂ ਦੀ ਹਾਜ਼ਰੀ ਹਰੇਕ ਬੁਲਾਰੇ ਦੀ ਜ਼ੁਬਾਨ 'ਤੇ ਬੋਲ ਰਹੀ ਸੀ। ਪੰਜਾਬ ਟਾਈਮਜ਼ ਹੁਣ ਪੂਰੀ ਚੜ੍ਹਦੀ ਜਵਾਨੀ ਵਿਚ ਹੈ। ਮੈਂ ਜਿਆਦਾ ਰਿਪੋਰਟ ਵੱਲ ਨਹੀਂ ਜਾਂਦਾ ਕਿਉਂਕਿ ਕਿ ਸਭ ਕੁਝ ਪਿਛਲੇ ਅੰਕ ਵਿਚ ਛਪ ਚੁੱਕਾ ਹੈ ਤੇ ਤੁਸੀਂ ਪੜ੍ਹ ਚੁੱਕੇ ਹੋ।

ਹਰੇਕ ਬੁਲਾਰੇ ਨੇ ਜੰਮੂ ਜੀ ਨਾਲ ਦੋਸਤੀ ਦੀ ਪੀਂਘ ਦਾ ਹੁਲਾਰਾ ਯਾਦ ਕੀਤਾ। ਇਲਾਕੇ ਵਿਚੋਂ ਆਏ ਹੋਏ ਸੱਜਣ-ਮਿੱਤਰਾਂ ਨੇ ਅਖ਼ਬਾਰ ਨਾਲ ਹਮੇਸ਼ਾ ਖੜਨ ਦਾ ਵਾਅਦਾ ਕੀਤਾ ਤੇ ਜੰਮੂ ਜੀ ਵੱਲੋਂ ਲਾਏ ਹੋਏ ਇਸ ਬੂਟੇ ਨੂੰ ਹਮੇਸ਼ਾ ਮਿੱਠਾ ਫਲ ਲੱਗਣ ਦੀ ਆਸ ਰੱਖੀ। ਚਾਹ-ਪਾਣੀ ਤੇ ਰੋਟੀ ਦਾ ਬਹੁਤ ਸੋਹਣਾ ਪ੍ਰਬੰਧ ਸੀ। ਅਸ਼ੋਕ ਭੌਰਾ ਬਾਈ ਜੀ ਖੂੰਜੇ ਵਿਚ ਹਲਕੀ-ਹਲਕੀ ਗਲਾਸੀ ਆਪਣੇ ਮਿੱਤਰਾਂ ਨਾਲ ਟਕਰਾ ਰਹੇ ਸਨ। ਬਹੁਤ ਸਮੇਂ ਬਾਅਦ ਇਨ੍ਹਾਂ ਵਧੀਆ ਪ੍ਰੋਗਰਾਮ ਦੇਖਣ ਨੂੰ ਮਿਲਿਆ। ਜਿੱਥੇ ਸਰੋਤਿਆਂ ਨੇ ਸ਼ਾਂਤ ਸੁਭਾਅ ਨਾਲ ਅਨੰਦ ਮਾਣਿਆ। ਇੱਥੇ ਮੈਂ ਫਿਰ ਦੁਬਾਰਾ ਭੈਣ ਜੀ ਜਸਪ੍ਰੀਤ ਕੌਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ, ਜਿਨ੍ਹਾਂ ਨੇ ਆਪ, ਅੰਮ੍ਰਿਤ ਭੈਣ ਤੇ ਆਪਣੀ ਸਾਰੀ ਟੀਮ ਨਾਲ ਮਿਲ ਕੇ ਇਸ ਯਾਦਗਾਰੀ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਸਮੇਂ ਨਾਲ ਸਮਾਪਤੀ ਹੋ ਗਈ। ਦੂਜੇ ਦਿਨ ਐਤਵਾਰ ਸੀ। ਚਾਚਾ ਜੀ ਤੇ ਚਾਚੀ ਜੀ ਮੈਨੂੰ ਗੁਰਦੁਆਰਾ ਸਾਹਿਬ ਲੈ ਗਏ। ਭੈਣ ਜੀ ਜਸਪ੍ਰੀਤ ਹੋਰਾਂ ਨੇ ਆਪਣੇ ਘਰ ਬੁਲਾਇਆ ਸੀ, ਪਰ ਸਮਾਂ ਸੀਮਤ ਹੋਣ ਕਰਕੇ ਜਾ ਨਹੀਂ ਸਕੇ। ਇਸ ਦੀ ਮੈਂ ਮੁਆਫ਼ੀ ਚਾਹੁੰਦਾ ਹਾਂ। ਸ਼ਾਮ ਨੂੰ ਮੈਨੂੰ ਚਾਚਾ-ਚਾਚੀ ਜੀ ਏਅਰਪੋਰਟ ਛੱਡ ਗਏ। ਦੋਵਾਂ ਵੱਲੋਂ ਮਿਲਿਆ ਪਿਆਰ ਮੇਰੇ ਸੀਨੇ ਦੀ ਤਜੌਰੀ ਵਿਚ ਜਮ੍ਹਾਂ ਹੋ ਗਿਆ। ਸੱਚੀ! ਸ਼ਿਕਾਗੋ ਦੀ ਇਹ ਫੇਰੀ ਤੇ 'ਪੰਜਾਬ ਟਾਈਮਜ਼' ਦੀ ਇਹ 27ਵੀਂ ਵਰ੍ਹੇਗੰਢ ਹਮੇਸ਼ਾਂ ਯਾਦ ਰਹੇਗੀ। ਪਾਠਕ ਪ੍ਰੇਮੀਆਂ ਵੱਲੋਂ ਮਿਲਿਆ ਪਿਆਰ ਮੇਰੀ ਕਲਮ ਨੂੰ ਹੋਰ ਬਲ ਬਖਸ਼ੇਗਾ ਤੇ ਮੈ ਹਮੇਸ਼ਾ 'ਪੰਜਾਬ ਟਾਈਮਜ਼' ਨਾਲ ਜੁੜਿਆ ਰਹਾਂਗਾ। ਅਖੀਰ ਵਿਚ ਸ਼ਿਕਾਗੋ ਵਾਲਿਆਂ ਦਾ ਧੰਨਵਾਦ ਜੀ। ਰੱਬ ਰਾਖਾ॥

---

### 'ਹਾਰ 'ਚ ਵੀ ਬਣਿਆ ਰਿਹਾ ਉਨ੍ਹਾਂ ਦਾ ਸ਼ਿੰਗਾਰ!'

# ਹੁਣ ਨਹੀਂ ਭੁੱਲੇਗਾ 'ਕੇਪ ਵਾਰਡੇ'

ਆਪੋ ਆਪਣੇ ਦਿਲਾਂ 'ਤੇ ਹੱਥ ਰਖ ਕੇ ਸੱਚ ਦੱਸਿਓ ਕਿ ਮੌਜੂਦਾ ਫੀਫਾ ਵਿਸ਼ਵ ਕੱਪ ਸ਼ੁਰੂ ਹੋਣ ਤੋਂ ਪਹਿਲਾਂ ਕਿੰਨਿਆਂ ਕੁ ਨੇ ਕੇਪ ਵਾਰਡੇ ਦੇਸ਼ ਦਾ ਨਾਮ ਸੁਣਿਆਂ ਸੀ? ਅਸੀਂ ਤਾਂ ਬਿਲਕੁਲ ਨਹੀਂ ਸੀ ਸੁਣਿਆਂ। ਇਸ ਕੱਪ ਨੂੰ ਟੀਵੀ ਉਪਰ ਦਿਖਾ ਰਹੇ ਇੱਕ ਨਿੱਜੀ ਚੈਨਲ 'ਤੇ ਪੈਨਲ ਚਰਚਾ 'ਚ ਭਾਗ ਲੈਂਦਿਆਂ ਭਾਰਤੀ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਬਾਇਚਿੰਗ ਭੁਟੀਆ ਨੇ ਮੰਨਿਆ ਕਿ ਉਸ ਨੇ ਇਸ ਮੁਲਕ ਬਾਰੇ ਕਦੀ ਨਹੀਂ ਸੀ ਸੁਣਿਆਂ ਤੇ ਨਾਂ ਹੀ ਪਤਾ ਸੀ ਕਿ ਇਹ ਕਿਥੇ ਹੈ। ਉਸ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਅਨੁਸਾਰ ਜਦ ਉਸ ਨੇ ਨਕਸ਼ਾ ਦੇਖਿਆ ਤਾਂ ਪਤਾ ਲਗਾ ਕਿ ਇਹ ਤਾਂ ਐਨਾ ਨਿੱਕਾ ਜਿਹਾ ਮੁਲਕ ਹੈ, ਜਿਸ ਦੀ ਕੁੱਲ ਆਬਾਦੀ ਨਾਲੋਂ ਉਸ ਦੇ ਪ੍ਰਾਂਤ ਸਿਕਿਮ ਦੀ ਆਬਾਦੀ ਹੀ ਵਧ ਹੈ!

ਹੋਰ ਤਾਂ ਹੋਰ, ਸਾਡੇ ਲਾਗਲੇ ਸ਼ਹਿਰ ਜਲੰਧਰ ਦੀ ਆਬਾਦੀ ਹੀ ਇਸ ਦੇਸ਼ ਦੀ ਆਬਾਦੀ ਨਾਲੋਂ ਦੁਗਣੀ ਜਾਂ ਇਸ ਤੋਂ ਵੀ ਵਧੇਰੇ ਹੈ!

ਪਰ ਹੁਣ ਆਪਾਂ ਸਭ ਨੂੰ ਕੇਪ ਵਾਰਡੇ, ਜਿਸ ਨੂੰ ਕਾਬੋ ਵਾਰਡੇ ਵੀ ਕਿਹਾ ਜਾਂਦੈ, ਦਾ ਪਤਾ ਹੈ ਕਿ ਇਹ ਦੇਸ਼ ਕਿਥੇ ਹੈ। ਪਤਾ ਹੀ ਨਹੀਂ, ਸਗੋਂ ਹੁਣ ਸਾਨੂੰ ਕਦੀ ਇਸ ਦਾ ਨਾਮ ਭੁੱਲੇਗਾ ਵੀ ਨਹੀਂ। ਫੀਫਾ ਵਿਸ਼ਵ ਕੱਪ ਦੇ ਡਿਫੈਂਡਿੰਗ ਚੈਂਪੀਅਨ ਅਰਜਨਟੀਨਾ, ਜਿਸ ਨੇ ਸ਼ੁਕਰਵਾਰ ਨੂੰ ਮਿਆਮੀ ਖੇਡ ਮੈਦਾਨ 'ਚ ਇਸ ਨਾਲ ਮੁਕਾਬਲਾ ਕੀਤਾ, ਨੂੰ ਤਾਂ ਕਦੀ ਵੀ ਨਹੀਂ ਭੁੱਲੇਗਾ!

ਤੇ ਇਸ ਗੱਲ ਵਿਚ ਹੀ ਇਸ ਦੇਸ਼ ਦੀ ਜਿੱਤ ਹੈ!

ਪੱਛਮੀ ਅਫਰੀਕਾ ਦੇ ਇਸ ਨਿਕਚੂ ਜਿਹੇ ਟਾਪੂ ਦੇਸ਼ ਦੀ ਕੁਲ ਆਬਾਦੀ 5 ਲਖ 25 ਹਜ਼ਾਰ ਜਾਂ ਇਸ ਦੇ ਲਾਗੇ-ਚਾਗੇ ਹੈ। ਦੁਨੀਆਂ ਦੇ ਜਨਸੰਖਿਆ ਪੱਖੋਂ ਸਭ ਤੋਂ ਛੋਟੇ ਦੇਸ਼ਾਂ 'ਚ ਇਸ ਦਾ 174ਵਾਂ ਸਥਾਨ ਹੈ ਤੇ ਫੀਫਾ ਰੈਂਕਿੰਗ 'ਚ 67ਵਾਂ। ਇਸ ਨੇ ਪਹਿਲੀ ਵਾਰ ਫੀਫਾ ਕੱਪ 'ਚ ਹਿੱਸਾ ਲਿਆ ਹੈ, ਭਾਵ ਡੈਬਿਯੂ ਕੀਤਾ ਹੈ (145 ਕਰੋੜ ਦੀ ਆਬਾਦੀ ਵਾਲੇ ਭਾਰਤ ਨੇ ਪਤਾ ਨਹੀਂ ਕਦੋਂ ਡੈਬਿਯੂ ਕਰਨੈ! ਸਾਡੀ ਤਾਂ ਫੀਫਾ ਰੈਂਕਿੰਗ ਵੀ 138/39 ਹੈ। )

ਇਸ ਨੇ ਗਰੁੱਪ ਵਾਲੇ ਮੈਚਾਂ ਵਿਚ 3 ਵਡੀਆਂ ਟੀਮਾਂ ਨਾਲ ਬਾਰਬਰ ਬਰਾਬਰ ਮੈਚ ਖੇਡਿਆ। ਇਨ੍ਹਾਂ ਵਿਚ ਵਿਸ਼ਵ ਚੈਂਪੀਅਨ ਰਹਿ ਚੁੱਕੀ ਸਪੇਨ ਦੀ ਟੀਮ ਵੀ ਸ਼ਾਮਿਲ ਹੈ। 32-ਰਾਊਂਡ ਵਾਲੀ ਨੌਕ-ਆਊਟ ਸਟੇਜ 'ਚ ਇਸ ਨੇ ਡਿਫੈਂਡਿੰਗ ਵਿਸ਼ਵ ਚੈਂਪੀਅਨ ਅਰਜਨਟੀਨਾ ਦੇ ਪਸੀਨੇ ਛੁਡਾ ਦਿਤੇ, ਪਾਣੀ ਪਿਲਾ ਦਿਤਾ। ਫੁੱਟਬਾਲ ਖੇਡ ਦੇ ਭਗਵਾਨ ਸਮਝੇ ਜਾਂਦੇ ਲਿਉਨਲ ਮੈਸੀ ਦੀ ਟੀਮ ਉਪਰ ਗੋਲ ਦਾਗੇ, 2-2 ਦੀ ਬਰਾਬਰੀ ਰਖੀ ਤੇ ਆਖਿਰ 'ਚ ਵਾਧੂ ਟਾਈਮ ਦੇ ਦੂਸਰੇ ਦੌਰ ਦੌਰਾਨ ਹੀ ਅਰਜਨਟੀਨਾ ਨੇ ਜੇਤੂ ਗੋਲ ਕਰਕੇ ਸੁਖ ਦਾ ਸਾਹ ਲਿਆ! ਮੈਸੀ ਤੇ ਸਾਥੀਆਂ ਨੇ ਮੱਥੇ ਤੋਂ ਪਸੀਨੇ ਪੂੰਝੇ।




ਜ਼ਰਾ ਸੋਚੋ, ਇੱਕ ਦੇਸ਼ ਜੋ ਆਪਣਾ ਪਹਿਲਾ ਵਿਸ਼ਵ ਕੱਪ ਖੇਡ ਰਿਹੈ, ਦਾ ਮੁਕਾਬਲਾ 3 ਵਾਰ ਦੇ ਵਿਸ਼ਵ ਚੈਂਪੀਅਨ ਨਾਲ ਹੋਵੇ ਤੇ ਇਹ ਨਿੱਕਾ ਜਿਹਾ ਦੇਸ਼ ਆਪਣੇ ਤਕੜੇ ਵਿਰੋਧੀ ਨੂੰ ਹੱਥਾਂ-ਪੈਰਾਂ ਦੀ ਪਾ ਦੇਵੇ ਤਾਂ ਹੋਈ ਨਾ ਕਮਾਲ ਦੀ ਗੱਲ। ਜਿੱਤ ਤਾਂ ਗੋਲ ਹੀ ਦਿਵਾਉਂਦੇ ਹਨ ਪਰ ਜੇ ਆਖਰੀ ਗੇੜ 'ਚ ਅਰਜਨਟੀਨਾ ਗੋਲ ਨਾ ਕਰਦੀ ਤੇ ਮੈਚ ਪੈਨਲਿਟੀ ਸ਼ੂਟ-ਆਊਟ 'ਚ ਚਲਾ ਜਾਂਦਾ ਤਾਂ ਕੇਪ ਵਾਰਡੇ ਦੇ ਫੁੱਟਬਾਲ ਫੈਨਜ਼ ਦੇ ਦਿਲਾਂ ਦੇ ਸਮਰਾਟ ਬਣੇ ਗੋਲ ਕੀਪਰ ਵੋਜ਼ੀਨ੍ਹਾ ਨੇ ਵਿਰੋਧੀ ਟੀਮ ਦੀਆਂ ਕੁਝ ਹਿੱਟਾਂ ਬਚਾ ਲੈਣੀਆਂ ਸੀ ਤੇ ਆਪਣੀ ਟੀਮ ਨੂੰ ਰਾਊਂਡ ਸੋਲਾਂ 'ਚ ਪਹੁੰਚਾ ਦੇਣਾ ਸੀ। ਇਹ ਗੱਲ ਅਸੀਂ ਐਵੇਂ ਨਹੀਂ ਕਹਿ ਰਹੇ, ਵੋਜ਼ੀਨ੍ਹਾ ਦੇ ਇਸ ਵਿਸ਼ਵ ਕੱਪ ਵਿਚਲੀ ਬਾਕਮਾਲ ਪਰਫੌਰਮੈਂਸ ਨੂੰ ਦੇਖ ਕੇ ਕਹਿ ਰਹੇ ਹਾਂ। ਇਸ 40 ਸਾਲਾ ਲੈਜੈਂਡਰੀ ਗੋਲ ਕੀਪਰ ਦੀ ਹੈਰਾਨੀਜਨਕ ਕੀਪਿੰਗ ਅਤੇ ਟੀਮ ਦੀ ਬਲਸ਼ਾਲੀ ਤੇ ਧੜੱਲੇਦਾਰ ਖੇਡ ਨੇ ਪਹਿਲਾਂ 3 ਟੀਮਾਂ ਸਪੇਨ, ਪੈਰਾਗੁਏ (ਸਾਬਕਾ ਵਿਸ਼ਵ ਚੈਂਪੀਅਨ) ਅਤੇ ਸਾਉਦੀ ਅਰਬ ਨਾਲ ਬਰਾਬਰੀ ਦੇ ਮੈਚ ਖੇਡ ਕੇ ਸਭ ਨੂੰ ਹੈਰਾਨ ਕਰ ਦਿਤਾ ਸੀ। ਅਰਜਨਟੀਨਾਂ ਨਾਲ ਖੇਡਦਿਆਂ ਵੋਜ਼ੀਨ੍ਹਾ ਨੇ 10 ਬਚਾਅ ਕੀਤੇ ਜਿਨ੍ਹਾਂ 'ਚੋਂ 5 ਖੇਡ ਦੇ ਜਾਦੂਗਰ ਮੈਸੀ ਵਲੋਂ ਕੀਤੇ ਗਏ ਧਾਵੇ ਸਨ! ਸਾਨੂੰ ਨਹੀਂ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬੀ ਭਾਸ਼ਾ ਤੇ ਸੱਭਿਆਚਾਰ ਸੰਬੰਧੀ ਆਪਣਾ ਏਜੰਡਾ ਸਪੱਸ਼ਟ ਕਰੇ ਪੰਜਾਬ ਸਰਕਾਰ

ਪੰਜਾਬੀ ਸੂਬੇ ਦੀ ਸਥਾਪਨਾ ਲਈ ਚੱਲੇ ਲੰਬੇ ਸੰਘਰਸ਼ ਤੋਂ ਬਾਅਦ 1 ਨਵੰਬਰ, 1966 ਨੂੰ ਪੰਜਾਬੀ ਸੂਬੇ ਦੀ ਸਥਾਪਨਾ ਇਸ ਮਕਸਦ ਲਈ ਕਰਵਾਈ ਗਈ ਸੀ ਕਿ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਭਾਸ਼ਾਈ ਖਾਹਿਸ਼ਾਂ ਤੇ ਉਮੰਗਾਂ ਨੂੰ ਪੂਰਾ ਕਰਨ ਲਈ ਖੁੱਲ੍ਹੇ ਅਵਸਰ ਮਿਲ ਸਕਣਗੇ। ਭਾਵੇਂ ਉਸ ਸਮੇਂ ਦੀ ਕੇਂਦਰੀ ਸਰਕਾਰ ਨੇ ਸਾਰੇ ਪੰਜਾਬੀ ਬੋਲਦੇ ਇਲਾਕੇ



**ਸਤਨਾਮ ਸਿੰਘ ਮਾਣਕ**

ਇਸ ਵਿਚ ਸ਼ਾਮਿਲ ਨਹੀਂ ਕੀਤੇ ਸਨ ਅਤੇ ਨਾ ਹੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਿਲ ਕੀਤਾ ਗਿਆ ਸੀ। ਦਰਿਆਈ ਪਾਣੀਆਂ ਦਾ ਕੰਟਰੋਲ ਵੀ ਪੰਜਾਬ ਪੁਨਰਗਠਨ ਐਕਟ ਵਿਚ 78, 79 ਤੇ 80 ਆਦਿ ਧਾਰਾਵਾਂ ਸ਼ਾਮਿਲ ਕਰਕੇ ਆਪਣੇ ਹੱਥ ਲੈ ਲਿਆ ਸੀ। ਪੰਜਾਬ ਦੀਆਂ ਉਪਰੋਕਤ ਮੰਗਾਂ ਮੰਨਵਾ ਕੇ ਪੰਜਾਬੀ ਸੂਬੇ ਨੂੰ ਸੰਪੂਰਨ ਕਰਵਾਉਣ ਲਈ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਸਮੇਂ-ਸਮੇਂ 'ਤੇ ਆਵਾਜ਼ ਬੁਲੰਦ ਕਰਦੀਆਂ ਰਹੀਆਂ ਹਨ ਅਤੇ ਪੰਜਾਬ ਦੇ ਲੇਖਕ, ਪੱਤਰਕਾਰ ਅਤੇ ਬੁੱਧੀਜੀਵੀ ਵੀ ਇਸ ਮਕਸਦ ਲਈ ਅਵਾਜ਼ ਉਠਾਉਂਦੇ ਰਹੇ ਹਨ।

ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਉਣ ਅਤੇ ਕੁੱਝ ਹੋਰ ਮੰਗਾਂ ਲਈ ਦਰਸ਼ਨ ਸਿੰਘ ਫੇਰੂਮਾਨ 74 ਦਿਨਾਂ ਤੱਕ ਮਰਨ ਵਰਤ ਰੱਖ ਕੇ ਸ਼ਹੀਦ ਵੀ ਹੋ ਗਏ ਸਨ। ਪਰ ਇਹ ਮੁੱਦੇ ਅਜੇ ਤੱਕ ਵੀ ਲਟਕਦੇ ਆ ਰਹੇ ਹਨ, ਇਹ ਇਕ ਵੱਖਰੀ ਗੱਲ ਹੈ। ਸਾਡੇ ਇਸ ਲੇਖ ਦਾ ਮੁੱਖ ਵਿਸ਼ਾ 1 ਨਵੰਬਰ, 1966 ਤੋਂ ਬਾਅਦ ਬਣੇ ਪੰਜਾਬੀ ਸੂਬੇ ਵਿਚ ਸਰਕਾਰਾਂ ਨੇ ਮਾਂ ਬੋਲੀ ਪੰਜਾਬੀ ਨੂੰ ਮਾਣ, ਸਨਮਾਨ ਦੇਣ, ਸਿੱਖਿਆ ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਉਸ ਨੂੰ ਲਾਗੂ ਕਰਨ ਲਈ ਕਿੰਨੀ ਕੁ ਪ੍ਰਤੀਬੱਧਤਾ ਨਾਲ ਕੰਮ ਕੀਤਾ ਹੈ?

ਇਸ ਸੰਦਰਭ ਵਿਚ ਮਰਹੂਮ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦਾ ਨਾਂਅ ਹੀ ਉੱਭਰ ਕੇ ਸਾਹਮਣੇ ਆਉਂਦਾ ਹੈ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਦੀ ਸਰਕਾਰੀ ਭਾਸ਼ਾ ਐਲਾਨ ਕੇ ਪ੍ਰਸ਼ਾਸਨ ਦਾ ਕੰਮਕਾਜ ਪੰਜਾਬੀ ਵਿਚ ਸ਼ੁਰੂ ਕਰਵਾਇਆ ਅਤੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਯਤਨ ਵੀ ਕੀਤੇ ਸਨ। ਬਾਅਦ ਵਾਲੇ ਮੁੱਖ ਮੰਤਰੀਆਂ ਨੇ ਪੰਜਾਬੀ ਲੇਖਕਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਵਲੋਂ ਵਾਰ-ਵਾਰ ਮੰਗਾਂ ਉਠਾਉਣ ਦੇ ਬਾਵਜੂਦ ਵੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਅਤੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰਾਂ ਵਿਚ ਇਸ ਨੂੰ ਲਾਗੂ ਕਰਨ ਲਈ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ। 2007 ਵਿਚ ਬਣੀ ਅਕਾਲੀ-ਭਾਜਪਾ ਸਰਕਾਰ ਨੂੰ ਇਸ ਗੱਲ ਦਾ ਸਿਹਰਾ ਜ਼ਰੂਰ ਜਾਂਦਾ ਹੈ ਕਿ ਉਨ੍ਹਾਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਸੰਬੰਧੀ ਇਕ ਐਕਟ ਪਾਸ ਕਰਕੇ ਰਾਜ ਦੇ ਸਾਰੇ ਸਰਕਾਰੀ ਤੇ ਗੈਰ ਸਰਕਾਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਦਸਵੀਂ ਤੱਕ ਲਾਜ਼ਮੀ ਪੜ੍ਹਾਉਣ ਦੀ ਵਿਵਸਥਾ ਕੀਤੀ ਸੀ। ਇਸਦੇ ਨਾਲ ਹੀ ਉਨ੍ਹਾਂ ਵਲੋਂ ਰਾਜ ਭਾਸ਼ਾ ਐਕਟ ਵਿਚ ਕੁਝ ਸੋਧਾਂ ਕਰਕੇ ਉਸ ਨੂੰ ਹੋਰ ਪ੍ਰਭਾਵੀ ਬਣਾਉਣ ਦਾ ਯਤਨ ਵੀ ਕੀਤਾ ਸੀ। ਪਰ ਇਸ ਕਾਨੂੰਨੀ ਕਵਾਇਦ ਦੇ ਬਾਵਜੂਦ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਸਥਾਨ ਨਹੀਂ ਮਿਲਿਆ। ਭਾਵੇਂ ਪਹਿਲਾਂ ਦੇ ਮੁਕਾਬਲੇ ਗੈਰ ਸਰਕਾਰੀ ਸਕੂਲਾਂ ਵਿਚ ਹੁਣ ਪੰਜਾਬੀ ਵਧੇਰੇ ਪੜ੍ਹਾਈ ਜਾਂਦੀ ਹੈ ਪਰ ਫਿਰ ਵੀ 10ਵੀਂ ਤੱਕ ਸਾਰੇ ਗੈਰ ਸਰਕਾਰੀ ਸਕੂਲ ਪੰਜਾਬੀ ਨਹੀਂ ਪੜ੍ਹਾਉਂਦੇ । ਅੱਠਵੀਂ ਤੱਕ ਪਹੁੰਚਦਿਆਂ ਵਿਦਿਆਰਥੀਆਂ ਨੂੰ ਹੋਰ ਭਾਸ਼ਾਵਾਂ ਜਾਂ ਵਿਸ਼ਿਆਂ ਦੀ ਚੋਣ ਕਰਨ ਲਈ ਕਹਿ ਦਿੱਤਾ ਜਾਂਦਾ ਹੈ। ਸੀ.ਬੀ.ਐਸ.ਈ. ਵਲੋਂ ਨਿਰਧਾਰਤ ਸਿਲੇਬਸ ਅਤੇ ਇਮਤਿਹਾਨਾਂ ਦੀ ਵਿਵਸਥਾ ਵੀ ਦਸਵੀਂ ਤੱਕ ਪੰਜਾਬੀ ਵਿਸ਼ਾ ਪੜ੍ਹਾਉਣ ਦੇ ਰਾਹ ਵਿਚ ਮੁਸ਼ਕਿਲਾਂ ਖੜ੍ਹੀਆਂ ਕਰਦੀ ਹੈ। ਰਾਜ ਵਿਚ ਆਰਮੀ ਵੈਲਫੇਅਰ ਸੁਸਾਇਟੀ ਵਲੋਂ ਚਲਾਏ ਜਾ ਰਹੇ ਸਕੂਲਾਂ ਵਿਚ ਵੀ ਪੰਜਾਬੀ ਪੜ੍ਹਾਉਣ 'ਤੇ ਵਾਰ-ਵਾਰ ਰੋਕਾਂ ਲਗਾਈਆਂ ਜਾਂਦੀਆਂ ਹਨ। ਕੁੱਝ ਸਮਾਂ ਪਹਿਲਾਂ ਤਾਂ ਆਰਮੀ ਪਬਲਿਕ ਸਕੂਲਾਂ ਵਿਚ ਛੇਵੀਂ ਤੋਂ ਪੰਜਾਬੀ ਦੀ ਥਾਂ 'ਤੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਪੜਾਉਣ 'ਤੇ ਜ਼ੋਰ ਦਿੱਤਾ ਗਿਆ ਸੀ ਅਤੇ ਇਸ ਮਕਸਦ ਲਈ ਆਰਮੀ ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਤੋਂ ਦਸਤਖਤ ਕਰਵਾ ਕੇ ਸਹਿਮਤੀ ਲੈਣ ਲਈ ਵੀ ਦਬਾਅ ਪਾਇਆ ਗਿਆ ਸੀ।

ਉਧਰ ਕੌਮੀ ਪੱਧਰ 'ਤੇ ਵੀ ਦੇਸ਼ ਦਾ ਸ਼ਾਸਨ ਚਲਾ ਰਹੀ ਭਾਰਤੀ ਜਨਤਾ ਪਾਰਟੀ ਦਾ ਲਗਾਤਾਰ ਇਹ ਯਤਨ ਹੈ ਕਿ ਦੇਸ਼ ਦੀਆਂ ਰਾਜਨੀਤਕ, ਧਾਰਮਿਕ, ਸੱਭਿਆਚਾਰਕ ਅਤੇ ਭਾਸ਼ਾਈ ਵਿਲੱਖਣਤਾਵਾਂ ਨੂੰ ਖ਼ਤਮ ਕਰਕੇ ਇਕ ਧਰਮ, ਇਕ ਭਾਸ਼ਾ ਇਕ ਤਰ੍ਹਾਂ ਦੀ ਸਿੱਖਿਆ ਅਤੇ ਇਕ ਤਰ੍ਹਾਂ ਦੀ ਰਾਜਨੀਤੀ ਨੂੰ ਦੇਸ਼ ਵਿਚ ਸਥਾਪਿਤ ਕੀਤਾ ਜਾਵੇ। ਇਸ ਨੂੰ ਮੁੱਖ ਰੱਖਦਿਆਂ ਸਕੂਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ, ਸੰਬੰਧਿਤ ਨਿਯਮਾਂ, ਕਾਨੂੰਨਾਂ ਅਤੇ ਸਿਲੇਬਸਾਂ ਵਿਚ ਅਨੇਕਾਂ ਤਰ੍ਹਾਂ ਦੀਆਂ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

ਰਾਜਾਂ ਦੇ ਸਰੋਕਾਰਾਂ ਨੂੰ ਏਜੰਡੇ 'ਤੇ ਆਉਣ ਤੋਂ ਰੋਕਣ ਲਈ ਇਕ ਦੇਸ਼, ਇਕ ਚੋਣ ਨਾਂਅ ਦਾ ਕਾਨੂੰਨ ਵੀ ਛੇਤੀ ਹੀ ਪਾਸ ਕੀਤਾ ਜਾ ਰਿਹਾ ਹੈ, ਜਿਸ ਨਾਲ ਕੌਮੀ ਪੱਧਰ 'ਤੇ ਲੋਕ ਸਭਾ ਦੀਆਂ ਚੋਣਾਂ ਦੇ ਨਾਲ ਹੀ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣਗੀਆਂ। ਅਜਿਹੀਆਂ ਚੋਣਾਂ ਵਿਚ ਕੌਮੀ ਪਾਰਟੀਆਂ ਹੀ ਭਾਰੂ ਰਹਿਣਗੀਆਂ। ਖੇਤਰੀ ਪਾਰਟੀਆਂ ਹਾਸ਼ੀਏ 'ਤੇ ਧੱਕੀਆਂ ਜਾਣਗੀਆਂ। ਰਾਜਾਂ ਦੇ ਮੁੱਦੇ ਚੋਣਾਂ ਵਿਚ ਉੱਭਰ ਕੇ ਸਾਹਮਣੇ ਹੀ ਨਹੀਂ ਆ ਸਕਣਗੇ।

ਇਸ ਤਰ੍ਹਾਂ ਦੀਆਂ ਸਥਿਤੀਆਂ ਵਿਚ ਇਹ




ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਪੰਜਾਬ ਵਰਗੇ ਰਾਜਨੀਤਕ, ਧਾਰਮਿਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨਤਾਵਾਂ ਰੱਖਣ ਵਾਲੇ ਸੂਬੇ ਵਿਚ ਪੰਜਾਬੀ ਜ਼ੁਬਾਨ ਦੇ ਪ੍ਰਚਾਰ-ਪ੍ਰਸਾਰ ਅਤੇ ਇਸ ਦੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਸਮੇਂ ਦੀਆਂ ਰਾਜ ਸਰਕਾਰਾਂ ਵਲੋਂ ਢੁੱਕਵੇਂ ਕਦਮ ਉਠਾਏ ਜਾਣ। ਪਰ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਬਣਦੀਆਂ ਆ ਰਹੀਆਂ ਸਰਕਾਰਾਂ ਇਨ੍ਹਾਂ ਸਰਕਾਰਾਂ ਨੂੰ ਵਧੇਰੇ ਕਰਕੇ ਨਜ਼ਰਅੰਦਾਜ਼ ਹੀ ਕਰਦੀਆਂ ਆ ਰਹੀਆਂ ਹਨ। ਕਿਸੇ ਵੀ ਰਾਜ ਸਰਕਾਰ ਨੇ ਭਾਸ਼ਾ ਵਿਭਾਗ, ਪੰਜਾਬ ਕਲਾ ਪਰਿਸ਼ਦ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰਦੀਆਂ ਆ ਰਹੀਆਂ ਕੇਂਦਰੀ ਲੇਖਕ ਸਭਾਵਾਂ ਅਤੇ ਹੋਰ ਸੰਗਠਨਾਂ ਨੂੰ ਬਣਦੀਆਂ ਗਰਾਂਟਾਂ ਦੇ ਕੇ ਉਨ੍ਹਾਂ ਦੀ ਸਰਪ੍ਰਸਤੀ ਨਹੀਂ ਕੀਤੀ। ਕਿਸੇ ਸਮੇਂ ਭਾਸ਼ਾ ਵਿਭਾਗ ਪੰਜਾਬ ਵਿਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਬੇਹੱਦ ਅਹਿਮ ਸਰਕਾਰੀ ਅਦਾਰਾ ਮੰਨਿਆ ਜਾਂਦਾ ਸੀ । ਇਸ ਵਲੋਂ ਸਲਾਨਾ ਲੇਖਕਾਂ ਦਾ ਮਾਣ ਸਨਮਾਨ ਵਧਾਉਣ ਲਈ ਐਵਾਰਡ ਦਿੱਤੇ ਜਾਂਦੇ ਸਨ। ਨਵੇਂ ਲੇਖਕਾਂ ਦੀਆਂ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਸ ਦੇ ਨਾਲ ਹੀ ਦੇਸ਼-ਵਿਦੇਸ਼ ਦਾ ਪ੍ਰਸਿੱਧ ਸਾਹਿਤ ਵੀ ਪੰਜਾਬੀ ਜ਼ੁਬਾਨ ਵਿਚ ਛਪਵਾ ਕੇ ਸਸਤੀਆਂ ਦਰਾਂ 'ਤੇ ਪਾਠਕਾਂ ਨੂੰ ਮੁਹੱਈਆ ਕੀਤਾ ਜਾਂਦਾ ਸੀ। ਬਹੁਤ ਸਾਰੀਆਂ ਇਤਿਹਾਸਕ ਮਹੱਤਵ ਦੀਆਂ ਕਿਤਾਬਾਂ ਵੀ ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵਲੋਂ ਲਗਾਤਾਰ ਆਪਣੇ ਮਾਸਿਕ ਮੈਗਜ਼ੀਨ 'ਪੰਜਾਬੀ ਦੁਨੀਆ' ਅਤੇ 'ਜਨ ਸਾਹਿਤ' ਪ੍ਰਕਾਸ਼ਿਤ ਕੀਤੇ ਜਾਂਦੇ ਸਨ। ਇਹ ਮੈਗਜ਼ੀਨ ਨਾ ਕੇਵਲ ਮਿਆਰੀ ਸਾਹਿਤ ਪ੍ਰਕਾਸ਼ਿਤ ਕਰਦੇ ਸਨ, ਸਗੋਂ ਨਵੇਂ ਬਣਨ ਵਾਲੇ ਲੇਖਕਾਂ ਨੂੰ ਵੀ ਸਾਹਿਤ ਸਿਰਜਣਾ ਲਈ ਉਤਸ਼ਾਹਿਤ ਕਰਦੇ ਸਨ।

ਇਸ ਦੇ ਨਾਲ-ਨਾਲ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਦਫ਼ਤਰ ਆਪਣੇ ਜ਼ਿਲ੍ਹੇ ਵਿਚ ਪੰਜਾਬੀ ਜ਼ੁਬਾਨ ਦੇ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਸਨ। ਜ਼ਿਲ੍ਹਾ ਪੱਧਰ 'ਤੇ ਸਕੂਲਾਂ ਅਤੇ ਕਾਲਜਾਂ ਵਿਚ ਵਿਦਿਆਰਥੀਆਂ ਵਿਚ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਅਤੇ ਉਨ੍ਹਾਂ ਨੂੰ ਸਾਹਿਤ ਪੜ੍ਹਨ ਅਤੇ ਚੰਗਾ ਲਿਖਣ ਦੀ ਪ੍ਰੇਰਨਾ ਦੇਣ ਵਾਸਤੇ ਮੁਕਾਬਲੇ ਵੀ ਕਰਵਾਏ ਜਾਂਦੇ ਸਨ। ਪਰ ਹੁਣ ਕਈ ਦਹਾਕਿਆਂ ਤੋਂ ਇਹ ਸਭ ਕੁੱਝ ਰੁਕ ਚੁੱਕਾ ਹੈ, ਕਿਉਂਕਿ ਰਾਜ ਸਰਕਾਰਾਂ ਨੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੀ ਸਰਪ੍ਰਸਤੀ ਕਰਨੀ ਬੰਦ ਕਰ ਦਿੱਤੀ ਹੈ। ਇਸ ਕਾਰਨ ਇਕ ਤਰ੍ਹਾਂ ਨਾਲ ਭਾਸ਼ਾ ਵਿਭਾਗ ਬੰਦ ਹੋਣ ਕਿਨਾਰੇ ਪਹੁੰਚ ਗਿਆ ਹੈ। ਜਦੋਂ 2022 ਵਿਚ ਭਗਵੰਤ ਮਾਨ ਰਾਜ ਦੇ ਮੁੱਖ ਮੰਤਰੀ ਬਣੇ ਤਾਂ ਪੰਜਾਬ ਦੇ ਲੇਖਕ ਅਤੇ ਬੁੱਧੀਜੀਵੀ ਇਸ ਪੱਖ ਤੋਂ ਖੁਸ਼ ਸਨ, ਕਿ ਇਕ ਪੰਜਾਬੀ ਕਲਾਕਾਰ ਮੁੱਖ ਮੰਤਰੀ ਬਣ ਕੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੇ ਪ੍ਰਚਾਰ/ਪ੍ਰਸਾਰ ਲਈ ਅਤੇ ਸਿੱਖਿਆ, ਪ੍ਰਸ਼ਾਸਨ ਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਨੂੰ ਯੋਗ ਸਥਾਨ ਦਿਵਾਉਣ ਲਈ ਖੁੱਲ੍ਹਦਿਲੀ ਨਾਲ ਕੰਮ ਕਰੇਗਾ। ਪਰ ਪਿਛਲੇ ਸਾਢੇ ਚਾਰ ਸਾਲਾਂ ਵਿਚ ਨਾਮਾਤਰ ਹੀ ਯਤਨ ਹੋਏ ਹਨ। ਜਿਸ ਕਾਰਨ ਅੱਜ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਵਿਚ ਨਿਰਾਸ਼ਾ ਹੈ। ਪਿਛਲੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜਫ਼ਰ ਨੇ ਤਾਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਖ਼ੁਦ ਹੀ ਇਹ ਇੰਕਸ਼ਾਫ਼ ਕਰ ਦਿੱਤਾ ਸੀ ਕਿ ਪੰਜਾਬ ਦੇ ਕੁੱਝ ਅਫ਼ਸਰਸ਼ਾਹ ਭਾਸ਼ਾ ਵਿਭਾਗ ਨੂੰ ਬੰਦ ਕਰਵਾਉਣਾ ਚਾਹੁੰਦੇ ਹਨ। ਜਸਵੰਤ ਸਿੰਘ ਜਫ਼ਰ ਨੇ ਇਸ ਪੋਸਟ ਵਿਚ ਲਿਖਿਆ ਹੈ ਕਿ ਸਰਕਾਰ ਵਲੋਂ ਭਾਸ਼ਾ ਵਿਭਾਗ ਨੂੰ, ਲੇਖਕਾਂ ਦੀਆਂ ਪੁਸਤਕਾਂ ਛਾਪਣ ਲਈ, ਆਪਣੇ ਮੈਗਜ਼ੀਨ ਲਗਾਤਾਰ ਪ੍ਰਕਾਸ਼ਿਤ ਕਰਨ ਲਈ ਅਤੇ ਆਰਜੀ ਤੌਰ 'ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਵਿਚ ਅੱਗੇ ਹੋਰ ਵਾਧਾ ਕਰਨ ਲਈ ਅਤੇ ਵਿਭਾਗ ਵਲੋਂ ਕਰਵਾਏ ਗਏ ਸਮਾਗਮਾਂ ਦੇ ਬਿੱਲ ਤਾਰਨ ਲਈ ਵੀ ਲੋੜੀਂਦੀ ਗਰਾਂਟ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਫ਼ਸਰਸ਼ਾਹੀ ਨੂੰ ਪੰਜਾਬੀ ਵਿਚ ਕੰਮ ਕਰਨ ਲਈ ਲਿਖੀਆਂ ਚਿੱਠੀਆਂ ਤੋਂ ਵੀ ਅਫ਼ਸਰਸ਼ਾਹੀ ਔਖੀ ਹੈ। ਉਨ੍ਹਾਂ ਦੀ ਇਸ ਪੋਸਟ ਨਾਲ ਪੰਜਾਬੀ ਸਾਹਿਤਕ ਜਗਤ ਵਿਚ ਵੱਡੀ ਹਲਚਲ ਮਚੀ ਹੈ। ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆਪਣੇ ਵਿਚਾਰ ਪ੍ਰਗਟ ਕਰਕੇ ਵੱਖ-ਵੱਖ ਲੇਖਕ ਜਥੇਬੰਦੀਆਂ ਅਤੇ ਪੰਜਾਬੀ ਬੁੱਧੀਜੀਵੀਆਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਅਤੇ ਖ਼ਾਸ ਕਰਕੇ ਮੁੱਖ ਮੰਤਰੀ ਦਖ਼ਲ ਦੇ ਕੇ ਭਾਸ਼ਾ ਵਿਭਾਗ ਨੂੰ ਲੋੜੀਂਦੇ ਫੰਡ ਜਾਰੀ ਕਰਵਾਉਣ, ਤਾਂ ਜੋ ਵਿਭਾਗ ਨਾ ਕੇਵਲ ਪੰਜਾਬੀ ਜ਼ੁਬਾਨ ਦਾ ਪ੍ਰਚਾਰ ਪ੍ਰਸਾਰ ਜਾਰੀ ਰੱਖ ਸਕੇ, ਸਗੋਂ ਅਜਿਹੀਆਂ ਪਹਿਲਕਦਮੀਆਂ ਵਿਚ ਹੋਰ ਵੀ ਵਾਧਾ ਕਰ ਸਕੇ।

ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੇ ਕੁੱਝ ਮਹੀਨੇ ਹੀ ਬਾਕੀ ਰਹਿੰਦੇ ਹਨ। ਸਰਕਾਰ 2027 ਦੀਆਂ ਚੋਣਾਂ ਵਿਚ ਵੋਟਰਾਂ ਨੂੰ ਸੱਤਾਧਾਰੀ ਪਾਰਟੀ ਵੱਲ ਆਕਰਸ਼ਿਤ ਕਰਨ ਲਈ ਕਰਜ਼ੇ ਚੁੱਕ ਕੇ ਕਰੋੜਾਂ ਰੁਪਿਆਂ ਦਾ ਖ਼ਰਚ ਕਰ ਰਹੀ ਹੈ। ਸਰਕਾਰ ਵਲੋਂ ਬਹੁਤ ਸਾਰੇ ਅਜਿਹੇ ਕੰਮ ਵੀ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਰਾਜ ਦੇ ਬਹੁਤ ਸਾਰੇ ਚੇਤੰਨ ਲੋਕ ਗੈਰ-ਜ਼ਰੂਰੀ ਸਮਝਦੇ ਹਨ। ਪਰ ਇਹ ਬੇਹੱਦ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ, ਜਿਸ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਿਆ ਸੀ, ਉਸ ਦੇ ਪ੍ਰਚਾਰ/ ਪ੍ਰਸਾਰ ਲਈ ਨਾ ਕੋਈ ਠੋਸ ਪ੍ਰੋਗਰਾਮ ਲੈ ਕੇ ਹੁਣ ਤੱਕ ਅੱਗੇ ਆਈ ਹੈ ਅਤੇ ਨਾ ਹੀ ਪੰਜਾਬੀ ਜ਼ੁਬਾਨ ਦੇ ਪ੍ਰਚਾਰ/ਪ੍ਰਸਾਰ ਵਿਚ ਲੱਗੀਆਂ ਸੰਸਥਾਵਾਂ ਨੂੰ ਕਿਸੇ ਵੀ ਬਜਟ ਵਿਚ ਢੁੱਕਵੀਆਂ ਗਰਾਂਟਾਂ ਦਿੱਤੀਆਂ ਗਈਆਂ ਹਨ।

ਅਜੇ ਵੀ ਵਕਤ ਹੈ ਕਿ ਪੰਜਾਬ ਸਰਕਾਰ ਆਪਣਾ ਏਜੰਡਾ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰੇ ਅਤੇ ਉਹ ਸਾਰੇ ਜ਼ਰੂਰੀ ਕਦਮ ਉਠਾਵੇ, ਜਿਸ ਨਾਲ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਦੇ ਪੱਖ ਤੋਂ ਪੰਜਾਬ ਆਪਣੀ ਪਹਿਚਾਣ ਨੂੰ ਕਾਇਮ ਰੱਖ ਸਕੇ ਅਤੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਰਾਹੀਂ ਨਰੋਈਆਂ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਕੇ ਕੁਰਾਹੇ ਪੈਂਦੇ ਜਾ ਰਹੇ ਨੌਜਵਾਨਾਂ ਨੂੰ ਵੀ ਸਮਾਜ ਦੀ ਮੁੱਖਧਾਰਾ ਨਾਲ ਜੋੜ ਕੇ ਰੱਖਿਆ ਜਾ ਸਕੇ। ਇਸ ਸੰਬੰਧੀ ਸਾਨੂੰ ਭਾਵੇਂ ਬਹੁਤੀ ਆਸ ਨਹੀਂ ਹੈ ਪਰ ਫਿਰ ਵੀ ਸਰਕਾਰ ਨੂੰ ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣਾ ਅਸੀਂ ਆਪਣਾ ਫਰਜ਼ ਸਮਝਦੇ ਹਾਂ। ਇਸ ਦੇ ਨਾਲ ਹੀ ਪੰਜਾਬੀ ਦਾ ਪ੍ਰਚਾਰ ਪ੍ਰਸਾਰ ਕਰ ਰਹੀਆਂ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਵੀ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ, ਕਿ ਉਹ ਇਕੱਠੇ ਹੋ ਕੇ ਸਰਕਾਰ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ/ਪ੍ਰਸਾਰ ਲਈ ਕੰਮ ਕਰਨ ਵਾਸਤੇ ਕਿਉਂ ਪ੍ਰੇਰਿਤ ਜਾਂ ਮਜਬੂਰ ਨਹੀਂ ਕਰ ਸਕੇ? ਜੇ ਅੱਜ ਪੰਜਾਬੀ ਲਈ ਕੰਮ ਕਰਨ ਵਾਲੇ ਅਦਾਰੇ ਨਜ਼ਰ-ਅੰਦਾਜ਼ ਹਨ ਤਾਂ ਇਸ ਲਈ ਲੇਖਕ ਭਾਈਚਾਰਾ ਵੀ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ।

***(ਅਜੀਤ 5 ਜੁਲਾਈ 2026 ਦੇ ਧੰਨਵਾਦ ਸਹਿਤ)***

---

***(ਪਿਛਲੇ ਸਫੇ ਦਾ ਬਾਕੀ)***

ਲਗਦਾ ਕਿ ਕਿਸੇ ਹੋਰ ਕੀਪਰ ਨੇ ਇਸ ਚੈਂਪੀਅਨਸ਼ਿਪ ਦੌਰਾਨ ਮੈਸੀ ਦੇ ਐਨੇ ਹਮਲੇ ਰੋਕੇ ਹੋਣ।

ਅਸੀਂ ਖਿਡਾਰੀ ਨਹੀਂ ਹਾਂ। ਆਪਣੇ ਵਿਦਿਆਰਥੀ ਜੀਵਨ 'ਚ ਕਿਸੇ ਗਰਾਊਂਡ ਦਾ ਮੂੰਹ ਤਕ ਵੀ ਨਹੀਂ ਸੀ ਦੇਖਿਆ। ਪਰ ਪਤਾ ਨਹੀਂ ਸਾਨੂੰ ਫੀਫਾ ਵਿਸ਼ਵ ਕੱਪ ਦੇਖਣ ਦਾ ਝੱਲ ਜਿਹਾ ਕਿਉਂ ਲੱਗ ਗਿਐ। ਭਾਵੇਂ ਸਾਨੂੰ ਇਸ ਖੇਡ ਬਾਰੇ ਇੱਲ ਦਾ ਨਾਂ ਕੋਕੋ ਵੀ ਨਹੀਂ ਪਤਾ ਪਰ ਪਿਛਲੇ 50 ਸਾਲਾਂ ਤੋਂ ਵੀ ਵਧ ਸਮੇਂ ਤੋਂ ਅਸੀਂ ਇਹ ਖੇਡ ਹਰ ਹਾਲਤ 'ਚ ਦੇਖਦੇ ਆ ਰਹੇ ਹਾਂ, ਉਦੋਂ ਵੀ ਜਦੋਂ ਮੈਚ ਅੱਧੀ ਰਾਤ ਜਾਂ ਪਹਿਰ ਦੇ ਤੜਕੇ ਹੋਣ, ਬੇਸ਼ਕ ਇਸ ਲਈ ਸਾਡੀ ਘਰਦਿਆਂ ਵਲੋਂ ਝੰਡ ਵੀ ਹੁੰਦੀ ਰਹਿੰਦੀ ਹੈ ਕਿ ਅਸੀਂ ਕੁਵੇਲੇ ਟੀਵੀ ਲਗਾ ਕੇ ਉਨ੍ਹਾਂ ਦੀ ਨੀਂਦ ਖਰਾਬ ਕਰਦੇ ਹਾਂ।

ਅਸੀਂ ਅੱਜ ਤਕ ਵੋਜ਼ੀਨ੍ਹਾ ਵਰਗਾ ਚੱਟਾਨੀ ਗੋਲਕੀਪਰ ਨਹੀਂ ਦੇਖਿਆ ਜੋ ਇਕੱਲਾ ਹੀ ਚੀਨ ਦੀ ਦੀਵਾਰ ਵਾਂਗ ਜਾਂ ਐਵਰਿਸਟੀ ਕੰਧ ਬਣ ਖੜ ਜਾਂਦੈ ਤੇ ਆਪਣੇ ਵਿਰੋਧੀਆਂ ਨੂੰ ਹੈਰਾਨ-ਪ੍ਰੇਸ਼ਾਨ ਕਰਦਿਆਂ ਉਨ੍ਹਾਂ ਨੂੰ ਆਪਣੇ ਪ੍ਰਸ਼ੰਸਕ ਬਣਾ ਲੈਂਦੈ।

ਜਿੱਤਣ ਉਪਰੰਤ ਅਰਜਨਟੀਨਾਂ ਦੇ ਕੋਚ ਲਿਉਨਲ ਸਕਾਲੋਨੀ ਨੇ ਮੰਨਿਆਂ ਕਿ ਮੈਚ ਅਵਿਸ਼ਵਾਸੀ ਹੱਦ ਨਾਲ ਮੁਸ਼ਕਿਲ ਸੀ। ਉਸ ਨੇ ਕਿਹਾ, 'ਸਾਨੂੰ ਆਪਣੀ ਵਿਰੋਧੀ ਟੀਮ ਨੂੰ ਕਰੈਡਿਟ ਦੇਣਾ ਚਾਹੀਦੈ। ਸੱਚ ਤਾਂ ਇਹ ਹੈ ਕਿ ਜਦ ਲੋਕ ਕਹਿੰਦੇ ਹਨ ਕਿ ਸੌਖੇ ਵਿਰੋਧੀ ਹੋਣ ਦੀ ਕੋਈ ਗੱਲ ਨਹੀਂ ਹੁੰਦੀ ਤਾਂ ਅੱਜ ਉਨ੍ਹਾਂ (ਕੇਪ ਵਾਰਡੇ) ਸਾਬਤ ਕਰ ਦਿਤੈ ਕਿ ਉਹ ਮਹਾਨ ਟੀਮ ਹਨ'।

ਲਿਉਨਲ ਮੈਸੀ, ਜਿਸ ਨੇ ਮਿਆਮੀ ਦੇ ਸਟੇਡੀਅਮ ਵਿਚ ਸ਼ੁਕਰਵਾਰ ਨੂੰ ਖੇਡੇ ਗਏ ਮੈਚ ਦੌਰਾਨ ਆਪਣਾ 20ਵਾਂ ਗੋਲ ਦਾਗ ਕੇ ਤੇ ਲਗਾਤਾਰ ਇਸ ਕੱਪ ਦੌਰਾਨ ਅੱਠਾਂ ਮੈਚਾਂ 'ਚ ਗੋਲ ਕਰਕੇ ਰਿਕਾਰਡ ਬਣਾਇਆ, ਨੇ ਜਿੱਤਣ ਮਗਰੋਂ ਕੇਪ ਵਾਰਡੇ ਦੇ ਗੋਲ ਕੀਪਰ ਵੋਜ਼ੀਨ੍ਹਾ ਸਮੇਤ ਬਾਕੀ ਖਿਡਾਰੀਆਂ ਨਾਲ ਨਿੱਘੇ ਲਹਿਜੇ 'ਚ ਹੱਥ ਮਿਲਾਇਆ। ਉਸ ਨੇ ਹਲਕੇ-ਫੁਲਕੇ ਅੰਦਾਜ਼ 'ਚ ਕਿਹਾ, 'ਹੁਣ ਉਹ ਮੇਰੀ ਜਰਸੀ ਮੰਗ ਰਹੇ ਹਨ ਪਰ ਮੈਦਾਨ ਤੇ ਉਨ੍ਹਾਂ ਮੇਰੀ ਬਸ ਕਰਵਾ ਦਿਤੀ!'

ਹੁਣ ਫੁੱਟਬਾਲ ਦੀ ਖੇਡ ਦੇ ਫੋਕਲੋਰ ਦਾ ਹਿੱਸਾ ਬਣ ਚੁੱਕੇ ਗੋਲਕੀਪਰ ਵੋਜ਼ੀਨ੍ਹਾ ਨੇ ਕਿਹਾ, 'ਅਸੀਂ ਅਰਜਨਟੀਨਾ ਨਾਲ ਬਰਾਬਰੀ ਦੀ ਟਰਮ 'ਤੇ ਖੇਲੇ। ਅਸੀਂ ਨਤੀਜੇ ਲਈ ਖੇਲੇ। ਅਸੀਂ ਇਸ ਨੂੰ ਪ੍ਰਾਪਤ ਨਹੀਂ ਕਰ ਸਕੇ, ਪਰ ਇਹ ਫੁੱਟਬਾਲ ਹੈ। ਅਸੀਂ ਕੁਆਲੀਫਾਈ ਕਰ ਸਕੇ ਤੇ ਅਸੀਂ ਸਿਰਫ ਆਪਣੇ ਲਈ ਹੀ ਨਹੀਂ, ਸਿਰਫ ਰਾਸ਼ਟਰੀ ਟੀਮ ਲਈ ਹੀ ਨਹੀਂ, ਸਗੋਂ ਸਾਰੇ ਕੇਪ ਵਾਰਡੀਅਨ ਲੋਕਾਂ ਦਾ ਸੁਪਨਾਂ ਸਾਕਾਰ ਕਰ ਸਕੇ। ਇਥੇ ਹੋਣਾ, ਮੁਕਾਬਲਾ ਕਰਨਾ, ਇਨ੍ਹਾਂ ਟੀਮਾਂ ਨਾਲ ਬਰਾਬਰ ਦੀਆਂ ਟਰਮਾਂ 'ਤੇ ਖੇਡਣਾ ਤੇ ਲੜਨਾ, ਇਸ ਸਭ ਕਾਸੇ ਲਈ ਸਾਡਾ ਮਾਣ ਨਾਲ ਓਤ-ਪੋਤ ਹੋਣਾ ਬਣਦੈ।'

ਕੇਪ ਵਾਰਡੇ ਦੇ ਕੋਚ ਬੁਬਿਸਟਾ ਨੇ ਕਿਹਾ,'ਅਸੀਂ ਆਪਣੇ ਮਾਣ-ਮੱਤੇ ਮੁਲਕ ਦੀ ਆਨ-ਬਾਨ-ਸ਼ਾਨ ਬਣਾਈ ਰਖੀ। ਅਸੀਂ ਵਿਸ਼ਵ ਚੈਂਪੀਅਨ ਨਾਲ ਦੋ ਵਾਰ ਬਰਾਬਰੀ ਕੀਤੀ ਤੇ ਅਸੀਂ ਇਸ (ਮੈਚ) ਨੂੰ ਐਕਸਟਰਾ ਟਾਈਮ ਤਕ ਲੈ ਕੇ ਗਏ। ਹੋਰ ਸਭ ਗੱਲਾਂ ਤੋਂ ਇਲਾਵਾ, ਆਪਣੇ ਖਿਡਾਰੀਆਂ ਉਪਰ ਮਾਣ ਕਰਨਾ ਹੈ ਜੋ ਇਸ ਵਿਸ਼ਵ ਕੱਪ 'ਚ ਸਨਮਾਨਜਨਕ ਢੰਗ ਨਾਲ ਖੇਡੇ। ਅਸੀਂ ਆਪਣੀ ਪਹਿਚਾਣ ਦਿਖਾਈ!'

ਵਾਕਿਆ ਹੀ, ਕੇਪ ਵਾਰਡੇ ਨੇ ਆਪਣੀ ਪਹਿਚਾਣ ਦਿਖਾਈ ਵੀ ਤੇ ਪਹਿਚਾਣ ਬਣਾਈ ਵੀ!

ਹੁਣ ਸਭ ਨੂੰ ਪਤੈ ਕਿ ਕੇਪ ਵਾਰਡੇ ਕਿਥੇ ਹੈ ਤੇ ਕੌਣ ਹੈ? ਅਰਜਨਟੀਨਾਂ ਤਾਂ ਕੀ, ਆਪਾਂ ਵੀ ਉਸ ਨੂੰ ਕਦੀ ਨਹੀਂ ਭੁੱਲਾਂਗੇ।

ਉਹ ਹਾਰੇ ਜ਼ਰੂਰ ਪਰ ਮਾਤ ਨਹੀਂ ਹੋਏ! ਉਨ੍ਹਾਂ ਦਾ ਹਾਰ 'ਚ ਵੀ ਸ਼ਿੰਗਾਰ ਬਣਿਆ ਰਿਹਾ! ਤੇ ਸਭ ਖਿਡਾਰੀ, ਕੋਚ ਤੇ ਹੋਰ ਸਟਾਫ ਸਿਰ ਉੱਚੇ ਕਰਕੇ ਮਾਣ-ਮੱਤੇ ਢੰਗ ਨਾਲ ਗਏ, ਅਗਲੀ ਵਾਰ

---

***(ਸਫਾ 21 ਦਾ ਬਾਕੀ)***

## ਪੰਜਾਬੀ ਨੌਜਵਾਨਾਂ ਵਿਚ 'ਜਜ਼ਬਾਤੀ ਬਹਾਦਰੀ'

ਡਿਜੀਟਲ ਪਲੇਟਫਾਰਮਾਂ ਵੱਲ ਮੁੜ ਚੁੱਕੀ ਹੈ, ਜਿੱਥੇ ਗੰਭੀਰ, ਇਤਿਹਾਸਿਕ, ਸਿਆਸੀ ਅਤੇ ਸਮਾਜਿਕ ਮੁੱਦਿਆਂ ਉੱਤੇ ਘੰਟਿਆਂ-ਬੱਧੀ ਖੁੱਲੀ ਚਰਚਾ ਹੁੰਦੀ ਹੈ। ਇਸ ਸਬੰਧ ਵਿਚ ਸਿੰਘਾਪੁਰ ਤੋਂ ਸੁਖਦੀਪ ਸਿੰਘ ਦੀ ਮਿਸਾਲ ਦਿੱਤੀ ਜਾ ਰਹੀ ਹੈ, ਜਿੱਥੇ ਸੁਖਦੀਪ ਸਿੰਘ ਨੇ ਪੰਜਾਬ ਦੀ ਜਵਾਨੀ ਨੂੰ ਸਸਤੀ ਮਨੋਰੰਜਨ ਬਾਜ਼ਾਰੀ ਸੱਭਿਆਚਾਰ ਵਿਚੋਂ ਕੱਢ ਕੇ ਡੂੰਘੇ ਚਿੰਤਨ ਵੱਲ ਮੋੜਿਆ ਹੈ। ਪੰਜਾਬੀ ਨੌਜਵਾਨਾਂ ਅੰਦਰ ਜਾਗੇ ਇਸ ਨਵੇਂ ਰੁਝਾਣ ਨੂੰ 'ਬੌਧਕ ਪੁਨਰਜਾਗਰਤੀ' ਜਾਂ ਰੈਨੇਸਾਂ ਦਾ ਨਾਂ ਦੱਸਿਆ ਜਾ ਰਿਹਾ ਹੈ। ਪੰਜਾਬੀ ਨੌਜਵਾਨ ਇੱਕ ਨਵੇਂ ਯੁੱਗ ਵਿਚ ਦਾਖਲ ਹੋ ਰਹੇ ਹਨ, ਜਿੱਥੇ ਜਜ਼ਬਾਤੀ ਦਲੇਰੀ ਤੇ ਬਹਾਦਰੀ ਨੂੰ ਗਿਆਨ ਅਤੇ ਸੂਝ-ਬੂਝ ਦੀ ਬਹਾਦਰੀ ਵਿਚ ਬਦਲਿਆ ਜਾ ਰਿਹਾ ਹੈ।

ਇਹ ਵੀ ਕਿਹਾ ਜਾ ਰਿਹਾ ਹੈ ਕਿ 'ਸਤਿਲੁਜ' ਫਿਲਮ ਨੇ ਨੌਜਵਾਨਾਂ ਨੂੰ ਗੁਰਬਾਣੀ ਅਤੇ ਫਲਸਫੇ ਵੱਲ ਮੋੜ ਦਿੱਤਾ ਹੈ। ਹੁਣ ਇਹ ਨੌਜਵਾਨ ਰੀਤੀ ਰਿਵਾਜਾਂ ਤੱਕ ਹੀ ਸੀਮਤ ਨਹੀਂ ਰਹੇ ਬਲਕਿ ਉਹ ਛੇਵੇਂ ਪਾਤਸ਼ਾਹ ਵੱਲੋਂ ਦਿੱਤੇ ਮੀਰੀ-ਪੀਰੀ ਦੇ ਸੰਕਲਪ ਵਿਚੋਂ ਰੂਹਾਨੀ ਤੇ ਰਾਜਨੀਤਿਕ ਸ਼ਕਤੀ ਲੱਭ ਰਹੇ ਹਨ। ਇਸੇ ਤਰ੍ਹਾਂ ਬੇਗਮਪੁਰਾ ਦੇ ਸੰਕਲਪ ਨੂੰ ਉਭਾਰਿਆ ਜਾ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਬਿਨਾਂ ਕਿਸੇ ਡਰ ਤੋਂ ਇਹੋ ਜਿਹੇ ਸਮਾਜ ਦੀ ਸਿਰਜਨਾ ਕਰਨੀ ਹੈ ਜਿਸ ਵਿਚ ਬਰਾਬਰੀ, ਭਰਾਤਰੀ-ਭਾਵ ਦਾ ਨਵਾਂ ਸਮਾਜ ਕਾਇਮ ਕਰਨਾ ਹੈ, ਜਿੱਥੇ ਕਿਸੇ ਨਾਲ ਵੀ ਵਿਤਕਰਾ ਨਾ ਹੋਵੇ। ਇਸ ਨਾਲ ਬੇਇਨਸਾਫੀ ਵਿਰੁੱਧ ਜਦ-ਜਹਿਦ ਕਰਨ ਦੀ ਉਨ੍ਹਾਂ ਨੂੰ ਬੌਧਿਕ ਤਾਕਤ ਮਿਲ ਰਹੀ ਹੈ।

'ਸਤਿਲੁਜ' ਫਿਲਮ ਦਾ ਦੁਨੀਆਂ ਭਰ ਵਿਚ ਫੈਲ ਜਾਣ ਪਿੱਛੇ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਇਸ ਫਿਲਮ ਵਿਚ ਦਿਲਜੀਤ ਦੁਸਾਂਝ, ਜੋ ਜਸਵੰਤ ਸਿੰਘ ਖਾਲੜਾ ਦਾ ਰੋਲ ਅਦਾ ਕਰ ਰਿਹਾ ਹੈ, ਦੁਨੀਆਂ ਵਿਚ ਇੱਕ ਵੱਡੇ ਕਲਚਰਲ ਆਈਕੋਨ ਅਰਥਾਤ ਸੱਭਿਆਚਾਰਕ ਨਾਇਕ ਵਜੋਂ ਉਭਰ ਕੇ ਸਥਾਪਿਤ ਹੋ ਚੁੱਕਾ ਹੈ।

ਕੀ ਇਹ ਫਿਲਮ 2027 ਦੀਆਂ ਚੋਣਾਂ ਵਿਚ ਤਮਾਮ ਰਾਜਨੀਤਕ ਸਮੀਕਰਨਾਂ ਨੂੰ ਉਲਟ-ਪੁਲਟ ਸਕਦੀ ਹੈ? ਰਾਜਨੀਤਿਕ ਹਲਕਿਆਂ ਵਿਚ ਨਵੀਂ ਬਹਿਸ ਹੋ ਰਹੀ ਹੈ। ਵਾਰਸ ਪੰਜਾਬ ਵਾਲੀ 'ਅਕਾਲੀ ਦਲ' ਦੀ ਲੀਡਰਸ਼ਿਪ ਉਤੇ ਭਾਰੀ ਦਬਾਅ ਪਾਇਆ ਜਾ ਰਿਹਾ ਕਿ ਚੋਣਾਂ ਵਿਚ ਪੰਜਾਬੀ

# ਖੁੱਲ੍ਹੇ ਬੋਰਵੈਲ ਹੋਰ ਕਿੰਨੇ ਮਾਸੂਮਾਂ ਦੀ ਬਲੀ ਲੈਣਗੇ?

## ਖੁੱਲ੍ਹੇ ਬੋਰਵੈਲ ਮੌਤ ਦੇ ਮੂੰਹ ਬਣਦੇ ਖ਼ੂਹ

ਜਦੋਂ ਵੀ ਦੇਸ਼ ਦੇ ਕਿਸੇ ਕੋਨੇ ਤੋਂ ਇਹ ਖ਼ਬਰ ਆਉਂਦੀ ਹੈ ਕਿ ਇੱਕ ਨਿੱਕਾ ਜਿਹਾ ਬੱਚਾ ਖੁੱਲ੍ਹੇ ਬੋਰਵੈਲ ਵਿਚ ਡਿੱਗ ਗਿਆ ਹੈ, ਤਾਂ ਸਾਰਾ ਦੇਸ਼ ਇੱਕ ਅਜੀਬ ਬੇਚੈਨੀ ਵਿਚ ਘਿਰ ਜਾਂਦਾ ਹੈ। ਟੈਲੀਵਿਜ਼ਨ ਚੈਨਲ ਲਗਾਤਾਰ ਪ੍ਰਸਾਰਣ ਕਰਦੇ ਹਨ, ਸੋਸ਼ਲ ਮੀਡੀਆ 'ਤੇ ਅਰਦਾਸਾਂ ਅਤੇ ਦੁਆਵਾਂ ਦੀ ਲਹਿਰ ਚੱਲ ਪੈਂਦੀ ਹੈ, ਬਚਾਅ ਦਸਤੇ ਦਿਨ-ਰਾਤ ਇੱਕ ਕਰ ਦਿੰਦੇ ਹਨ ਅਤੇ ਹਰ ਕੋਈ ਉਸ ਮਾਸੂਮ ਦੇ ਸੁਰੱਖਿਅਤ ਬਾਹਰ ਆਉਣ ਦੀ ਉਡੀਕ ਕਰਦਾ ਹੈ। ਪਰ ਜਦੋਂ ਕਈ ਘੰਟਿਆਂ ਜਾਂ ਕਈ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ ਵੀ ਉਹ ਨੰਨ੍ਹੀ ਜ਼ਿੰਦਗੀ ਬਚਾਈ ਨਹੀਂ ਜਾ ਸਕਦੀ, ਤਾਂ ਸਿਰਫ਼ ਇੱਕ ਪਰਿਵਾਰ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਜ਼ਮੀਰ ਵੀ ਜ਼ਖ਼ਮੀ ਹੋ ਜਾਂਦੀ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਹ ਨਾ ਤਾਂ ਪਹਿਲੀ ਘਟਨਾ ਹੁੰਦੀ ਹੈ ਅਤੇ ਨਾ ਹੀ ਸ਼ਾਇਦ ਆਖ਼ਰੀ। ਇਹੀ ਹਕੀਕਤ ਸਾਨੂੰ ਮਜਬੂਰ ਕਰਦੀ ਹੈ ਕਿ ਅਸੀਂ ਪੁੱਛੀਏ—ਆਖ਼ਰ ਕਦੋਂ ਤੱਕ ਮਾਸੂਮ ਬੱਚੇ ਬੋਰਵੈਲਾਂ ਵਿਚ ਡਿੱਗਦੇ ਰਹਿਣਗੇ?



**ਮਨਜੀਤ ਮਾਨ, ਮਾਨਸਾ**
**ਫੋਨ: 70098-98044**

ਹੁਣ ਇਹ ਘਟਨਾਵਾਂ ਅਚਾਨਕ ਵਾਪਰਨ ਵਾਲੇ ਹਾਦਸੇ ਨਹੀਂ ਰਹੀਆਂ, ਸਗੋਂ ਇੱਕ ਗੰਭੀਰ ਸਮਾਜਿਕ ਅਤੇ ਪ੍ਰਸ਼ਾਸਨਿਕ ਸਮੱਸਿਆ ਦਾ ਰੂਪ ਧਾਰ ਚੁੱਕੀਆਂ ਹਨ। ਇਸ ਦੇ ਕਾਰਨ ਵੀ ਸਾਡੇ ਸਾਹਮਣੇ ਹਨ ਅਤੇ ਹੱਲ ਵੀ, ਪਰ ਅਫ਼ਸੋਸ ਇਹ ਹੈ ਕਿ ਅਸੀਂ ਅਜੇ ਤੱਕ ਇਸ ਨੂੰ ਰੋਕਣ ਵਿਚ ਕਾਮਯਾਬ ਨਹੀਂ ਹੋ ਸਕੇ। ਇਹ ਕੋਈ ਕੁਦਰਤੀ ਆਫ਼ਤ ਨਹੀਂ, ਸਗੋਂ ਮਨੁੱਖੀ ਲਾਪਰਵਾਹੀ, ਕਮਜ਼ੋਰ ਪ੍ਰਸ਼ਾਸਨਿਕ ਨਿਗਰਾਨੀ ਅਤੇ ਕਾਨੂੰਨਾਂ ਦੀ ਢਿੱਲੀ ਪਾਲਣਾ ਦਾ ਸਿੱਧਾ ਨਤੀਜਾ ਹੈ।

ਦੇਸ਼ ਵਿਚ ਹਰ ਸਾਲ ਹਜ਼ਾਰਾਂ ਬੋਰਵੈਲ ਖੋਦੇ ਜਾਂਦੇ ਹਨ। ਜਿੱਥੇ ਪਾਣੀ ਨਹੀਂ ਮਿਲਦਾ ਜਾਂ ਨਵਾਂ ਬੋਰਵੈਲ ਬਣ ਜਾਣ ਕਾਰਨ ਪੁਰਾਣੇ ਦੀ ਲੋੜ ਨਹੀਂ ਰਹਿੰਦੀ, ਉੱਥੇ ਉਸ ਨੂੰ ਨਿਯਮਾਂ ਅਨੁਸਾਰ ਸੁਰੱਖਿਅਤ ਢੰਗ ਨਾਲ ਬੰਦ ਕਰਨ ਦੀ ਬਜਾਏ ਖੁੱਲ੍ਹਾ ਹੀ ਛੱਡ ਦਿੱਤਾ ਜਾਂਦਾ ਹੈ। ਇਹ ਖੁੱਲ੍ਹੇ ਬੋਰਵੈਲ ਅਸਲ ਵਿਚ ਮੌਤ ਦੇ ਖੂਹ ਬਣ ਜਾਂਦੇ ਹਨ। ਖੇਡਦੇ ਹੋਏ ਬੱਚਿਆਂ ਨੂੰ ਨਾ ਇਸ ਦੇ ਖ਼ਤਰੇ ਦਾ ਅਹਿਸਾਸ ਹੁੰਦਾ ਹੈ ਅਤੇ ਨਾ ਹੀ ਉਹ ਸਮਝ ਸਕਦੇ ਹਨ ਕਿ ਘਾਹ ਜਾਂ ਮਿੱਟੀ ਹੇਠਾਂ ਲੁਕਿਆ ਇਹ ਛੋਟਾ ਜਿਹਾ ਸੁਰਾਖ਼ ਉਨ੍ਹਾਂ ਦੀ ਜ਼ਿੰਦਗੀ ਨਿਗਲ ਸਕਦਾ ਹੈ।



ਹਰ ਵਾਰ ਅਜਿਹੇ ਹਾਦਸੇ ਤੋਂ ਬਾਅਦ ਸਰਕਾਰੀ ਮਸ਼ੀਨਰੀ ਪੂਰੀ ਤਾਕਤ ਨਾਲ ਹਰਕਤ ਵਿਚ ਆ ਜਾਂਦੀ ਹੈ। ਭਾਰੀ ਮਸ਼ੀਨਾਂ ਮੌਕੇ 'ਤੇ ਪਹੁੰਚਦੀਆਂ ਹਨ, ਮਾਹਿਰ ਬੁਲਾਏ ਜਾਂਦੇ ਹਨ, ਵਿਕਲਪਿਕ ਸੁਰੰਗਾਂ ਖੋਦੀਆਂ ਜਾਂਦੀਆਂ ਹਨ ਅਤੇ ਬਚਾਅ ਕਾਰਜਾਂ 'ਤੇ ਲੱਖਾਂ-ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ। ਇਹ ਸਭ ਲਾਜ਼ਮੀ ਹੈ, ਪਰ ਇਸ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਜੇਕਰ ਉਹ ਬੋਰਵੈਲ ਪਹਿਲਾਂ ਹੀ ਸੁਰੱਖਿਅਤ ਢੰਗ ਨਾਲ ਬੰਦ ਕਰ ਦਿੱਤਾ ਗਿਆ ਹੁੰਦਾ ਤਾਂ ਕੀ ਇਹ ਨੌਬਤ ਆਉਂਦੀ? ਬਚਾਅ ਮੁਹਿੰਮਾਂ ਸਾਡੀ ਤਕਨੀਕੀ ਸਮਰੱਥਾ ਦਾ ਪ੍ਰਗਟਾਵਾ ਤਾਂ ਕਰਦੀਆਂ ਹਨ, ਪਰ ਇਹ ਸਾਡੀ ਲਾਪਰਵਾਹੀ ਅਤੇ ਪ੍ਰਬੰਧਕੀ ਅਸਫ਼ਲਤਾ ਨੂੰ ਵੀ ਬੇਨਕਾਬ ਕਰਦੀਆਂ ਹਨ।

ਇਸ ਮਾਮਲੇ ਵਿਚ ਜ਼ਿੰਮੇਵਾਰੀ ਸਿਰਫ਼ ਸਰਕਾਰ ਦੀ ਨਹੀਂ ਹੈ। ਜ਼ਮੀਨ ਮਾਲਕਾਂ, ਬੋਰਵੈਲ ਖੋਦਣ ਵਾਲੇ ਠੇਕੇਦਾਰਾਂ, ਪੰਚਾਇਤਾਂ ਅਤੇ ਸਥਾਨਕ ਪ੍ਰਸ਼ਾਸਨ ਦੀ ਵੀ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ। ਜੇ ਕੋਈ ਵਿਅਕਤੀ ਆਪਣੀ ਜ਼ਮੀਨ 'ਤੇ ਖੁੱਲ੍ਹਾ ਬੋਰਵੈਲ ਛੱਡ ਦਿੰਦਾ ਹੈ, ਤਾਂ ਉਹ ਸਿਰਫ਼ ਨਿਯਮਾਂ ਦੀ ਉਲੰਘਣਾ ਹੀ ਨਹੀਂ ਕਰਦਾ, ਸਗੋਂ ਦੂਜਿਆਂ ਦੀ ਜ਼ਿੰਦਗੀ ਨੂੰ ਵੀ ਖ਼ਤਰੇ ਵਿਚ ਪਾ ਦਿੰਦਾ ਹੈ। ਅਜਿਹੀ ਲਾਪਰਵਾਹੀ ਨੂੰ ਇੱਕ ਆਮ ਗ਼ਲਤੀ ਨਹੀਂ, ਸਗੋਂ ਗੰਭੀਰ ਅਪਰਾਧ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਇਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਅਸੀਂ ਹਰ ਹਾਦਸੇ ਤੋਂ ਬਾਅਦ ਕੁਝ ਦਿਨਾਂ ਲਈ ਹੀ ਭਾਵੁਕ ਹੁੰਦੇ ਹਾਂ। ਅਖ਼ਬਾਰਾਂ ਵਿਚ ਲੇਖ ਲਿਖੇ ਜਾਂਦੇ ਹਨ, ਟੈਲੀਵਿਜ਼ਨ 'ਤੇ ਬਹਿਸਾਂ ਹੁੰਦੀਆਂ ਹਨ ਅਤੇ ਅਧਿਕਾਰੀ ਸਖ਼ਤ ਕਾਰਵਾਈ ਦੇ ਦਾਅਵੇ ਕਰਦੇ ਹਨ। ਪਰ ਕੁਝ ਹਫ਼ਤਿਆਂ ਬਾਅਦ ਸਭ ਕੁਝ ਪਹਿਲਾਂ ਵਾਂਗ ਹੋ ਜਾਂਦਾ ਹੈ। ਨਾ ਖੁੱਲ੍ਹੇ ਬੋਰਵੈਲਾਂ ਦਾ ਕੋਈ ਵਿਆਪਕ ਸਰਵੇਖਣ ਹੁੰਦਾ ਹੈ, ਨਾ ਉਨ੍ਹਾਂ ਦੀ ਪੱਕੀ ਸੂਚੀ ਤਿਆਰ ਕੀਤੀ ਜਾਂਦੀ ਹੈ ਅਤੇ ਨਾ ਹੀ ਲਾਪਰਵਾਹ ਲੋਕਾਂ ਨੂੰ ਮਿਸਾਲੀ ਸਜ਼ਾ ਮਿਲਦੀ ਹੈ। ਨਤੀਜੇ ਵਜੋਂ ਕੁਝ ਸਮੇਂ ਬਾਅਦ ਕਿਸੇ ਹੋਰ ਰਾਜ, ਕਿਸੇ ਹੋਰ ਪਿੰਡ ਅਤੇ ਕਿਸੇ ਹੋਰ ਪਰਿਵਾਰ 'ਤੇ ਇਹੀ ਦੁੱਖ ਟੁੱਟ ਪੈਂਦਾ ਹੈ।

ਹੁਣ ਲੋੜ ਇਸ ਗੱਲ ਦੀ ਹੈ ਕਿ ਬੋਰਵੈਲਾਂ ਸਬੰਧੀ ਨਿਯਮਾਂ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰੱਖਿਆ ਜਾਵੇ। ਹਰ ਜ਼ਿਲ੍ਹੇ ਵਿਚ ਖੁੱਲ੍ਹੇ ਅਤੇ ਬੰਦ ਪਏ ਬੋਰਵੈਲਾਂ ਦਾ ਡਿਜ਼ਿਟਲ ਰਿਕਾਰਡ ਤਿਆਰ ਕੀਤਾ ਜਾਵੇ। ਸਮੇਂ-ਸਮੇਂ 'ਤੇ ਨਿਯਮਤ ਜਾਂਚ ਹੋਵੇ ਅਤੇ ਜਿੱਥੇ ਵੀ ਕੋਈ ਖੁੱਲ੍ਹਾ ਬੋਰਵੈਲ ਮਿਲੇ, ਉਸ ਨੂੰ ਤੁਰੰਤ ਸੁਰੱਖਿਅਤ ਢੰਗ ਨਾਲ ਬੰਦ ਕਰਵਾਇਆ ਜਾਵੇ। ਨਾਲ ਹੀ ਲਾਪਰਵਾਹੀ ਕਰਨ ਵਾਲਿਆਂ 'ਤੇ ਸਖ਼ਤ ਜੁਰਮਾਨੇ ਦੇ ਨਾਲ ਕਾਨੂੰਨੀ ਕਾਰਵਾਈ ਵੀ ਯਕੀਨੀ ਬਣਾਈ ਜਾਵੇ। ਜਦੋਂ ਤੱਕ ਸਜ਼ਾ ਦਾ ਡਰ ਨਹੀਂ ਹੋਵੇਗਾ, ਉਦੋਂ ਤੱਕ ਨਿਯਮਾਂ ਦੀ ਪਾਲਣਾ ਵੀ ਅਧੂਰੀ ਹੀ ਰਹੇਗੀ।

ਇਸ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ ਵੀ ਬਹੁਤ ਜ਼ਰੂਰੀ ਹੈ। ਸਕੂਲਾਂ ਵਿਚ ਬੱਚਿਆਂ ਨੂੰ ਅਜਿਹੇ ਖ਼ਤਰਿਆਂ ਬਾਰੇ ਜਾਣਕਾਰੀ ਦਿੱਤੀ ਜਾਵੇ। ਪਿੰਡਾਂ ਵਿਚ ਪੰਚਾਇਤਾਂ, ਕਿਸਾਨ ਜਥੇਬੰਦੀਆਂ ਅਤੇ ਸਮਾਜਿਕ ਸੰਸਥਾਵਾਂ ਸਮੇਂ-ਸਮੇਂ 'ਤੇ ਖੁੱਲ੍ਹੇ ਬੋਰਵੈਲਾਂ ਦੀ ਜਾਂਚ ਕਰਨ। ਜੇ ਕਿਤੇ ਵੀ ਖੁੱਲ੍ਹਾ ਬੋਰਵੈਲ ਨਜ਼ਰ ਆਵੇ ਤਾਂ ਉਸ ਦੀ ਤੁਰੰਤ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ ਜਾਵੇ। ਸੁਰੱਖਿਆ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਪੂਰੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਵਾਰ ਬੋਰਵੈਲ ਵਿਚ ਡਿੱਗਣ ਵਾਲਾ ਬੱਚਾ ਕਿਸੇ ਦਾ ਪੁੱਤਰ, ਧੀ, ਪੋਤਾ ਜਾਂ ਪੋਤੀ ਹੁੰਦਾ ਹੈ। ਉਹ ਕਿਸੇ ਪਰਿਵਾਰ ਦੀਆਂ ਆਸਾਂ, ਸੁਪਨਿਆਂ ਅਤੇ ਭਵਿੱਖ ਦਾ ਕੇਂਦਰ ਹੁੰਦਾ ਹੈ। ਇੱਕ ਪਲ ਦੀ ਲਾਪਰਵਾਹੀ ਪੂਰੇ ਪਰਿਵਾਰ ਦੀ ਜ਼ਿੰਦਗੀ ਨੂੰ ਸਦਾ ਲਈ ਬਦਲ ਦਿੰਦੀ ਹੈ। ਮਾਪਿਆਂ ਦੀਆਂ ਅੱਖਾਂ ਵਿਚ ਵੱਸ ਜਾਣ ਵਾਲਾ ਉਹ ਦਰਦ ਕਿਸੇ ਮੁਆਵਜ਼ੇ, ਐਲਾਨ ਜਾਂ ਹਮਦਰਦੀ ਨਾਲ ਘੱਟ ਨਹੀਂ ਕੀਤਾ ਜਾ ਸਕਦਾ।

ਕਿਸੇ ਵੀ ਸੱਭਿਆਚਾਰਕ ਅਤੇ ਜ਼ਿੰਮੇਵਾਰ ਸਮਾਜ ਦੀ ਪਹਿਚਾਣ ਇਸ ਗੱਲ ਨਾਲ ਨਹੀਂ ਹੁੰਦੀ ਕਿ ਉਹ ਹਾਦਸੇ ਤੋਂ ਬਾਅਦ ਕਿੰਨੀ ਤੇਜ਼ੀ ਨਾਲ ਬਚਾਅ ਕਰਦਾ ਹੈ, ਸਗੋਂ ਇਸ ਨਾਲ ਹੁੰਦੀ ਹੈ ਕਿ ਉਹ ਅਜਿਹੇ ਹਾਦਸਿਆਂ ਨੂੰ ਵਾਪਰਨ ਤੋਂ ਪਹਿਲਾਂ ਕਿੰਨੀ ਸੰਜੀਦਗੀ ਨਾਲ ਰੋਕਦਾ ਹੈ। ਜੇ ਹਰ ਵਾਰ ਇੱਕ ਮਾਸੂਮ ਦੀ ਜਾਨ ਜਾਣ ਤੋਂ ਬਾਅਦ ਹੀ ਸਾਡੀ ਨੀਂਦ ਖੁੱਲ੍ਹਦੀ ਹੈ, ਤਾਂ ਸਾਨੂੰ ਆਪਣੇ ਪ੍ਰਬੰਧ ਅਤੇ ਆਪਣੀ ਸਮਾਜਿਕ ਜ਼ਿੰਮੇਵਾਰੀ ਦੋਵਾਂ 'ਤੇ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਲੋੜ ਹੈ।

ਹੁਣ ਸਮਾਂ ਸਿਰਫ਼ ਦੁੱਖ ਪ੍ਰਗਟ ਕਰਨ ਦਾ ਨਹੀਂ, ਸਗੋਂ ਠੋਸ ਅਤੇ ਫ਼ੈਸਲਾਕੁੰਨ ਕਦਮ ਚੁੱਕਣ ਦਾ ਹੈ। ਜਦੋਂ ਤੱਕ ਹਰ ਖੁੱਲ੍ਹੇ ਬੋਰਵੈਲ ਨੂੰ ਸੁਰੱਖਿਅਤ ਢੰਗ ਨਾਲ ਬੰਦ ਨਹੀਂ ਕੀਤਾ ਜਾਂਦਾ, ਜਦੋਂ ਤੱਕ ਲਾਪਰਵਾਹੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਨਹੀਂ ਮਿਲਦੀ ਅਤੇ ਜਦੋਂ ਤੱਕ ਸਮਾਜ ਇਸ ਨੂੰ ਆਪਣਾ ਸਾਂਝਾ ਫ਼ਰਜ਼ ਨਹੀਂ ਮੰਨਦਾ, ਉਦੋਂ ਤੱਕ ਇਹ ਸਵਾਲ ਵਾਰ-ਵਾਰ ਸਾਡੇ ਸਾਹਮਣੇ ਖੜ੍ਹਾ ਰਹੇਗਾ।

ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਦੇਸ਼ ਦੇ ਕਿਸੇ ਵੀ ਕੋਨੇ ਵਿਚ ਕੋਈ ਮਾਪੇ ਆਪਣੇ ਬੱਚੇ ਨੂੰ ਖੁੱਲ੍ਹੇ ਬੋਰਵੈਲ ਦੀ ਭੇਟ ਚੜ੍ਹਦਾ ਨਾ ਵੇਖਣ। ਕਿਉਂਕਿ ਇੱਕ ਵੀ ਮਾਸੂਮ ਜ਼ਿੰਦਗੀ ਦੀ ਕੀਮਤ ਕਿਸੇ ਵੀ ਲਾਪਰਵਾਹੀ ਨਾਲੋਂ ਕਈ ਗੁਣਾ ਵੱਧ ਹੈ। ਜਦੋਂ ਹਰ ਖੁੱਲ੍ਹਾ ਬੋਰਵੈਲ ਸੁਰੱਖਿਅਤ ਢੰਗ ਨਾਲ ਬੰਦ ਹੋਵੇਗਾ, ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਹੋਵੇਗੀ ਅਤੇ ਸਮਾਜ ਆਪਣੀ ਜ਼ਿੰਮੇਵਾਰੀ ਨਿਭਾਏਗਾ, ਤਦ ਹੀ ਅਸੀਂ ਨਿਸ਼ਚਿੰਤ ਹੋ ਕੇ ਕਹਿ ਸਕਾਂਗੇ ਕਿ ਅਸੀਂ ਆਪਣੇ ਬੱਚਿਆਂ ਲਈ ਇੱਕ ਸੁਰੱਖਿਅਤ ਭਵਿੱਖ ਦੀ ਨੀਂਹ ਰੱਖ ਦਿੱਤੀ ਹੈ।

# ਸ਼ੌਕ, ਪਿਆਰ, ਲਾਲਚ ਤੇ ਡੰਡਾ: ਸਤਿੰਦਰ ਸਰਤਾਜ ਦੀ ਇੱਕ ਪੰਕਤੀ ਤੋਂ ਸਾਡੇ ਸਮੇਂ ਦੀ ਰਾਜਨੀਤੀ ਤੱਕ

ਕਈ ਵਾਰ ਇੱਕ ਗੀਤ ਦੀ ਇੱਕੋ ਲਾਈਨ ਪੂਰੇ ਯੁੱਗ ਦੀ ਸਿਆਸਤ ਖੋਲ੍ਹ ਦੇਂਦੀ ਹੈ। ਕਈ ਵਾਰ ਕਵੀ ਉਹ ਕੁਝ ਕਹਿ ਜਾਂਦਾ ਹੈ, ਜਿਸ ਨੂੰ ਸਮਾਜ-ਵਿਗਿਆਨੀ ਸਿਧਾਂਤਾਂ, ਵਿਆਖਿਆਵਾਂ ਅਤੇ ਲੰਬੇ ਲੇਖਾਂ ਵਿਚ ਸਮਝਾਉਂਦੇ ਹਨ। ਸਤਿੰਦਰ ਸਰਤਾਜ ਦੀ ਇਹ ਪੰਕਤੀ 'ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ: ਸ਼ੌਕ ਨਾਲ, ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ' ਇਹੋ ਜਿਹੀ ਪੰਕਤੀ ਹੈ। ਸੁਣਨ ਵਿਚ ਇਹ ਜ਼ਿੰਦਗੀ ਦੀ ਆਮ ਸਮਝ ਜਾਪਦੀ ਹੈ,



**ਗੁਰਤੇਜ ਸਿੰਘ ਕੱਟੂ**
**ਫੋਨ: 98155-94197**

ਜਿਵੇਂ ਕਿਸੇ ਵੱਡੇ-ਬਜ਼ੁਰਗ ਨੇ ਮਨੁੱਖੀ ਸੁਭਾਉ ਦਾ ਨਿਚੋੜ ਦੋ ਲਫ਼ਜ਼ਾਂ ਵਿਚ ਕਹਿ ਦਿੱਤਾ ਹੋਵੇ, ਪਰ ਜੇ ਥੋੜ੍ਹਾ ਠਹਿਰ ਕੇ ਇਸਨੂੰ ਪੜ੍ਹਿਆ ਜਾਵੇ ਤਾਂ ਇਸ ਵਿਚ ਸਿਰਫ਼ ਮਨੁੱਖ ਨਹੀਂ, ਪੂਰਾ ਸਮਾਜ ਬੋਲਦਾ ਸੁਣਾਈ ਦਿੰਦਾ ਹੈ; ਸਿਰਫ਼ ਰਿਸ਼ਤੇ ਨਹੀਂ, ਰਾਜ ਦੀ ਕਾਰਗੁਜ਼ਾਰੀ ਵੀ ਝਲਕਦੀ ਹੈ; ਸਿਰਫ਼ ਵਿਅਕਤੀ ਦੀ ਮਨੋਸਥਿਤੀ ਨਹੀਂ, ਤਾਕਤ ਦੇ ਢੰਗ ਵੀ ਉਘੜਦੇ ਹਨ।

ਅਸੀਂ ਅਕਸਰ ਮੰਨ ਲੈਂਦੇ ਹਾਂ ਕਿ ਮਨੁੱਖ ਆਪਣੇ ਫੈਸਲੇ ਆਪ ਕਰਦਾ ਹੈ। ਜੋ ਕੰਮ ਕਰਦਾ ਹੈ, ਆਪਣੇ ਮਨ ਨਾਲ ਕਰਦਾ ਹੈ; ਜਿਹੜੇ ਰਾਹ 'ਤੇ ਤੁਰਦਾ ਹੈ, ਆਪਣੀ ਮਰਜ਼ੀ ਨਾਲ ਤੁਰਦਾ ਹੈ, ਪਰ ਕੀ ਇਹ ਸੱਚ ਪੂਰਾ ਸੱਚ ਹੈ? ਕੀ ਸਾਡੀ ਮਰਜ਼ੀ ਸੱਚਮੁੱਚ ਸਿਰਫ਼ ਸਾਡੀ ਆਪਣੀ ਹੁੰਦੀ ਹੈ? ਕੀ ਸਾਡੇ ਸ਼ੌਕ, ਸਾਡੀਆਂ ਚਾਹਤਾਂ, ਸਾਡੇ ਡਰ ਅਤੇ ਸਾਡੇ ਫ਼ੈਸਲੇ ਸਿਰਫ਼ ਅੰਦਰੋਂ ਉੱਠਦੇ ਹਨ? ਜਾਂ ਉਨ੍ਹਾਂ ਨੂੰ ਸਮਾਜ, ਪਰਿਵਾਰ, ਬਾਜ਼ਾਰ, ਸਿੱਖਿਆ ਅਤੇ ਰਾਜ ਹੌਲੇ-ਹੌਲੇ ਸਾਡੇ ਅੰਦਰ ਰਚਦੇ-ਬਸਾਉਂਦੇ ਹਨ? ਇੱਥੇ ਆ ਕੇ ਸਤਿੰਦਰ ਸਰਤਾਜ ਦੀ ਇਹ ਲਾਈਨ ਇੱਕ ਆਮ ਗੀਤ ਦੀ ਲਾਈਨ ਨਹੀਂ ਰਹਿੰਦੀ, ਸਗੋਂ ਇਹ ਸਮਾਜ ਨੂੰ ਸਮਝਣ ਦਾ ਦਰਵਾਜ਼ਾ ਬਣ ਜਾਂਦੀ ਹੈ।

ਫਰਾਂਸੀਸੀ ਚਿੰਤਕ ਲੂਈ ਅਲਥੂਸਰ ਨੇ ਕਿਹਾ ਸੀ ਕਿ ਰਾਜ ਸਿਰਫ਼ ਡੰਡੇ ਨਾਲ ਨਹੀਂ ਚੱਲਦਾ। ਜੇ ਹਕੂਮਤ ਨੂੰ ਹਰ ਵੇਲੇ ਪੁਲਿਸ, ਫ਼ੌਜ, ਅਦਾਲਤ ਅਤੇ ਜੇਲ੍ਹ ਦੇ ਸਹਾਰੇ ਹੀ ਲੋਕਾਂ ਨੂੰ ਚਲਾਉਣਾ ਪਵੇ, ਤਾਂ ਉਸ ਦੀ ਹਕੂਮਤ ਟਿਕਾਊ ਨਹੀਂ ਰਹਿੰਦੀ। ਰਾਜ ਦੀ ਅਸਲ ਤਾਕਤ ਉੱਥੇ ਹੁੰਦੀ ਹੈ, ਜਿੱਥੇ ਉਹ ਮਨੁੱਖ ਦੇ ਮਨ ਵਿਚ ਦਾਖ਼ਲ ਹੋ ਜਾਂਦਾ ਹੈ~; ਉਸ ਦੀ ਸੋਚ, ਉਸ ਦੀ ਨੈਤਿਕਤਾ, ਉਸ ਦੀ ਲਾਜ, ਉਸ ਦੇ ਸੁਪਨਿਆਂ ਅਤੇ ਉਸ ਦੀਆਂ ਖ਼ਾਹਿਸ਼ਾਂ ਵਿਚ। ਇਸ ਲਈ ਅਲਥੂਸਰ ਨੇ ਦੋ ਵੱਡੀਆਂ ਗੱਲਾਂ ਕੀਤੀਆਂ: ਇੱਕ ਪਾਸੇ ਉਹ ਸੰਸਥਾਵਾਂ ਜੋ ਬਲ, ਸਜ਼ਾ ਅਤੇ ਡਰ ਨਾਲ ਕੰਮ ਕਰਦੀਆਂ ਹਨ; ਦੂਜੇ ਪਾਸੇ ਉਹ ਜਿਹੜੀਆਂ ਮਨੁੱਖ ਦੀ ਸਹਿਮਤੀ ਤਿਆਰ ਕਰਦੀਆਂ ਹਨ—ਪਰਿਵਾਰ, ਸਕੂਲ, ਧਰਮ, ਮੀਡੀਆ, ਸੱਭਿਆਚਾਰ। ਇਹ ਦੂਜੀਆਂ ਸੰਸਥਾਵਾਂ ਡੰਡਾ ਘੱਟ ਚੁੱਕਦੀਆਂ ਹਨ ਪਰ ਮਨੁੱਖ ਦੇ ਅੰਦਰ ਇੱਕ ਅਜਿਹਾ ਅਨੁਸ਼ਾਸਨ ਪੈਦਾ ਕਰ ਦਿੰਦੀਆਂ ਹਨ ਕਿ ਉਹ ਆਪ ਹੀ ਆਪਣੇ ਆਪ ਨੂੰ ਚਲਾਉਣ ਲੱਗ ਪੈਂਦਾ ਹੈ।

ਇੱਥੇ ਸਰਤਾਜ ਦੀ ਪੰਕਤੀ ਅਚਾਨਕ ਇੱਕ ਨਵੀਂ ਰੌਸ਼ਨੀ ਵਿਚ ਖੜ੍ਹੀ ਦਿਖਾਈ ਦਿੰਦੀ ਹੈ। 'ਸ਼ੌਕ ਨਾਲ' ਇਹ ਪਹਿਲਾ ਸ਼ਬਦ ਹੀ ਕਿੰਨਾ ਭਰਮਜਨਕ ਤੇ ਕਿੰਨਾ ਖ਼ਤਰਨਾਕ ਹੈ। ਸ਼ੌਕ ਸੁਣਦੇ ਹੀ ਖ਼ੁਸ਼ੀ, ਆਜ਼ਾਦੀ, ਰੁਚੀ ਅਤੇ ਮਨ ਦੀ ਰਜ਼ਾਮੰਦੀ ਦੀ ਤਸਵੀਰ ਉਭਰਦੀ ਹੈ। ਪਰ ਜ਼ਰਾ ਸੋਚੋ: ਕਿਸੇ ਬੱਚੇ ਨੂੰ ਕਿਉਂ ਲੱਗਦਾ ਹੈ ਕਿ ਚੰਗੇ ਨੰਬਰ ਲਿਆਉਣਾ ਹੀ ਉਸ ਦਾ ਸੁਪਨਾ ਹੈ? ਕਿਸੇ ਨੌਜਵਾਨ ਨੂੰ ਕਿਉਂ ਲੱਗਦਾ ਹੈ ਕਿ ਵੱਡੀ ਨੌਕਰੀ, ਵੱਡੀ ਤਨਖ਼ਾਹ, ਵੱਡਾ ਅਹੁਦਾ ਹੀ ਜ਼ਿੰਦਗੀ ਦੀ ਕਾਮਯਾਬੀ ਹੈ? ਕਿਸੇ ਕਰਮਚਾਰੀ ਨੂੰ ਕਿਉਂ ਲੱਗਦਾ ਹੈ ਕਿ ਦਫ਼ਤਰ ਲਈ ਆਪਣੀ ਨਿੱਜੀ ਜ਼ਿੰਦਗੀ ਤੱਕ ਕੁਰਬਾਨ ਕਰ ਦੇਣਾ ਇੱਕ ਮਾਣ ਦੀ ਗੱਲ ਹੈ? ਇਹ ਸ਼ੌਕ ਕਿੱਥੋਂ ਆਉਂਦੇ ਹਨ?

ਸੱਚ ਇਹ ਹੈ ਕਿ ਸ਼ੌਕ ਵੀ ਸਮਾਜਕ ਤੌਰ 'ਤੇ ਬਣਾਏ ਜਾਂਦੇ ਹਨ। ਪਰਿਵਾਰ, ਸਕੂਲ, ਮੀਡੀਆ, ਇਸ਼ਤਿਹਾਰ, ਸੋਸ਼ਲ ਮੀਡੀਆ, ਰੋਜ਼ਗਾਰ ਦੀ ਸੰਸਕ੍ਰਿਤੀ~; ਇਹ ਸਭ ਮਿਲ ਕੇ ਸਾਨੂੰ ਦੱਸਦੇ ਹਨ ਕਿ ਕਿਹੜੀ ਚੀਜ਼ ਚਾਹੁਣਯੋਗ ਹੈ, ਕਿਹੜੀ ਜ਼ਿੰਦਗੀ ਕਾਮਯਾਬ ਹੈ ਅਤੇ ਕਿਹੜਾ ਰਸਤਾ 'ਸਹੀ' ਹੈ। ਫਿਰ ਅਸੀਂ ਉਸੇ ਬਣਾਈ ਹੋਈ ਇੱਛਾ ਨੂੰ ਆਪਣਾ ਸ਼ੌਕ ਸਮਝ ਬੈਠਦੇ ਹਾਂ। ਇੱਥੇ ਡੰਡਾ ਨਹੀਂ ਹੁੰਦਾ, ਪਰ ਨਿਯੰਤਰਣ ਮੌਜੂਦ ਹੁੰਦਾ ਹੈ।

ਫਿਰ ਆਉਂਦਾ ਹੈ 'ਪਿਆਰ ਨਾਲ'। ਇਹ ਸ਼ਬਦ ਹੋਰ ਵੀ ਮਿੱਠਾ ਹੈ, ਹੋਰ ਵੀ ਨਿਰਦੋਸ਼ ਜਾਪਦਾ ਹੈ। ਪਿਆਰ, ਮਮਤਾ, ਸਨੇਹ, ਸਹਾਰਾ~; ਇਨ੍ਹਾਂ ਨਾਲ ਕਿਸੇ ਨੂੰ ਐਤਰਾਜ਼ ਕਿਉਂ ਹੋਵੇ? ਪਰ ਸਮਾਜ ਦੇ ਇਤਿਹਾਸ ਵਿਚ ਪਿਆਰ ਸਿਰਫ਼ ਜਜ਼ਬਾਤ ਨਹੀਂ ਰਿਹਾ; ਇਹ ਅਨੁਸ਼ਾਸਨ ਦਾ ਸਭ ਤੋਂ ਨਰਮ ਅਤੇ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਵੀ ਰਿਹਾ ਹੈ। ਬੱਚੇ ਨੂੰ ਕਿਹਾ ਜਾਂਦਾ ਹੈ~; ਮਾਪਿਆਂ ਦੀ ਗੱਲ ਮੰਨਣਾ ਪਿਆਰ ਹੈ। ਧੀ ਨੂੰ ਕਿਹਾ ਜਾਂਦਾ ਹੈ~; ਘਰ ਦੀ ਇੱਜ਼ਤ ਲਈ ਚੁੱਪ ਰਹਿਣਾ ਪਿਆਰ ਹੈ। ਕਰਮਚਾਰੀ ਨੂੰ ਕਿਹਾ ਜਾਂਦਾ ਹੈ~; ਸੰਸਥਾ ਨਾਲ ਵਫ਼ਾਦਾਰੀ ਪੇਸ਼ਾਵਰ ਇਮਾਨਦਾਰੀ ਹੈ। ਨਾਗਰਿਕ ਨੂੰ ਕਿਹਾ ਜਾਂਦਾ ਹੈ~; ਰਾਸ਼ਟਰ ਨਾਲ ਅਟੁੱਟ ਭਾਵਨਾਤਮਕ ਜੁੜਾਅ ਹੀ ਉਸ ਦਾ ਫ਼ਰਜ਼ ਹੈ। ਇਸ ਤਰ੍ਹਾਂ ਪਿਆਰ ਇੱਕ ਨੈਤਿਕ ਬੰਨ੍ਹ ਬਣ ਜਾਂਦਾ ਹੈ। ਮਨੁੱਖ ਹੁਕਮ ਨਹੀਂ ਮੰਨਦਾ, ਉਹ ਆਪਣੇ 'ਫ਼ਰਜ਼' ਨਿਭਾਉਂਦਾ ਹੈ; ਉਹ ਜ਼ਬਰ ਨਹੀਂ ਸਹਿੰਦਾ, ਉਹ 'ਰਿਸ਼ਤਾ' ਬਚਾਉਂਦਾ ਹੈ। ਪਿਆਰ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਇਹ ਡੰਡੇ ਨੂੰ ਗੈਰ-ਜ਼ਰੂਰੀ ਬਣਾ ਦਿੰਦਾ ਹੈ। ਜਦੋਂ ਮਨੁੱਖ ਖ਼ੁਦ ਹੀ ਇਹ ਮੰਨ ਲਏ ਕਿ ਉਸ ਨੂੰ ਕਿਵੇਂ ਜੀਣਾ ਹੈ, ਕੀ ਕਹਿਣਾ ਹੈ ਅਤੇ ਕਿੰਨਾ ਝੁਕਣਾ ਹੈ, ਤਾਂ ਬਾਹਰਲੇ ਜ਼ੋਰ ਦੀ ਲੋੜ ਘੱਟ ਰਹਿ ਜਾਂਦੀ ਹੈ।

ਤੀਜਾ ਸ਼ਬਦ ਹੈ 'ਲਾਲਚ' ਅਤੇ ਸ਼ਾਇਦ ਇਹ ਸਾਡੇ ਦੌਰ ਦਾ ਸਭ ਤੋਂ ਤਾਕਤਵਰ ਰਾਜਨੀਤਿਕ ਹਥਿਆਰ ਹੈ। ਪੁਰਾਣੇ ਜ਼ਮਾਨਿਆਂ ਵਿਚ ਹਕੂਮਤਾਂ ਲੋਕਾਂ ਤੋਂ ਵਫ਼ਾਦਾਰੀ ਮੰਗਦੀਆਂ ਸਨ; ਆਧੁਨਿਕ ਸਮਾਜ ਲੋਕਾਂ ਤੋਂ ਮੁਕਾਬਲਾ, ਉਤਪਾਦਕਤਾ ਅਤੇ ਪ੍ਰਦਰਸ਼ਨ ਮੰਗਦਾ ਹੈ। ਇਸ ਲਈ ਹੁਣ ਮਨੁੱਖ ਨੂੰ ਸਿਰਫ਼ ਹੁਕਮ ਦੇ ਕੇ ਨਹੀਂ ਸਗੋਂ ਸੁਪਨੇ ਵੇਚ ਕੇ ਚਲਾਇਆ ਜਾਂਦਾ ਹੈ। ਉਸ ਨੂੰ ਦੱਸਿਆ ਜਾਂਦਾ ਹੈ ਕਿ ਹੋਰ ਮਿਹਨਤ ਕਰ, ਹੋਰ ਕਮਾ, ਹੋਰ ਅੱਗੇ ਵੱਧ, ਹੋਰ ਦਿਖਾ, ਹੋਰ ਖਰੀਦ ਤੇ ਫਿਰ ਤੂੰ ਕਾਮਯਾਬ ਹੋਵੇਂਗਾ। ਇਹ ਸਿਰਫ਼ ਲਾਲਚ ਨਹੀਂ, ਇਹ ਪੂਰੀ ਜ਼ਿੰਦਗੀ ਦੀ ਇੱਕ ਫ਼ਿਲਾਸਫ਼ੀ ਬਣ ਚੁੱਕੀ ਹੈ। ਤਨਖ਼ਾਹ, ਤਰੱਕੀ, ਪੈਕੇਜ, ਬੋਨਸ, ਬ੍ਰਾਂਡ, ਫਾਲੋਅਰ, ਮਾਣ-ਮਰਯਾਦਾ~; ਇਹ ਸਭ ਮਿਲ ਕੇ ਮਨੁੱਖ ਨੂੰ ਇਹ ਯਕੀਨ ਦਿਵਾਉਂਦੇ ਹਨ ਕਿ ਉਹ ਆਪਣੇ ਹੀ ਭਲੇ ਲਈ ਦੌੜ ਰਿਹਾ ਹੈ। ਪਰ ਅਸਲ ਵਿਚ ਉਹ ਉਸ ਪ੍ਰਣਾਲੀ ਲਈ ਦੌੜ ਰਿਹਾ ਹੁੰਦਾ ਹੈ, ਜਿਸ ਨੂੰ ਉਸ ਦੀ ਮਿਹਨਤ, ਉਸ ਦਾ ਸਮਾਂ ਅਤੇ ਉਸ ਦੀ ਖ਼ਾਹਿਸ਼ ਚਾਹੀਦੀ ਹੈ। ਲਾਲਚ ਇੱਥੇ ਸਿਰਫ਼ ਪੈਸੇ ਦੀ ਖ਼ਾਹਿਸ਼ ਨਹੀਂ; ਇਹ ਮਨੁੱਖ ਦੀਆਂ ਆਕਾਂਖਿਆਵਾਂ ਨੂੰ ਕਾਬੂ ਕਰਨ ਦਾ ਇੱਕ ਸੰਯੁਕਤ ਤਰੀਕਾ ਹੈ।

ਅਤੇ ਜਦੋਂ ਇਹ ਤਿੰਨੋਂ ਰਾਹ ਕਾਫ਼ੀ ਨਾ ਪੈਣ, ਤਾਂ ਬਚਦਾ ਹੈ 'ਡੰਡਾ'। ਇਹ ਸਭ ਤੋਂ ਸਪੱਸ਼ਟ ਰੂਪ ਹੈ, ਇਸ ਲਈ ਅਸੀਂ ਅਕਸਰ ਸਮਝ ਲੈਂਦੇ ਹਾਂ ਕਿ ਨਿਯੰਤਰਣ ਸਿਰਫ਼ ਇੱਥੇ ਹੀ ਹੈ। ਪੁਲਿਸ, ਅਦਾਲਤ, ਜੇਲ੍ਹ, ਨੌਕਰੀ ਤੋਂ ਕੱਢ ਦੇਣ ਦੀ ਧਮਕੀ, ਪ੍ਰਸ਼ਾਸਨਿਕ ਕਾਰਵਾਈ, ਅਸਹਿਮਤੀ ਨੂੰ ਸਜ਼ਾ~; ਇਹ ਸਭ ਡੰਡੇ ਦੇ ਰੂਪ ਹਨ। ਪਰ ਡੰਡਾ ਸਿਰਫ਼ ਲਾਠੀ ਨਹੀਂ ਹੁੰਦਾ। ਕਈ ਵਾਰ ਇਹ ਨੋਟਿਸ ਹੁੰਦਾ ਹੈ, ਕਈ ਵਾਰ ਚਾਰਜਸ਼ੀਟ, ਕਈ ਵਾਰ ਬਦਲੀ, ਕਈ ਵਾਰ ਬਦਨਾਮੀ, ਕਈ ਵਾਰ 'ਅਣਅਨੁਸ਼ਾਸਿਤ' ਜਾਂ 'ਰਾਸ਼ਟਰ-ਵਿਰੋਧੀ' ਦਾ ਠੱਪਾ। ਡੰਡੇ ਦੀ ਖਾਸੀਅਤ ਇਹ ਹੈ ਕਿ ਉਹ ਹਮੇਸ਼ਾਂ ਹਰ ਵੇਲੇ ਵਰਤਿਆ ਨਹੀਂ ਜਾਂਦਾ; ਕਈ ਵਾਰ ਉਸ ਦਾ ਸਿਰਫ਼ ਮੌਜੂਦ ਹੋਣਾ ਹੀ ਕਾਫ਼ੀ ਹੁੰਦਾ ਹੈ। ਮਨੁੱਖ ਜਾਣਦਾ ਹੈ ਕਿ ਹੱਦ ਤੋਂ ਅੱਗੇ ਗਿਆ ਤਾਂ ਕੀ ਹੋ ਸਕਦਾ ਹੈ ਅਤੇ ਉਹ ਕਈ ਵਾਰ ਹੱਦ ਤੋਂ ਪਹਿਲਾਂ ਹੀ ਮੁੜ ਆਉਂਦਾ ਹੈ।

ਇਸੇ ਥਾਂ ਸਰਤਾਜ ਦੀ ਲਾਈਨ ਇੱਕ ਲੋਕ-ਕਹਾਵਤ ਤੋਂ ਵੱਧ ਹੋ ਜਾਂਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਸਮਾਜ ਅਤੇ ਰਾਜ ਮਨੁੱਖ ਤੋਂ ਕੰਮ ਲੈਣ ਲਈ ਇੱਕੋ ਰਸਤਾ ਨਹੀਂ ਵਰਤਦੇ। ਉਹ ਮਨੁੱਖ ਦੇ ਮਨ ਵਿਚ ਸ਼ੌਕ ਪੈਦਾ ਕਰਦੇ ਹਨ, ਰਿਸ਼ਤਿਆਂ ਵਿਚ ਪਿਆਰ ਦੇ ਨਾਮ 'ਤੇ ਆਗਿਆਕਾਰੀ ਬੀਜਦੇ ਹਨ, ਆਕਾਂਖਿਆਵਾਂ ਵਿਚ ਲਾਲਚ ਦਾ ਤੇਲ ਪਾਉਂਦੇ ਹਨ ਅਤੇ ਜ਼ਰੂਰਤ ਪੈਣ 'ਤੇ ਡੰਡਾ ਵੀ ਚੁੱਕ ਲੈਂਦੇ ਹਨ। ਇਹ ਚਾਰੇ ਰਾਹ ਵੱਖਰੇ ਨਹੀਂ; ਇੱਕੋ ਹੀ ਤਾਕਤੀ ਢਾਂਚੇ ਦੇ ਹਿੱਸੇ ਹਨ। ਇੱਕ ਸਮਾਜ ਜਿੰਨਾ ਆਧੁਨਿਕ ਹੁੰਦਾ ਜਾਂਦਾ ਹੈ, ਉਨਾ ਹੀ ਉਹ ਡੰਡੇ ਤੋਂ ਪਹਿਲਾਂ ਸ਼ੌਕ, ਪਿਆਰ ਅਤੇ ਲਾਲਚ ਨੂੰ ਹੋਰ ਸੁਧਰੇ ਢੰਗ ਨਾਲ ਵਰਤਣਾ ਸਿੱਖ ਲੈਂਦਾ ਹੈ।

ਅੱਜ ਦੇ ਸਮੇਂ ਵਿਚ ਇਸ ਪੰਕਤੀ ਦੀ ਗੂੰਜ ਹੋਰ ਤੇਜ਼ ਸੁਣਾਈ ਦਿੰਦੀ ਹੈ। ਸਿੱਖਿਆ ਵਿਦਿਆਰਥੀ ਨੂੰ ਸਿਰਫ਼ ਗਿਆਨ ਨਹੀਂ ਦਿੰਦੀ; ਉਸ ਨੂੰ ਮੁਕਾਬਲੇ ਲਈ ਤਿਆਰ ਕਰਦੀ ਹੈ। ਪਰਿਵਾਰ ਸਿਰਫ਼ ਸਹਾਰਾ ਨਹੀਂ ਦਿੰਦਾ; ਕਈ ਵਾਰ ਉਹ ਚੁੱਪ ਰਹਿਣਾ ਵੀ ਸਿਖਾਉਂਦਾ ਹੈ। ਬਾਜ਼ਾਰ ਸਿਰਫ਼ ਚੀਜ਼ਾਂ ਨਹੀਂ ਵੇਚਦਾ; ਉਹ ਚਾਹਤਾਂ ਅਤੇ ਪਹਿਚਾਣਾਂ ਵੇਚਦਾ ਹੈ। ਰਾਜ ਸਿਰਫ਼ ਕਾਨੂੰਨ ਨਹੀਂ ਬਣਾਉਂਦਾ; ਉਹ ਇਹ ਵੀ ਤੈਅ ਕਰਦਾ ਹੈ ਕਿ ਕਿਹੜੀ ਆਵਾਜ਼ 'ਜ਼ਿੰਮੇਵਾਰ' ਹੈ ਅਤੇ ਕਿਹੜੀ 'ਖ਼ਤਰਨਾਕ'। ਅਜਿਹੇ ਦੌਰ ਵਿਚ ਸਰਤਾਜ ਦੀ ਇਹ ਲਾਈਨ ਸਾਨੂੰ ਇੱਕ ਅਸੁਖਾਵਾਂ ਪਰ ਲਾਜ਼ਮੀ ਸੱਚ ਵੱਲ ਲੈ ਜਾਂਦੀ ਹੈ~; ਮਨੁੱਖ ਨੂੰ ਚਲਾਉਣ ਵਾਲੀ ਤਾਕਤ ਹਮੇਸ਼ਾਂ ਸਖ਼ਤ ਚਿਹਰਾ ਲੈ ਕੇ ਨਹੀਂ ਆਉਂਦੀ। ਕਈ ਵਾਰ ਉਹ ਸਾਡੇ ਆਪਣੇ ਸੁਪਨਿਆਂ ਵਿਚ ਲੁਕਦੀ ਹੈ, ਕਈ ਵਾਰ ਪਿਆਰ ਦੀਆਂ ਬੋਲੀਆਂ ਵਿਚ, ਕਈ ਵਾਰ ਤਰੱਕੀ ਦੇ ਵਾਅਦਿਆਂ ਵਿਚ।

ਇਸ ਲਈ ਇਹ ਲਾਈਨ ਸਿਰਫ਼ ਸੁਣਨ ਲਈ ਨਹੀਂ, ਸੋਚਣ ਲਈ ਹੈ। ਇਹ ਸਾਨੂੰ ਆਪਣੇ ਸਮੇਂ ਦੇ ਅਨੁਸ਼ਾਸਨ ਨੂੰ ਪਛਾਣਣ ਦੀ ਸਮਝ ਦਿੰਦੀ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਕੋਈ ਬੰਦਾ ਆਪਣੇ ਸ਼ੌਕ ਨਾਲ ਕੰਮ ਕਰ ਰਿਹਾ ਹੈ ਜਾਂ ਪਿਆਰ ਨਾਲ ਮੰਨ ਗਿਆ ਜਾਂ ਲਾਭ ਦੇਖ ਕੇ ਰਾਜ਼ੀ ਹੋ ਗਿਆ, ਤਾਂ ਸਾਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਇਸ ਕਹਾਣੀ ਦੇ ਪਿੱਛੇ ਕਿਹੜਾ ਤਾਕਤੀ ਢਾਂਚਾ ਕੰਮ ਕਰ ਰਿਹਾ ਹੈ।

ਕਿਉਂਕਿ ਆਧੁਨਿਕ ਸਮਾਜ ਵਿਚ ਆਜ਼ਾਦੀ ਅਤੇ ਅਨੁਸ਼ਾਸਨ ਦੀ ਲਕੀਰ ਬਹੁਤ ਵਾਰ ਇਕ-ਦੂਜੇ ਵਿਚ ਰਲ ਜਾਂਦੀ ਹੈ ਅਤੇ ਸ਼ਾਇਦ ਇਸੇ ਲਈ ਸਰਤਾਜ ਦੀ ਇਹ ਪੰਕਤੀ ਸਾਡੇ ਸਮੇਂ ਦੀ ਇੱਕ ਡੂੰਘੀ ਹਕੀਕਤ ਬਣ ਜਾਂਦੀ ਹੈ~; ਬੰਦਾ ਕੰਮ ਚਾਰੇ ਤਰੀਕੇ ਨਾਲ ਕਰਦਾ ਹੈ: ਸ਼ੌਕ, ਪਿਆਰ, ਲਾਲਚ ਜਾਂ ਡੰਡੇ ਨਾਲ; ਪਰ ਸਵਾਲ ਇਹ ਹੈ ਕਿ ਇਹ ਚਾਰੇ ਤਰੀਕੇ ਚਲਾਉਂਦਾ ਕੌਣ ਹੈ।

# ਤਕਨਾਲੋਜੀਆਂ ਨਿਰੀਆਂ ਤਕਨਾਲੋਜੀਆਂ ਨਹੀਂ ਹੁੰਦੀਆਂ

### ਤਕਨਾਲੋਜੀਆਂ ਦੀ ਵਿਸ਼ੇਸ਼ਤਾ

ਹਰ ਯੁਗ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਅਤੇ ਆਪਣੇ ਯੁਗ ਦੀ ਇੱਕ ਖਾਸ ਵਿਸ਼ੇਸ਼ਤਾ ਹੈ ਤੇਜ਼ੀ ਨਾਲ ਵਿਕਸਿਤ ਹੋ ਰਹੀਆਂ ਨਵੀਆਂ ਤਕਨਾਲੋਜੀਆਂ, ਜਿਨ੍ਹਾਂ ਵਿਚੋਂ ਏ.ਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਖਾਸ ਹੈ। ਸਰਲ ਸ਼ਬਦਾਂ 'ਚ ਤਕਨਾਲੋਜੀਆਂ ਉਨ੍ਹਾਂ ਜੁਗਤਾਂ, ਵਿਧੀਆਂ, ਸੰਦਾਂ, ਜੰਤਰਾਂ, ਉਪਕਰਣਾਂ ਦੇ ਸਮੂਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਰਾਹੀਂ ਆਪਾਂ ਉਪਲਬਧ (Available) ਚੀਜ਼ਾਂ ਨੂੰ ਲੋੜੀਂਦੀਆਂ (Desirable) ਚੀਜ਼ਾਂ ਵਿਚ ਬਦਲ ਸਕਦੇ ਹਾਂ ਅਤੇ ਕੁਦਰਤੀ ਆਫਤਾਂ ਅਤੇ ਬੀਮਾਰੀਆਂ ਦੇ ਪਰਕੋਪਾਂ ਨੂੰ ਘਟਾ ਸਕਦੇ ਹਾਂ। ਕੱਚੇ ਕੁਦਰਤੀ ਸਾਧਨਾਂ ਨੂੰ ਵਰਤੋਂ-ਯੋਗ ਬਣਾਉਣਾ ਜਾਂ ਬਣੀ ਹੋਈ ਵਸਤੂ ਤੋਂ ਅੱਗੇ ਹੋਰ ਵਸਤੂ ਬਣਾਉਣਾ ਅਤੇ ਕੱਪੜੇ ਤੋਂ ਸੂਟ ਬਣਾ ਲੈਣਾ, ਤਕਨਾਲੋਜੀਆਂ ਰਾਹੀਂ ਸੰਭਵ ਹੈ। ਉਦਾਹਰਣ ਵਜੋਂ ਸਾਹ ਲੈਣ ਵਾਲੀ ਹਵਾ ਤੋਂ ਬਗੈਰ, ਹੋਰ ਕਿਸੇ ਵੀ ਕੁਦਰਤੀ ਸਾਧਨ ਨੂੰ ਸਿੱਧੇ ਤੌਰ 'ਤੇ ਨਹੀਂ ਵਰਤਿਆ ਜਾ ਸਕਦਾ। ਇੱਥੋਂ ਤੱਕ ਕਿ ਪਾਣੀ ਨੂੰ ਵੀ ਕਿਸੇ ਨਦੀ-ਨਾਲੇ, ਝੀਲ-ਦਰਿਆ ਆਦਿ ਵਿਚੋਂ ਲਿਆ ਕੇ ਜਾਂ ਧਰਤੀ ਵਿਚੋਂ ਕੱਢ ਕੇ, ਵਰਤਣ ਲਈ ਤਕਨਾਲੋਜੀ ਦੀ ਲੋੜ ਹੈ। ਇਸੇ ਤਰ੍ਹਾਂ ਹੀ ਪਿਛਲੇ ਸਮੇਂ 'ਚ ਕੁਦਰਤੀ ਸਾਧਨ 'ਅੱਗ' ਦੀ ਵਰਤੋਂ ਕਰਨਾ ਵੀ ਤਕਨਾਲੋਜੀ ਸੀ। ਇਸ ਤੋਂ ਸਪਸ਼ਟ ਹੈ ਕਿ ਤਕਨਾਲੋਜੀਆਂ ਆਦਿ-ਕਾਲ ਤੋਂ ਹੀ ਮਨੁੱਖ ਨਾਲ ਜੁੜੀਆਂ ਹੋਈਆਂ ਹਨ ਅਤੇ ਬਹੁਤ ਲਾਭਦਾਇਕ ਸਿੱਧ ਹੋਈਆਂ ਹਨ। ਇਨ੍ਹਾਂ ਦੇ ਵਿਕਾਸ ਰਾਹੀਂ ਹੀ ਸਾਡੇ ਪੂਰਵਜ ਆਪਣੀ ਹੋਂਦ ਨੂੰ ਬਰਕਰਾਰ ਰੱਖ ਸਕੇ, ਜੀਵਨ ਨੂੰ ਸੁਖਾਲਾ ਬਣਾ ਸਕੇ ਅਤੇ ਹਰ ਪੱਖੋਂ ਤਰੱਕੀ ਕਰ ਸਕੇ। ਇਨ੍ਹਾਂ ਸਦਕਾ ਹੀ ਅੱਜ ਆਪਾਂ ਬੇ-ਅੰਤ ਖੁਸ਼ਹਾਲੀਆਂ ਅਤੇ ਸਹੂਲਤਾਂ ਪ੍ਰਾਪਤ ਕਰ ਸਕੇ ਹਾਂ ਅਤੇ ਕੁਦਰਤੀ ਆਫਤਾਂ ਅਤੇ ਬੀਮਾਰੀਆਂ ਤੋਂ ਬਹੁਤ ਬਚਾਅ ਕਰ ਸਕੇ ਹਾਂ।

ਇੰਜ. ਈਸ਼ਰ ਸਿੰਘ
ਫੋਨ: 647 640 2014

ਅੱਜ-ਕੱਲ੍ਹ ਤਕਨਾਲੋਜੀ ਦੀ ਥਾਂ 'ਤਕਨਾਲੋਜੀਆਂ' ਸ਼ਬਦ ਇਸ ਲਈ ਵਰਤਿਆ ਜਾਣ ਲੱਗਾ ਹੈ ਕਿਉਂਕਿ ਇਨ੍ਹਾਂ ਦੀ ਗਿਣਤੀ ਦਾ ਕੋਈ ਸ਼ੁਮਾਰ ਨਹੀਂ ਰਿਹਾ ਅਤੇ ਇਹ ਗਿਣਤੀ ਸਮੇਂ ਨਾਲ ਵਧ ਰਹੀ ਹੈ। ਹਰ ਨਵੀਂ ਤਕਨਾਲੋਜੀ ਦਾ ਆਧਾਰ ਉਸ ਤੋਂ ਪਹਿਲੀਆਂ ਤਕਨਾਲੋਜੀਆਂ ਹੁੰਦਾ ਹੈ ਜਿਸ ਕਰਕੇ ਨਵੀਂ, ਪਹਿਲੀਆਂ ਤੋਂ ਵੱਧ ਪ੍ਰਭਾਵ-ਕਾਰੀ ਅਤੇ ਸਮੇਂ ਦੀ ਲੋੜ ਅਨੁਸਾਰ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਵੱਧ ਕ੍ਰਾਂਤੀਕਾਰੀ, ਬਹੁ-ਪੱਖੀ ਅਤੇ ਜੁਗ-ਪਲਟਾਊ ਹੁੰਦੀਆਂ ਹਨ ਜੋ ਮਨੁੱਖੀ ਇਤਿਹਾਸ ਦਾ ਹੀ ਰੁਖ਼ ਬਦਲ ਦਿੰਦੀਆਂ ਹਨ। ਇਸ ਦੀ ਇੱਕ ਉਦਾਹਰਣ ਭਾਫ਼ ਦਾ ਇੰਜਣ ਹੈ, ਜੋ ਢਾਈ ਕੁ ਸੌ ਸਾਲ ਪਹਿਲਾਂ ਵਿਕਸਿਤ ਹੋਇਆ ਅਤੇ ਦੂਜੀ ਬਿਜਲੀ ਹੈ, ਜੋ ਡੇਢ ਕੁ ਸੌ ਸਾਲ ਪਹਿਲਾਂ ਵਿਕਸਿਤ ਹੋਈ। ਸਮਾਂ ਪਾ ਕੇ ਤਕਨਾਲੋਜੀਆਂ ਆਪਣੀ ਜ਼ਿੰਦਗੀ 'ਚ ਇੰਨੀਆਂ ਰਚ-ਮਿਚ ਜਾਂਦੀਆਂ ਹਨ ਕਿ ਆਪਾਂ ਨੂੰ ਇਨ੍ਹਾਂ ਦੀ ਹੋਂਦ ਦਾ ਅਹਿਸਾਸ ਹੋਣੋਂ ਹਟ ਜਾਂਦਾ ਹੈ। ਜਦ ਕੋਈ ਨਵੀਂ ਤਕਨਾਲੋਜੀ ਵਿਕਸਿਤ ਹੋ ਜਾਂਦੀ ਹੈ, ਤਾਂ ਪਹਿਲੀਆਂ ਆਮ ਕਰ ਕੇ ਪਿੱਠ-ਭੂਮੀ ਵਿਚ ਚਲੀਆਂ ਜਾਂਦੀਆਂ ਹਨ। ਅੱਜ ਆਪਾਂ ਬਿਜਲੀ ਦੀ ਗੱਲ ਨਹੀਂ ਕਰਦੇ ਅਤੇ ਨਾ ਕੋਈ ਲੇਖਕ ਇਨ੍ਹਾਂ ਬਾਰੇ ਲੇਖ ਲਿਖਦਾ ਹੈ, ਕਿਉਂਕਿ ਅੱਜ ਦੀ ਨਵੀਂ ਤਕਨਾਲੋਜੀ ਏ.ਆਈ ਨੇ, ਇਸ ਨੂੰ ਪਿਛਾਂਹ ਕਰ ਦਿੱਤਾ ਹੈ। ਹਾਲਾਂਕਿ ਬਿਜਲੀ ਵੀ ਮਹੱਤਵਪੂਰਨ ਤਕਨਾਲੋਜੀ ਹੈ; ਇਹ ਏ.ਆਈ. ਦੀ ਜਣਨੀ ਹੀ ਨਹੀਂ ਸਗੋਂ ਇਸ ਦੀ ਹੋਂਦ ਨੂੰ ਬਰਕਰਾਰ ਰੱਖਣ ਵਾਲੀ ਜੀਵਨ-ਸ਼ਕਤੀ ਹੈ।

ਏ.ਆਈ. ਦਾ ਤੇਜ਼ੀ ਨਾਲ ਵਾਧਾ ਇਸ ਸਦੀ ਦੇ ਸ਼ੁਰੂ 'ਚ ਹੀ ਹੋਇਆ ਹੈ ਅਤੇ ਅੱਜ ਇਸ ਦੀ ਚਰਚਾ (ਕੁ-ਚਰਚਾ) ਹੀ ਵੱਧ ਹੈ। ਇਸ ਦੇ ਹਾਮੀ ਇਸ ਦੀਆਂ ਸਿਫਤਾਂ ਕਰਦੇ ਹੋਏ ਦਾਅਵੇ ਕਰਦੇ ਹਨ ਕਿ ਇਹ ਸੰਸਾਰ ਦੀਆਂ ਲਗਭਗ ਸਭ ਸਮੱਸਿਆਵਾਂ ਦਾ ਹੱਲ ਕਰ ਦੇਵੇਗੀ। ਆਲੋਚਕ ਇਸ ਦੀ ਆਲੋਚਨਾ ਕਰਦੇ ਹੋਏ ਇੱਥੋਂ ਤੱਕ ਕਹਿੰਦੇ ਹਨ ਕਿ ਇਹ ਮਨੁੱਖੀ ਹੋਂਦ ਲਈ ਹੀ ਖਤਰਾ ਬਣ ਜਾਵੇਗੀ। ਇਨ੍ਹਾਂ ਚਰਚਾਵਾਂ ਦੇ ਬਾਵਜੂਦ ਇਹ ਗੱਲ ਪੱਕੀ ਹੈ ਕਿ ਅੱਜ ਇਹ ਸਾਡੇ ਨਿਜੀ ਜੀਵਨ ਤੋਂ ਲੈ ਕੇ ਸੰਸਾਰ ਦੇ ਹਰ ਖੇਤਰ 'ਚ ਛਾਈ ਹੋਈ ਹੈ। ਇਸ ਨੂੰ ਤਕਨਾਲੋਜੀਆਂ ਦੀ ਸਿਰਮੌਰ ਗਰਦਾਨਿਆ ਜਾ ਰਿਹਾ ਹੈ ਅਤੇ ਕਈ ਚਿੰਤਕਾਂ ਵਲੋਂ ਇਸ ਨੂੰ 'ਤਕਨਾਲੋਜੀਆਂ ਦੀ ਤਕਨਾਲੋਜੀ' ਕਿਹਾ ਜਾ ਰਿਹਾ ਹੈ।

### ਤਕਨਾਲੋਜੀਆਂ ਦੀ ਦੁਰਵਰਤੋਂ:

ਸੰਸਾਰ ਦਾ ਇਤਿਹਾਸ ਅਤੇ ਮੌਜੂਦਾ ਹਾਲਾਤ ਇਸ ਗੱਲ ਦਾ ਪਰਤੱਖ ਪਰਮਾਣ ਹਨ ਕਿ ਤਕਨਾਲੋਜੀਆਂ ਦੇ ਲਾਭ ਸਭ ਨੂੰ ਨਹੀਂ ਪਹੁੰਚਦੇ ਅਤੇ ਨਾ ਹੀ ਇਨ੍ਹਾਂ ਨੇ ਮਨੁੱਖ ਨੂੰ ਇਕੱਲੇ ਲਾਭ ਹੀ ਪਹੁੰਚਾਏ ਹਨ। ਇਨ੍ਹਾਂ ਦੇ ਅਨੇਕਾਂ ਮੰਦੇ ਪ੍ਰਭਾਵ ਵੀ ਹੋਏ ਹਨ। ਇਸ ਬਾਰੇ ਡੈਰਨ ਐਸੀਮੋਗਲੂ ਅਤੇ ਸਾਈਮਨ ਜਾਨਸਨ ਆਪਣੀ ਕਿਤਾਬ 'Power and Progress (2023)' ਵਿਚ ਵਿਸਥਾਰ ਨਾਲ ਚਰਚਾ ਕਰਦੇ ਹਨ। ਇਨ੍ਹਾਂ ਦੀਆਂ ਕਾਢਾਂ ਅਤੇ ਇਨ੍ਹਾਂ ਦੇ ਵਿਕਾਸ ਦਾ ਕੰਮ, ਸ਼ੁਰੂ ਤੋਂ ਹੀ ਸਮਾਜ ਦੇ ਕਾਬਜ ਵਰਗਾਂ ਦੇ ਹੱਥਾਂ ਵਿਚ ਰਿਹਾ ਹੈ ਅਤੇ ਬਹੁਤਾ ਕਰ ਕੇ ਉਨ੍ਹਾਂ ਦੀਆਂ ਜ਼ਰੂਰਤਾਂ ਲਈ ਅਤੇ ਮਰਜ਼ੀ ਅਨੁਸਾਰ ਹੀ ਹੁੰਦਾ ਰਿਹਾ ਹੈ। ਉਹ ਅੱਡ-ਅੱਡ ਤਰੀਕਿਆਂ ਨਾਲ, ਇਨ੍ਹਾਂ ਰਾਹੀਂ ਜਨ-ਸਾਧਾਰਨ ਦਾ ਸ਼ੋਸ਼ਣ ਕਰਦੇ ਰਹੇ ਹਨ। ਇਸ ਦੇ ਬਾਵਜੂਦ ਤਕਨਾਲੋਜੀਆਂ ਨੂੰ ਛੱਡਣਾ ਸੰਭਵ ਨਹੀਂ ਅਤੇ ਨਾ ਹੀ ਅਜਿਹਾ ਕਰਨਾ ਇਨ੍ਹਾਂ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਦਾ ਕੋਈ ਉਪਾਅ ਹੈ। ਇਹ ਮਨੁੱਖੀ ਜੀਵਨ ਦਾ ਆਧਾਰ ਅਤੇ ਬਹੁ-ਪੱਖੀ ਵਿਕਾਸ ਦਾ ਮੁੱਖ ਸਾਧਨ ਬਣ ਚੁੱਕੀਆਂ ਹਨ ਅਤੇ ਇਨ੍ਹਾਂ ਤੋਂ ਬਗੈਰ ਗੁਜ਼ਾਰਾ ਸੰਭਵ ਨਹੀਂ, ਕਿਉਂਕਿ ਇਹ ਸਭ ਪਦਾਰਥਕ ਸਹੂਲਤਾਂ ਦਾ ਆਧਾਰ ਹਨ।

ਅੱਜ ਵੀ ਇਨ੍ਹਾਂ ਦੀਆਂ ਇਜਾਰੇਦਾਰੀਆਂ (Monopolies) ਸੰਸਾਰ ਦੇ ਚਾਤਰ ਬੁੱਧੀਮਾਨਾਂ, ਆਰਥਿਕ ਅਤੇ ਰਾਜਨੀਤਕ ਪੱਖੋਂ ਪ੍ਰਭਾਵਸ਼ਾਲੀ ਪਰ ਯਥਾਰਥ-ਵਿਹੀਨ ਵਰਗ ਦੇ ਕਬਜ਼ੇ 'ਚ ਹਨ। ਇਹ ਇਜਾਰੇਦਾਰ ਅਨੇਕਾਂ ਪ੍ਰਕਾਰ ਦੀਆਂ ਗੁਪਤ ਅਤੇ ਅਣ-ਨਿਯੰਤਰਿਤ ਕਾਰਵਾਈਆਂ ਕਰਨ 'ਚ ਮਾਹਿਰ ਹਨ ਅਤੇ ਸਰਕਾਰਾਂ ਲਈ ਇਨ੍ਹਾਂ ਨੂੰ ਕੰਟ੍ਰੋਲ ਕਰਨਾ ਬਹੁਤ ਔਖਾ ਹੋ ਰਿਹਾ ਹੈ। ਇਸ ਦਾ ਇੱਕ ਮੁੱਖ ਕਾਰਨ ਇਨ੍ਹਾਂ ਇਜਾਰੇਦਾਰੀਆਂ ਦਾ ਬਹੁ-ਦੇਸ਼ੀ ਕੰਪਨੀਆਂ ਹੋਣਾ ਹੈ, ਜਦ ਕਿ ਸਰਕਾਰਾਂ ਸਿਰਫ ਇੱਕ-ਦੇਸ਼ੀ ਹੀ ਹੋ ਸਕਦੀਆਂ ਹਨ। ਤਕਨਾਲੋਜੀਆਂ ਨਾਲ ਜੁੜੀ ਇੱਕ ਹੋਰ ਕੌੜੀ ਸਚਾਈ ਇਹ ਹੈ ਕਿ ਇਨ੍ਹਾਂ 'ਚੋਂ ਹਰੇਕ ਦੇ ਕੁਝ ਨਾ ਕੁਝ ਅਣ-ਕਿਆਸੇ ਅਤੇ ਅਚਿੰਤੇ ਮੰਦੇ ਅਸਰ ਹੁੰਦੇ ਹਨ ਜਿਨ੍ਹਾਂ ਨੂੰ 'Unintended Consequences of Technology' ਕਿਹਾ ਜਾਂਦਾ ਹੈ। ਇਨ੍ਹਾਂ ਬਾਰੇ ਪਹਿਲਾਂ ਕੋਈ ਵੀ ਨਹੀਂ ਜਾਣ ਸਕਦਾ - ਪੰਜਾਬ ਦੀ ਹਰੀ ਕ੍ਰਾਂਤੀ ਇਸ ਦੀ ਇੱਕ ਉਦਾਹਰਣ ਹੈ। ਇਨ੍ਹਾਂ ਮੰਦੇ ਅਸਰਾਂ ਨੂੰ ਅਣ-ਗੌਲਿਆ ਕੀਤਾ ਜਾਂਦਾ ਹੈ, ਛੁਟਿਆਇਆ ਅਤੇ ਛੁਪਾਇਆ ਜਾਂਦਾ ਹੈ।

ਇਤਿਹਾਸ ਤੋਂ ਇਹ ਵੀ ਪਰਤੱਖ ਹੈ ਕਿ ਤਕਨਾਲੋਜੀਆਂ ਨਿਰੀਆਂ ਤਕਨਾਲੋਜੀਆਂ ਨਹੀਂ ਹੁੰਦੀਆਂ। ਭਾਵ ਇਹ ਮਹਿਜ਼ ਜੁਗਤਾਂ, ਵਿਧੀਆਂ, ਕਾਰਵਾਈਆਂ, ਮਸ਼ੀਨਾਂ, ਜੰਤਰਾਂ, ਉਪਕਰਣਾਂ, ਕੰਪਿਊਟਰਾਂ, ਮੋਬਾਈਲ ਫੋਨਾਂ, ਇੰਟਰਨੈੱਟ ਦਾ ਸਰਲ ਸਮੂਹ ਹੀ ਨਹੀਂ ਹੁੰਦੀਆਂ। ਇਹ ਸਿਰਫ ਮਨੁੱਖੀ ਲੋੜਾਂ ਪੂਰੀਆਂ ਕਰਨ ਵਾਲੇ ਸਾਧਨ ਹੀ ਨਹੀਂ ਰਹਿੰਦੀਆਂ, ਸਗੋਂ ਇਹ ਸਾਡੇ ਆਲੇ-ਦੁਆਲੇ ਦਾ ਵਾਤਾਵਰਣ ਵੀ ਸਿਰਜਦੀਆਂ ਹਨ। ਮਨੁੱਖ ਜਿਹੜੇ ਢੰਗ ਨਾਲ ਕੰਮ ਕਰਦਾ, ਸੰਚਾਰ ਕਰਦਾ, ਸਿਖਦਾ ਅਤੇ ਜੀਵਨ ਬਤੀਤ ਕਰਦਾ ਹੈ, ਉਸ ਉਤੇ ਤਕਨਾਲੋਜੀਆਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਖੇਤੀਬਾੜੀ ਦੇ ਸੰਦਾਂ ਨੇ ਖੇਤੀ-ਪ੍ਰਧਾਨ ਸਮਾਜ ਬਣਾਇਆ, ਛਾਪੇਖਾਨੇ ਨੇ ਗਿਆਨ ਦਾ ਨਵਾਂ ਵਾਤਾਵਰਣ ਰਚਿਆ ਅਤੇ ਬਿਜਲੀ ਨੇ ਉਦਯੋਗਿਕ ਯੁੱਗ ਨੂੰ ਜਨਮ ਦਿੱਤਾ। ਇੰਟਰਨੈੱਟ ਨੇ ਡਿਜੀਟਲ ਵਾਤਾਵਰਣ ਬਣਾਇਆ ਜਿਸ ਵਿਚ ਜਾਣਕਾਰੀ ਅਤੇ ਸੰਚਾਰ ਦੇ ਨਵੇਂ ਰੂਪ ਵਿਕਸਿਤ ਹੋਏ। ਇਸ ਲਈ ਤਕਨਾਲੋਜੀਆਂ ਸਿਰਫ ਵਾਤਾਵਰਣ ਦਾ ਹਿੱਸਾ ਹੀ ਨਹੀਂ ਹੁੰਦੀਆਂ, ਬਲਕਿ ਵਾਤਾਵਰਣ ਦੀਆਂ ਨਿਰਮਾਤਾਵਾਂ ਵੀ ਹੁੰਦੀਆਂ ਹਨ।

***ਅੱਜ-ਕੱਲ੍ਹ ਤਕਨਾਲੋਜੀ ਦੀ ਥਾਂ 'ਤਕਨਾਲੋਜੀਆਂ' ਸ਼ਬਦ ਇਸ ਲਈ ਵਰਤਿਆ ਜਾਣ ਲੱਗਾ ਹੈ ਕਿਉਂਕਿ ਇਨ੍ਹਾਂ ਦੀ ਗਿਣਤੀ ਦਾ ਕੋਈ ਸ਼ੁਮਾਰ ਨਹੀਂ ਰਿਹਾ ਅਤੇ ਇਹ ਗਿਣਤੀ ਸਮੇਂ ਨਾਲ ਵਧ ਰਹੀ ਹੈ। ਹਰ ਨਵੀਂ ਤਕਨਾਲੋਜੀ ਦਾ ਆਧਾਰ ਉਸ ਤੋਂ ਪਹਿਲੀਆਂ ਤਕਨਾਲੋਜੀਆਂ ਹੁੰਦਾ ਹੈ ਜਿਸ ਕਰਕੇ ਨਵੀਂ, ਪਹਿਲੀਆਂ ਤੋਂ ਵੱਧ ਪ੍ਰਭਾਵ-ਕਾਰੀ ਅਤੇ ਸਮੇਂ ਦੀ ਲੋੜ ਅਨੁਸਾਰ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਵੱਧ ਕ੍ਰਾਂਤੀਕਾਰੀ, ਬਹੁ-ਪੱਖੀ ਅਤੇ ਜੁਗ-ਪਲਟਾਊ ਹੁੰਦੀਆਂ ਹਨ ਜੋ ਮਨੁੱਖੀ ਇਤਿਹਾਸ ਦਾ ਹੀ ਰੁਖ਼ ਬਦਲ ਦਿੰਦੀਆਂ ਹਨ। ਇਸ ਲਈ ਸਿਆਣਪ ਇਸ ਗੱਲ ਵਿਚ ਹੀ ਹੈ ਕਿ ਹੋਰ ਸੁਚੱਜੀਆਂ ਜੀਵਨ-ਜਾਚਾਂ ਦੇ ਨਾਲ-ਨਾਲ, ਤਕਨਾਲੋਜੀਆਂ ਦੇ ਮੰਦੇ ਪ੍ਰਭਾਵਾਂ ਨੂੰ ਦਰ-ਕਿਨਾਰ ਰੱਖਣ ਅਤੇ ਇਨ੍ਹਾਂ ਦੀ ਸਦ-ਵਰਤੋਂ ਕਰਨ ਦੇ ਢੰਗ-ਤਰੀਕੇ ਸਿਖਦੇ ਰਹੀਏ। ਇਹ ਤਾਂ ਹੀ ਸੰਭਵ ਹੈ ਜੇ ਆਪਾਂ ਇਨ੍ਹਾਂ ਦੇ ਵਿਹਾਰਕ ਪੱਖਾਂ ਦੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਦੇ ਰਹਾਂਗੇ ਅਤੇ ਆਪਣੇ-ਆਪ ਨੂੰ ਇਨ੍ਹਾਂ ਦਾ ਹਾਣੀ ਬਣਾਈ ਰਖਾਂਗੇ।***



ਇਹ ਮਨੁੱਖ ਦੇ ਸੋਚਣ ਦੇ ਢੰਗ, ਸਮਾਜਕ ਸੰਬੰਧਾਂ, ਨੈਤਿਕਤਾ, ਪ੍ਰਬੰਧ-ਪ੍ਰਣਾਲੀਆਂ, ਅਰਥ-ਵਿਵਸਥਾ, ਰਾਜਨੀਤੀ, ਆਰਥਿਕਤਾ, ਜੀਓ-ਪੌਲਿਟਿਕਸ ਅਤੇ ਜੰਗਾਂ-ਯੁਧਾਂ ਦੇ ਢੰਗਾਂ ਆਦਿ ਨੂੰ ਵੀ ਬਦਲ ਦਿੰਦੀਆਂ ਹਨ। ਬਹੁਤਾ ਕਰ ਕੇ ਇਹ ਇਨ੍ਹਾਂ ਦਾ ਨਕਾਰਾਤਮਕ ਰੂਪਾਂਤਰਣ ਕਰਦੀਆਂ ਹਨ। ਇਹ ਉਨ੍ਹਾਂ ਸਿਸਟਮਾਂ ਨੂੰ ਹੀ ਬਦਲ ਦਿੰਦੀਆਂ ਹਨ ਜਿਨ੍ਹਾਂ ਰਾਹੀਂ ਸਰਕਾਰਾਂ ਆਦਿ ਇਨ੍ਹਾਂ ਨੂੰ ਨਿਯੰਤਰਿਤ ਅਤੇ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਤ੍ਰਾਸਦੀ ਇਹ ਹੈ ਕਿ ਤਕਨਾਲੋਜੀਆਂ ਆਪਣੀ ਦਿਸ਼ਾ ਆਪ ਨਹੀਂ ਚੁਣਦੀਆਂ। ਇਨ੍ਹਾਂ ਦੀ ਦਿਸ਼ਾ ਉਹ ਇਜਾਰੇਦਾਰੀਆਂ ਅਤੇ ਸੰਸਥਾਵਾਂ ਚੁਣਦੀਆਂ ਹਨ ਜੋ ਇਨ੍ਹਾਂ ਦੇ ਡਿਜ਼ਾਇਨਾਂ, ਮਾਲਕੀਅਤਾਂ, ਨਿਯੰਤਰਣ ਅਤੇ ਵਰਤੋਂ ਉੱਤੇ ਕਾਬਜ (ਇਜਾਰੇਦਾਰ) ਹੁੰਦੀਆਂ ਹਨ। ਇਹ ਇੱਕ ਮਨੋਵਿਗਿਆਨਕ ਤੱਥ ਹੈ ਕਿ ਜਦੋਂ ਕੋਈ ਨਵਾਂ ਅਤੇ ਪ੍ਰਭਾਵਸ਼ਾਲੀ ਸਾਧਨ ਮਨੁੱਖ ਦੇ ਹੱਥ ਆ ਜਾਂਦਾ ਹੈ ਤਾਂ ਉਹ ਸੰਸਾਰ ਨੂੰ ਉਸੇ ਨਜ਼ਰ ਨਾਲ ਦੇਖਣ ਲੱਗ ਪੈਂਦਾ ਹੈ। ਪ੍ਰਸਿੱਧ ਮਨੋਵਿਗਿਆਨੀ ਅਬਰਾਹਮ ਮੈਸਲੋਅ ਦੇ 'ਹਥੌੜੇ ਅਤੇ ਮੇਖ' (Maslow's Hammer) ਦੇ ਸਿਧਾਂਤ ਦਾ ਭਾਵ ਵੀ ਇਹੀ ਹੈ ਕਿ 'ਜਿਸ ਦੇ ਹੱਥ ਵਿਚ ਹਥੌੜਾ ਹੋਵੇ, ਉਸ ਨੂੰ ਹਰ ਚੀਜ਼ ਮੇਖ ਲਗਦੀ ਹੈ।'

ਜਦਕਿ ਆਮ ਧਾਰਨਾ ਇਹ ਪ੍ਰਚਾਰੀ ਜਾ ਰਹੀ ਹੈ ਕਿ ਤਕਨਾਲੋਜੀਆਂ ਉਦਾਸੀਨ (Neutral) ਅਤੇ ਨਿਰਪੱਖ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਕੋਈ ਆਪਣਾ ਸਮਾਜਿਕ ਜਾਂ ਨੈਤਿਕ ਸੁਭਾਅ ਨਹੀਂ ਹੁੰਦਾ। ਪਰ ਬਹੁਤੇ ਚਿੰਤਕ ਅਤੇ ਆਲੋਚਕਾਂ ਦਾ ਮੰਨਣਾ ਹੈ ਕਿ ਇਹ ਬਿਰਤਾਂਤ ਇਸ ਲਈ ਉਭਾਰਿਆ ਜਾਂਦਾ ਹੈ ਤਾਂ ਜੋ ਤਕਨਾਲੋਜੀਆਂ ਦੇ ਡਿਜ਼ਾਈਨਰਾਂ, ਮਾਲਕਾਂ ਅਤੇ ਸੰਚਾਲਕਾਂ ਦੀ ਜਵਾਬਦੇਹੀ ਨੂੰ ਘਟਾ ਕੇ ਮੰਦੇ ਪ੍ਰਭਾਵਾਂ ਦਾ ਦੋਸ਼ ਵਰਤੋਂਕਾਰਾਂ ਦੇ ਸਿਰ ਮੜ੍ਹਿਆ ਜਾ ਸਕੇ। ਉਦਾਹਰਣ ਵਜੋਂ, ਸੋਸ਼ਲ ਮੀਡੀਆ ਪਲੇਟਫਾਰਮ ਆਪਣੇ ਐਲਗੋਰਿਦਮਾਂ ਰਾਹੀਂ ਧਿਆਨ ਖਿੱਚਣ ਵਾਲੀ, ਸਨਸਨੀਖੇਜ਼ ਅਤੇ ਆਮ ਕਰ ਕੇ ਹਾਨੀਕਾਰਕ ਸਮੱਗਰੀ ਨੂੰ ਉਤਸ਼ਾਹਿਤ ਕਰਦੇ ਹਨ, ਪਰ ਇਸ ਤੋਂ ਪੈਦਾ ਹੋਣ ਵਾਲੇ ਨੁਕਸਾਨਾਂ ਲਈ ਵਰਤੋਂ-ਕਾਰਾਂ ਨੂੰ ਹੀ ਸੰਜਮ ਅਤੇ ਸਹੀ ਵਰਤੋਂ ਕਰਨ ਦੀਆਂ ਨਸੀਹਤਾਂ ਦਿੰਦੇ ਹਨ। ਏ.ਆਈ. ਅਤੇ ਹੋਰ ਡਿਜੀਟਲ ਤਕਨਾਲੋਜੀਆਂ ਦੇ ਵਪਾਰਕ ਸ਼ੋਸ਼ਣ ਦਾ ਮੁੱਖ ਢੰਗ, ਮਨੁੱਖ ਦੀਆਂ ਨੀਵੀਆਂ ਪ੍ਰਵਿਰਤੀਆਂ, ਲਾਲਸਾਵਾਂ, ਡਰਾਂ, ਜਿਗਿਆਸਾਵਾਂ ਆਦਿ ਨੂੰ ਉਤੇਜਿਤ ਕਰਨਾ ਅਤੇ ਫਿਰ ਉਨ੍ਹਾਂ ਦੀ ਪੂਰਤੀ ਲਈ ਹਾਨੀਕਾਰਕ ਉਤਪਾਦਾਂ, ਸੇਵਾਵਾਂ ਜਾਂ ਸਮੱਗਰੀ ਦੀ ਵਿਕਰੀ ਕਰਨਾ ਹੈ।

### ਮਾਣਯੋਗ ਪੋਪ ਦਾ ਧਾਰਮਿਕ ਫੁਰਮਾਨ:

ਏ.ਆਈ ਵਲੋਂ ਸਹੇੜੀਆਂ ਨਵੀਆਂ ਅਤੇ ਪ੍ਰਚੰਡ ਕੀਤੀਆਂ ਜਾ ਰਹੀਆਂ ਪੁਰਾਣੀਆਂ ਸਮੱਸਿਆਵਾਂ ਇੰਨੀਆਂ ਵਿਆਪਕ ਅਤੇ ਗੰਭੀਰ ਬਣ ਚੁੱਕੀਆਂ ਹਨ ਕਿ ਅੱਜ ਸਾਰੀਆਂ ਤਕਨਾਲੋਜੀਆਂ ਹੀ ਤਿਰਸਕਾਰ ਦਾ ਪਾਤਰ ਬਣ ਰਹੀਆਂ ਹਨ। ਇਹ ਸਭ ਗੱਲਾਂ ਅੱਜ ਯੂ.ਐਨ.ਓ ਅਤੇ ਵੈਟੀਕਨ ਸਿਟੀ ਸਣੇ, ਸਾਰੇ ਸੰਸਾਰ ਲਈ ਗੰਭੀਰ ਚਿੰਤਾਵਾਂ ਦਾ ਕਾਰਨ ਬਣੀਆਂ ਹੋਈਆਂ ਹਨ। ਇਨ੍ਹਾਂ ਬਾਰੇ ਯੂ.ਐਨ.ਓ ਦੇ ਸਕੱਤਰ-ਜਨਰਲ ਮਾਣਯੋਗ ਐਂਟੋਨੀਓ ਗੁਟੇਰਸ ਦੀਆਂ ਚਿੰਤਾਵਾਂ ਅਤੇ ਸਖਤ ਚਿਤਾਵਨੀਆਂ ਜੱਗ-ਜ਼ਾਹਰ ਹਨ। ਮੌਜੂਦਾ ਮਾਣਯੋਗ ਪੋਪ ਲੀਓ 14ਵੇਂ ਨੇ ਆਪਣੇ ਪਹਿਲੇ 'ਧਾਰਮਿਕ ਫੁਰਮਾਨ' (ਐਨਸਾਈਕਲਿਕਲ - 25 ਮਈ, 2026) 'ਚ, ਤਕਨਾਲੋਜੀਆਂ ਦੇ ਇਸ ਪੱਖ ਬਾਰੇ ਆਪਣੇ ਵਿਚਾਰ ਸਪਸ਼ਟਤਾ ਅਤੇ ਬੇ-ਬਾਕੀ ਨਾਲ ਫੁਰਮਾਏ ਹਨ: 'ਇਹ ਸਪਸ਼ਟ ਕਰਦਾ ਹੈ ਕਿ ਤਕਨਾਲੋਜੀ ਮਹਿਜ਼ ਇੱਕ ਜੰਤਰ ਨਹੀਂ ਅਤੇ ਇਸ ਨੂੰ ਅਸੀਂ ਨੈਤਿਕ ਪੱਖੋਂ ਨਿਰਪੱਖ ਨਹੀਂ ਸਮਝ ਸਕਦੇ। (ਪੈਰੇ 92 ਅਤੇ 104)। ਉਨ੍ਹਾਂ ਨੇ ਆਪਣੇ ਫੁਰਮਾਨ 'ਚ ਆਪਣੇ ਬਿਆਨ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਹੈ ਜੋ ਅੱਜ-ਕੱਲ੍ਹ ਸੰਸਾਰ ਭਰ 'ਚ ਹਰ ਆਮ-ਖਾਸ ਲਈ ਸੰਜੀਦਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਏ.ਆਈ. ਦੇ ਸੁਹਿਰਦ 'ਐਥੀਸਿਸਟਸ' ਦੇ ਨਾਲ-ਨਾਲ ਇਸ ਦੇ ਕਈ ਵਿਸ਼ੇਸ਼ਗ ਅਤੇ ਹੋਰ ਖੇਤਰਾਂ ਦੇ ਬੁੱਧੀ-ਜੀਵੀ ਮਾਹਿਰ ਇਸ ਵੰਗਾਰ ਨੂੰ ਲੋਕ-ਲਹਿਰ ਬਣਾਉਣ 'ਚ ਸਫਲ ਹੋਏ ਹਨ। ਕਿਉਂਕਿ ਵੱਡੀਆਂ ਸਮੱਸਿਆਵਾਂ ਦਾ ਨਾ ਇੱਕ ਕਾਰਨ ਹੁੰਦਾ ਹੈ ਅਤੇ ਨਾ ਹੀ ਇੱਕ ਹੱਲ, ਇਸ ਲਈ ਹਰ ਇੱਕ ਆਪੋ-ਆਪਣੇ ਢੰਗਾਂ ਨਾਲ ਅਤੇ ਆਪੋ-ਆਪਣੀ ਮੁਹਾਰਤ ਅਨੁਸਾਰ, ਇਸ ਕਾਰਜ 'ਚ ਯੋਗਦਾਨ ਪਾ ਰਹੇ ਹਨ। ਮਾਣਯੋਗ ਪੋਪ ਨੇ ਢੁਕਵੇਂ ਸਮੇਂ ਆਪਣਾ ਫੁਰਮਾਨ ਜਾਰੀ ਕਰ ਕੇ ਜਿੱਥੇ ਇਨ੍ਹਾਂ ਸ਼ਖਸੀਅਤਾਂ ਦਾ ਹੌਸਲਾ ਵਧਾਇਆ ਹੈ, ਓਥੇ ਨਾਲ ਹੀ ਸਮੁੱਚੇ ਸੰਸਾਰ ਨੂੰ ਇਸ ਮੁੱਦੇ ਪ੍ਰਤੀ ਸੁਚੇਤ ਕੀਤਾ ਹੈ। ਵਿਸ਼ਵ-ਵਿਆਪੀ ਇਨ੍ਹਾਂ ਸਾਂਝੀਆਂ ਸਮੱਸਿਆਵਾਂ ਲਈ ਵਿਸ਼ਵ ਪੱਧਰ ਤੋਂ ਲੈ ਕੇ ਵਿਅਕਤੀਗਤ ਪੱਧਰ ਤੱਕ ਉਪਰਾਲਿਆਂ ਦੀ ਲੋੜ ਹੈ।

ਮਾਣਯੋਗ ਪੋਪ ਨੇ ਤਕਨਾਲੋਜੀ-ਪ੍ਰਧਾਨ ਦ੍ਰਿਸ਼ਟੀਕੋਣ (Technocratic Paradigm) ਦੀ ਮਾਨਸਿਕਤਾ ਤੋਂ ਬਚਣ ਦੀ ਨਸੀਹਤ ਵੀ ਕੀਤੀ ਹੈ। ਇਹ ਸਿਰਫ ਦਸ ਕੁ ਸਾਲ ਪਹਿਲਾਂ ਪ੍ਰਚੱਲਤ ਹੋਇਆ ਸੰਕਲਪ/ਵਿਚਾਰਧਾਰਾ ਹੈ ਅਤੇ ਇਸ ਨੂੰ ਫੈਲਾਉਣ ਵਾਲ਼ੇ, ਮੌਜੂਦਾ ਮਾਣਯੋਗ ਪੋਪ ਦੇ ਪੂਰਵਜ ਮਾਣਯੋਗ ਪੋਪ ਫਰਾਂਸਿਸ (2013-2025) ਸਨ। ਇਸ ਦਾ ਭਾਵ ਇਹ ਹੈ ਕਿ ਅੱਜ ਅਸੀਂ ਹਰ ਗੱਲ, ਤਰੱਕੀ ਅਤੇ ਵਾਧੇ ਨੂੰ ਤਕਨਾਲੋਜੀਆਂ ਦੀ ਤੱਕੜੀ 'ਚ ਤੋਲਦੇ ਹਾਂ। ਕੋਈ ਕਿੰਨੀ ਵੱਧ ਦੁਨਿਆਵੀ ਤਰੱਕੀ ਕਰਦਾ ਹੈ, ਸੰਸਾਰ ਪਦਾਰਥਕ ਪੱਖੋਂ ਕਿੰਨਾ ਵਧ-ਫੁੱਲ ਰਿਹਾ ਹੈ। ਇਹ ਉਹ ਮਨੋ-ਬਿਰਤੀ ਹੈ ਜਿਸ ਵਿਚ ਤਕਨਾਲੋਜੀ ਨੂੰ ਕੇਵਲ ਇੱਕ ਸਾਧਨ ਨਹੀਂ, ਸਗੋਂ ਮਨੁੱਖੀ ਤਰੱਕੀ ਦਾ ਸਭ ਤੋਂ ਵੱਡਾ ਮਾਪਦੰਡ ਮੰਨ ਲਿਆ ਗਿਆ ਹੈ। ਇਸ ਕਾਰਨ ਇਹ ਧਾਰਨਾ ਬਣ ਜਾਂਦੀ ਹੈ ਕਿ ਜੋ ਕੁਝ ਤਕਨੀਕੀ ਤੌਰ 'ਤੇ ਸੰਭਵ ਹੈ, ਉਹ ਹੀ ਸਮਾਜ ਲਈ ਜ਼ਰੂਰੀ, ਲਾਭਦਾਇਕ ਅਤੇ ਜਾਇਜ਼ ਹੈ।

### ਜਨ-ਸਧਾਰਨ ਦੀ ਵਿਅਕਤੀਗਤ ਜ਼ਿੰਮੇਵਾਰੀ

ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਕਿ ਤਕਨਾਲੋਜੀਆਂ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਰਚਨਾਵਾਂ ਵਿਚੋਂ ਹਨ। ਪਰ ਇਨ੍ਹਾਂ ਦੀ ਅਸਲ ਕੀਮਤ ਇਸ ਗੱਲ ਨਾਲ ਤੈਅ ਨਹੀਂ ਹੋਵੇਗੀ ਕਿ ਇਹ ਕਿੰਨੀਆਂ ਸ਼ਕਤੀਸ਼ਾਲੀ ਹਨ, ਸਗੋਂ ਇਸ ਨਾਲ ਹੋਵੇਗੀ ਕਿ ਇਹ ਮਨੁੱਖੀ ਮਰਯਾਦਾ, ਨਿਆਂ, ਆਜ਼ਾਦੀ ਅਤੇ ਸਰਬੱਤ ਦੀ ਭਲਾਈ ਲਈ ਕਿੰਨਾ ਯੋਗਦਾਨ ਪਾਉਂਦੀਆਂ ਹਨ। ਜੇ ਤਕਨਾਲੋਜੀਆਂ ਮਨੁੱਖੀ ਮੁੱਲਾਂ ਦੇ ਅਧੀਨ ਰਹਿਣਗੀਆਂ ਤਾਂ ਇਹ ਤਰੱਕੀ ਦਾ ਸਾਧਨ ਬਣਨਗੀਆਂ; ਪਰ ਜੇ ਮਨੁੱਖ ਹੀ ਇਨ੍ਹਾਂ ਦੇ ਅਧੀਨ ਹੋ ਗਿਆ ਤਾਂ ਇਹ ਤਰੱਕੀ ਪਹਿਲੀਆਂ ਸਮੱਸਿਆਵਾਂ ਨੂੰ ਹੋਰ ਤੀਬਰ ਅਤੇ ਨਵੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

ਇਸ ਲਈ ਪਿਛਲੇ ਇੱਕ ਦਹਾਕੇ ਤੋਂ ਹਰ ਪਾਸੇ ਚਰਚਾ ਦਾ ਮੁੱਖ ਵਿਸ਼ਾ ਇਹੀ ਹੈ ਕਿ ਤਕਨਾਲੋਜੀਆਂ ਤੋਂ ਲਾਭ ਉਠਾਉਂਦੇ ਹੋਏ ਇਨ੍ਹਾਂ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਕਿਵੇਂ ਬਚਿਆ ਜਾਵੇ। ਆਪਾਂ ਜਨ-ਸਧਾਰਨ ਇਨ੍ਹਾਂ ਕਾਰਵਾਈਆਂ ਦੇ ਅਸਰਾਂ ਤੋਂ ਬਚਣ ਤੋਂ ਅਸਮਰੱਥ ਹਾਂ, ਮੂਕ ਅਤੇ ਮਜਬੂਰ ਦਰਸ਼ਕ ਬਣ ਕੇ ਰਹਿ ਗਏ ਹਾਂ। ਇਹ ਵਰਤਾਰਾ ਇਕੱਲਾ ਤਕਨਾਲੋਜੀਆਂ ਦੇ ਖੇਤਰ 'ਚ ਹੀ ਨਹੀਂ ਬਲਕਿ ਹੋਰ ਖੇਤਰਾਂ ਜਿਵੇਂ ਕਿ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਆਦਿ 'ਚ ਵੀ ਵਰਤ ਰਿਹਾ ਹੈ। ਇੰਗਲਿਸ਼ 'ਚ ਇਸ ਨੂੰ 'Externalities' ਕਿਹਾ ਜਾਂਦਾ ਹੈ ਅਤੇ ਸਿੱਧੀ ਪੰਜਾਬੀ 'ਚ ਇਹ 'ਕਰੇ ਕੋਈ ਤੇ ਭਰੇ ਕੋਈ' ਵਾਲੀ ਜ਼ਿਆਦਤੀ ਹੈ। ਇਹ ਅੱਜ ਦੇ ਸੰਸਾਰ ਦੀ ਵਿਆਪਕ ਸਮੱਸਿਆ ਹੈ ਅਤੇ ਅਰਥ-ਵਿਵਸਥਾ ਦਾ ਬਹੁਤ ਵੱਡਾ ਮੁੱਦਾ ਬਣ ਕੇ ਉੱਭਰ ਰਹੀ ਹੈ। ਪੰਜਾਬ ਦੇ ਲੁਧਿਆਣਾ ਸ਼ਹਿਰ ਦਾ ਬੁੱਢਾ ਨਾਲਾ ਅਤੇ ਪ੍ਰਾਈਵੇਟ ਫੈਕਟਰੀਆਂ ਵਲੋਂ ਆਪਣਾ ਗੰਦਾ ਪਾਣੀ ਨਦੀ-ਨਾਲਿਆਂ 'ਚ ਛੱਡਿਆ ਜਾਣਾ, ਇਸ ਵਰਤਾਰੇ ਦੀਆਂ ਉਦਾਹਰਣਾਂ ਹਨ।

ਇਨ੍ਹਾਂ ਹਾਲਾਤਾਂ 'ਚ ਸਿਆਣਪ ਇਸ ਗੱਲ 'ਚ ਹੀ ਹੈ ਕਿ ਹੋਰ ਸੁਚੱਜੀਆਂ ਜੀਵਨ-ਜਾਚਾਂ ਦੇ ਨਾਲ-ਨਾਲ, ਤਕਨਾਲੋਜੀਆਂ ਦੇ ਮੰਦੇ ਪ੍ਰਭਾਵਾਂ ਨੂੰ ਦਰ-ਕਿਨਾਰ ਰੱਖਣ ਅਤੇ ਇਨ੍ਹਾਂ ਦੀ ਸਦ-ਵਰਤੋਂ ਕਰਨ ਦੇ ਢੰਗ-ਤਰੀਕੇ ਸਿਖਦੇ ਰਹੀਏ। ਇਹ ਤਾਂ ਹੀ ਸੰਭਵ ਹੈ ਜੇ ਆਪਾਂ ਇਨ੍ਹਾਂ ਦੇ ਵਿਹਾਰਕ ਪੱਖਾਂ ਦੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਦੇ ਰਹਾਂਗੇ ਅਤੇ ਆਪਣੇ-ਆਪ ਨੂੰ ਇਨ੍ਹਾਂ ਦਾ ਹਾਣੀ ਬਣਾਈ ਰਖਾਂਗੇ। ਭਾਵ ਇਹ ਨਹੀਂ ਕਿ ਅਸੀਂ ਇਨ੍ਹਾਂ ਦੀ ਇੰਜਨੀਅਰੀ ਸਿੱਖਣੀ ਹੈ; ਇਹ ਨਾ ਹੀ ਸੰਭਵ ਹੈ ਅਤੇ ਨਾ ਹੀ ਜ਼ਰੂਰੀ ਹੈ। ਪਰ ਇਨ੍ਹਾਂ ਦੇ ਮੁਢਲੇ ਨਿਯਮਾਂ, ਨਿੱਤ-ਨਵੇਂ ਵਿਕਸਿਤ ਹੋ ਰਹੇ ਰੂਪਾਂ, ਚੰਗੇ-ਮੰਦੇ ਪ੍ਰਭਾਵਾਂ ਅਤੇ ਸਦ-ਵਰਤੋਂ ਦੇ ਢੰਗਾਂ-ਤਰੀਕਿਆਂ ਬਾਰੇ ਲਗਾਤਾਰ ਜਾਗਰੂਕ ਰਹੀਏ। ਇਹ ਤਦ ਹੀ ਸੰਭਵ ਹੈ ਜੇ ਅਸੀਂ ਨਾਲ-ਨਾਲ ਸਵੈ-ਵਿਕਾਸ ਅਤੇ ਆਪਾ-ਪਛਾਣ ਦੇ ਰਾਹ 'ਤੇ ਚਲਾਂਗੇ। ਇਸ ਰਾਹ ਦਾ ਪਤਾ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਤੋਂ ਮਿਲੇਗਾ; ਜੌਨਾਥਨ ਹਾਈਟ ਦੀ 'Finding Modern Truth in Ancient Wisdom' ਦੀ ਵਿਚਾਰਧਾਰਾ ਨੂੰ ਅਪਨਾ ਕੇ ਮਿਲੇਗਾ।

# ਮਰਦਮਸ਼ੁਮਾਰੀ ਕਮੇਟੀ ਅਤੇ ਹਿੰਦੂਤਵੀ ਪ੍ਰੋਜੈਕਟ

ਕੇਂਦਰ ਸਰਕਾਰ ਨੇ ਇੱਕ ਉੱਚ ਪੱਧਰੀ ਕਮੇਟੀ (ਐੱਚ.ਐੱਲ.ਸੀ.) ਬਣਾਉਣ ਦਾ ਐਲਾਨ ਕੀਤਾ ਹੈ। ਇਸ ਦਾ ਮਕਸਦ ਅਖੌਤੀ ਤੌਰ 'ਤੇ ਨਾਜਾਇਜ਼ ਪ੍ਰਵਾਸ ਅਤੇ ਗ਼ੈਰ-ਮਾਮੂਲੀ ਰਿਹਾਇਸ਼ਗਾਹਾਂ ਢੰਗ ਤਰੀਕਿਆਂ ਆਦਿ ਨਾਲ ਹੋਣ ਵਾਲੇ ਆਬਾਦੀ ਦੇ 'ਅਸੁਭਾਵਿਕ' ਬਦਲਾਵਾਂ ਦੀ ਪੜਤਾਲ ਕਰਨਾ ਹੈ। ਪ੍ਰੈਸ ਸੂਚਨਾ ਬਿਊਰੋ ਦੇ ਇਸ਼ਤਿਹਾਰ 'ਚ ਕਿਹਾ ਗਿਆ ਹੈ ਕਿ 'ਇਹ ਕਮੇਟੀ ਧਾਰਮਿਕ ਅਤੇ ਸਮਾਜਿਕ ਤਬਕਿਆਂ ਦੇ ਪੱਧਰ 'ਤੇ ਆਬਾਦੀ 'ਚ ਹੋਣ ਵਾਲੇ ਅਸਾਧਾਰਨ ਬਦਲਾਵਾਂ ਦੇ ਪੈਟਰਨ ਦਾ ਵਿਸ਼ਲੇਸ਼ਣ ਕਰੇਗੀ ਅਤੇ ਇਸ ਮੁੱਦੇ ਨਾਲ ਨਜਿੱਠਣ ਲਈ ਯੋਜਨਾਬੱਧ ਢੰਗ ਨਾਲ ਅਤੇ ਤੈਅ ਸਮੇਂ ਦੇ ਅੰਦਰ ਲਾਗੂ ਹੋਣ ਵਾਲੇ ਹੱਲ ਪੇਸ਼ ਕਰੇਗੀ।'

ਜਸਟਿਸ ਪ੍ਰਕਾਸ਼ ਪ੍ਰਭਾਕਰ ਨਵਲੇਕਰ (ਸੇਵਾਮੁਕਤ) ਦੀ ਪ੍ਰਧਾਨਗੀ ਵਾਲੀ ਪੰਜ ਮੈਂਬਰੀ

ਮੁਰਲੀਧਰਨ

ਕਮੇਟੀ ਨੂੰ ਇੱਕ ਸਾਲ ਦੇ ਅੰਦਰ-ਅੰਦਰ ਆਪਣੀ ਰਿਪੋਰਟ ਸੌਂਪਣ ਦਾ ਕੰਮ ਦਿੱਤਾ ਗਿਆ ਹੈ। ਇਹ ਗੱਲ ਦਿਲਚਸਪ ਲੱਗ ਸਕਦੀ ਹੈ ਕਿ ਮੋਦੀ ਸਰਕਾਰ ਨੇ ਮਰਦਮਸ਼ੁਮਾਰੀ ਦੀ ਪ੍ਰਕਿਰਿਆ, ਜਿਸ ਨਾਲ ਆਬਾਦੀ ਨਾਲ ਜੁੜੇ ਅੰਕੜੇ ਸਾਹਮਣੇ ਆਉਂਦੇ, ਦੇ ਪੂਰੀ ਹੋਣ ਦਾ ਇੰਤਜ਼ਾਰ ਕਰਨ ਦੀ ਬਜਾਏ, ਜਲਦਬਾਜ਼ੀ 'ਚ ਇਸ ਕਮੇਟੀ ਦਾ ਗਠਨ ਕਰ ਦਿੱਤਾ ਹੈ। ਸਾਲਾਂ ਤੋਂ, ਆਰ.ਐੱਸ.ਐੱਸ.-ਭਾਜਪਾ ਇਹ ਦਰਸਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਭਾਰਤ, ਅੰਦਰੂਨੀ ਆਬਾਦੀ ਦੇ ਖ਼ਤਰੇ ਨਾਲ ਜੂਝ ਰਿਹਾ ਹੈ। 2014 'ਚ ਕੇਂਦਰ 'ਚ ਸੱਤਾ 'ਚ ਆਉਣ ਦੇ ਬਾਅਦ ਤੋਂ ਹੀ ਇਹ ਗੱਲ ਹੋਰ ਵੀ ਜ਼ਿਆਦਾ ਜ਼ੋਰ-ਸ਼ੋਰ ਨਾਲ ਕਹੀ ਜਾਣ ਲੱਗੀ ਹੈ। 'ਸਿਓਂਕ' ਤੋਂ ਲੈ ਕੇ 'ਘੁਸਪੈਠੀਏ' ਤੱਕ, ਸ਼ਬਦ ਭਾਵੇਂ ਵੱਖ-ਵੱਖ ਹੋਣ, ਪਰ ਨਿਸ਼ਾਨਾ ਇੱਕ ਹੀ ਹੈ-ਮੁੱਖ ਤੌਰ 'ਤੇ ਮੁਸਲਮਾਨ - ਜਿਨ੍ਹਾਂ 'ਤੇ ਦੇਸ਼ ਦੇ 'ਆਬਾਦੀ ਸੰਤੁਲਨ' ਨੂੰ ਵਿਗਾੜ ਕੇ ਅਸਥਿਰਤਾ ਪੈਦਾ ਕਰਨ ਦਾ ਦੋਸ਼ ਲਾਇਆ ਜਾਂਦਾ ਹੈ।

ਨਵੀਂ ਕਮੇਟੀ ਇਸਨੂੰ ਸੰਸਥਾਗਤ ਰੂਪ ਦੇਵੇਗੀ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਕਮੇਟੀ ਦੇ ਕਿਸੇ ਵੀ ਮੈਂਬਰ ਦਾ ਮਰਦਮਸ਼ੁਮਾਰੀ ਨਾਲ ਦੂਰ-ਦੂਰ ਦਾ ਵੀ ਸੰਬੰਧ ਨਹੀਂ ਹੈ। ਅਸਲ ਵਿਚ ਕਮੇਟੀ ਦੇ ਚੇਅਰਮੈਨ ਪ੍ਰਕਾਸ਼ ਪ੍ਰਭਾਕਰ ਨਵਲੇਕਰ ਨੇ ਖੁੱਲ੍ਹ ਕੇ ਕਿਹਾ ਕਿ ਉਨ੍ਹਾਂ ਨੂੰ 'ਹੈਰਾਨੀ' ਹੋਈ ਹੈ ਕਿ ਉਨ੍ਹਾਂ ਨੂੰ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ, ਜਦੋਂ ਕਿ ਮਰਦਮਸ਼ੁਮਾਰੀ ਅਤੇ ਨਾਜਾਇਜ਼ ਪ੍ਰਵਾਸ ਉਨ੍ਹਾਂ ਲਈ ਬਿਲਕੁਲ ਹੀ ਨਵੇਂ ਵਿਸ਼ੇ ਹਨ।

ਆਰ.ਐੱਸ.ਐੱਸ. ਲਈ ਇਹ ਮੁੱਦਾ ਕਿੰਨਾ ਅਹਿਮ ਹੈ, ਇਹ ਗੱਲ 'ਆਰਗੇਨਾਈਜ਼ਰ' ਦੇ 14 ਜੂਨ ਦੇ ਅੰਕ ਤੋਂ ਇੱਕ ਵਾਰ ਫਿਰ ਸਾਫ਼ ਹੁੰਦੀ ਹੈ। ਇਸ ਅੰਕ 'ਚ ਇਸ ਵਿਸ਼ੇ ਲਈ 27 ਸਫ਼ੇ ਦਿੱਤੇ ਗਏ ਹਨ ਅਤੇ ਨਾਲ ਹੀ ਸੁਰੱਖਿਆ ਅਤੇ ਘੁਸਪੈਠ ਦੇ ਨਜ਼ਰੀਏ ਤੋਂ 'ਸਿਲੀਗੁੜੀ ਕਾਰੀਡੋਰ' 'ਤੇ ਵੀ ਚਾਰ ਸਫ਼ੇ ਦਿੱਤੇ ਗਏ ਹਨ।

ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨੇ ਇਸ ਗੱਲ ਦੀ ਸ਼ੁਰੂਆਤ 'ਚ ਕਿਹਾ ਸੀ, 'ਘੁਸਪੈਠ ਨੂੰ ਲੈ ਕੇ ਸਰਕਾਰ ਨੇ ਬਹੁਤ ਕੁਛ ਕਰਨਾ ਹੈ। ਘੁਸਪੈਠੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਵਾਪਸ ਭੇਜਣਾ ਹੋਵੇਗਾ। ਹੁਣ ਤੱਕ ਅਜਿਹਾ ਨਹੀਂ ਹੋ ਰਿਹਾ ਸੀ। ਪਰ ਹੌਲੀ-ਹੌਲੀ ਇਹ ਕੰਮ ਸ਼ੁਰੂ ਹੋ ਗਿਆ ਹੈ ਅਤੇ ਅੱਗੇ ਹੋਰ ਤੇਜ਼ ਹੋਵੇਗਾ। ਜਦੋਂ ਮਰਦਮਸ਼ੁਮਾਰੀ ਜਾਂ ਐੱਸ.ਆਈ.ਆਰ. ਹੁੰਦਾ ਹੈ ਤਾਂ ਅਜਿਹੇ ਕਈ ਲੋਕ ਸਾਹਮਣੇ ਆਉਂਦੇ ਹਨ, ਜੋ ਇਸ ਦੇਸ਼ ਦੇ ਨਾਗਰਿਕ ਨਹੀਂ ਹਨ, ਉਨ੍ਹਾਂ ਨੂੰ ਆਪਣੇ ਆਪ ਇਸ ਪ੍ਰਕਿਰਿਆ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਪਰ ਅਸੀਂ ਇੱਕ ਕੰਮ ਕਰ ਸਕਦੇ ਹਾਂ - ਅਸੀਂ ਉਨ੍ਹਾਂ ਦੀ ਪਛਾਣ ਕਰਨ ਦਾ ਕੰਮ ਕਰ ਸਕਦੇ ਹਾਂ। ਸਾਨੂੰ ਉਨ੍ਹਾਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਸੰਬੰਧਤ ਅਧਿਕਾਰੀਆਂ ਨੂੰ ਇਸ ਬਾਰੇ ਇਸ ਦੀ ਸੂਚਨਾ ਦੇਣੀ ਚਾਹੀਦੀ ਹੈ। ਸਾਨੂੰ ਪੁਲਿਸ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਲੋਕ ਵਿਦੇਸ਼ੀ ਹਨ'।

ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਮਈ 2026 'ਚ ਪੱਛਮ ਬੰਗਾਲ 'ਚ ਹਕੂਮਤ ਸੰਭਾਲਣ ਦੇ ਬਾਅਦ ਭਾਜਪਾ ਸਰਕਾਰ ਦੇ ਸ਼ੁਰੂਆਤੀ ਫ਼ੈਸਲਿਆਂ ਵਿਚੋਂ ਇੱਕ ਫ਼ੈਸਲਾ 9 ਜ਼ਿਲ੍ਹਿਆਂ ਵਿਚ 142.79 ਏਕੜ ਜ਼ਮੀਨ ਬਾਰਡਰ ਸਕਿਉਰਿਟੀ ਫੋਰਸ (ਬੀਐੱਸਐੱਫ) ਨੂੰ ਸੌਂਪਣ ਦਾ ਲਿਆ ਹੈ। ਭਾਜਪਾ ਨੇ ਆਪਣੇ ਚੋਣ ਮੈਨੀਫੈਸਟੋ 'ਚ ਸੰਵੇਦਨਸ਼ੀਲ ਭਾਰਤ-ਬੰਗਲਾਦੇਸ਼ ਦੀ ਹੱਦ 'ਤੇ ਕੰਡਿਆਲੀ ਤਾਰ ਦੀ ਵਾੜ ਲਾਉਣ ਅਤੇ ਹੱਦਾਂ 'ਤੇ ਨਵੀਆਂ ਚੌਂਕੀਆਂ ਬਣਾਉਣ ਲਈ 600 ਏਕੜ ਜ਼ਮੀਨ ਦੇਣ ਦਾ ਵਾਅਦਾ ਵੀ ਕੀਤਾ ਸੀ।

ਐੱਚ.ਐੱਲ.ਸੀ. ਦਾ ਗਠਨ ਹਿੰਦੂਤਵ ਦੀ ਸਿਆਸਤ ਦੇ ਵਿਆਪਕ ਦਾਇਰੇ 'ਚ ਮੁਕੰਮਲ ਤੌਰ 'ਤੇ ਫਿਟ ਬੈਠਦਾ ਹੈ। ਨਾਗਰਿਕਤਾ ਸੋਧ ਕਾਨੂੰਨ, ਨਾਗਰਿਕਾਂ ਦਾ ਕੌਮੀ ਰਜਿਸਟਰ (ਐੱਨ.ਆਰ.ਸੀ.), ਧਰਮ ਬਦਲੀ ਵਿਰੋਧੀ ਕਾਨੂੰਨ, ਵੱਖ-ਵੱਖ ਧਰਮਾਂ ਦੇ ਲੋਕਾਂ ਦਰਮਿਆਨ ਰਿਸ਼ਤਿਆਂ 'ਤੇ ਹਮਲੇ, ਕਈ ਰਾਜਾਂ 'ਚ ਇਕਸਾਰ ਨਾਗਰਿਕ ਕੋਡ ਅਤੇ 'ਆਬਾਦੀ ਦੇ ਅਸੰਤੁਲਨ' ਦੀਆਂ ਵਾਰ-ਵਾਰ ਕੀਤੀਆਂ ਜਾਣ ਵਾਲੀਆਂ ਗੱਲਾਂ - ਇਹ ਸਭ ਇੱਕ ਹੀ ਵਿਚਾਰਧਾਰਾ ਦਾ ਹਿੱਸਾ ਹਨ। ਇਨ੍ਹਾਂ 'ਚ ਸਭ ਤੋਂ ਗੰਭੀਰ ਗੱਲ ਵੋਟਰ ਸੂਚੀ ਦੀ 'ਵਿਸ਼ੇਸ਼ ਡੂੰਘੀ ਸੋਧ' ਹੈ। ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਮਕਸਦ ਬਹੁਗਿਣਤੀ ਨਜ਼ਰੀਏ ਨਾਲ ਨਾਗਰਿਕਤਾ ਦੀ ਪਰਿਭਾਸ਼ਾ ਨੂੰ ਬਦਲਣਾ ਹੈ। ਧਰਮ ਨਿਰਪੱਖ ਭਾਰਤੀ ਜਮਹੂਰੀ ਰਾਜ ਨੂੰ ਹੌਲੀ-ਹੌਲੀ ਇੱਕ ਅਜਿਹੇ ਹਿੰਦੂ ਰਾਸ਼ਟਰ ਦੇ ਰੂਪ ਵਿਚ ਬਦਲਿਆ ਜਾ ਰਿਹਾ ਹੈ, ਜਿੱਥੇ ਘੱਟ-ਗਿਣਤੀਆਂ ਦੀ ਹੋਂਦ ਸ਼ਰਤਾਂ ਅਤੇ ਸ਼ੱਕ ਦੇ ਦਾਇਰੇ 'ਚ ਹੈ।

ਐੱਚ.ਐੱਲ.ਸੀ. ਦੇ ਕੰਮ ਕਰਨ ਦੇ ਢੰਗ ਤਰੀਕੇ ਦੇ ਮਕਸਦ ਤੋਂ ਇਹ ਸਾਫ਼ ਪਤਾ ਚੱਲਦਾ ਹੈ ਕਿ ਇਸ ਦਾ ਮਕਸਦ ਇੱਕ ਅਜਿਹੀ ਸੋਚ ਨੂੰ ਸੰਸਥਾਗਤ ਢੰਗ ਨਾਲ ਜਾਇਜ਼ ਬਣਾਉਣਾ ਹੈ, ਜੋ ਲੰਮੇ ਸਮੇਂ ਤੋਂ ਹਿੰਦੂਤਵ ਨੂੰ ਹੱਲਾਸ਼ੇਰੀ ਦੇਣ ਦਾ ਮੁੱਖ ਆਧਾਰ ਰਹੀ ਹੈ - ਯਾਨੀ ਇਹ ਕਿ ਹਿੰਦੂ ਬਹੁਗਿਣਤੀ ਆਬਾਦੀ, ਆਪਣੀ ਹੀ ਜ਼ਮੀਨ 'ਤੇ ਖ਼ਤਰੇ 'ਚ ਹੈ। ਇਹ ਸੋਚ ਓਦੋਂ ਵੀ ਬਣੀ ਹੋਈ ਸੀ ਜਦੋਂ ਅਜਿਹੀਆਂ ਸ਼ੰਕਾਵਾਂ ਨੂੰ ਸਾਬਤ ਕਰਨ ਲਈ ਆਬਾਦੀ ਨਾਲ ਜੁੜੇ ਕੋਈ ਸਬੂਤ ਨਹੀਂ ਮਿਲਦੇ ਹਨ। ਭਾਰਤ ਵਿਚ ਸਾਰੇ ਧਾਰਮਿਕ ਤਬਕਿਆਂ 'ਚ ਜਨਮ ਦਰ ਲਗਾਤਾਰ ਘਟ ਰਹੀ ਹੈ। ਪਿਛਲੇ ਕੁਛ ਸਾਲਾਂ 'ਚ ਤਬਕਿਆਂ ਦਰਮਿਆਨ ਫ਼ਰਕ ਵੀ ਕਾਫੀ ਘੱਟ ਹੋਇਆ ਹੈ। ਕੌਮੀ ਪਰਿਵਾਰ ਸਿਹਤ ਸਰਵੇਖਣ ਦੇ ਅੰਕੜਿਆਂ ਅਨੁਸਾਰ 2019-21 'ਚ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਜਨਮ ਦਰ ਦਾ ਅੰਤਰ ਪ੍ਰਤੀ ਔਰਤ ਸਿਰਫ਼ 0.42 ਬੱਚੇ ਸਨ, ਜਦੋਂਕਿ 1992 'ਚ ਇਹ ਅੰਤਰ 1.1 ਸੀ। 1992-92 ਦੇ ਬਾਅਦ ਮੁਸਲਮਾਨਾਂ 'ਚ ਜਨਮ



ਦਰ 46.5 ਪ੍ਰਤੀਸ਼ਤ ਘੱਟ ਹੋਈ ਹੈ, ਜਦੋਂਕਿ ਹਿੰਦੂਆਂ 'ਚ ਇਹ 41.2 ਪ੍ਰਤੀਸ਼ਤ ਘਟੀ ਹੈ - ਯਾਨੀ ਮੁਸਲਮਾਨਾਂ 'ਚ ਜਨਮ ਦਰ ਤੇਜ਼ੀ ਨਾਲ ਘੱਟ ਹੋ ਰਹੀ ਹੈ। ਪਿਛਲੇ 20 ਸਾਲਾਂ 'ਚ ਹਿੰਦੂਆਂ 'ਚ ਜਨਮ ਦਰ 30 ਪ੍ਰਤੀਸ਼ਤ ਘੱਟ ਹੋਈ ਹੈ, ਜਦੋਂਕਿ ਮੁਸਲਮਾਨਾਂ 'ਚ ਇਹ ਕਮੀ 35 ਪ੍ਰਤੀਸ਼ਤ ਰਹੀ ਹੈ।

ਮਰਦਮਸ਼ੁਮਾਰੀ ਨਾਲ ਜੁੜੇ ਡਰ ਦੀ ਸਿਆਸਤ ਇੱਕੋ ਸਮੇਂ ਕਈ ਮਕਸਦ ਪੂਰੇ ਕਰਦੀ ਹੈ। ਪਹਿਲਾ, ਦੇਸ਼ ਦੇ ਅੰਦਰ ਹੀ ਇੱਕ ਪੱਕਾ ਦੁਸ਼ਮਣ ਖੜ੍ਹਾ ਕਰ ਦਿੰਦੀ ਹੈ। ਨਵ-ਉਦਾਰਵਾਦੀ ਹਕੂਮਤ ਦੀਆਂ ਨਾਕਾਮੀਆਂ ਜਾਂ ਕਾਰਪੋਰੇਟਾਂ ਦੇ ਹੱਥਾਂ 'ਚ ਜਾਇਦਾਦਾਂ ਦੇ ਕੇਂਦਰੀਕਰਨ ਦਾ ਸਵਾਲ ਉਠਾਉਣ ਦੀ ਬਜਾਏ ਲੋਕਾਂ ਦੇ ਇੱਕ ਹਿੱਸੇ ਨੂੰ ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਦੇਸ਼ ਦੀਆਂ ਸਮੱਸਿਆਵਾਂ, ਘੁਸਪੈਠੀਆਂ, ਆਬਾਦੀ ਦੀਆਂ ਸਾਜ਼ਿਸ਼ਾਂ ਜਾਂ ਸਭਿਆਚਾਰਕ ਤੌਰ 'ਤੇ ਬਾਹਰੀ ਲੋਕਾਂ ਕਾਰਨ ਪੈਦਾ ਹੋ ਰਹੀਆਂ ਹਨ।

ਦੂਸਰੀ ਗੱਲ ਇਹ ਹੈ ਕਿ ਆਬਾਦੀ ਸਬੰਧੀ ਸਿਆਸਤ, ਸਿਆਸੀ, ਜਾਤੀਗਤ ਵੰਡਾਂ ਦੇ ਬਾਵਜੂਦ, ਇੱਕਜੁੱਟ ਹਿੰਦੂ ਸਿਆਸੀ ਪਛਾਣ ਬਣਾਉਣ 'ਚ ਮਦਦ ਕਰਦੀ ਹੈ। ਹਿੰਦੂਤਵ ਨੇ ਇੱਕ ਵਿਆਪਕ ਬਹੁਗਿਣਤੀ ਚੇਤਨਾ ਪੈਦਾ ਕਰਕੇ ਹਿੰਦੂ ਸਮਾਜ ਦੇ ਅੰਦਰਲੀਆਂ ਅੰਤਰ ਵਿਰੋਧਤਾਈਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਬਾਹਰੀ ਜਾਂ ਅੰਦਰੂਨੀ ਖ਼ਤਰਿਆਂ ਦਾ ਜ਼ਿਕਰ ਠੀਕ ਇਸੇ ਤਰ੍ਹਾਂ ਦੇ ਏਕੀਕਰਨ ਨੂੰ ਸੰਭਵ ਬਣਾਉਂਦਾ ਹੈ। ਇਹ ਸਮਾਜਿਕ ਚਿੰਤਾਵਾਂ ਦਾ ਰੁਖ਼ ਜਾਤੀਗਤ ਜਬਰ, ਬੇਰੋਜ਼ਗਾਰੀ ਜਾਂ ਜਮਾਤੀ ਲੁੱਟ ਦੀ ਬਜਾਏ, ਧਾਰਮਿਕ ਗੱਠਜੋੜ ਵੱਲ ਮੋੜ ਦਿੰਦਾ ਹੈ।

ਤੀਜੀ ਗੱਲ, ਆਬਾਦੀ ਦੇ ਡਰ ਦੀ ਵਜ੍ਹਾ ਨਾਲ ਸਰਕਾਰੀ ਨਿਗਰਾਨੀ ਅਤੇ ਦਸਤਾਵੇਜ਼ੀਕਰਨ ਦਾ ਦਾਇਰਾ ਵਧਦਾ ਹੈ। ਇੱਕ ਵਾਰ ਜਦੋਂ ਬਾਹਰ ਆਏ ਲੋਕਾਂ ਨਾਲ ਆਬਾਦੀ 'ਚ ਬਦਲਾਅ ਨੂੰ ਸੁਰੱਖਿਆ ਦੇ ਨਜ਼ਰੀਏ ਨਾਲ ਦੇਖਿਆ ਜਾਣ ਲੱਗਦਾ ਹੈ ਤਾਂ ਸਖ਼ਤ ਜਾਂ ਅਸਾਧਾਰਨ ਕਦਮਾਂ ਨੂੰ ਸਹੀ ਠਹਿਰਾਉਣਾ ਸੌਖਾ ਹੋ ਜਾਂਦਾ ਹੈ। ਦੇਸ਼ ਦੀ ਅਖੰਡਤਾ ਦੀ ਸੁਰੱਖਿਆ ਦੇ ਨਾਮ 'ਤੇ ਨਾਗਰਿਕਤਾ ਦੀ ਪੜਤਾਲ, ਸ਼ੰਕੇ ਮਿਟਾਉਣ ਦੀ ਪ੍ਰਣਾਲੀ, ਹੱਦਾਂ ਤੇ ਪੁਲਸੀ ਪੜਤਾਲ, ਅੰਕੜੇ ਇਕੱਠਾ ਕਰਨਾ ਅਤੇ ਖ਼ਾਸ ਤੌਰ 'ਤੇ ਕਮਜ਼ੋਰ ਤਬਕਿਆਂ ਦੀ ਪੜਤਾਲ ਵਰਗੀਆਂ ਚੀਜ਼ਾਂ ਨੂੰ ਆਮ ਮੰਨ ਲਿਆ ਜਾਣ ਲੱਗਦਾ ਹੈ। ਅਜਿਹੀ ਨੀਤੀਆਂ ਦਾ ਸਭ ਤੋਂ ਵੱਧ ਬੋਝ ਗ਼ਰੀਬ, ਬੇਜ਼ਮੀਨੇ, ਪ੍ਰਵਾਸੀਆਂ ਅਤੇ ਬਿਨਾਂ ਦਸਤਾਵੇਜ਼ਾਂ ਵਾਲੇ ਲੋਕਾਂ ਨੂੰ ਉਠਾਉਣਾ ਪੈਂਦਾ ਹੈ। ਐੱਸ.ਆਈ.ਆਰ. ਇਸ ਦੀ ਇੱਕ ਮਿਸਾਲ ਹੈ, ਜਿੱਥੇ 6 ਕਰੋੜ ਤੋਂ ਜ਼ਿਆਦਾ ਲੋਕ ਨਾ ਸਿਰਫ਼ ਵੋਟ ਦੇ ਅਧਿਕਾਰ ਤੋਂ ਵਾਂਝੇ ਹੋ ਗਏ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਸਹੂਲਤਾਂ ਤੋਂ ਵੀ ਵਾਂਝਿਆਂ ਕੀਤਾ ਜਾ ਰਿਹਾ ਹੈ।

ਐਡੋਲਫ ਹਿਟਲਰ ਨੇ ਵਾਰ-ਵਾਰ ਇਹ ਦਲੀਲ ਦਿੱਤੀ ਸੀ ਕਿ ਜਰਮਨੀ ਨੂੰ ਆਬਾਦੀ ਅਤੇ ਸਭਿਅਤਾ ਦੇ ਪੱਧਰ 'ਤੇ, ਅਖੌਤੀ ਤੌਰ 'ਤੇ ਬਾਹਰੀ ਆਬਾਦੀ, ਖ਼ਾਸਕਰ ਯਹੂਦੀਆਂ ਤੋਂ, ਵਿਨਾਸ਼ ਦਾ ਖ਼ਤਰਾ ਹੈ। ਨਾਜ਼ੀ ਪ੍ਰਚਾਰ ਨੇ ਘੱਟ-ਗਿਣਤੀਆਂ ਨੂੰ ਦੇਸ਼ ਦੀ ਸ਼ੁੱਧਤਾ, ਸੁਰੱਖਿਆ ਅਤੇ ਭਵਿੱਖ ਲਈ ਹੋਂਦ ਦਾ ਖ਼ਤਰਾ ਬਣਾ ਦਿੱਤਾ। ਆਰਥਿਕ ਤੰਗੀ ਅਤੇ ਸਿਆਸੀ ਅਸਥਿਰਤਾ ਨੂੰ ਦੇਸ਼ ਦੇ ਅੰਦਰ ਮੌਜੂਦਾ ਦੁਸ਼ਮਣਾਂ ਪ੍ਰਤੀ ਨਫ਼ਰਤ 'ਚ ਬਦਲ ਦਿੱਤਾ ਗਿਆ। 1935 ਦੇ ਨਿਊਰੇਮਬਰਗ ਕਾਨੂੰਨਾਂ ਤਹਿਤ ਨਾਗਰਿਕਤਾ ਨੂੰ ਨਸਲ ਦੇ ਆਧਾਰ 'ਤੇ ਮੁੜ ਪਰਿਭਾਸ਼ਿਤ ਕੀਤਾ ਗਿਆ, ਜਿਸ ਨਾਲ ਯਹੂਦੀਆਂ ਨੂੰ ਬਰਾਬਰ ਦੇ ਨਾਗਰਿਕ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ।

ਅਮਰੀਕੀ ਪੱਤਰਕਾਰ ਅਤੇ ਇਤਹਾਸਕਾਰ ਵਿਲੀਅਮ ਸ਼ੇਅਰ ਨੇ ਆਪਣੀ ਪ੍ਰਸਿੱਧ ਕਿਤਾਬ 'ਦ ਰਾਈਜ਼ ਐਂਡ ਫਾਲ ਆਫ਼ ਦ ਥਰਡ ਰਾਇਖ' 'ਚ ਕਿਹਾ ਹੈ ਕਿ ਫਾਸ਼ੀਵਾਦ ਦਾ ਉਭਾਰ ਸਿਰਫ਼ ਕਿਸੇ ਇੱਕ ਆਗੂ ਦੀਆਂ ਇੱਛਾਵਾਂ ਨਾਲ ਪੈਦਾ ਨਹੀਂ ਹੋਇਆ ਸੀ, ਸਗੋਂ ਇਸ ਲਈ ਹੋਇਆ ਸੀ ਕਿ ਜਮਹੂਰੀ ਸੰਸਥਾਵਾਂ ਅੰਦਰੋਂ ਕਮਜ਼ੋਰ ਹੋ ਗਈਆਂ ਹੁੰਦੀਆਂ ਹਨ ਅਤੇ ਕੁਲੀਨ ਵਰਗ ਨੂੰ ਲੱਗਦਾ ਸੀ ਕਿ ਉਹ ਤਾਨਾਸ਼ਾਹੀ ਤਾਕਤਾਂ ਨਾਲ ਆਪਣਾ ਤਾਲਮੇਲ ਬਿਠਾ ਸਕਦਾ ਹੈ। ਪ੍ਰਚਾਰ, ਰਾਸ਼ਟਰਵਾਦ ਅਤੇ ਪੱਕੇ ਦੁਸ਼ਮਣ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਨੇ, ਹੌਲੀ ਹੌਲੀ ਲੋਕਾਂ ਦੀ ਸੋਚ ਬਦਲ ਦਿੱਤੀ। ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ ਕਿ ਗੋਲਵਲਕਰ ਹਿਟਲਰ ਦੀ ਖੁੱਲ੍ਹ ਕੇ ਤਾਰੀਫ਼ ਕਰਦਾ ਸੀ। 1939 'ਚ ਹਿਟਲਰ ਦੇ ਵਿਨਾਸ਼ਕਾਰੀ ਯੁੱਧ ਸ਼ੁਰੂ ਕਰਨ ਤੋਂ ਕੁਛ ਮਹੀਨੇ ਪਹਿਲਾਂ ਛਪੀ ਆਪਣੀ ਕਿਤਾਬ 'ਵੀ ਆਰ ਅਵਰ ਨੇਸ਼ਨਹੁੱਡ ਡਿਫਾਇੰਡ' (ਅਸੀਂ ਅਤੇ ਸਾਡੀ ਰਾਸ਼ਟ੍ਰੀਅਤਾ ਦੀ ਪਰਿਭਾਸ਼ਾ) 'ਚ ਉਸ ਨੇ ਲਿਖਿਆ ਸੀ: 'ਆਪਣੀ ਨਸਲ ਅਤੇ ਸੱਭਿਅਤਾ ਦੀ ਸ਼ੁੱਧਤਾ ਬਣਾਈ ਰੱਖਣ ਲਈ, ਜਰਮਨੀ ਨੇ ਸੈਮਿਟਕ ਨਸਲਾਂ – ਯਹੂਦੀਆਂ – ਨੂੰ ਦੇਸ਼ 'ਚੋਂ ਬਾਹਰ ਕੱਢ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ।' ਇਸ ਤੋਂ ਇਲਾਵਾ, ਉਸ ਨੇ ਲਿਖਿਆ: 'ਇਥੇ ਨਸਲੀ ਹੰਕਾਰ ਦਾ ਸਭ ਤੋਂ ਉੱਚਾ ਰੂਪ ਦੇਖਣ ਨੂੰ ਮਿਲਿਆ। ਜਰਮਨੀ ਨੇ ਵੀ ਇਹ ਦਿਖਾਇਆ ਹੈ ਕਿ ਜਿਹੜੀਆਂ ਨਸਲਾਂ ਅਤੇ ਸਭਿਅਤਾਵਾਂ 'ਚ ਬੁਨਿਆਦੀ ਫ਼ਰਕ ਹੋਣ ਉਨ੍ਹਾਂ ਨੂੰ ਇੱਕ ਜਗ੍ਹਾ ਮਿਲਾ ਕੇ ਇੱਕ ਇਕਾਈ ਬਣਾਉਣਾ ਲਗਭਗ ਅਸੰਭਵ ਹੈ, ਇਹ ਹਿੰਦੁਸਤਾਨ ਲਈ ਇੱਕ ਚੰਗਾ ਸਬਕ ਹੈ, ਜਿਸ ਤੋਂ ਸਾਨੂੰ ਸਿੱਖਣਾ ਚਾਹੀਦਾ ਹੈ ਅਤੇ ਫ਼ਾਇਦਾ ਉਠਾਉਣਾ ਚਾਹੀਦਾ ਹੈ।'

ਗੋਲਵਲਕਰ ਨੇ ਮੁਸਲਮਾਨਾਂ ਦੇ ਮੁਕਾਬਲੇ ਦੇਸ਼ 'ਤੇ ਹਿੰਦੂਆਂ ਦੇ ਖ਼ਾਸ ਦਾਅਵੇ 'ਤੇ ਜ਼ੋਰ ਦਿੰਦਿਆਂ ਦਲੀਲ ਦਿੱਤੀ ਕਿ 'ਹਿੰਦੁਸਤਾਨ 'ਚ ਰਹਿਣ ਵਾਲੀਆਂ ਵਿਦੇਸ਼ੀ ਜਾਤਾਂ ਨੂੰ ਜਾਂ ਤਾਂ ਹਿੰਦੂ ਸਭਿਅਤਾ ਅਤੇ ਭਾਸ਼ਾ ਅਪਨਾਉਣੀ ਪਵੇਗੀ ਜਾਂ ਹਿੰਦੂ ਧਰਮ ਦਾ ਸਨਮਾਨ ਅਤੇ ਆਦਰ ਕਰਨਾ ਸਿੱਖਣਾ ਹੋਵੇਗਾ, ਹਿੰਦੂ ਜਾਤ ਅਤੇ ਸਭਿਅਤਾ ਯਾਨੀ ਹਿੰਦੂ ਕੌਮ ਦੀ ਮਹਿਮਾ ਦੇ ਇਲਾਵਾ ਕੋਈ ਹੋਰ ਵਿਚਾਰ ਨਹੀਂ ਰੱਖਣਾ ਹੋਵੇਗਾ ਅਤੇ ਹਿੰਦੂ ਜਾਤ 'ਚ ਘੁਲਣ-ਮਿਲਣ ਲਈ ਆਪਣੀ ਵੱਖਰੀ ਪਛਾਣ ਛੱਡਣੀ।"

ਹਿੰਦੂਤਵ ਦੇ ਪ੍ਰਚਾਰ 'ਚ ਸਾਲਾਂ ਤੋਂ ਮੁਸਲਮਾਨਾਂ ਨੂੰ ਬਹੁਤ ਜ਼ਿਆਦਾ ਕੱਟੜ ਸੋਚ ਵਾਲੇ ਅਤੇ ਸਿਆਸੀ ਤੌਰ 'ਤੇ ਸ਼ੱਕੀ ਵਜੋਂ ਚਿਤਰਣ ਕਰਨ ਦੀ ਕੋਸ਼ਿਸ਼ ਕੀਤੀ ਗ਼ਈ ਹੈ - ਜਿਵੇਂ ਕਿ ਉਹ ਬਹੁਤ ਜ਼ਿਆਦਾ ਬੱਚੇ ਪੈਦਾ ਕਰਦੇ ਹਨ, ਬਹੁਤ ਜ਼ਿਆਦਾ ਬੇਈਮਾਨ ਹੁੰਦੇ ਹਨ, ਬਹੁਤ ਜ਼ਿਆਦਾ ਸੰਗਠਤ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਵਿਦੇਸ਼ੀ ਹੁੰਦੇ ਹਨ। ਅਜਿਹੀਆਂ ਗੱਲਾਂ 20 ਕਰੋੜ ਤੋਂ ਜ਼ਿਆਦਾ ਨਾਗਰਿਕਾਂ ਨੂੰ ਆਬਾਦੀ ਦੇ ਲਿਹਾਜ਼ ਨਾਲ ਖ਼ਤਰੇ 'ਚ ਪਾ ਦਿੰਦੀਆਂ ਹੈ।

ਮਰਦਮਸ਼ੁਮਾਰੀ ਕਮੇਟੀ ਦਾ ਗਠਨ ਹਿੰਦੂਤਵ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਣ ਦਾ ਇੱਕ ਹੋਰ ਜ਼ਰੀਆ ਹੈ। ਇਸ ਨਾਲ ਨਾਗਰਿਕ ਅਜਿਹੇ ਆਬਾਦੀ ਸਬੰਧੀ ਵਿਸ਼ਿਆਂ 'ਚ ਬਦਲ ਜਾਣਗੇ, ਜਿਨ੍ਹਾਂ ਦੀ ਵੈਲੀਡਿਟੀ ਵੱਡੇ ਪੱਧਰ 'ਤੇ ਪਛਾਣ, ਦਸਤਾਵੇਜ਼ਾਂ ਅਤੇ ਸਿਆਸੀ ਅਨੁਰੂਪਤਾ 'ਤੇ ਨਿਰਭਰ ਹੋ ਕੇ ਰਹਿ ਜਾਏਗੀ।

# ਡਿਜੀਟਲ ਯੁੱਗ ਵਿਚ ਨਿੱਜਤਾ ਦੀ ਚੁਣੌਤੀ

***ਡਾਟਾ ਅੱਜ ਦੇ ਡਿਜੀਟਲ ਯੁੱਗ ਦੀ ਇੱਕ ਅਦ੍ਰਿਸ਼ ਪਰ ਬਹੁਤ ਸ਼ਕਤੀਸ਼ਾਲੀ ਮੁਦਰਾ ਬਣ ਚੁੱਕਾ ਹੈ। ਇਹ ਨਵੀਨਤਾ, ਵਿਕਾਸ ਅਤੇ ਸੁਵਿਧਾਵਾਂ ਦਾ ਆਧਾਰ ਹੈ, ਪਰ ਇਸ ਨਾਲ ਗੋਪਨੀਯਤਾ, ਸੁਰੱਖਿਆ ਅਤੇ ਨੈਤਿਕਤਾ ਨਾਲ ਜੁੜੀਆਂ ਚੁਣੌਤੀਆਂ ਵੀ ਪੈਦਾ ਹੁੰਦੀਆਂ ਹਨ। ਡਾਟਾ ਦੀ ਅਸਲ ਕੀਮਤ ਸਿਰਫ਼ ਇਸ ਦੀ ਆਰਥਿਕ ਮਹੱਤਤਾ ਵਿਚ ਨਹੀਂ, ਸਗੋਂ ਇਸ ਦੀ ਉਸ ਸਮਰੱਥਾ ਵਿਚ ਹੈ ਜੋ ਲੋਕਾਂ ਦੀ ਜ਼ਿੰਦਗੀ ਨੂੰ ਸਕਾਰਾਤਮਕ ਜਾਂ ਨਕਾਰਾਤਮਕ ਤਰੀਕੇ ਨਾਲ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਜਾਗਰੂਕ, ਸਾਵਧਾਨ ਅਤੇ ਜ਼ਿੰਮੇਵਾਰ ਡਿਜੀਟਲ ਨਾਗਰਿਕ ਬਣਨ ਦੀ ਲੋੜ ਹੈ। ਜੇਕਰ ਅਸੀਂ ਸੁਰੱਖਿਅਤ ਡਿਜੀਟਲ ਆਦਤਾਂ ਅਪਣਾਈਏ ਅਤੇ ਆਪਣੇ ਡਾਟਾ ਦੀ ਮਹੱਤਤਾ ਨੂੰ ਸਮਝੀਏ ਤਾਂ ਅਸੀਂ ਤਕਨਾਲੋਜੀ ਦੇ ਲਾਭਾਂ ਦਾ ਪੂਰਾ ਫ਼ਾਇਦਾ ਉਠਾਉਂਦੇ ਹੋਏ ਇੱਕ ਸੁਰੱਖਿਅਤ, ਭਰੋਸੇਯੋਗ ਅਤੇ ਜ਼ਿੰਮੇਵਾਰ ਡਿਜੀਟਲ ਭਵਿੱਖ ਦੀ ਰਚਨਾ ਕਰ ਸਕਦੇ ਹਾਂ।***

ਅੱਜ ਦੇ ਡਿਜੀਟਲ ਯੁੱਗ ਵਿਚ 'ਡਾਟਾ' ਇੱਕ ਅਜਿਹੀ ਤਾਕਤ ਬਣ ਚੁੱਕਾ ਹੈ, ਜੋ ਚੁੱਪ-ਚਾਪ ਸਾਡੀ ਜ਼ਿੰਦਗੀ ਦੇ ਲਗਭਗ ਹਰ ਪੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਵੇਰੇ ਅੱਖ ਖੁੱਲ੍ਹਣ ਤੋਂ ਬਾਅਦ ਜਦੋਂ ਅਸੀਂ ਆਪਣੇ ਮੋਬਾਈਲ ਫੋਨ ਨੂੰ ਦੇਖਦੇ ਹਾਂ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਸੋਸ਼ਲ ਮੀਡੀਆ ਸਕਰੋਲਿੰਗ ਕਰਦੇ ਹਾਂ, ਉਸ ਸਮੇਂ ਦੌਰਾਨ ਅਸੀਂ ਲਗਾਤਾਰ ਡਾਟਾ ਪੈਦਾ ਕਰ ਰਹੇ ਹੁੰਦੇ ਹਾਂ। ਹਰ ਕਲਿੱਕ, ਹਰ ਸਰਚ, ਹਰ ਆਨਲਾਈਨ ਖਰੀਦਦਾਰੀ, ਹਰ ਲੋਕੇਸ਼ਨ ਚੈੱਕ-ਇਨ ਅਤੇ ਇੰਟਰਨੈੱਟ 'ਤੇ ਬਿਤਾਇਆ ਹਰ ਪਲ ਸਾਡੇ ਬਾਰੇ ਕੁਝ ਨਾ ਕੁਝ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਜਾਣਕਾਰੀ ਤਿਆਰ ਕਰਦਾ ਹੈ। ਬਹੁਤ ਸਾਰੇ ਲੋਕਾਂ ਲਈ ਇਹ ਸਿਰਫ਼ ਸਧਾਰਨ ਜਾਣਕਾਰੀ ਹੋ ਸਕਦੀ ਹੈ, ਪਰ ਅਸਲ ਵਿਚ ਅੱਜ ਦੇ ਸਮੇਂ ਵਿਚ ਡਾਟਾ ਨੂੰ 'ਨਵਾਂ ਤੇਲ' ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਆਰਥਿਕ ਅਤੇ ਰਣਨੀਤਕ ਮਹੱਤਤਾ ਬੇਹੱਦ ਵੱਡੀ ਹੈ। ਇਹ ਨਾ ਸਿਰਫ਼ ਕਾਰੋਬਾਰਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਸਰਕਾਰਾਂ ਦੇ ਫ਼ੈਸਲਿਆਂ ਅਤੇ ਆਮ ਲੋਕਾਂ ਦੇ ਵਿਹਾਰ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਧਾਰਨ ਸ਼ਬਦਾਂ ਵਿਚ ਕਹੀਏ ਤਾਂ ਡਾਟਾ ਉਹ ਹਰ ਜਾਣਕਾਰੀ ਹੈ, ਜੋ ਸਾਡੇ ਨਾਲ ਸੰਬੰਧਿਤ ਹੈ। ਇਸ ਵਿਚ ਸਾਡਾ ਨਾਮ, ਉਮਰ, ਪਤਾ, ਮੋਬਾਈਲ ਨੰਬਰ, ਸਿਹਤ ਸੰਬੰਧੀ ਵੇਰਵੇ, ਆਨਲਾਈਨ ਖਰੀਦਦਾਰੀ ਦੀਆਂ ਆਦਤਾਂ, ਇੰਟਰਨੈੱਟ ਬ੍ਰਾਊਜ਼ਿੰਗ ਦਾ ਇਤਿਹਾਸ ਅਤੇ ਸੋਸ਼ਲ ਮੀਡੀਆ 'ਤੇ ਸਾਡੀ ਸਰਗਰਮੀ ਸ਼ਾਮਲ ਹੁੰਦੀ ਹੈ। ਉਦਾਹਰਨ ਲਈ ਜੇਕਰ ਕੋਈ ਵਿਦਿਆਰਥੀ ਯੂਟਿਊਬ 'ਤੇ ਪ੍ਰੀਖਿਆ ਦੀ



ਤਿਆਰੀ ਨਾਲ ਜੁੜੀਆਂ ਵੀਡੀਓਜ਼ ਖੋਜਦਾ ਹੈ ਤਾਂ ਇਹ ਵੀ ਡਾਟਾ ਬਣ ਜਾਂਦਾ ਹੈ। ਜੇਕਰ ਕੋਈ ਵਿਅਕਤੀ ਆਨਲਾਈਨ ਕਿਰਿਆਨੇ ਦਾ ਸਮਾਨ ਮੰਗਵਾਉਂਦਾ ਹੈ ਤਾਂ ਉਸ ਦੀਆਂ ਖਰੀਦਦਾਰੀ ਪਸੰਦਾਂ ਵੀ ਦਰਜ ਹੋ ਜਾਂਦੀਆਂ ਹਨ। ਇੱਥੋਂ ਤੱਕ ਕਿ ਸੋਸ਼ਲ ਮੀਡੀਆ 'ਤੇ ਕਿਸੇ ਪੋਸਟ ਨੂੰ ਪਸੰਦ ਕਰਨਾ ਜਾਂ ਉਸ 'ਤੇ ਟਿੱਪਣੀ ਕਰਨਾ ਵੀ ਸਾਡੇ ਬਾਰੇ ਇੱਕ ਡਿਜੀਟਲ ਪ੍ਰੋਫਾਈਲ ਤਿਆਰ ਕਰਨ ਵਿਚ ਯੋਗਦਾਨ ਪਾਉਂਦਾ ਹੈ। ਦੁਨੀਆ ਭਰ ਵਿਚ ਡਾਟਾ ਦੀ ਮਾਤਰਾ ਬੇਹੱਦ ਤੇਜ਼ੀ ਨਾਲ ਵਧ ਰਹੀ ਹੈ ਅਤੇ ਮਾਹਿਰਾਂ ਅਨੁਸਾਰ ਆਉਣ ਵਾਲੇ ਸਾਲਾਂ ਵਿਚ ਇਹ ਅੰਕੜਾ ਅਸਾਧਾਰਣ ਪੱਧਰ ਤੱਕ ਪਹੁੰਚ ਜਾਵੇਗਾ।

ਅੱਜ ਜ਼ਿਆਦਾਤਰ ਕੰਪਨੀਆਂ ਵੱਖ-ਵੱਖ ਮਾਧਿਅਮਾਂ ਰਾਹੀਂ ਉਪਭੋਗਤਾਵਾਂ ਦਾ ਡਾਟਾ ਇਕੱਠਾ ਕਰਦੀਆਂ ਹਨ। ਮੋਬਾਈਲ ਐਪਲੀਕੇਸ਼ਨ, ਵੈੱਬਸਾਈਟਾਂ, ਸੋਸ਼ਲ ਮੀਡੀਆ ਪਲੇਟਫਾਰਮ ਅਤੇ ਸਮਾਰਟ ਉਪਕਰਨ ਲਗਾਤਾਰ ਜਾਣਕਾਰੀ ਇਕੱਠੀ ਕਰਦੇ ਰਹਿੰਦੇ ਹਨ। ਜਦੋਂ ਅਸੀਂ ਕੋਈ ਨਵੀਂ ਐਪ ਇੰਸਟਾਲ ਕਰਦੇ ਹਾਂ ਤਾਂ ਉਹ ਸਾਡੇ ਸੰਪਰਕਾਂ, ਕੈਮਰੇ, ਮਾਈਕ੍ਰੋਫੋਨ ਅਤੇ ਲੋਕੇਸ਼ਨ ਤੱਕ ਪਹੁੰਚ ਦੀ ਆਗਿਆ ਮੰਗਦੀ ਹੈ। ਕੁਝ ਆਗਿਆਵਾਂ ਐਪ ਦੀ ਕਾਰਗੁਜ਼ਾਰੀ ਲਈ ਜ਼ਰੂਰੀ ਹੁੰਦੀਆਂ ਹਨ, ਪਰ ਕਈ ਵਾਰ ਇਨ੍ਹਾਂ ਦੀ ਵਰਤੋਂ ਵਾਧੂ ਡਾਟਾ ਇਕੱਠਾ ਕਰਨ ਲਈ ਵੀ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਵੈੱਬਸਾਈਟਾਂ 'ਤੇ ਵਰਤੀਆਂ ਜਾਣ ਵਾਲੀਆਂ 'ਕੂਕੀਜ਼' ਸਾਡੀ ਬ੍ਰਾਊਜ਼ਿੰਗ ਸਰਗਰਮੀ 'ਤੇ ਨਜ਼ਰ ਰੱਖਦੀਆਂ ਹਨ। ਸੋਸ਼ਲ ਮੀਡੀਆ ਪਲੇਟਫਾਰਮ ਸਾਡੀਆਂ ਪਸੰਦਾਂ, ਸਾਂਝੀਆਂ ਕੀਤੀਆਂ ਪੋਸਟਾਂ, ਟਿੱਪਣੀਆਂ ਅਤੇ ਕਿਸੇ ਪੋਸਟ 'ਤੇ ਬਿਤਾਏ ਸਮੇਂ ਦਾ ਵਿਸ਼ਲੇਸ਼ਣ ਕਰਕੇ ਸਾਡੇ ਵਿਹਾਰ ਨੂੰ ਸਮਝਣ ਦੀ ਕੋਸ਼ਿਸ਼


***(ਬਾਕੀ ਅਗਲੇ ਸਫੇ 'ਤੇ)***

# ਸਿੱਖ ਦੀ ਪੱਗ ਸਿੱਖੀ ਸੋਚ ਤੇ ਸਵਰੂਪ ਦਾ ਹਿੱਸਾ

*ਸਿਰ 'ਤੇ ਸੱਜੀ ਪੱਗ ਸਿੱਖ ਕੌਮ ਦੀ ਗੌਰਵਮਈ ਵਿਰਾਸਤ ਬਣ ਚੁਕੀ ਹੈ। ਪੱਗ ਸਿੱਖ ਦਾ ਵੇਸ਼ ਨਹੀਂ ਆਤਮ-ਸਨਮਾਨ ਦਾ ਨਿਸ਼ਾਨ ਹੈ, ਉਸ ਦੀ ਪਰਿਪੱਕ ਸਿੱਖੀ ਦਾ ਐਲਾਨ ਹੈ। ਇੱਕ ਨਵਾਂ ਪ੍ਰਚਲਨ ਬਣ ਗਿਆ ਹੈ ਕਿ ਕੋਈ ਸਿਆਸੀ ਜਾਂ ਮਹੱਤਵਪੂਰਨ ਗੈਰ-ਸਿੱਖ ਵਿਅਕਤੀ ਗੁਰੂਘਰ ਜਾਂ ਕਿਸੇ ਗੁਰਮਤਿ ਸਮਾਗਮ ਵਿਚ ਆਵੇ ਤਾਂ ਸਿੱਖ ਆਪ ਹੀ ਉਸ ਨੂੰ ਪੱਗ ਬੰਨ੍ਹਣ ਲੱਗ ਪੈਂਦੇ ਹਨ। ਸਮਾਗਮ ਪੂਰਾ ਹੋਣ, ਫੋਟੋ ਖਿਚਾਉਣ ਤੋਂ ਬਾਅਦ ਉਸ ਪੱਗ ਦਾ ਕੀ ਹਸ਼ਰ ਹੁੰਦਾ ਹੈ, ਕੀ ਸਿੱਖੀ ਸਵਰੂਪ ਤੇ ਸੋਚ ਦੀ ਬੇਅਦਬੀ ਨਹੀਂ ਹੈ। ਕੀ ਇਹ ਉਸ ਸਿੱਖ ਦੀ ਭਾਵਨਾ 'ਤੇ ਚੋਟ ਨਹੀਂ, ਜੋ ਆਪਣੀ ਪੱਗ ਦੀ ਸਾਰਾ ਦਿਨ ਪਿਆਰ ਨਾਲ ਸੰਭਾਲ ਕਰਦਾ ਹੈ। ਪੱਗ ਬੰਨ੍ਹਣ ਲੱਗਿਆਂ ਪੱਗ ਨੂੰ ਜ਼ਮੀਨ 'ਤੇ ਨਹੀਂ ਲਗਣ ਦਿੰਦਾ, ਪੱਗ ਧੋਂਦਾ, ਸੁਕਾਉਂਦਾ ਵੀ ਆਪ ਹੈ। ਕਿਸੇ ਦੂਜੇ ਦਾ ਹੱਥ ਪੱਗ 'ਤੇ ਲੱਗਣ ਨਹੀਂ ਦਿੰਦਾ। ਬਿਨਾ ਪੱਗ ਬੰਨ੍ਹਿਆਂ ਘਰ ਤੋਂ ਬਾਹਰ ਨਹੀਂ ਨਿਕਲਦਾ। ਗੁਰਦੁਆਰੇ ਅੰਦਰ ਜਾਂ ਜਿਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਸਿਰ ਕੱਜ ਕੇ ਜਾਣ ਦੀ ਮਰਿਆਦਾ ਹੈ। ਸਿੱਖ ਦੀ ਪੱਗ ਕੀ ਟੋਪੀ ਹੋ ਗਈ ਕਿ ਸੁਵਿਧਾ ਅਨੁਸਾਰ ਪਾਈ ਤੇ ਲਾਹ ਦਿੱਤੀ। ਇਸ 'ਤੇ ਫੌਰਨ ਰੋਕ ਲਗਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੋਚਣਾ ਚਾਹੀਦੈ।*



ਗੁਰਸਿੱਖ ਦਾ ਆਪਣੀ ਪੱਗ ਨਾਲ ਭਾਵਨਾਤਮਕ, ਇਤਿਹਾਸਕ ਤੇ ਭਰੋਸੇ ਦਾ ਅਭਿੰਨ ਰਿਸ਼ਤਾ ਹੈ। ਇਸ ਰਿਸ਼ਤੇ ਨੂੰ ਸਮਝਣ ਲਈ ਇਮਾਨਦਾਰ ਤੇ ਨਿਰਵਿਕਾਰ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਸਿੱਖ ਨੇ ਆਪਣੇ ਗੁਰੂ ਸਾਹਿਬਾਨ ਨੂੰ ਆਦਿ ਤੋਂ ਹੀ ਦਸਤਾਰਧਾਰੀ ਸੁੰਦਰ ਸਵਰੂਪ ਵਿਚ ਵੇਖਿਆ। ਇਹ ਸਵਰੂਪ ਉਸ ਦੇ ਮਨ ਵਿਚ ਵੱਸਿਆ ਹੋਇਆ ਹੈ। ਆਪਣੇ-ਆਪ ਨੂੰ ਗੁਰੂ ਨਾਲ ਏਕਾਕਾਰ ਕਰਦਿਆਂ ਉਸ ਦਾ ਮਨ ਦਸਤਾਰ ਨਾਲ ਵੀ ਆਪ ਹੀ ਜੁੜ ਜਾਂਦਾ ਹੈ। ਸਿਰ ਤੇ ਸੱਜੀ ਪੱਗ ਗੁਰਸਿੱਖ ਦੀ ਪਛਾਣ ਬਣੀ। ਇਸ ਦੀ ਭਾਰੀ ਕੀਮਤ ਅਦਾ ਕਰਨੀ ਪਈ। ਮੁਗਲ ਰਾਜ ਵਿਚ ਸਿਰ ਦੀ ਪੱਗ ਦੂਰੋਂ ਵੇਖ ਕੇ ਹੀ ਫੜ ਲਿਆ ਜਾਂਦਾ ਸੀ ਤੇ ਜੁਲਮ ਕੀਤੇ ਜਾਂਦੇ ਸਨ।



ਇਹ ਸ਼ਹੀਦੀਆਂ ਦਾ ਕਾਰਨ ਵੀ ਬਣਦੀ ਰਹੀ। ਗੁਰਸਿੱਖ ਦੀ ਪੱਗ ਅੰਗਰੇਜ਼ਾਂ ਦੇ ਨਿਸ਼ਾਨੇ 'ਤੇ ਵੀ ਰਹੀ ਅਤੇ ਉਸ ਤੋਂ ਬਾਅਦ ਦੇਸ਼ ਵੰਡ ਦੌਰਾਨ ਤੇ ਨਵੰਬਰ 84 ਦੇ ਸਿੱਖ ਨਰਸੰਹਾਰ ਵਿਚ ਵੀ ਪੱਗ ਹੀ ਕੇਂਦਰ ਵਿਚ ਰਹੀ। ਪੂਰੇ ਸੰਸਾਰ ਵਿਚ ਜਿੱਥੇ ਵੀ ਸਿੱਖ ਹਨ, ਆਪਣੀ

**ਡਾ. ਸਤਿੰਦਰ ਪਾਲ ਸਿੰਘ, ਸਿਡਨੀ**
akaalpurkh.7@gmail.com

ਪੱਗ ਲਈ ਸਮਾਜਕ ਹੀ ਨਹੀਂ ਕਾਨੂੰਨੀ ਲੜਾਈ ਵੀ ਲੜ ਕੇ ਜਿੱਤਦੇ ਆ ਰਹੇ ਹਨ। ਇਹ ਵੀ ਮਹੱਤਵਪੂਰਨ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਜੇ ਖਾਲਸਾ ਦਾ ਸਵਰੂਪ ਹੀ ਪੱਗ ਦੇ ਬਿਨਾ ਸੰਪੂਰਨ ਨਹੀਂ ਹੁੰਦਾ। ਪੱਗ ਮਨੁੱਖ ਦੇ ਵੇਸ਼ ਦਾ ਹਿੱਸਾ ਰਹੀ ਹੈ, ਇਹ ਸਿੱਖ ਦੀ ਸੋਚ ਦਾ ਵੀ ਹਿੱਸਾ ਬਣ ਗਈ। ਇਹ ਇੱਕ ਵੱਡਾ ਬਦਲਾਵ ਸੀ ਜਿਸ ਨੇ ਪੱਗ ਤੇ ਸਿੱਖੀ ਦਾ ਅਨ ਨਿਖੇੜਵਾਂ ਸਬੰਧ ਸਥਾਪਿਤ ਕਰ ਦਿੱਤਾ। ਸਿੱਖੀ ਹੀ ਦਰਅਸਲ ਮਨੁੱਖੀ ਜੀਵਨ ਵਿਚ ਸੰਪੂਰਨ ਪਰਿਵਰਤਨ ਦਾ ਆਗਾਜ਼ ਸੀ।

ਸਿੱਖ ਪੰਥ ਦੇ ਬਾਣੀ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਲੋਕਾਈ ਇਕ ਬੜੇ ਹੀ ਕਠਿਨ ਦੌਰ ਤੋਂ ਗੁਜਰ ਰਹੀ ਸੀ। ਮਨੁੱਖੀ ਜੀਵਨ ਨੂੰ ਪ੍ਰਭਾਵਤ ਕਰਨ ਵਾਲੀ ਹਰ ਸੋਚ ਤੇ ਵਿਵਸਥਾ, ਉਹ ਭਾਵੇਂ ਧਾਰਮਕ ਸੀ ਜਾਂ ਸਮਾਜਕ, ਰਾਜਸੀ, ਆਰਥਕ-ਅੰਨਿਆਪੂਰਨ ਹੋ ਚੁਕੀ ਸੀ। ਵੰਡ ਤੇ ਵਿਤਕਰੇ ਨੇ ਆਮ ਮਨੁੱਖ ਅੰਦਰ ਹੀਣਤਾ ਤੇ ਦੀਨਤਾ ਦਾ ਭਾਅ ਪੈਦਾ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਨੇ 'ਸਤਿਨਾਮੁ ਦਾ ਚੱਕ੍ਰ ਫਿਰਾਇਆ' ਜੋ ਸਦੀਆਂ ਤੋਂ ਦਬਾਏ, ਸਤਾਏ ਲੋਕਾਂ ਅੰਦਰ ਆਸ ਤੇ ਆਤਮ ਸਨਮਾਨ ਦਾ ਜਨਕ ਬਣ ਗਿਆ। ਗੁਰਸਿੱਖੀ ਅਮੁੱਲ ਮਨੁੱਖੀ ਕਦਰਾਂ-ਕੀਮਤਾਂ ਦੀ ਪੁਨਰ ਸਥਾਪਨਾ ਕਰਨ ਵਾਲੀ ਸਾਬਤ ਹੋਈ 'ਹਰਿ ਸਿਮਰਤ ਨਾਨਕ ਭਈ ਅਮੋਲੀ।' ਗੁਰਸਿੱਖ ਵਾਹਿਗੁਰੂ ਦੀ ਮਤਿ 'ਚ ਰੰਗਿਆ ਗਿਆ 'ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ' ਗੁਰੂ ਦਾ ਸਿੱਖ ਨਾਲ ਸੱਚਾ ਸੰਬੰਧ ਕਾਇਮ ਹੋਇਆ 'ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਹੇਲਾ।' ਭਾਈ ਗੁਰਦਾਸ ਜੀ ਨੇ ਅਚਰਜ ਬਿਆਨ ਕੀਤਾ ਕਿ ਗੁਰੂ ਦੀ ਮਤਿ ਧਾਰਣ ਕਰ ਸਿੱਖ ਗੁਰੂ ਦਾ ਹੀ ਰੂਪ ਹੋ ਗਏ 'ਗੁਰ ਸਿਖਹੁ ਗੁਰ ਸਿਖੁ ਹੋਇ ਹੈਰਾਣਿਆ।' ਬਾਅਦ 'ਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪ ਐਲਾਨ ਕੀਤਾ 'ਖਾਲਸਾ ਮੇਰੋ ਰੂਪ ਹੈ ਖਾਸ, ਖ਼ਾਲਸਹ ਮਹਿ ਹਉਂ ਕਰਹੁੰ ਨਿਵਾਸ' ਗੁਰੂ ਨੇ ਗੁਰਸਿੱਖ ਨੂੰ ਅਜਿਹੀ ਸ੍ਰੇਸ਼ਟ ਅਵਸਥਾ ਬਖਸ਼ੀ ਕਿ ਉਹ ਗੁਰੂ ਰੂਪ ਹੋ ਗਿਆ।

ਅੱਜ ਜਦੋਂ ਸਿੱਖ ਦੀ ਪੱਗ 'ਤੇ ਸਵਾਲ ਕੀਤਾ ਜਾਂਦਾ ਹੈ ਜਾਂ ਪੱਗ ਦੀ ਬੇਅਦਬੀ ਕੀਤੀ ਜਾਂਦੀ ਹੈ ਤਾਂ ਅਜਿਹਾ ਕਰਨ ਵਾਲਿਆਂ 'ਤੇ ਰੋਸ਼ ਘੱਟ ਤਰਸ ਜਿਆਦਾ ਆਉਂਦਾ ਹੈ। ਬਾਹਰਲੇ ਦੇਸ਼ਾਂ ਵਿਚ ਗੁਰਸਿੱਖੀ ਦੀ ਵਡਿਆਈ ਨਾ ਸਮਝ ਸਕਣ ਵਾਲੀਆਂ/ਵਾਲੇ ਹੋ ਸੱਕਦੇ ਹਨ, ਪਰ ਉਸ ਧਰਤੀ 'ਤੇ ਸਿੱਖ ਪੰਥ ਦੀ ਪੱਗ ਪ੍ਰਤੀ ਕੋਈ ਸ਼ੰਕਾ ਜਾਂ ਦੁਰਭਾਵਨਾ ਹੋਵੇ, ਤਾਂ ਬੇਹਦ ਅਫਸੋਸ ਹੁੰਦਾ ਹੈ। ਸਿੱਖ ਅੱਜ ਸੰਸਾਰ ਦੇ ਕੋਨੇ ਕੋਨੇ 'ਚ ਵੱਸਦੇ ਹਨ ਪਰ ਜੁੜੇ ਹੋਏ ਇੱਸੇ ਧਰਤੀ ਨਾਲ ਹੀ ਮਹਿਸੂਸ ਕਰਦੇ ਹਨ। ਇਹ ਧਰਤੀ ਤਾਂ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸੂਰਬੀਰਤਾ ਦੀ ਸਦੀਵੀ ਕਰਜਦਾਰ ਹੈ। ਇਹ ਕਰਜ ਲਾਹਿਆ ਨਹੀਂ ਜਾ ਸਕਦਾ। ਕਿਹਾ ਨਹੀਂ ਜਾ ਸੱਕਦਾ ਕਿ ਜਿਨ੍ਹਾਂ ਅੰਦਰ ਸਿੱਖ ਦੀ ਪੱਗ ਬਾਰੇ ਸੰਵੇਨਸ਼ੀਲਤਾ ਨਹੀਂ, ਸਿੱਖ ਹੋਣ ਭਾਵੇਂ ਗੈਰ ਸਿੱਖ, ਉਨ੍ਹਾਂ ਨੂੰ ਗੁਰਮਤਿ ਦੀ ਕਿੰਨੀ ਕੁ ਜਾਣਕਾਰੀ ਹੈ ਪਰ ਉਨ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਜਰੂਰ ਪੜ੍ਹਿਆ ਹੋਵੇਗਾ।

ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿਚ ਹੋਈ ਲਾਸਾਨੀ ਸ਼ਹਾਦਤ ਤੋਂ ਬਾਅਦ ਗੁਰਿਆਈ ਧਾਰਣ ਕਰਨ ਸਮੇਂ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੱਗੇ ਟੋਪੀ ਤੇ ਸੇਲੀ ਰੱਖੀ ਗਈ, ਆਪ ਨੇ ਕਿਹਾ ਕਿ ਇਨ੍ਹਾਂ ਨੂੰ ਖਜਾਨੇ ਵਿਚ ਰਖ ਦਿੱਤਾ ਜਾਏ। ਗੁਰੂ ਸਾਹਿਬ ਨੇ ਪਹਿਲੇ ਦਿਨ ਹੀ ਪਗੜੀ ਧਾਰਣ ਕੀਤੀ ਤੇ ਉਸ 'ਤੇ ਕਲਗੀ ਸਜਾਈ। 25 ਮਈ ਸੰਨ 1606 ਦਾ ਇਹ ਪਾਵਨ ਦਿਹਾੜਾ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾਗੱਦੀ ਤੇ ਵਿਰਾਜਮਾਨ ਹੋਣ ਦੇ ਨਾਲ ਹੀ ਗੁਰਸਿੱਖੀ ਅੰਦਰ ਪੱਗ ਦੀ ਬਾਕਾਇਦਾ ਮਹੱਤਾ ਕਾਇਮ ਹੋਣ ਦਾ ਦਿਨ ਵੀ ਬਣ ਗਿਆ। ਸਿੱਖ ਇਤਿਹਾਸ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਮਹਿਮਾ ਉਨ੍ਹਾਂ ਦੇ ਪੱਗ ਧਾਰਣ ਕਰਨ ਤੋਂ ਹੀ ਆਰੰਭ ਹੁੰਦੀ ਹੈ। ਉਨ੍ਹਾਂ ਟੋਪੀ ਤੇ ਸੇਲੀ ਧਾਰਣ ਕਰਨ ਤੋਂ ਇਨਕਾਰ ਕਰਦਿਆਂ ਜੋ ਵਚਨ ਕੀਤੇ ਉਹ ਗੁਰੂ ਸਾਹਿਬ ਦੀ ਧਰਮ ਤੇ ਸਮਾਜ ਪ੍ਰਤੀ ਚਿੰਤਾ ਦਰਸਾਉਣ ਵਾਲੇ ਸਨ। ਗੁਰੂ ਸਾਹਿਬ ਦਾ ਪੱਗ ਧਾਰਣ ਕਰਨਾ ਇਸ ਚਿੰਤਾ ਦਾ ਨਿਦਾਨ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਵੀ ਧਾਰਣ ਕੀਤੀਆਂ ਪਰ ਪੱਗ ਪਹਿਲਾਂ ਸਜਾਈ। ਗੁਰੂ ਸਾਹਿਬ ਦੀ ਪੱਗ ਧਰਮ ਤੇ ਕਿਰਤ ਦੀ ਸ਼ਹਿਨਸ਼ਾਹੀ ਦਾ ਪ੍ਰਤੀਕ ਬਣੀ। ਉਨ੍ਹਾਂ ਦੇ ਗੁਰਤਾ ਕਾਲ 'ਚ ਹੀ ਪੱਗ ਗੁਰਸਿੱਖ ਦੀ ਪਛਾਣ ਬਣ ਗਈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਖਾਲਸਾ ਦਾ ਤੇਜਮਈ ਰੂਪ ਹੀ ਸੋਹਣੀ ਦਸਤਾਰ ਤੋਂ ਨਿਖਰਿਆ ਸੀ। ਅੱਜ ਪੱਗ ਸਿੱਖ ਤੇ ਸਿੱਖੀ ਦਾ ਅਭਿੰਨ ਅੰਗ ਬਣ ਚੁਕੀ ਹੈ। ਪਗੜੀ ਪੁਰਾਤਨ ਸਮੇਂ 'ਚ ਰੁਤਬੇ ਤੇ ਹੈਸੀਅਤ ਦਾ ਨਿਸ਼ਾਨ ਸੀ। ਇਲਾਕਿਆਂ ਦੇ ਚੌਧਰੀ ਜਾਂ ਧਨਵਾਨ ਖਾਸ ਮੌਕਿਆਂ 'ਤੇ ਪੱਗ ਬੰਨ੍ਹਿਆ ਕਰਦੇ ਸਨ। ਰਾਜਿਆਂ, ਜਿਮੀਂਦਾਰਾਂ ਨੇ ਵੀ ਆਪਣੀ ਤਾਕਤ ਦਰਸਾਉਣ ਲਈ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ। ਕਈ ਵਿਦਵਾਨ ਪੰਡਤ ਤੇ ਧਰਮੀ ਵੀ ਪੱਗ ਸਜਾਉਂਦੇ ਸਨ। ਇਹ ਰਾਜ ਤੇ ਸਮਾਜ ਦੇ ਆਗੂ ਸਨ ਜੋ ਹਰ ਦ੍ਰਿਸ਼ਟੀ ਨਾਲ ਤਾਕਤਵਰ ਸਨ ਪਰ ਹੰਕਾਰ ਨਾਲ ਭਰੇ ਹੋਏ ਸਨ। ਅਜਿਹੇ ਲੋਕ ਆਪਣੀ ਤਾਕਤ ਦੀ ਵਰਤੋਂ ਆਮ ਲੋਕਾਂ ਨੂੰ ਦਬਾਉਣ, ਡਰਾਉਣ ਤੇ ਦਾਸ ਬਣਾ ਕੇ ਰੱਖਣ 'ਚ ਕਰ ਰਹੇ ਸਨ। ਦਸਮ ਪਿਤਾ ਨੇ ਖਾਲਸਾ ਸਾਜ ਕੇ ਧਰਮ ਤੇ ਸਚ ਲਈ ਡੱਟ ਕੇ ਖੜੇ ਹੋਣ ਵਾਲੀ ਹਰ ਤਾਕਤ ਨੂੰ ਆਪਣੀ ਸੰਤਾਨ ਹੋਣ ਦਾ ਮਾਣ ਬਖਸ਼ਿਆ ਤੇ ਜੁਲਮ, ਜਬਰ ਦੀਆਂ ਤਾਕਤਾਂ ਨੂੰ ਭਾਰੀ ਚੁਨੌਤੀ ਦਿੱਤੀ। ਪੂਰਨ ਸਿੱਖੀ ਸਵਰੂਪ ਵਿਚ ਆ ਕੇ ਹੀ ਸਿੱਖ ਦਸਮ ਪਿਤਾ ਦੀ ਸੰਤਾਨ ਅਤੇ ਸਵਾ ਲੱਖ ਨਾਲ ਜੂਝਣ ਯੋਗ ਬਣਿਆ ਸੀ। ਇੱਕ ਸਮਾਂ ਆਇਆ ਕਿ ਮੁਗਲਾਂ ਨੇ ਸਿਖਾਂ ਦਾ ਵਜੂਦ ਹੀ ਖਤਮ ਕਰਨ ਲਈ ਕਮਰ ਕੱਸ ਲਈ। ਸਿੱਖ ਲੱਭ-ਲੱਭ ਕੇ ਸ਼ਹੀਦ ਕੀਤੇ ਜਾ ਰਹੇ ਸਨ। ਆਪਣੀ ਪੱਗ ਨਾਲ ਉਹ ਦੂਰੋਂ ਹੀ ਪਛਾਣ ਲਏ ਜਾਂਦੇ ਸਨ ਪਰ ਉਨ੍ਹਾਂ ਪੱਗ ਨਹੀਂ ਉਤਾਰੀ। ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਜਦੋਂ ਸ੍ਰੀ ਦਰਬਾਰ ਸਹਿਬ ਦਰਸ਼ਨ ਕਰਨ ਲਈ ਲਾਹੌਰ ਤੋਂ ਅੰਮ੍ਰਿਤਸਰ ਆਏ ਤਾਂ ਪਛਾਣੇ ਜਾਣ ਦਾ ਖਤਰਾ ਸੀ ਪਰ ਫਿਰ ਵੀ ਪੱਗ ਬੰਨ੍ਹ ਕੇ ਆਏ। ਉਨ੍ਹਾਂ ਦੀ ਪੱਗ ਵੇਖ ਕੇ ਹੀ ਮੁਗਲਾਂ ਵਿਚ ਖੁਸਰ-ਮੁਸਰ ਹੋਈ ਕਿ ਇਹ ਤਾਂ ਸਿੱਖ ਹੋ ਹੀ ਨਹੀਂ ਸਕਦੇ, ਸਿੱਖ ਤਾਂ ਖਤਮ ਕੀਤੇ ਜਾ ਚੁਕੇ ਹਨ। ਪੱਗ ਦੀ ਆਣ ਖਾਤਿਰ ਹੀ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨੇ ਤੱਤਕਾਲ ਨਾਕਾ ਲਾ ਦਿੱਤਾ ਤੇ ਆਪਣੀ ਸ਼ਹੀਦੀ ਆਪ ਚੁਣੀ ਸੀ।

ਅੰਗ੍ਰੇਜ ਰਾਜ ਵਿਚ ਸਿੱਖਾਂ ਦੀ ਪੱਗ ਨੇ ਸਰਕਾਰ ਨੂੰ ਵੱਡੀ ਚੁਨੌਤੀ ਦਿੱਤੀ। ਸਰਦਾਰ ਸੋਹਣ ਸਿੰਘ ਜੋਸ਼ ਨੇ ਆਪਣੀ ਕਿਤਾਬ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਲਿਖਿਆ ਹੈ ਕਿ ਕਾਲੀ ਪਗੜੀ ਬੰਨ੍ਹਣਾ ਜੁਰਮ ਬਣ ਗਿਆ ਸੀ। ਅੰਗਰੇਜ ਸਰਕਾਰ ਜਿਉਂ ਜਿਉਂ ਕਾਲੀ ਪੱਗ ਬੰਨ੍ਹਣ 'ਤੇ ਸਖਤੀ ਕਰਦੀ, ਤਿਉਂ ਤਿਉਂ ਪਿੰਡਾਂ ਦੇ ਪਿੰਡ ਕਾਲੀ ਪੱਗ ਬੰਨ੍ਹਦੇ ਜਾਂਦੇ। ਪਿੰਡਾਂ ਅੰਦਰ ਵੱਡੀਆਂ ਵੱਡੀਆਂ ਤੇਗਾਂ 'ਚ ਕਾਲਾ ਰੰਗ ਪਾ ਕੇ ਉਬਾਲਿਆ ਜਾਂਦਾ ਤੇ ਸਾਰੇ ਪਿੰਡ ਦੇ ਸਿੱਖਾਂ ਦੀਆਂ ਪੱਗਾਂ ਰੰਗੀਆਂ ਜਾਂਦੀਆਂ ਸਨ। ਦਰਅਸਲ ਉਸ ਵੇਲੇ ਅਕਾਲੀ ਮੋਰਚਿਆਂ 'ਚ ਸ਼ਾਮਲ ਹੋਣ ਵਾਲੇ ਸਿੱਖ ਖਾਸ ਤੌਰ 'ਤੇ ਕਾਲੀ ਪੱਗ ਬੰਨ੍ਹ ਕੇ ਜਾਂਦੇ ਸਨ। ਕਾਲੀ ਪੱਗ ਸਿੱਖਾਂ ਦੀ ਅੰਗਰੇਜ ਸਰਾਕਰ ਦੇ ਖਿਲਾਫ਼ ਇਕਜੁਟਤਾ ਦਾ ਪ੍ਰਤੀਕ ਬਣ ਗਈ ਸੀ।

ਆਪਣੀ ਪੱਗ ਲਈ ਸਿੱਖਾਂ ਨੇ ਵੱਡੀ ਤਦਾਦ 'ਚ ਆਪਣੀਆਂ ਜਾਨਾਂ ਵੀ ਗੁਵਾਈਆਂ। ਨਵੰਬਰ ਚੁਰਾਸੀ ਵਿਚ ਸਿੱਖਾਂ ਦੀ ਨਸਲਕੁਸ਼ੀ ਲਈ ਸੜਕਾਂ 'ਤੇ ਨਿਕਲ ਆਈ ਭੀੜ ਪੱਗਾਂ ਲਭਦੀ ਫਿਰ ਰਹੀ ਸੀ। ਹਜਾਰਾਂ ਸਿੱਖਾਂ ਦੀ ਜਾਨ ਇਸ ਕਰ ਕੇ ਚਲੀ ਗਈ ਕਿ ਉਨ੍ਹਾਂ ਨੇ ਪੱਗ ਬੰਨੀ ਹੋਈ ਸੀ। 15-20 ਦਿਨ ਤੱਕ ਸੜਕਾਂ 'ਤੇ ਸਿੱਖ ਨਜ਼ਰ ਨਹੀਂ ਆਏ ਕਿਉਂਕਿ ਪੱਗ ਉਨ੍ਹਾਂ ਦੀ ਪਛਾਣ ਸੀ ਤੇ ਇਸ ਕਾਰਨ ਉਹ ਦੰਗਈਆਂ ਦਾ ਨਿਸ਼ਾਨਾ ਆਸਾਨੀ ਨਾਲ ਬਣ ਸਕਦੇ ਸਨ। ਇਸ ਤੋਂ ਪਹਿਲਾਂ ਇਕ ਲੰਬਾ ਦੌਰ ਇਹ ਵੀ ਗੁਜਰਿਆ ਕਿ ਜਦੋਂ ਪੰਜਾਬ ਅੰਦਰ ਅਤਿਵਾਦ ਸਰਗਰਮ ਸੀ। ਉਸ ਸਮੇਂ ਪੰਜਾਬ ਤੋਂ ਬਾਹਰ ਕਿਸੇ ਵੀ ਜਨਤਕ ਥਾਂ 'ਤੇ ਵੀ ਕੋਈ ਪੱਗ ਬੰਨ੍ਹਿਆ ਸਿੱਖ ਵਿਖਾਈ ਦੇ ਜਾਂਦਾ, ਸ਼ਰਾਰਤੀ ਅਨਸਰ ਉਗਰਵਾਦੀ ਕਹਿ ਕੇ ਤਾਹਨੇ ਮਾਰਦੇ ਸਨ। ਪੱਗ ਕਾਰਣ ਸਿੱਖਾਂ ਦੀ ਜਾਣ 'ਤੇ ਬਣ ਆਈ ਪਰ ਉਨ੍ਹਾਂ ਸਿੱਖਾਂ ਦੀ ਬਹਾਦਰੀ ਨੂੰ ਸਲਾਮ ਹੈ, ਜਿਨ੍ਹਾਂ ਅਤਿ ਕਠਨ ਸਮੇਂ ਵਿਚ ਵੀ ਸਿੱਖੀ ਕੇਸਾਂ, ਸੁਆਸਾਂ ਨਾਲ ਨਿਬਾਹੀ ਤੇ ਪੱਗ ਦੀ ਸ਼ਾਨ ਬਣਾਈ ਰੱਖੀ। ਭਾਰਤ ਦੇ ਜਿਨ੍ਹਾਂ ਸ਼ਹਿਰਾਂ ਵਿਚ ਪੱਗ ਨਾਲ ਪਛਾਣ ਕੇ ਸਿੱਖਾਂ ਦੇ ਕਤਲ ਕੀਤੇ ਗਏ, ਉਥੇ ਅੱਜ ਵੀ ਪੱਗ ਸਜਾਈ ਸਿੱਖ ਚੜ੍ਹਦੀਕਲਾ ਵਿਚ ਨਜ਼ਰ ਆਉਂਦੇ ਹਨ।

ਬ੍ਰਿਟੇਨ ਅੰਦਰ ਇੱਕ ਸਿੱਖ ਦੀ ਪੱਗ 'ਤੇ ਹੱਥ ਪਾਉਣ ਦਾ ਯਤਨ ਕੀਤਾ ਗਿਆ ਤਾਂ ਪਾਰਲੀਮੈਂਟ ਦੇ ਸਾਰੇ ਮੈਂਬਰ ਵਿਰੋਧ 'ਚ ਖੜ੍ਹੇ ਹੋ ਗਏ ਤੇ ਆਪ ਵੀ ਪੱਗ ਬੰਨ੍ਹ ਕੇ ਪਾਰਲੀਮੈਂਟ ਵਿਚ ਆਏ ਸਨ। ਪੱਗ ਲਈ ਇਹ ਭਾਵਨਾ, ਸੰਵੇਨਸ਼ੀਲਤਾ, ਸਤਿਕਾਰ ਸਿੱਖ ਕੌਮ ਆਪ ਧਾਰਨ ਕਰੇ ਤੇ ਹੋਰਨਾਂ ਨੂੰ ਵੀ ਅਹਿਸਾਸ ਕਰਾਏ।

---

*(ਪਿਛਲੇ ਸਫੇ ਦਾ ਬਾਕੀ)*

ਕਰਦੇ ਹਨ।

ਹਾਲਾਂਕਿ ਡਾਟਾ ਦੀ ਵਰਤੋਂ ਹਮੇਸ਼ਾਂ ਨਕਾਰਾਤਮਕ ਨਹੀਂ ਹੁੰਦੀ। ਅਸਲ ਵਿਚ ਡਾਟਾ ਨੇ ਸਾਡੀ ਜ਼ਿੰਦਗੀ ਨੂੰ ਕਈ ਤਰੀਕਿਆਂ ਨਾਲ ਆਸਾਨ ਅਤੇ ਸੁਵਿਧਾਜਨਕ ਬਣਾਇਆ ਹੈ। ਜਦੋਂ ਅਸੀਂ ਕਿਸੇ ਈ-ਕਾਮਰਸ ਵੈੱਬਸਾਈਟ ਤੋਂ ਖਰੀਦਦਾਰੀ ਕਰਦੇ ਹਾਂ ਤਾਂ ਉਹ ਸਾਡੇ ਪਿਛਲੇ ਰਿਕਾਰਡ ਦੇ ਆਧਾਰ 'ਤੇ ਸਾਨੂੰ ਉਹ ਉਤਪਾਦ ਸੁਝਾਉਂਦੀ ਹੈ, ਜਿਨ੍ਹਾਂ ਵਿਚ ਸਾਡੀ ਦਿਲਚਸਪੀ ਹੋ ਸਕਦੀ ਹੈ। ਵੀਡੀਓ ਅਤੇ ਮਨੋਰੰਜਨ ਪਲੇਟਫਾਰਮ ਸਾਡੀਆਂ ਪਸੰਦਾਂ ਦੇ ਅਨੁਸਾਰ ਫ਼ਿਲਮਾਂ ਅਤੇ ਪ੍ਰੋਗਰਾਮਾਂ ਦੀ ਸਿਫ਼ਾਰਸ਼ ਕਰਦੇ ਹਨ। ਗੂਗਲ ਮੈਪ ਵਰਗੀਆਂ ਸੇਵਾਵਾਂ ਟ੍ਰੈਫਿਕ ਸੰਬੰਧੀ ਰੀਅਲ-ਟਾਈਮ ਡਾਟਾ ਦੀ ਵਰਤੋਂ ਕਰਕੇ ਸਾਨੂੰ ਘੱਟ ਭੀੜ ਵਾਲੇ ਰਸਤੇ ਦੱਸਦੀਆਂ ਹਨ। ਸਿਹਤ ਖੇਤਰ ਵਿਚ ਡਾਟਾ ਦੀ ਮਦਦ ਨਾਲ ਡਾਕਟਰ ਮਰੀਜ਼ਾਂ ਦੀ ਦੂਰੋਂ ਨਿਗਰਾਨੀ ਕਰ ਸਕਦੇ ਹਨ ਅਤੇ ਬਿਹਤਰ ਇਲਾਜ ਯੋਜਨਾਵਾਂ ਤਿਆਰ ਕਰ ਸਕਦੇ ਹਨ। ਸਿੱਖਿਆ ਦੇ ਖੇਤਰ ਵਿਚ ਆਨਲਾਈਨ ਪਲੇਟਫਾਰਮ ਵਿਦਿਆਰਥੀਆਂ ਦੀ ਪ੍ਰਗਤੀ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਲਈ ਵਿਅਕਤੀਗਤ ਸਿੱਖਣ ਦੇ ਮੌਕੇ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਜ਼ਿੰਮੇਵਾਰੀ ਨਾਲ ਵਰਤਿਆ ਗਿਆ ਡਾਟਾ ਸਾਡੀ ਜ਼ਿੰਦਗੀ ਨੂੰ ਵਧੇਰੇ ਕੁਸ਼ਲ, ਤੇਜ਼ ਅਤੇ ਸੁਵਿਧਾਜਨਕ ਬਣਾ ਸਕਦਾ ਹੈ।

ਪਰ ਜਿਸ ਡਾਟਾ ਨਾਲ ਸਾਨੂੰ ਸੁਵਿਧਾਵਾਂ ਮਿਲਦੀਆਂ ਹਨ, ਉਹੀ ਡਾਟਾ ਕਈ ਵਾਰ ਗੰਭੀਰ ਖ਼ਤਰਿਆਂ ਦਾ ਕਾਰਨ ਵੀ ਬਣ ਸਕਦਾ ਹੈ। ਸਭ ਤੋਂ ਵੱਡੀ ਸਮੱਸਿਆ ਡਾਟਾ ਲੀਕ ਜਾਂ ਡਾਟਾ ਬ੍ਰੀਚ ਦੀ ਹੈ। ਜਦੋਂ ਹੈਕਰ ਜਾਂ ਅਣਅਧਿਕਾਰਤ ਵਿਅਕਤੀ ਕਿਸੇ ਸੰਸਥਾ ਦੇ ਡਾਟਾਬੇਸ ਤੱਕ ਪਹੁੰਚ ਪ੍ਰਾਪਤ ਕਰ ਲੈਂਦੇ ਹਨ ਤਾਂ ਲੱਖਾਂ ਲੋਕਾਂ ਦੀ ਨਿੱਜੀ ਜਾਣਕਾਰੀ ਖ਼ਤਰੇ ਵਿਚ ਪੈ ਜਾਂਦੀ ਹੈ। ਇਸ ਵਿਚ ਬੈਂਕ ਖਾਤਿਆਂ ਦੇ ਵੇਰਵੇ, ਪਾਸਵਰਡ, ਪਛਾਣ ਪੱਤਰਾਂ ਦੀ ਜਾਣਕਾਰੀ ਅਤੇ ਹੋਰ ਸੰਵੇਦਨਸ਼ੀਲ ਡਾਟਾ ਸ਼ਾਮਲ ਹੋ ਸਕਦਾ ਹੈ। ਅਜਿਹੀਆਂ ਘਟਨਾਵਾਂ ਕਾਰਨ ਲੋਕਾਂ ਨੂੰ ਆਰਥਿਕ ਨੁਕਸਾਨ, ਪਛਾਣ ਚੋਰੀ ਅਤੇ ਮਾਨਸਿਕ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿਚ ਵੀ ਕਈ ਵਾਰ ਐਪਲੀਕੇਸ਼ਨਾਂ ਅਤੇ ਆਨਲਾਈਨ ਸੇਵਾਵਾਂ ਨਾਲ ਜੁੜੇ ਡਾਟਾ ਲੀਕ ਦੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਨੇ ਡਿਜੀਟਲ ਸੁਰੱਖਿਆ ਨੂੰ ਲੈ ਕੇ ਚਿੰਤਾ ਵਧਾਈ ਹੈ।

ਡਾਟਾ ਦੀ ਦੁਰਵਰਤੋਂ ਦਾ ਇੱਕ ਹੋਰ ਵੱਡਾ ਰੂਪ ਆਨਲਾਈਨ ਧੋਖਾਧੜੀ ਹੈ। ਸਾਈਬਰ ਅਪਰਾਧੀ ਚੋਰੀ ਕੀਤੇ ਜਾਂ ਜਨਤਕ ਤੌਰ 'ਤੇ ਉਪਲਬਧ ਡਾਟਾ ਦੀ ਵਰਤੋਂ ਕਰਕੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਫ਼ਿਸ਼ਿੰਗ ਈ-ਮੇਲਾਂ, ਜਾਅਲੀ ਫੋਨ ਕਾਲਾਂ ਅਤੇ ਧੋਖੇਬਾਜ਼ ਸੁਨੇਹਿਆਂ ਰਾਹੀਂ ਲੋਕਾਂ ਤੋਂ ਓਟੀਪੀ, ਪਾਸਵਰਡ ਜਾਂ ਬੈਂਕ ਵੇਰਵੇ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਕਸਰ ਲੋਕਾਂ ਨੂੰ ਬੈਂਕ ਅਧਿਕਾਰੀ ਬਣ ਕੇ ਫੋਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਖਾਤਾ ਬੰਦ ਹੋਣ ਜਾਂ ਕੇਵਾਈਸੀ ਅੱਪਡੇਟ ਕਰਨ ਦੇ ਨਾਂ 'ਤੇ ਠੱਗਿਆ ਜਾਂਦਾ ਹੈ। ਇੱਕ ਵਾਰ ਜੇਕਰ ਕੋਈ ਵਿਅਕਤੀ ਆਪਣੀ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਦੇਵੇ ਤਾਂ ਉਸ ਦੇ ਬੈਂਕ ਖਾਤੇ ਵਿਚੋਂ ਪੈਸੇ ਕੱਢੇ ਜਾ ਸਕਦੇ ਹਨ। ਇਸੇ ਲਈ ਭਾਰਤੀ ਰਿਜ਼ਰਵ ਬੈਂਕ ਵੱਲੋਂ ਸਮੇਂ-ਸਮੇਂ 'ਤੇ ਲੋਕਾਂ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਓਟੀਪੀ, ਪਿੰਨ ਅਤੇ ਪਾਸਵਰਡ ਕਦੇ ਵੀ ਕਿਸੇ ਨਾਲ ਸਾਂਝੇ ਨਾ ਕੀਤੇ ਜਾਣ।

ਡਾਟਾ ਦੀ ਦੁਰਵਰਤੋਂ ਦਾ ਇੱਕ ਹੋਰ ਸੁਖਮ ਪਰ ਪ੍ਰਭਾਵਸ਼ਾਲੀ ਤਰੀਕਾ ਪ੍ਰੋਫਾਈਲਿੰਗ ਅਤੇ ਨਿਸ਼ਾਨਾ-ਬੱਧ ਪ੍ਰਭਾਵ ਪੈਦਾ ਕਰਨਾ ਹੈ। ਕੰਪਨੀਆਂ ਅਤੇ ਹੋਰ ਸੰਸਥਾਵਾਂ ਲੋਕਾਂ ਦੇ ਵਿਹਾਰ ਦਾ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੀਆਂ ਪਸੰਦਾਂ ਅਤੇ ਸੋਚ ਨੂੰ ਸਮਝਦੀਆਂ ਹਨ। ਇਸ ਆਧਾਰ 'ਤੇ ਉਨ੍ਹਾਂ ਨੂੰ ਖ਼ਾਸ ਵਿਗਿਆਪਨ, ਸਮੱਗਰੀ ਜਾਂ ਸੁਨੇਹੇ ਦਿਖਾਏ ਜਾਂਦੇ ਹਨ। ਕਈ ਵਾਰ ਇਹ ਪ੍ਰਕਿਰਿਆ ਇੰਨੀ ਪ੍ਰਭਾਵਸ਼ਾਲੀ ਹੁੰਦੀ ਹੈ ਕਿ ਲੋਕਾਂ ਦੇ ਫ਼ੈਸਲੇ ਅਤੇ ਵਿਚਾਰ ਵੀ ਪ੍ਰਭਾਵਿਤ ਹੋ ਸਕਦੇ ਹਨ। ਵਿਸ਼ਵ ਪੱਧਰ 'ਤੇ ਕੁਝ ਅਜਿਹੇ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਡਾਟਾ ਦੀ ਵਰਤੋਂ ਰਾਜਨੀਤਿਕ ਮੁਹਿੰਮਾਂ ਅਤੇ ਜਨਮਤ ਨੂੰ ਪ੍ਰਭਾਵਿਤ ਕਰਨ ਲਈ ਕੀਤੀ ਗਈ। ਇਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਡਾਟਾ ਦਾ ਮੁੱਦਾ ਸਿਰਫ਼ ਤਕਨੀਕੀ ਨਹੀਂ, ਸਗੋਂ ਸਮਾਜਿਕ, ਨੈਤਿਕ ਅਤੇ ਲੋਕਤੰਤਰੀ ਮੁੱਲਾਂ ਨਾਲ ਵੀ ਜੁੜਿਆ ਹੋਇਆ ਹੈ।

ਇਨ੍ਹਾਂ ਚੁਣੌਤੀਆਂ ਨੂੰ ਦੇਖਦੇ ਹੋਏ ਡਾਟਾ ਗੋਪਨੀਯਤਾ ਅਤੇ ਡਿਜੀਟਲ ਜਾਗਰੂਕਤਾ ਦੀ ਮਹੱਤਤਾ ਬਹੁਤ ਵੱਧ ਜਾਂਦੀ ਹੈ। ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਸ ਦਾ ਡਾਟਾ ਵੀ ਉਸ ਦੀ ਸੰਪਤੀ ਵਾਂਗ ਕੀਮਤੀ ਹੈ। ਜਿਸ ਤਰ੍ਹਾਂ ਅਸੀਂ ਆਪਣੇ ਪੈਸੇ, ਘਰ ਅਤੇ ਹੋਰ ਸੰਪਤੀ ਦੀ ਰੱਖਿਆ ਕਰਦੇ ਹਾਂ, ਉਸੇ ਤਰ੍ਹਾਂ ਆਪਣੀ ਡਿਜੀਟਲ ਜਾਣਕਾਰੀ ਦੀ ਸੁਰੱਖਿਆ ਵੀ ਜ਼ਰੂਰੀ ਹੈ। ਇਹ ਜਾਣਨਾ ਕਿ ਸਾਡਾ ਡਾਟਾ ਕਿਵੇਂ ਇਕੱਠਾ ਕੀਤਾ ਜਾਂਦਾ ਹੈ ਅਤੇ ਕਿਵੇਂ ਵਰਤਿਆ ਜਾਂਦਾ ਹੈ, ਸੁਰੱਖਿਆ ਵੱਲ ਪਹਿਲਾ ਕਦਮ ਹੈ। ਐਪਲੀਕੇਸ਼ਨਾਂ ਦੀਆਂ ਆਗਿਆਵਾਂ ਨੂੰ ਧਿਆਨ ਨਾਲ ਪੜ੍ਹਨਾ, ਸ਼ੱਕੀ ਲਿੰਕਾਂ ਤੋਂ ਬਚਣਾ ਅਤੇ ਮਜ਼ਬੂਤ ਪਾਸਵਰਡ ਵਰਤਣਾ ਬਹੁਤ ਮਹੱਤਵਪੂਰਨ ਹੈ। ਅੱਜ ਦੇ ਸਮੇਂ ਵਿਚ ਡਿਜੀਟਲ ਸਾਖਰਤਾ ਵੀ ਪੜ੍ਹਨ-ਲਿਖਣ ਜਿੰਨੀ ਜ਼ਰੂਰੀ ਜੀਵਨ ਕਲਾ ਬਣਦੀ ਜਾ ਰਹੀ ਹੈ।

ਭਾਰਤ ਵਿਚ ਡਾਟਾ ਗੋਪਨੀਯਤਾ ਦੀ ਰੱਖਿਆ ਲਈ ਸਰਕਾਰ ਨੇ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਡਿਜੀਟਲ ਪਰਸਨਲ ਡਾਟਾ ਪ੍ਰੋਟੈਕਸ਼ਨ ਐਕਟ 2023 ਇਸ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਾਨੂੰਨ ਹੈ। ਇਸ ਕਾਨੂੰਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਸੰਸਥਾ ਵੱਲੋਂ ਵਿਅਕਤੀਗਤ ਡਾਟਾ ਇਕੱਠਾ ਕਰਨ ਤੋਂ ਪਹਿਲਾਂ ਸਪੱਸ਼ਟ ਸਹਿਮਤੀ ਪ੍ਰਾਪਤ ਕੀਤੀ ਜਾਵੇ। ਇਹ ਕਾਨੂੰਨ ਨਾਗਰਿਕਾਂ ਨੂੰ ਇਹ ਜਾਣਨ ਦਾ ਅਧਿਕਾਰ ਵੀ ਦਿੰਦਾ ਹੈ ਕਿ ਉਨ੍ਹਾਂ ਦਾ ਡਾਟਾ ਕਿਵੇਂ ਵਰਤਿਆ ਜਾ ਰਿਹਾ ਹੈ ਅਤੇ ਲੋੜ ਪੈਣ 'ਤੇ ਉਸ ਨੂੰ ਮਿਟਾਉਣ ਦੀ ਮੰਗ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸੂਚਨਾ ਤਕਨਾਲੋਜੀ ਕਾਨੂੰਨ ਅਤੇ ਇਸ ਨਾਲ ਜੁੜੇ ਨਿਯਮ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਕਾਨੂੰਨੀ ਢਾਂਚਾ ਪ੍ਰਦਾਨ ਕਰਦੇ ਹਨ। ਹਾਲਾਂਕਿ ਕਾਨੂੰਨਾਂ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਨ੍ਹਾਂ ਨੂੰ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ ਅਤੇ ਲੋਕਾਂ ਵਿਚ ਕਿੰਨੀ ਜਾਗਰੂਕਤਾ ਹੈ।

ਆਮ ਲੋਕਾਂ ਲਈ ਆਪਣਾ ਡਾਟਾ ਸੁਰੱਖਿਅਤ ਰੱਖਣਾ ਕੋਈ ਬਹੁਤ ਮੁਸ਼ਕਲ ਕੰਮ ਨਹੀਂ ਹੈ। ਕੁਝ ਸਧਾਰਨ ਸਾਵਧਾਨੀਆਂ ਅਪਣਾ ਕੇ ਖ਼ਤਰਿਆਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ। ਹਰ ਖਾਤੇ ਲਈ ਵੱਖਰਾ ਅਤੇ ਮਜ਼ਬੂਤ ਪਾਸਵਰਡ ਰੱਖਣਾ, ਦੋ-ਪੜਾਅ ਪ੍ਰਮਾਣਿਕਤਾ ਦੀ ਵਰਤੋਂ ਕਰਨਾ, ਸਮੇਂ-ਸਮੇਂ 'ਤੇ ਸਾਫਟਵੇਅਰ ਅੱਪਡੇਟ ਕਰਨਾ ਅਤੇ ਜਨਤਕ ਵਾਈ-ਫਾਈ 'ਤੇ ਸੰਵੇਦਨਸ਼ੀਲ ਲੈਣ-ਦੇਣ ਤੋਂ ਬਚਣਾ ਬਹੁਤ ਲਾਭਕਾਰੀ ਕਦਮ ਹਨ। ਸੋਸ਼ਲ ਮੀਡੀਆ 'ਤੇ ਬਹੁਤ ਜ਼ਿਆਦਾ ਨਿੱਜੀ ਜਾਣਕਾਰੀ ਸਾਂਝੀ ਕਰਨ ਤੋਂ ਵੀ ਬਚਣਾ ਚਾਹੀਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਵੀ ਲਿੰਕ, ਸੁਨੇਹੇ ਜਾਂ ਡਾਊਨਲੋਡ 'ਤੇ ਕਲਿੱਕ ਕਰਨ ਤੋਂ ਪਹਿਲਾਂ ਇੱਕ ਵਾਰ ਸੋਚਿਆ ਜਾਵੇ।

ਵਿਆਪਕ ਪੱਧਰ 'ਤੇ ਕੰਪਨੀਆਂ ਅਤੇ ਸੰਸਥਾਵਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਪਭੋਗਤਾਵਾਂ ਦੇ ਡਾਟਾ ਨਾਲ ਨੈਤਿਕ ਅਤੇ ਪਾਰਦਰਸ਼ੀ ਵਿਹਾਰ ਕਰਨ। ਸੁਰੱਖਿਅਤ ਡਾਟਾ ਸਟੋਰੇਜ, ਸਪੱਸ਼ਟ ਨੀਤੀਆਂ ਅਤੇ ਡਾਟਾ ਲੀਕ ਦੀ ਸਥਿਤੀ ਵਿਚ ਜਵਾਬਦੇਹੀ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਜ਼ਰੂਰੀ ਹਨ। ਇਸੇ ਤਰ੍ਹਾਂ ਸਿੱਖਿਆ ਸੰਸਥਾਵਾਂ ਅਤੇ ਨੀਤੀ-ਨਿਰਮਾਤਾਵਾਂ ਨੂੰ ਮਿਲ ਕੇ ਵਿਦਿਆਰਥੀਆਂ, ਨੌਜਵਾਨਾਂ ਅਤੇ ਸੀਨੀਅਰ ਨਾਗਰਿਕਾਂ ਵਿਚ ਡਿਜੀਟਲ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਤਾਂ ਜੋ ਉਹ ਆਨਲਾਈਨ ਖ਼ਤਰਿਆਂ ਤੋਂ ਆਪਣੇ ਆਪ ਨੂੰ ਬਚਾ ਸਕਣ।

# ਬੇਅਦਬੀ ਕਾਨੂੰਨ: ਤਸਵੀਰ ਦਾ ਦੂਜਾ ਪਾਸਾ

***ਇਸ ਸਾਰੇ ਮਾਮਲੇ ਨੂੰ ਸਿਰਫ਼ ਇੱਕ ਪਾਰਟੀ, ਇੱਕ ਸੰਸਥਾ ਜਾਂ ਇੱਕ ਵਿਅਕਤੀ ਦੀ ਗ਼ਲਤੀ ਮੰਨ ਕੇ ਨਹੀਂ ਦੇਖਿਆ ਜਾ ਸਕਦਾ। ਹਕੀਕਤ ਇਹ ਹੈ ਕਿ ਇਸ ਵਿਚ ਰਾਜਨੀਤਕ ਦੂਰਅੰਦੇਸ਼ੀ ਦੀ ਘਾਟ, ਧਾਰਮਿਕ ਸੰਵੇਦਨਸ਼ੀਲਤਾ ਅਤੇ ਸੰਵਿਧਾਨਕ ਪ੍ਰਕਿਰਿਆ—ਤਿੰਨੇ ਤੱਤ ਇੱਕੋ ਸਮੇਂ ਮੌਜੂਦ ਸਨ। ਜਦੋਂ ਤੱਕ ਇਨ੍ਹਾਂ ਤਿੰਨਾਂ ਨੂੰ ਇਕੱਠੇ ਨਹੀਂ ਦੇਖਿਆ ਜਾਂਦਾ, ਉਦੋਂ ਤੱਕ ਇਸ ਵਿਵਾਦ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਆ ਸਕਦੀ। ਇਸ ਪੂਰੇ ਵਿਵਾਦ ਨੂੰ ਜੇ ਇੱਕ ਵੱਡੀ ਤਸਵੀਰ ਵਾਂਗ ਦੇਖਿਆ ਜਾਵੇ ਤਾਂ ਇਹ ਸਿਰਫ਼ ਇੱਕ ਕਾਨੂੰਨ ਜਾਂ ਇੱਕ ਘਟਨਾ ਦਾ ਮਾਮਲਾ ਨਹੀਂ ਰਹਿੰਦਾ, ਸਗੋਂ ਇਹ ਪੰਜਾਬ ਦੀ ਰਾਜਨੀਤੀ, ਧਾਰਮਿਕ ਸੰਸਥਾਵਾਂ ਦੀ ਭੂਮਿਕਾ ਅਤੇ ਲੋਕਤੰਤਰਕ ਪ੍ਰਣਾਲੀ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਸਵਾਲ ਬਣ ਜਾਂਦਾ ਹੈ।***

ਪੰਜਾਬ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਅਤੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਇੱਕ ਅਣਚਾਹਿਆ ਟਕਰਾਅ ਪੈਦਾ ਹੋ ਗਿਆ। ਇਸ ਸਥਿਤੀ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਸਾਰੇ ਸਿੱਖ ਵਿਧਾਇਕਾਂ ਅਤੇ ਪੰਜਾਬ ਸਰਕਾਰ ਦੇ ਸਿੱਖ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ। ਸਾਰੇ ਸੱਦੇ ਗਏ ਨੁਮਾਇੰਦੇ ਉੱਥੇ ਹਾਜ਼ਰ ਹੋਏ। ਇਸ ਕਾਰਵਾਈ ਦਾ ਸਿੱਧਾ ਪ੍ਰਸਾਰਣ ਵੀ ਹੋਇਆ ਅਤੇ ਅਗਲੇ ਦਿਨ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਨੂੰ ਪ੍ਰਮੁੱਖਤਾ ਨਾਲ ਉਭਾਰਿਆ।

ਇਸ ਘਟਨਾ ਬਾਰੇ ਦੇਸ਼ ਭਰ ਵਿਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ। ਕੁਝ ਰਾਸ਼ਟਰੀ ਟੈਲੀਵਿਜ਼ਨ ਚੈਨਲਾਂ ਨੇ ਇਹ ਸਵਾਲ ਉਠਾਇਆ ਕਿ ਕੀ ਕੋਈ ਧਾਰਮਿਕ ਸੰਸਥਾ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਬਣਾਏ ਕਾਨੂੰਨ ਵਿਚ ਸੋਧ ਕਰਨ ਜਾਂ ਉਸ ਨੂੰ ਵਾਪਸ ਲੈਣ ਲਈ ਦਬਾਅ ਬਣਾ ਸਕਦੀ ਹੈ? ਇਹ ਵੀ ਦਲੀਲ ਦਿੱਤੀ ਗਈ ਕਿ ਜੇ ਇਸ ਨੂੰ ਸਵੀਕਾਰ ਕਰ ਲਿਆ ਗਿਆ ਤਾਂ ਭਵਿੱਖ ਵਿਚ ਹੋਰ ਧਰਮਾਂ ਦੀਆਂ ਧਾਰਮਿਕ ਸੰਸਥਾਵਾਂ ਵੀ ਆਪਣੇ-ਆਪਣੇ



ਰਵਿੰਦਰ ਸਿੰਘ ਸੋਢੀ, ਕੈਨੇਡਾ

ਧਾਰਮਿਕ ਮਾਮਲਿਆਂ ਨਾਲ ਸੰਬੰਧਿਤ ਕਾਨੂੰਨਾਂ ਵਿਚ ਦਖ਼ਲ ਦੇਣ ਦਾ ਦਾਅਵਾ ਕਰ ਸਕਦੀਆਂ ਹਨ।

ਪਹਿਲੀ ਨਜ਼ਰ ਵਿਚ ਇਹ ਦਲੀਲ ਕਾਨੂੰਨੀ ਅਤੇ ਸੰਵਿਧਾਨਕ ਦ੍ਰਿਸ਼ਟੀ ਤੋਂ ਵਾਜਬ ਜਾਪ ਸਕਦੀ ਹੈ। ਪਰ ਕਿਸੇ ਵੀ ਘਟਨਾ ਨੂੰ ਉਸਦੇ ਇਤਿਹਾਸਕ ਅਤੇ ਸਮਾਜਿਕ ਸੰਦਰਭ ਤੋਂ ਵੱਖ ਕਰਕੇ ਨਹੀਂ ਸਮਝਿਆ ਜਾ ਸਕਦਾ। ਸਿੱਖ ਇਤਿਹਾਸ ਵਿਚ ਧਾਰਮਿਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਦਾ ਸਵਾਲ ਨਵਾਂ ਨਹੀਂ ਹੈ; ਇਸ ਦੀਆਂ ਜੜ੍ਹਾਂ ਕਾਫ਼ੀ ਪੁਰਾਣੀਆਂ ਹਨ। ਮੌਜੂਦਾ ਵਿਵਾਦ ਨੂੰ ਸਮਝਣ ਲਈ 1959 ਦੇ ਉਸ ਘਟਨਾਕ੍ਰਮ ਵੱਲ ਮੁੜਨਾ ਪਵੇਗਾ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਇੱਕ ਵਿਵਾਦ ਨੂੰ ਲੈ ਕੇ ਮਾਸਟਰ ਤਾਰਾ ਸਿੰਘ ਅਤੇ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਹੋਈ ਸੀ।

1959 ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਕੁਝ ਸੋਧਾਂ ਕਰਨ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲ ਵਜੋਂ ਦੇਖਿਆ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਅੰਦੋਲਨ ਸ਼ੁਰੂ ਹੋ ਗਿਆ। ਸਥਿਤੀ ਤਣਾਅਪੂਰਨ ਹੋਣ 'ਤੇ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਬਾਅਦ ਵਿਚ ਪੰਡਿਤ ਨਹਿਰੂ ਨੇ ਉਨ੍ਹਾਂ ਨੂੰ ਦਿੱਲੀ ਸੱਦ ਕੇ ਗੱਲਬਾਤ ਕੀਤੀ। ਇਸ ਗੱਲਬਾਤ ਤੋਂ ਬਾਅਦ ਇੱਕ ਸਮਝ ਬਣੀ ਕਿ ਐਸ.ਜੀ.ਪੀ.ਸੀ. ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਇਕ ਅਜਿਹੀ ਸੰਸਥਾ ਹੈ ਜੋ ਅੰਗ੍ਰੇਜ਼ੀ ਹਕੂਮਤ ਸਮੇਂ 1925 ਵਿਚ ਕਾਨੂੰਨ ਅਨੁਸਾਰ ਹੋਂਦ ਵਿਚ ਆਈ ਸੀ। ਸਿੱਖਾਂ ਦੇ ਧਾਰਮਿਕ ਮਸਲਿਆਂ ਸੰਬੰਧੀ ਫੈਸਲੇ ਲੈਣ ਦੇ ਪੂਰੇ ਅਧਿਕਾਰ ਹਨ। ਇਸ ਪੱਖ 'ਤੇ ਸਹਿਮਤ ਹੁੰਦੇ ਹੋਏ ਪੰਡਿਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਯਕੀਨ ਦਿਵਾਇਆ ਕਿ ਕੇਂਦਰ ਸਰਕਾਰ ਜਾਂ ਪੰਜਾਬ ਸਰਕਾਰ ਐਸ.ਜੀ.ਪੀ.ਸੀ. ਦੀ ਸਹਿਮਤੀ ਬਿਨਾਂ ਕੋਈ ਕਾਨੂੰਨ ਨਹੀਂ ਬਣਾਏਗੀ। ਇਸ ਆਧਾਰ 'ਤੇ ਅੰਦੋਲਨ ਵਾਪਸ ਲੈ ਲਿਆ ਗਿਆ। ਇਸ ਘਟਨਾਕ੍ਰਮ ਤੋਂ ਬਾਅਦ ਇਹ ਪਰੰਪਰਾ ਹੋਰ ਮਜ਼ਬੂਤ ਹੋਈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਰਕਾਰ ਨੂੰ ਬੇਲੋੜੀ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਇਤਿਹਾਸਕ ਪਿਛੋਕੜ ਨੂੰ ਨਜ਼ਰਅੰਦਾਜ਼ ਕਰਕੇ ਅੱਜ ਦੇ ਵਿਵਾਦ ਨੂੰ ਸਮਝਣਾ ਅਧੂਰੀ ਤਸਵੀਰ ਦੇਖਣ ਦੇ ਬਰਾਬਰ ਹੈ।

ਇਹ ਅਫ਼ਸੋਸ ਦੀ ਗੱਲ ਹੈ ਕਿ ਇਸ ਸਾਰੇ ਵਿਵਾਦ ਦੀ ਚਰਚਾ ਦੌਰਾਨ ਬਹੁਤੇ ਰਾਸ਼ਟਰੀ ਚੈਨਲਾਂ ਨੇ ਇਸ ਇਤਿਹਾਸਕ ਪਿਛੋਕੜ ਨੂੰ ਜਾਂ ਤਾਂ ਪੂਰੀ ਤਰ੍ਹਾਂ ਅਣਡਿੱਠਾ ਕਰ ਦਿੱਤਾ ਜਾਂ ਇਸ ਦਾ ਜ਼ਿਕਰ ਹੀ ਨਹੀਂ ਕੀਤਾ। ਚਰਚਾ ਦਾ ਕੇਂਦਰ ਸਿਰਫ਼ ਇਹ ਬਣਾਇਆ ਗਿਆ ਕਿ ਇੱਕ ਧਾਰਮਿਕ ਸੰਸਥਾ ਚੁਣੇ ਹੋਏ ਵਿਧਾਇਕਾਂ ਨੂੰ ਕਿਵੇਂ ਤਲਬ ਕਰ ਸਕਦੀ ਹੈ ਜਾਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਾਨੂੰਨ 'ਤੇ ਆਪਣੀ ਰਾਏ ਕਿਵੇਂ ਦੇ ਸਕਦੀ ਹੈ? ਇਸ ਨਾਲ ਦਰਸ਼ਕਾਂ ਅੱਗੇ ਘਟਨਾ ਦਾ ਸਿਰਫ਼ ਇੱਕ ਪੱਖ ਹੀ ਪੇਸ਼ ਹੋਇਆ, ਜਦਕਿ ਦੂਜਾ ਪੱਖ ਲਗਭਗ ਗਾਇਬ ਸੀ।


ਇਸ ਵਿਵਾਦ ਨੂੰ ਸਿਰਫ਼ ਸੰਵਿਧਾਨਕ ਜਾਂ ਕਾਨੂੰਨੀ ਨਜ਼ਰੀਏ ਨਾਲ ਨਹੀਂ, ਸਗੋਂ ਪੰਜਾਬ ਦੇ ਇਤਿਹਾਸ ਅਤੇ ਸਿੱਖ ਸੰਸਥਾਵਾਂ ਦੀ ਵਿਲੱਖਣ ਪਰੰਪਰਾ ਦੇ ਪ੍ਰਸੰਗ ਵਿਚ ਵੀ ਸਮਝਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਫ਼ ਧਾਰਮਿਕ ਸੰਸਥਾਵਾਂ ਹੀ ਨਹੀਂ, ਸਗੋਂ ਸਿੱਖ ਸਮਾਜ ਦੇ ਇਤਿਹਾਸਕ ਅਤੇ ਸੱਭਿਆਚਾਰਕ ਜੀਵਨ ਨਾਲ ਡੂੰਘੇ ਤੌਰ 'ਤੇ ਜੁੜੀਆਂ ਸੰਸਥਾਵਾਂ ਹਨ। ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਕੀਤੀ ਗਈ ਚਰਚਾ ਲਾਜ਼ਮੀ ਤੌਰ 'ਤੇ ਅਧੂਰੀ ਰਹਿ ਜਾਂਦੀ ਹੈ।

ਇਸ ਸਾਰੇ ਘਟਨਾਕ੍ਰਮ ਵਿਚ ਰਾਜਨੀਤੀ ਦਾ ਪੱਖ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਮੇਰੇ ਵਿਚਾਰ ਵਿਚ ਬੇਅਦਬੀ ਨਾਲ ਸੰਬੰਧਿਤ ਕਾਨੂੰਨ ਨੂੰ ਲੈ ਕੇ ਉੱਠੇ ਵਿਵਾਦ ਵਿਚ ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਆਪਣੇ-ਆਪਣੇ ਰਾਜਨੀਤਿਕ ਹਿਸਾਬ-ਕਿਤਾਬ ਨਾਲ ਚੱਲਦੀਆਂ ਨਜ਼ਰ ਆਈਆਂ। ਵਿਰੋਧੀ ਧਿਰਾਂ ਨੂੰ ਇਹ ਸ਼ੰਕਾ ਸੀ ਕਿ ਜੇ ਇਹ ਕਾਨੂੰਨ ਬਿਨਾਂ ਕਿਸੇ ਵਿਵਾਦ ਦੇ ਲਾਗੂ ਹੋ ਜਾਂਦਾ ਹੈ ਤਾਂ ਇਸ ਦਾ ਰਾਜਨੀਤਿਕ ਲਾਭ ਸੱਤਾਧਾਰੀ ਪਾਰਟੀ ਨੂੰ ਮਿਲ ਸਕਦਾ ਹੈ। ਦੂਜੇ ਪਾਸੇ, ਪੰਜਾਬ ਸਰਕਾਰ ਨੇ ਵੀ ਬਿਨਾਂ ਵਿਆਪਕ ਸਲਾਹ-ਮਸ਼ਵਰੇ ਅਤੇ ਲੋੜੀਂਦੇ ਸਲਾਹ ਮਸ਼ਵਰੇ ਦੇ ਜਲਦਬਾਜ਼ੀ ਵਿਚ ਕੁਝ ਅਜਿਹੇ ਨੁਕਤੇ ਨਵੇਂ ਕਾਨੂੰਨ ਵਿਚ ਸ਼ਾਮਲ ਕਰ ਦਿੱਤੇ, ਜਿਨ੍ਹਾਂ ਨੇ ਵਿਵਾਦ ਨੂੰ ਹੋਰ ਗੰਭੀਰ ਬਣਾ ਦਿੱਤਾ।

ਇਹ ਕਹਿਣਾ ਸ਼ਾਇਦ ਅਤਿਕਥਨੀ ਹੋਵੇਗਾ ਕਿ ਕਿਸੇ ਇੱਕ ਧਿਰ ਨੇ ਹੀ ਸਾਰਾ ਵਿਵਾਦ ਖੜ੍ਹਾ ਕੀਤਾ, ਪਰ ਇਹ ਕਹਿਣਾ ਵੀ ਔਖਾ ਹੈ ਕਿ ਇਸ ਪੂਰੇ ਮਾਮਲੇ ਵਿਚ ਰਾਜਨੀਤਿਕ ਲਾਭ-ਹਾਨੀ ਦਾ ਕੋਈ ਹਿਸਾਬ ਨਹੀਂ ਸੀ। ਅੱਜ ਦੀ ਰਾਜਨੀਤੀ ਵਿਚ ਧਾਰਮਿਕ ਅਤੇ ਭਾਵਨਾਤਮਕ ਮੁੱਦੇ ਅਕਸਰ ਚੋਣ ਗਣਿਤ ਨਾਲ ਜੁੜ ਜਾਂਦੇ ਹਨ ਅਤੇ ਇਸ ਵਿਵਾਦ ਵਿਚ ਵੀ ਉਸ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ।

ਇਸ ਲਈ, ਇਸ ਸਾਰੇ ਮਾਮਲੇ ਨੂੰ ਸਿਰਫ਼ ਇੱਕ ਪਾਰਟੀ, ਇੱਕ ਸੰਸਥਾ ਜਾਂ ਇੱਕ ਵਿਅਕਤੀ ਦੀ ਗ਼ਲਤੀ ਮੰਨ ਕੇ ਨਹੀਂ ਦੇਖਿਆ ਜਾ ਸਕਦਾ। ਹਕੀਕਤ ਇਹ ਹੈ ਕਿ ਇਸ ਵਿਚ ਰਾਜਨੀਤਿਕ ਦੂਰਅੰਦੇਸ਼ੀ ਦੀ ਘਾਟ, ਧਾਰਮਿਕ ਸੰਵੇਦਨਸ਼ੀਲਤਾ ਅਤੇ ਸੰਵਿਧਾਨਕ ਪ੍ਰਕਿਰਿਆ—ਤਿੰਨੇ ਤੱਤ ਇੱਕੋ ਸਮੇਂ ਮੌਜੂਦ ਸਨ। ਜਦੋਂ ਤੱਕ ਇਨ੍ਹਾਂ ਤਿੰਨਾਂ ਨੂੰ ਇਕੱਠੇ ਨਹੀਂ ਦੇਖਿਆ ਜਾਂਦਾ, ਉਦੋਂ ਤੱਕ ਇਸ ਵਿਵਾਦ ਦੀ ਪੂਰੀ ਤਸਵੀਰ ਸਾਹਮਣੇ ਨਹੀਂ ਆ ਸਕਦੀ।

ਇਸ ਸਾਰੇ ਘਟਨਾਕ੍ਰਮ ਵਿਚ ਇੱਕ ਹੋਰ ਗੱਲ ਵੀ ਬਹੁਤ



ਚਰਚਾ ਵਿਚ ਰਹੀ ਕਿ ਵਿਧਾਇਕਾਂ ਨੇ ਜੱਥੇਦਾਰ ਸਾਹਿਬ ਅੱਗੇ ਇਹ ਕਿਹਾ ਕਿ ਉਨ੍ਹਾਂ ਨੂੰ ਬਿੱਲ ਦੀ ਕਾਪੀ ਇੱਕ ਦਿਨ ਪਹਿਲਾਂ ਹੀ ਮਿਲੀ ਸੀ, ਇਸ ਕਰਕੇ ਉਹ ਉਸ ਨੂੰ ਪੂਰੀ ਤਰ੍ਹਾਂ ਪੜ੍ਹ ਨਹੀਂ ਸਕੇ। ਵਿਰੋਧੀ ਧਿਰਾਂ ਅਤੇ ਮੀਡੀਆ ਦੇ ਇੱਕ ਹਿੱਸੇ ਨੇ ਇਸ ਗੱਲ ਨੂੰ ਇਸ ਤਰ੍ਹਾਂ ਉਭਾਰਿਆ ਜਿਵੇਂ ਇਹ ਵਿਧਾਇਕਾਂ ਦੀ ਬੇਧਿਆਨੀ ਜਾਂ ਬੌਧਿਕ ਕਮਜ਼ੋਰੀ ਦਾ ਸਬੂਤ ਹੋਵੇ।

ਜੇ ਇਸ ਗੱਲ ਨੂੰ ਸੰਸਦੀ ਪ੍ਰਕਿਰਿਆ ਦੇ ਸੰਦਰਭ ਵਿਚ ਸਮਝਿਆ ਜਾਵੇ, ਤਾਂ ਤਸਵੀਰ ਕੁਝ ਹੋਰ ਵੀ ਹੈ। ਵਿਧਾਨ ਸਭਾਵਾਂ ਅਤੇ ਸੰਸਦਾਂ ਵਿਚ ਬਿੱਲ ਸਿਰਫ਼ ਵਿਅਕਤੀਗਤ ਪੜ੍ਹਨ ਨਾਲ ਨਹੀਂ, ਸਗੋਂ ਪਾਰਟੀ ਪ੍ਰਣਾਲੀ, ਕਮੇਟੀਆਂ ਅਤੇ ਅੰਦਰੂਨੀ ਵਿਚਾਰ-ਵਟਾਂਦਰੇ ਰਾਹੀਂ ਵੀ ਸਮਝੇ ਜਾਂਦੇ ਹਨ। ਹਰ ਵਿਧਾਇਕ ਲਈ ਹਰ ਤਕਨੀਕੀ ਵਿਸ਼ੇ ਨੂੰ ਵਿਸਥਾਰ ਨਾਲ ਸਮਝਣਾ ਹਮੇਸ਼ਾਂ ਸੰਭਵ ਨਹੀਂ ਹੁੰਦਾ, ਖ਼ਾਸ ਕਰਕੇ ਜਦੋਂ ਬਿੱਲ ਬਹੁਤ ਜਟਿਲ ਅਤੇ ਤਕਨੀਕੀ ਹੋਵੇ।

ਇੱਥੇ ਇੱਕ ਹੋਰ ਹਕੀਕਤ ਵੀ ਧਿਆਨ ਯੋਗ ਹੈ—ਪਾਰਟੀ ਵਿਵਸਥਾ ਵਿਚ 'ਵਿਪ' ਪ੍ਰਣਾਲੀ ਦਾ ਮਹੱਤਵ। ਜਦੋਂ ਕਿਸੇ ਵੀ ਬਿੱਲ 'ਤੇ ਵੋਟਿੰਗ ਹੁੰਦੀ ਹੈ, ਤਾਂ ਪਾਰਟੀਆਂ ਆਪਣੇ ਮੈਂਬਰਾਂ ਲਈ ਵਿਪ ਜਾਰੀ ਕਰਦੀਆਂ ਹਨ, ਜਿਸ ਅਨੁਸਾਰ ਸਾਰੇ ਮੈਂਬਰਾਂ ਨੂੰ ਸਦਨ ਵਿਚ ਹਾਜ਼ਰ ਰਹਿਣਾ ਅਤੇ ਪਾਰਟੀ ਦੇ ਫੈਸਲੇ ਅਨੁਸਾਰ ਵੋਟ ਪਾਉਣਾ ਲਾਜ਼ਮੀ ਹੁੰਦਾ ਹੈ। ਇਸ ਪ੍ਰਣਾਲੀ ਵਿਚ ਵਿਅਕਤੀਗਤ ਰਾਏ ਦੀ ਗੁੰਜਾਇਸ਼ ਸੀਮਤ ਹੋ ਜਾਂਦੀ ਹੈ। ਇਸ ਲਈ ਸਿਰਫ਼ ਇਹ ਕਹਿ ਦੇਣਾ ਕਿ ਬਿੱਲ ਨਹੀਂ ਪੜ੍ਹਿਆ ਗਿਆ, ਪੂਰੀ ਤਸਵੀਰ ਨਹੀਂ ਦਿੰਦਾ।

ਇਸ ਦਾ ਇਹ ਅਰਥ ਨਹੀਂ ਕਿ ਵਿਧਾਇਕਾਂ ਦੀ ਜ਼ਿੰਮੇਵਾਰੀ ਘੱਟ ਹੋ ਜਾਂਦੀ ਹੈ। ਲੋਕਤੰਤਰ ਵਿਚ ਚੁਣੇ ਹੋਏ ਨੁਮਾਇੰਦਿਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਘੱਟੋ-ਘੱਟ ਮੂਲ ਮੁੱਦਿਆਂ ਦੀ ਸਮਝ ਰੱਖਣ। ਪਰ ਪ੍ਰਣਾਲੀ ਦੀ ਅਸਲੀ ਕਾਰਗੁਜ਼ਾਰੀ ਇਹ ਦਰਸਾਉਂਦੀ ਹੈ ਕਿ ਫੈਸਲੇ ਅਕਸਰ ਸਮੂਹਿਕ ਰੂਪ ਵਿਚ ਲਏ ਜਾਂਦੇ ਹਨ, ਨਾ ਕਿ ਸਿਰਫ਼ ਵਿਅਕਤੀਗਤ ਪਾਠਨ ਦੇ ਆਧਾਰ 'ਤੇ।

ਇਹ ਗੱਲ ਵੀ ਵਿਚਾਰਯੋਗ ਹੈ ਕਿ ਆਧੁਨਿਕ ਕਾਨੂੰਨ ਬਹੁਤ ਤਕਨੀਕੀ ਹੋ ਚੁੱਕੇ ਹਨ। ਬਜਟ, ਵਿੱਤੀ ਨੀਤੀਆਂ ਅਤੇ ਕਾਨੂੰਨੀ ਸੋਧਾਂ ਅਕਸਰ ਐਸੇ ਵਿਸ਼ੇ ਹੁੰਦੇ ਹਨ ਜਿਨ੍ਹਾਂ ਦੀ ਪੂਰੀ ਸਮਝ ਅਰਥਸ਼ਾਸਤਰੀਆਂ, ਕਾਨੂੰਨੀ ਮਾਹਿਰਾਂ ਅਤੇ ਅਧਿਕਾਰੀਆਂ ਦੀ ਮਦਦ ਤੋਂ ਬਿਨਾਂ ਸੰਭਵ ਨਹੀਂ ਹੁੰਦੀ। ਇਸ ਲਈ ਇਹ ਉਮੀਦ ਕਰਨਾ ਕਿ ਹਰ ਵਿਧਾਇਕ ਹਰ ਲਾਈਨ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕਰੇਗਾ, ਅਸਲ ਹਕੀਕਤ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀ।

ਇਸ ਪੂਰੇ ਪ੍ਰਸੰਗ ਵਿਚ, ਵਿਧਾਇਕਾਂ ਵੱਲੋਂ ਦਿੱਤਾ ਗਿਆ ਜਵਾਬ ਸਿਰਫ਼ ਇੱਕ ਬਚਾਅ ਨਹੀਂ, ਸਗੋਂ ਮੌਜੂਦਾ ਸੰਸਦੀ ਅਤੇ ਪਾਰਟੀ ਪ੍ਰਣਾਲੀ ਦੀ ਹਕੀਕਤ ਨੂੰ ਵੀ ਦਰਸਾਉਂਦਾ ਹੈ। ਲੋਕਤੰਤਰ ਦਾ ਇਹ ਇੱਕ ਅਜਿਹਾ ਪੱਖ ਹੈ, ਜਿੱਥੇ ਵਿਅਕਤੀਗਤ ਸਮਝ, ਪਾਰਟੀ ਅਨੁਸ਼ਾਸਨ ਅਤੇ ਪ੍ਰਸ਼ਾਸਕੀ ਜਟਿਲਤਾ ਇਕੱਠੇ ਕੰਮ ਕਰਦੇ ਹਨ, ਅਤੇ ਕਈ ਵਾਰ ਇਹ ਤਿੰਨੇ ਤੱਤ ਮਿਲ ਕੇ ਸਥਿਤੀ ਨੂੰ ਸਾਧਾਰਨ ਨਹੀਂ ਰਹਿਣ ਦਿੰਦੇ। ਇਸ ਪੱਖ ਤੋਂ ਵਿਧਾਇਕਾਂ ਦੀ ਸੂਝ-ਬੂਝ ਤੇ ਅਯੋਗ ਟਿੱਪਣੀ ਕਰਨਾ ਠੀਕ ਨਹੀਂ ਜਾਪਦਾ।

ਇਸ ਪੂਰੇ ਵਿਵਾਦ ਨੂੰ ਜੇ ਇੱਕ ਵੱਡੀ ਤਸਵੀਰ ਵਾਂਗ ਦੇਖਿਆ ਜਾਵੇ ਤਾਂ ਇਹ ਸਿਰਫ਼ ਇੱਕ ਕਾਨੂੰਨ ਜਾਂ ਇੱਕ ਘਟਨਾ ਦਾ ਮਾਮਲਾ ਨਹੀਂ ਰਹਿੰਦਾ, ਸਗੋਂ ਇਹ ਪੰਜਾਬ ਦੀ ਰਾਜਨੀਤੀ, ਧਾਰਮਿਕ ਸੰਸਥਾਵਾਂ ਦੀ ਭੂਮਿਕਾ ਅਤੇ ਲੋਕਤੰਤਰਕ ਪ੍ਰਣਾਲੀ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਸਵਾਲ ਬਣ ਜਾਂਦਾ ਹੈ।

ਇੱਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸਰਵਉੱਚ ਧਾਰਮਿਕ ਸੰਸਥਾ ਹੈ, ਜਿਸਦੀ ਸਿੱਖ ਜਗਤ ਵਿਚ ਇਤਿਹਾਸਕ ਅਤੇ ਨੈਤਿਕ ਅਗਵਾਈ ਰਹੀ ਹੈ। ਦੂਜੇ ਪਾਸੇ ਲੋਕਾਂ ਵੱਲੋਂ ਚੁਣੀ ਗਈ ਵਿਧਾਨ ਸਭਾ ਅਤੇ ਉਸ ਦੀ ਬਣਾਈ ਹੋਈ ਸਰਕਾਰ ਹੈ, ਜਿਸ ਦਾ ਕੰਮ ਕਾਨੂੰਨ ਬਣਾਉਣਾ ਅਤੇ ਪ੍ਰਸ਼ਾਸਨ ਚਲਾਉਣਾ ਹੈ। ਜਦੋਂ ਇਹ ਦੋਵੇਂ ਧੁਰੇ ਕਿਸੇ ਵਿਸ਼ੇ 'ਤੇ ਸਾਹਮਣੇ ਆ ਜਾਂਦੇ ਹਨ, ਤਾਂ ਟਕਰਾਅ ਦੀ ਸਥਿਤੀ ਬਣਨਾ ਅਸੁਭਾਵਿਕ ਨਹੀਂ ਹੁੰਦਾ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਿਕ ਤਾਕਤਾਂ ਦੇ ਰਿਸ਼ਤੇ ਹਮੇਸ਼ਾਂ ਸਾਧਾਰਨ ਨਹੀਂ ਰਹੇ। ਕਦੇ ਇਹ ਸਹਿਯੋਗ ਦੇ ਰੂਪ ਵਿਚ ਰਹੇ ਹਨ ਅਤੇ ਕਦੇ ਤਣਾਅ ਦੇ ਰੂਪ ਵਿਚ। ਇਸ ਸੰਦਰਭ ਵਿਚ 1959 ਵਰਗੇ ਘਟਨਾਕ੍ਰਮ ਅਤੇ ਬਾਅਦ ਦੀਆਂ ਕਈ ਇਤਿਹਾਸਕ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਇਹ ਮੁੱਦਾ ਨਵਾਂ ਨਹੀਂ ਹੈ, ਸਗੋਂ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਇੱਕ ਸੰਵੇਦਨਸ਼ੀਲ ਸਵਾਲ ਹੈ।

ਇਸ ਪੂਰੇ ਵਿਵਾਦ ਵਿਚ ਮੀਡੀਆ ਦੀ ਭੂਮਿਕਾ ਵੀ ਵਿਚਾਰਨਯੋਗ ਹੈ। ਕਿਸੇ ਵੀ ਘਟਨਾ ਦੀ ਪੇਸ਼ਕਾਰੀ ਜਦੋਂ ਪੂਰੇ ਸੰਦਰਭ ਤੋਂ ਕੱਟ ਕੇ ਕੀਤੀ ਜਾਂਦੀ ਹੈ, ਤਾਂ ਉਹ ਜਨਮਤ ਨੂੰ ਇੱਕ ਪਾਸੇ ਵੱਲ ਝੁਕਾ ਸਕਦੀ ਹੈ। ਇਸੇ ਕਰਕੇ ਜ਼ਰੂਰੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਚਰਚਾ ਕਰਦੇ ਸਮੇਂ ਸਿਰਫ਼ ਤੁਰੰਤ ਪ੍ਰਤੀਕਿਰਿਆ ਨਹੀਂ, ਸਗੋਂ ਇਤਿਹਾਸਕ ਪਿਛੋਕੜ ਅਤੇ ਸੰਵਿਧਾਨਕ ਢਾਂਚੇ ਦੋਵੇਂ ਨੂੰ ਧਿਆਨ ਵਿਚ ਰੱਖਿਆ ਜਾਵੇ।

ਮੇਰੇ ਵਿਚਾਰ ਵਿਚ ਇਸ ਪੂਰੇ ਘਟਨਾਕ੍ਰਮ ਤੋਂ ਸਭ ਤੋਂ ਵੱਡਾ ਸਬਕ ਇਹ ਨਿਕਲਦਾ ਹੈ ਕਿ ਲੋਕਤੰਤਰ ਵਿਚ ਸੰਸਥਾਵਾਂ ਦਾ ਆਪਸੀ ਸਨਮਾਨ ਅਤੇ ਸੰਵਾਦ ਬਹੁਤ ਜ਼ਰੂਰੀ ਹੈ। ਧਾਰਮਿਕ ਸੰਸਥਾਵਾਂ ਦੀ ਆਪਣੀ ਨੈਤਿਕ ਅਤੇ ਸਮਾਜਿਕ ਭੂਮਿਕਾ ਹੈ, ਜਦਕਿ ਰਾਜਨੀਤਿਕ ਸੰਸਥਾਵਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਜਦੋਂ ਤੱਕ ਇਹ ਦੋਵੇਂ ਇੱਕ-ਦੂਜੇ ਦੀ ਸੀਮਾ ਅਤੇ ਭੂਮਿਕਾ ਨੂੰ ਸਮਝਦੇ ਰਹਿੰਦੇ ਹਨ, ਤਦ ਤੱਕ ਟਕਰਾਅ ਦੀ ਬਜਾਏ ਸੰਤੁਲਨ ਬਣਿਆ ਰਹਿ ਸਕਦਾ ਹੈ।

ਅੰਤ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੇਅਦਬੀ ਵਰਗੇ ਸੰਵੇਦਨਸ਼ੀਲ ਮਾਮਲੇ ਸਿਰਫ਼ ਕਾਨੂੰਨ ਜਾਂ ਰਾਜਨੀਤੀ ਦੇ ਦਾਇਰੇ ਵਿਚ ਨਹੀਂ ਸਿਮਟਦੇ, ਸਗੋਂ ਇਹ ਸਮਾਜਿਕ ਭਾਵਨਾਵਾਂ, ਇਤਿਹਾਸਕ ਅਨੁਭਵਾਂ ਅਤੇ ਧਾਰਮਿਕ ਸੰਵੇਦਨਸ਼ੀਲਤਾ ਨਾਲ ਵੀ ਗਹਿਰਾਈ ਨਾਲ ਜੁੜੇ ਹੁੰਦੇ ਹਨ। ਇਸ ਲਈ ਅਜਿਹੇ ਵਿਸ਼ਿਆਂ 'ਤੇ ਚਰਚਾ ਕਰਦੇ ਸਮੇਂ ਸੰਤੁਲਨ, ਸਾਵਧਾਨੀ ਅਤੇ ਪੂਰੇ ਸੰਦਰਭ ਦੀ ਸਮਝ ਸਭ ਤੋਂ ਜ਼ਰੂਰੀ ਹੋ ਜਾਂਦੀ ਹੈ।

# ਬੇਅਦਬੀ ਕਾਨੂੰਨ ਅਤੇ ਪੰਜਾਬ ਸਰਕਾਰ

ਅੱਜ ਕੱਲ ਪੰਜਾਬ ਸਰਕਾਰ ਬੇਅਦਬੀ ਕਾਨੂੰਨ ਨੂੰ ਲੈ ਕੇ ਕਾਫੀ ਸੁਰਖੀਆਂ ਵਿਚ ਹੈ ਅਤੇ ਸਿੱਖਾਂ ਦੇ ਸਰਵਉੱਚ ਧਾਰਮਿਕ ਅਦਾਰੇ ਸ੍ਰੀ ਅਕਾਲ ਤਖਤ ਸਾਹਿਬ ਨਾਲ ਕਾਫੀ ਆਡਾ ਲੱਗਿਆ ਹੋਇਆ ਹੈ। ਇਹ ਵੀ ਇਤਿਹਾਸ ਦੀ ਅਜੀਬ ਘਟਨਾ ਹੈ ਕਿ ਪੰਜਾਬ ਸਰਕਾਰ ਅਕਾਲ ਤਖ਼ਤ ਦੇ ਬੁਲਾਉਣ 'ਤੇ ਜਥੇਦਾਰ ਅਕਾਲ ਤਖ਼ਤ ਅੱਗੇ ਪੇਸ਼ ਹੋ ਗਈ ਆਪਣੇ ਪੱਗਾਂ ਵਾਲੇ ਐਮ ਐਲ ਏ ਸਹਿਬਾਨਾਂ ਸਾਰਾ ਸਮੂਹ ਲੈ ਕੇ ਜਿਨ੍ਹਾਂ ਦੀ ਗਿਣਤੀ ਵਿਧਾਨ ਸਭਾ ਵਿਚ ਬਹੁਮਤ ਵਿਚ ਹੀ ਹੈ।

ਬਲਵਿੰਦਰ ਬਰਨਾਲਾ

ਪਰ ਇਹ ਵੀ ਵਿਡੰਬਨਾ ਹੈ ਕਿ ਜਿਸ ਤਰ੍ਹਾਂ ਸਰੋਮਣੀ ਕਮੇਟੀ ਪੰਜ ਕੱਕਿਆਂ ਦੇ ਆਧਾਰ ਵਾਲਿਆਂ ਨੂੰ ਹੀ ਸਿੱਖ ਮੰਨਦੀ ਹੈ ਅਤੇ ਉਹੀ ਸਿੱਖ ਹੀ ਇਸ ਦੀ ਚੋਣ ਵਿਚ ਹਿੱਸਾ ਲੈ ਸਕਦੇ ਹਨ ਜੋ ਪੰਜ ਕੱਕਿਆ ਦੇ ਧਾਰਨੀ ਹਨ ਤੇ ਦੂਸਰਿਆਂ ਨੂੰ ਪਤਿਤ ਮੰਨਿਆਂ ਜਾਂਦਾ ਹੈ। ਇਸ ਪੇਸ਼ਗੀ ਸਮੇਂ ਉਹ ਐਮ ਐਲ ਏ ਵੀ ਹਾਜ਼ਰ ਸਨ, ਜੋ ਪਤਿਤ ਸਨ । ਮੁੱਦਾ ਪੰਜਾਬ ਸਰਕਾਰ ਵਲੋਂ ਇਸ ਸੋਧੇ ਹੋਏ ਬੇਅਦਬੀ ਕਾਨੂੰਨ ਦਾ ਸੀ। ਇਹ ਕਾਨੂੰਨ ਬਾਦਲ ਸਰਕਾਰ ਸਮੇਂ 2005 ਵਿਚ ਬਣਾਇਆ ਗਿਆ ਸੀ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਸਭ ਤੋਂ ਵੱਧ ਬੇਅਦਬੀ ਦੀਆਂ ਘਟਨਾਵਾਂ ਇਸੇ ਅਕਾਲੀ ਸਰਕਾਰ ਸਮੇਂ ਹੀ ਹੋਈਆਂ ਤੇ ਇਨ੍ਹਾਂ ਦੇ ਕਰਵਾਉਣ ਵਿਚ ਸਾਬਕਾ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਬਾਦਲ ਦਾ ਨਾਮ ਵਾਰ-ਵਾਰ ਲਿਆ ਜਾਂਦਾ ਰਿਹਾ ਹੈ। ਇਸ ਸਬੰਧੀ ਇੱਕ ਰਿਪੋਰਟ ਸਾਬਕਾ ਆਈ.ਪੀ. ਅਫਸਰ ਵਿਜੇ ਕੁੰਵਰ ਪ੍ਰਤਾਪ ਸਿੰਘ ਦੀ ਵੀ ਆਈ ਹੋਈ ਹੈ ਤੇ ਇਹ ਕੇਸ ਫਰੀਦਕੋਟ ਅਦਾਲਤ ਚਲਦਾ ਰਿਹਾ, ਜਿਸਨੂੰ ਹਾਈ ਕੋਰਟ ਵਲੋਂ ਰੱਦ ਕਰ ਦਿੱਤਾ ਗਿਆ ਸੀ। ਵਿਜੇ ਕੁੰਵਰ ਪ੍ਰਤਾਪ ਨੇ ਇਸ ਫੈਸਲੇ 'ਤੇ ਰੋਸ ਵਜੋਂ ਆਪਣਾ ਡੀ.ਆਈ.ਜੀ. ਦਾ ਅਹੁਦਾ ਤਿਆਗ ਕੇ ਆਮ ਆਦਮੀ ਪਾਰਟੀ ਵਿਚ ਚਲੇ ਗਏ ਸਨ ਤੇ ਉਸ ਦੇ ਐਮ.ਐਲ.ਏ. ਬਣੇ। ਮੈਂ ਇਸਦੇ ਬਹੁਤਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਹਾਂ।

ਮਸਲਾ ਇਹ ਹੈ ਕਿ ਪੰਜਾਬ ਸਰਕਾਰ ਨੂੰ ਇਸ ਬੇਅਦਬੀ ਕਾਨੂੰਨ ਨੂੰ ਸੋਧ ਕੇ ਵਾਪਸ ਲਿਆਉਣ ਦੀ ਕੀ ਲੋੜ ਪੈ ਗਈ ਜਦ ਕਿ ਬੇ-ਅਦਬੀ ਮਾਮਲੇ ਨਾ-ਮਾਤਰ ਹੀ ਰਹਿ ਗਏ ਸਨ? ਕੀ ਇਸ ਕਾਨੂੰਨ ਦੇ ਬਣਨ ਨਾਲ ਇਨਸਾਫ ਸੰਭਵ ਹੋ ਜਾਵੇਗਾ? ਇਹ ਵੀ ਪਬਲਿਕ ਵਿਚ



ਲਗਭੱਗ ਸਾਫ ਹੈ ਕਿ ਇਨ੍ਹਾਂ ਪਿਛੇ ਬਹੁਤਾ ਕੰਮ ਸਿਆਸਤਦਾਨਾਂ ਦਾ ਹੁੰਦਾ ਜੋ ਸਧਾਰਨ ਜਨਤਾ ਵਿਚ ਧਾਰਮਿਕ ਉਨਮਾਦ ਪੈਦਾ ਕਰਕੇ ਆਪਣੀ ਵੋਟ ਬੈਂਕ ਵਿਚ ਵਾਧਾ ਕਰਨਾ ਹੁੰਦਾ ਹੈ। ਬੇਅਦਬੀਆਂ ਦੀ ਕਾਫੀ ਸਪੱਸ਼ਟਤਾ ਬਾਅਦ ਪੰਜਾਬ ਦੀ ਸਿੱਖ ਖਾਸ਼ਕਰ ਕਿਸਾਨੀ ਸਾਈਕੀ ਅਕਾਲੀ ਦਲ ਤੋਂ ਦੂਰ ਹੋ ਗਈ ਤੇ ਇਹ ਪਾਰਟੀ ਹੁਣ ਕੇਵਲ ਇੱਕ ਐਮ.ਐਲ.ਏ. ਤੱਕ ਹੀ ਸੀਮਤ ਹੋ ਗਈ। ਇਹ ਮੁੜ ਆਪਣਾ ਅਧਾਰ ਬਣਾਉਣ ਲਈ ਸਰੋਮਣੀ ਕਮੇਟੀ ਜਿਸ ਵਿਚ ਅਕਾਲੀ ਦਲ (ਸੁਖਬੀਰ ਬਾਦਲ) ਦਾ ਕਾਫੀ ਅਸਰ-ਰਸੂਖ ਹੈ ਅਤੇ ਕਮੇਟੀ ਦੀ ਚੋਣ ਜੋ ਦਹਾਕੇ ਤੋਂ ਵੱਧ ਸਮਾਂ ਬੀਤ ਗਿਆ ਨਹੀਂ ਹੋਈ, ਰਾਹੀਂ ਆਪਣੇ ਦਾਅ-ਪੇਚ ਖੇਡ ਰਿਹਾ ਹੈ। ਇਹ ਵੀ ਸਾਫ ਹੈ ਕਿ ਮੌਜੂਦਾ ਅਕਾਲ ਤਖ਼ਤ ਜਥੇਦਾਰ ਦੀ ਨਿਯੁਕਤੀ ਸਰੋਮਣੀ ਕਮੇਟੀ ਦੁਆਰਾ ਰਾਤ ਸਮੇਂ ਚੁਪਕੇ ਕਰ ਦਿੱਤੀ ਗਈ ਸੀ।

ਵੋਟਾਂ ਦਾ ਸ਼ੀਜਣ ਹੈ ਤੇ ਆਮ ਆਦਮੀ ਪਾਰਟੀ ਇਹ ਕਾਨੂੰਨ ਮੌਜੂਦਾ ਕਨੂੰਨ ਦੀ ਸੋਧ ਰਾਹੀਂ ਲੋਕਾਂ ਦੇ ਧਾਰਮਿਕ ਉਨਮਾਦ ਨਾਲ ਹੀ ਖੇਡ ਰਹੀ ਹੈ ਤੇ ਸਿੱਖ ਹਿਤੈਸ਼ੀ ਹੋਣ ਦਾ ਢੋਂਗ ਰਚ ਰਹੀ ਹੈ। ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੋਵੇਂ ਇੱਕ ਨਿਸ਼ਾਨਾਂ ਲੈ ਕੇ ਚੱਲ ਰਹੇ ਹਨ। ਇਨ੍ਹਾਂ ਦਾ ਇਕੋ ਇਕ ਮਕਸਦ ਧਾਰਮਿਕ ਉਨਮਾਦ ਰਾਹੀਂ ਸਿੱਖ

(ਬਾਕੀ ਅਗਲੇ ਸਫੇ 'ਤੇ)

# ਭੁੱਲੇ-ਵਿੱਸਰੇ ਅਨਮੋਲ ਹੀਰੇ 'ਸੁਖਬੀਰ ਸਿੰਘ ਸੰਧੂ' ਦੀ ਸ਼ਾਹਕਾਰ ਸਿਰਜਣਾ - ਪਾਇਲ!


ਰਾਤ ਨੇ ਪ੍ਰਭਾਤ ਦਾ ਸੰਧੂਰ ਸਿਰ ਵਿਚ ਧੂੜ ਕੇ,
ਇੱਕ ਨਵਾਂ ਦਿਨ ਹੋਰ ਦਿੱਤਾ ਹੈ ਸਜ਼ਾ ਮੇਰੇ ਲਈ…

ਪ੍ਰਭਾਤ ਦੀ ਪ੍ਰਭਾ ਵਾਂਗ ਸੱਜਰੀਆਂ ਅਤੇ ਪਿਆਰੀਆਂ ਸਤਰਾਂ ਨੂੰ ਪੜ੍ਹ ਕੇ ਕੋਈ ਵੀ ਸਾਹਿਤ ਪ੍ਰੇਮੀ ਇਸ ਦੇ ਲੇਖਕ ਅਤੇ ਇਸ ਸਾਹਿਤਕ ਜ਼ਖ਼ੀਰੇ ਬਾਰੇ ਜਾਣਨ ਲਈ ਜ਼ਰੂਰ ਸੋਚੇਗਾ!

ਚਲੋ…ਜੇ ਨਹੀਂ ਤਾਂ…ਕਦੇ ਨਾ ਕਦੇ ਸ਼ਾਇਦ ਇਹ ਲਾਈਨਾਂ ਵੀ ਤੁਹਾਡੇ ਕੰਨੀਂ ਪਈਆਂ ਹੋਣ:

ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।
ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।

ਪੰਜਾਬੀ ਸਾਹਿਤ ਦਾ ਇਹ 'ਖ਼ਜ਼ਾਨਾ' ਜੋ ਗੈਰਾਂ ਨੇ ਆਪਣਾ ਕਹਿ-ਕਹਿ, ਆਪਣਾ ਬਣਾ-ਬਣਾ ਕੇ ਅਤੇ ਝੂਠ ਬੋਲ-ਬੋਲ ਕੇ ਲੁੱਟਿਆ…ਤੇ ਉਹੀ ਖ਼ਜ਼ਾਨਾ ਜੋ ਆਪਣਿਆਂ ਨੇ ਜਾਣਿਆ, ਨਾ ਪਛਾਣਿਆ ਤੇ ਨਾ ਹੀ ਸੰਭਾਲਿਆ! ਗਲਤੀ ਕਿੱਥੇ ਤੇ ਕਿਸ ਦੀ ਹੋਈ? ਇਹ ਇੱਕ ਗੰਭੀਰ ਸਵਾਲ ਹੈ, ਜਿਸ ਦਾ ਜਵਾਬ ਵੀ ਗੰਭੀਰਤਾ ਨਾਲ ਵਿਚਾਰਨਯੋਗ ਹੈ। ਪਰ 'ਖੁੱਲ੍ਹ-ਦਿਲੇ' ਪੰਜਾਬੀਆਂ ਲਈ ਬਹੁਤੀ ਵਾਰੀ ਇਹੋ ਜਿਹੇ ਸਵਾਲ ਚਿੰਤਾ ਦਾ ਵਿਸ਼ਾ ਹੀ ਨਹੀਂ ਬਣ ਪਾਉਂਦੇ! ਚਿੰਤਨ, ਚੇਤਨਾ ਜਾਂ ਚੇਤੰਨ ਹੋਣ ਦੀ ਗੱਲ ਤਾਂ ਕੋਹਾਂ ਦੂਰ ਦੀ…।



ਵੱਡੇ ਭਾਈ ਗੁਰਭਜਨ ਗਿੱਲ ਨਾਲ ਅਕਸਰ ਗੱਲਬਾਤ ਹੁੰਦੀ ਰਹਿੰਦੀ ਹੈ। ਗੁਫ਼ਤਗੂ ਦੌਰਾਨ ਉਹ ਆਪਣੀਆਂ ਰਚਨਾਵਾਂ, ਸਿਫ਼ਤਾਂ, ਵਡਿਆਈਆਂ, ਹੈਸੀਅਤਾਂ ਜਾਂ ਪ੍ਰਾਪਤੀਆਂ ਦਾ ਢੋਲ ਕੁੱਟਣ ਦੀ ਬਜਾਏ ਮੈਨੂੰ ਕਿਸੇ ਹੋਰ


**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਸਾਹਿਤਕ ਤੰਦ ਨਾਲ ਜੋੜ ਦਿੰਦਾ ਹੈ। ਸਾਹਿਤ ਦੇ ਅਨਮੋਲ ਖ਼ਜ਼ਾਨਿਆਂ ਦੀ ਨਿਸ਼ਾਨਦੇਹੀ ਕਰਦਾ ਰਹਿੰਦਾ ਹੈ। ਕਦੇ ਨਾ ਕਦੇ ਖੁੱਲ੍ਹਣ ਦੀ ਆਸ ਅਤੇ ਉਡੀਕ ਵਿਚ ਤਰਸਦੇ ਬੰਦ ਦਰਵਾਜ਼ਿਆਂ ਨੂੰ ਖੋਲ੍ਹਦਾ ਹੈ। ਕਈ ਹੋਰ ਗੱਲਾਂ ਸਮੇਤ ਮੈਨੂੰ ਉਹਦੀ ਇਹ ਖ਼ਾਸੀਅਤ ਕਾਇਲ ਕਰ ਜਾਂਦੀ ਹੈ। ਇੱਕ ਹੋਰ ਗੱਲ ਜੋ ਦੂਸਰੀਆਂ ਗੱਲਾਂ 'ਤੇ ਅਕਸਰ ਭਾਰੂ ਪੈ ਜਾਂਦੀ ਹੈ…ਉਹ ਹੈ ਉਸ ਦੇ ਮਨ ਵਿਚ ਅਸਲੋਂ ਮਹਾਨ ਅਤੇ ਅਣਗੌਲੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਨੂੰ ਗੁਣਗੁਣਾਉਣਾ, ਰੂਹ ਨਾਲ ਸਰਾਹੁਣਾ ਅਤੇ ਕਿਸੇ ਨਾ ਕਿਸੇ ਤਰ੍ਹਾਂ ਪਾਠਕਾਂ ਦੇ ਰੂਬਰੂ ਕਰਨਾ। ਉਨ੍ਹਾਂ ਦੀ ਸੱਜਰੀ ਸੰਪਾਦਿਤ ਪੁਸਤਕ 'ਪਾਇਲ' ਵੀ ਇਸੇ ਕੋਸ਼ਿਸ਼ ਦਾ ਨਤੀਜਾ ਹੈ।

'ਤਰਨਤਾਰਨੀਏ' ਸੁਖਬੀਰ ਸਿੰਘ ਸੰਧੂ ਦੁਆਰਾ 1973 ਵਿਚ ਲਿਖੀ ਇਸ ਭੁੱਲੀ-ਵਿੱਸਰੀ ਤੇ ਅਣਗੌਲੀ ਸ਼ਾਹਕਾਰ ਪੁਸਤਕ ਦਾ 53 ਸਾਲ ਬਾਅਦ ਕਰਨਲ ਜਸਬੀਰ ਸਿੰਘ ਭੁੱਲਰ, ਇਮਰੋਜ਼ ਮਾਨ ਅਤੇ ਗੁਰਭਜਨ ਗਿੱਲ ਦੀ ਬਦੌਲਤ 'ਦੂਸਰਾ ਜਨਮ' ਹੋਇਆ। ਗੁਰਭਜਨ ਗਿੱਲ ਜੀ ਨੇ 'ਪਾਇਲ' ਦੀ ਤਾਰੀਫ਼ ਕਰਦਿਆਂ ਤੇ ਪੜ੍ਹਨ ਦੀ ਤਾਗੀਦ ਕਰਦਿਆਂ ਇਹ ਤੋਹਫ਼ਾ ਕੁਝ ਦਿਨ ਪਹਿਲਾਂ ਮੈਨੂੰ ਭੇਜਿਆ। ਸੁਖਬੀਰ ਸਿੰਘ ਸੰਧੂ ਨਾਮ ਦਾ ਕੋਈ ਪੰਜਾਬੀ ਸ਼ਾਇਰ ਵੀ ਸੀ, ਇਸ ਦੀ ਜਾਣਕਾਰੀ ਮੈਨੂੰ ਨਹੀਂ ਸੀ। ਪੁਸਤਕ ਪਾਇਲ ਨੂੰ ਪੜ੍ਹਦਿਆਂ, ਜਾਣਦਿਆਂ ਅਤੇ ਮਾਣਦਿਆਂ ਮਨ ਦੇ ਅਨੁਭਵਾਂ ਅਤੇ ਅਹਿਸਾਸਾਂ ਨੂੰ ਸਧਾਰਨ ਜਿਹੇ ਲਫ਼ਜ਼ਾਂ ਵਿਚ ਤੁਹਾਡੇ ਨਾਲ ਸਾਂਝੇ ਕਰਨੋਂ ਮੈਂ ਖ਼ੁਦ ਨੂੰ ਰੋਕ ਨਾ ਸਕਿਆ…।

ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਹਰਫ਼ਨਮੌਲਾ ਅਤੇ ਇਸ ਪੁਸਤਕ ਦੇ ਸੰਪਾਦਕ ਗੁਰਭਜਨ ਗਿੱਲ ਬਾਰੇ ਗੱਲਾਂ ਕਰਦਿਆਂ ਤਾਂ ਇੱਕ ਹੋਰ ਪੁਸਤਕ ਜਨਮ ਲੈ ਲਵੇਗੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸ਼੍ਰੋਮਣੀ ਪੰਜਾਬੀ ਕਵੀ ਗੁਰਭਜਨ ਗਿੱਲ ਨੂੰ ਬਹੁਤੀ ਜਾਣ-ਪਛਾਣ ਦੀ ਜ਼ਰੂਰਤ ਨਹੀਂ। ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਹਨ। ਅਨੇਕਾਂ ਸਨਮਾਨਾਂ ਨਾਲ ਸਨਮਾਨਿਤ ਪੰਜਾਬੀ ਸਾਹਿਤ ਦੇ ਇਸ ਧਰੂ ਤਾਰੇ ਨੇ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ ਅਤੇ ਲਗਾਤਾਰਤਾ ਨਾਲ ਪਾ ਰਿਹਾ ਹੈ।

'ਧੁਰ ਰੂਹ ਤੋਂ ਪੰਜਾਬੀ' ਗੁਰਭਜਨ ਦੀ ਸਿਰਜਣਾਤਮਿਕ ਕਿਰਿਆਸ਼ੀਲਤਾ ਉਸ ਦੇ 'ਖ਼ੂਨ' ਵਿਚ ਹੈ, ਜੋ ਖ਼ੁਦ-ਬ-ਖ਼ੁਦ ਪ੍ਰਗਟ ਹੁੰਦੀ ਜਾ ਰਹੀ ਹੈ। 'ਅੱਧੀ ਸਦੀ' ਤੋਂ ਵੀ ਲੰਮੇ ਸਾਹਿਤਕ ਸਫ਼ਰ ਦੇ ਪੈਂਡਿਆਂ 'ਤੇ ਤੁਰਦਿਆਂ ਉਨ੍ਹਾਂ ਨੇ ਹੋਰ ਬਹੁਤ ਸਾਰੇ ਨਵੇਂ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਆਪਣੇ ਨਾਲ ਤੋਰਿਆ,




ਕਾਫ਼ਲੇ ਵੱਡੇ ਤੋਂ ਵਿਸ਼ਾਲ ਹੋ ਰਹੇ ਹਨ।

ਗੁਰਭਜਨ ਗਿੱਲ ਦੀ ਲੇਖਣੀ 'ਤੇ ਮੋਟੀ ਜਿਹੀ ਨਜ਼ਰ ਮਾਰਦਿਆਂ ਉਨ੍ਹਾਂ ਦੀ ਅਥਾਹ ਸਿਰਜਣਾਤਮਿਕ ਸ਼ਕਤੀ ਦਾ ਇਜ਼ਹਾਰ ਹੋ ਜਾਂਦਾ ਹੈ। 21 ਕਾਵਿ/ਗ਼ਜ਼ਲ ਸੰਗ੍ਰਹਿ, 5 ਸਹਿ-ਸੰਪਾਦਕ ਗ਼ਜ਼ਲ ਸੰਗ੍ਰਹਿ, 1 ਵਾਰਤਕ, 1 ਹਿੰਦੀ ਕਾਵਿ ਸੰਗ੍ਰਹਿ, 2 ਕਾਵਿ ਸੰਗ੍ਰਹਿ ਸੰਪਾਦਨ ਤੋਂ ਇਲਾਵਾ 6 ਕਾਵਿ ਸੰਗ੍ਰਹਿਆਂ ਦਾ ਸ਼ਾਹਮੁਖੀ ਵਿਚ ਪ੍ਰਕਾਸ਼ਨ ਹਰਭਜਨ ਗਿੱਲ ਦੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਮਕਬੂਲੀਅਤ ਦਾ ਪ੍ਰਤੀਕ ਹੈ।

'ਪਾਇਲ' ਦੀ ਗੱਲ ਕਰਨ ਤੋਂ ਪਹਿਲਾਂ ਇਸ ਸ਼ਾਹਕਾਰ ਪੁਸਤਕ ਦੇ ਰਚੇਤਾ ਅਤੇ ਪੰਜਾਬੀ ਸਾਹਿਤ ਜਗਤ ਦੇ ਅਣਗੌਲੇ ਪਰ ਪਰਪੱਕ ਗ਼ਜ਼ਲਗੋ ਅਤੇ ਖ਼ੂਬਸੂਰਤ ਸ਼ਖ਼ਸੀਅਤ 'ਸੁਖਬੀਰ ਸਿੰਘ ਸੰਧੂ' ਬਾਰੇ ਕੁਝ ਜਾਣਕਾਰੀ ਸਾਹਿਤ ਪ੍ਰੇਮੀਆਂ ਨਾਲ ਸਾਂਝੀ ਕਰਨੀ ਜ਼ਰੂਰੀ ਹੈ। 12 ਅਗਸਤ 1932 ਨੂੰ ਪਿੰਡ ਕਲਸੀਆਂ ਖ਼ੁਰਦ (ਤਰਨਤਾਰਨ) ਦੇ ਗਿਆਨੀ ਸਰਦਾਰਾ ਸਿੰਘ ਦੇ ਘਰ ਜਨਮੇ ਸੁਖਬੀਰ ਸਿੰਘ ਸੰਧੂ ਨੇ ਐਮ.ਏ. ਤੱਕ ਦੀ ਵਿਦਿਆ ਪ੍ਰਾਪਤ ਕੀਤੀ। ਰੋਟੀ-ਰੋਜ਼ੀ ਵਾਸਤੇ ਕਲਰਕ, ਅਧਿਆਪਕ, ਲੋਕ ਸੰਪਰਕ ਵਿਭਾਗ ਵਿਚ ਡਰਾਮਾ ਇੰਸਪੈਕਟਰ, ਅਤੇ ਇੰਗਲੈਂਡ ਵਿਚ ਪਰਵਾਸ ਕਰਕੇ ਸਪਰੇਅ ਪੇਂਟਰ ਬਣ ਗਿਆ। ਸੁਖਬੀਰ ਸੰਧੂ ਪੰਜਾਬ ਵਿਚ ਇੱਕ ਹੋਟਲ ਦਾ ਮਾਲਕ ਵੀ ਬਣਿਆ।

ਸਾਊਥਹਾਲ, ਇੰਗਲੈਂਡ ਦੇ ਵਸਨੀਕ ਅਤੇ ਲੰਡਨ ਦੀ ਪਹਿਲੀ ਪੰਜਾਬੀ ਸਾਹਿਤ ਸਭਾ ਦੇ ਜਨਰਲ ਸਕੱਤਰ ਸੁਖਬੀਰ ਸਿੰਘ ਸੰਧੂ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਉਸ ਨੂੰ ਗ਼ਜ਼ਲ ਲਿਖਣ ਦਾ ਸ਼ੌਕ ਜਨੂੰਨ ਦੀ ਹੱਦ ਤੱਕ ਸੀ।

ਸ਼ਿਵ ਕੁਮਾਰ ਬਟਾਲਵੀ ਦਾ ਸਮਕਾਲੀ ਸੁਖਬੀਰ ਸਿੰਘ ਸੰਧੂ ਗ਼ਜ਼ਲਾਂ ਨੂੰ ਗਾਉਂਦਾ ਵੀ ਸੁਰ-ਤਾਲ ਵਿਚ ਅਤੇ ਰੂਹ ਦੀਆਂ ਗਹਿਰਾਈਆਂ ਵਿਚੋਂ ਸੀ। ਸੁਰੀਲਾ ਵੀ ਸੀ। ਉਸ ਦੀ ਕਵਿਤਾ ਅਤੇ ਗ਼ਜ਼ਲ ਤਾਂ ਫੁੱਟਦੀ ਜਵਾਨੀ ਵਿਚ ਹੀ ਪੁੰਗਰ ਪਈ ਸੀ। 'ਪਾਇਲ' ਉਸ ਦੇ ਜਵਾਨੀ ਵੇਲੇ ਦੇ ਵੀਹ ਕੁ ਵਰ੍ਹਿਆਂ ਦੇ ਵਿਭਿੰਨ ਅਨੁਭਵਾਂ, ਅਹਿਸਾਸਾਂ ਅਤੇ ਖ਼ਿਆਲਾਂ ਦਾ ਸ਼ਬਦੀ ਰੂਪਾਂਤਰ ਹੈ, ਜਿਨ੍ਹਾਂ ਦੀਆਂ ਜੜ੍ਹਾਂ ਗਰੀਬੀ-ਅਮੀਰੀ, ਮੁਹੱਬਤ-ਨਫ਼ਰਤ, ਮਾਲਕੀ-ਮਜ਼ਦੂਰੀ, ਸੰਘਰਸ਼ ਅਤੇ ਦੇਸ-ਪਰਦੇਸ ਦੇ ਜੀਵਨ ਨਾਲ ਜਾ ਜੁੜਦੀਆਂ ਹਨ।

ਸੁਖਬੀਰ ਸੰਧੂ ਨੇ ਇਸ ਗ਼ਜ਼ਲ ਸੰਗ੍ਰਹਿ ਨੂੰ ਇੱਕ 'ਵਿਲੱਖਣ ਅੰਦਾਜ਼' ਦੇ ਨਾਲ ਸਮਰਪਣ ਕੀਤਾ ਹੈ…

ਜਿਸ ਮੋੜ 'ਤੇ ਕੋਈ ਇਸ ਤੋਂ, ਉਂਗਲੀ ਛੁਡਾ ਗਿਆ ਹੈ,
ਮੇਰੀ ਵਫ਼ਾ ਅਜੇ ਵੀ, ਉਸ ਮੋੜ 'ਤੇ ਖ਼ਲੀ ਏ।

ਸੰਗ੍ਰਹਿ ਵਿਚ ਸ਼ਾਮਲ ਗ਼ਜ਼ਲਾਂ ਰੂਹ ਨੂੰ ਧੂਹ ਪਾਉਂਦੀਆਂ ਹਨ, ਸੁਖਬੀਰ ਦੇ ਮਨ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀਆਂ ਹਨ, ਅਤੇ ਉਸ ਦੇ ਜਜ਼ਬਿਆਂ ਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਪੁਸਤਕ ਦੀ ਪਹਿਲੀ ਗ਼ਜ਼ਲ ਵਿਚੋਂ ਹੀ ਝਲਕਣਾ ਸ਼ੁਰੂ ਹੋ ਜਾਂਦਾ ਹੈ…

ਮਾਰੀ ਉਨ੍ਹਾਂ ਨੇ ਚੋਟ ਹੈ ਸਾਡੇ ਯਕੀਨ 'ਤੇ।
ਪੰਛੀ ਵਫ਼ੂ ਗ਼ਰੂਰ ਦਾ ਇੱਕ ਦਿਨ ਜ਼ਮੀਨ 'ਤੇ।

ਖ਼ਤ ਦੇ ਕੇ ਹੱਥ ਰਕੀਬ ਦੇ ਕਾਸਦ ਕਿਉਂ ਰੋ ਪਿਐ,
ਸ਼ਾਇਦ ਉਹ ਵੀ ਉਦਾਸ ਹੈ ਸਾਡੀ ਤੌਹੀਨ 'ਤੇ।

ਪੁਸਤਕ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਪਾਠਕ ਸੁਖਬੀਰ ਸੰਧੂ ਦੀ ਸ਼ਾਇਰੀ ਦਾ ਕਾਇਲ ਹੁੰਦਾ ਜਾਂਦਾ ਹੈ। ਇਸ ਗੱਲ ਦੀ ਸਮਝ ਵੀ ਪੈਂਦੀ ਹੈ ਕਿ ਕਿਉਂ ਨਾਮੀ ਗਾਇਕਾਂ ਨੇ ਇਸ ਨੂੰ ਗਾਇਆ, ਚੁਰਾਇਆ ਜਾਂ ਆਪਣਾ ਬਣਾ ਕੇ ਨਾਂਅ ਚਮਕਾਇਆ। ਪੁਸਤਕ ਵਿਚ ਸ਼ਾਮਲ ਗ਼ਜ਼ਲਾਂ ਦੀ ਹਲਕੀ ਜਿਹੀ ਝਲਕ ਪਾਠਕਾਂ ਨਾਲ ਸਾਂਝੀ ਕਰਦੇ ਹਾਂ:

ਜੋ ਪਲਕਾਂ ਹੇਠ ਬਿਠਾਉਂਦਾ ਰਿਹਾ, ਉਹ ਨੈਣ ਚੁਰਾਵੇ ਪਲ ਪਲ ਤੇ।
ਕੀ ਹੁੰਦਾ ਜਾਵੇ ਉਨ੍ਹਾਂ ਨੂੰ, ਸਾਨੂੰ ਸਮਝ ਨਾ ਆਵੇ ਪਲ ਪਲ ਤੇ।

ਅਸੀਂ ਗੰਗਾ ਜਾ ਕੇ ਕੀ ਲੈਣਾ ਅਸੀਂ ਜਮਨਾ ਨ੍ਹਾ ਕੇ ਕੀ ਲੈਣਾ,
ਜਦ ਹੜ੍ਹ ਅੱਖੀਆਂ ਵਿਚ ਹੰਝੂਆਂ ਦਾ, ਸਾਨੂੰ ਆਣ ਨੁਹਾਵੇ ਪਲ ਪਲ 'ਤੇ।

ਸੁਖਬੀਰ ਦੀ ਸ਼ਾਇਰੀ ਭਾਵਨਾਵਾਂ ਅਤੇ ਸੰਵੇਦਨਸ਼ੀਲਤਾ ਦਾ ਸੁਹਜਮਈ ਸੰਗਮ ਹੈ। ਜਿੱਥੇ ਮੋਹ-ਮੁਹੱਬਤਾਂ ਦਾ ਰਾਗ ਅਲਾਪਦਾ ਹੈ, ਉਥੇ ਹੀ ਇਨਕਲਾਬ, ਸ਼ਹੀਦੀਆਂ ਅਤੇ ਲਾਸਾਨੀ ਕੁਰਬਾਨੀਆਂ ਦੀ ਤਾਰ ਛੇੜਨੀ ਵੀ ਨਹੀਂ ਭੁੱਲਦਾ:

ਬੇ-ਆਸ ਨਿਕਲੀ ਜਦੋਂ ਹਰ ਇੱਕ ਦਵਾ ਮੇਰੇ ਲਈ।
ਰਾਸ ਆਈ ਤੇਰੇ ਪੱਲੂ ਦੀ ਹਵਾ ਮੇਰੇ ਲਈ।

ਰਾਤ ਨੇ ਪ੍ਰਭਾਤ ਦਾ ਸੰਧੂਰ ਸਿਰ ਵਿਚ ਧੂੜ ਕੇ,
ਇੱਕ ਨਵਾਂ ਦਿਨ ਹੋਰ ਦਿੱਤਾ ਹੈ ਸਜ਼ਾ ਮੇਰੇ ਲਈ।

ਦੱਸਦਾ ਏ ਨਜ਼ਾਰਾ ਕਰਵਟ ਬਦਲ ਬਦਲ ਕੇ।
ਕੋਈ ਇਨਕਲਾਬ ਆਉਣਾ ਹੈ ਅੱਜ ਨਹੀਂ ਤਾਂ ਭਲਕੇ।

ਹਰਦਾ ਹੀ ਜਾ ਰਿਹਾ ਹੈ ਹਰ ਕਦਮ 'ਤੇ ਹਨ੍ਹੇਰਾ,
ਕਰਦਾ ਏ ਵਾਰ ਚਾਨਣ ਐਸੇ ਸੰਭਲ ਸੰਭਲ ਕੇ।

ਜਾਗੋ! ਕਿ ਸਮਾਂ ਉਜਲੇ ਸੰਗਰਾਮ ਦਾ ਆਇਆ ਏ।
ਰਾਹਾਂ ਨੂੰ ਲਤਾੜੋ ਕਿ ਮੰਜ਼ਿਲ ਨੇ ਬੁਲਾਇਆ ਏ।

ਕੋਈ ਇਹ ਕਰਾਮਾਤ ਕਰਕੇ ਵਿਖਾਲੇ।
ਕਿ ਦਿਲ ਹੈ ਸਲਾਮਤ ਬਦਨ ਛਾਲੇ ਛਾਲੇ।

ਸ਼ਹੀਦਾਂ ਦੀ ਜਦ ਵੀ ਕਿਸੇ ਗੱਲ ਛੇੜੀ,
ਨਾ ਰੁਕ ਸਕੇ ਹੰਝੂ, ਨਾ ਦਿਲ ਗਏ ਸੰਭਾਲੇ।

ਪਰਵਾਸ ਦੀ ਦੋਹਰੀ ਜ਼ਿੰਦਗੀ ਜਿਊਣ ਦੀ ਤ੍ਰਾਸਦੀ ਨੂੰ ਪਰਵਾਸੀ ਖ਼ੁਦ-ਬ-ਖ਼ੁਦ ਜਾਣਦੇ ਅਤੇ ਮਹਿਸੂਸ ਕਰਦੇ ਹਨ। ਇਸ ਦਰਦ ਨੂੰ ਸੁਖਬੀਰ ਨੇ ਬਾਖ਼ੂਬੀ ਬਿਆਨ ਕੀਤਾ ਹੈ:

ਪੂਰਬ ਨੂੰ ਸੌਂਪ ਕੇ ਦਿਲ, ਪੱਛਮ ਨੂੰ ਆ ਗਿਆ ਹਾਂ।
ਬਣਦੀ ਹੈ ਕਿਸ ਜਗ੍ਹਾ 'ਤੇ ਸਾਡੀ ਕਬਰ ਵੀ ਦੇਖੋ।

ਪੱਛਮ ਦੀਆਂ ਹਵਾਵਾਂ, ਸਾਨੂੰ ਨਾ ਰਾਸ ਆਈਆਂ।
ਆਪਣਾ ਬਣਾ ਕੇ ਵੀ ਜੋ, ਖ਼ੁਦ ਰਹਿੰਦੀਆਂ ਪਰਾਈਆਂ।

ਉਨਾਂ ਦੀ ਕਦਰ ਕੀਮਤ ਪਾ ਸਕਦੀਆਂ ਨੇ ਕੀ ਇਹ।
ਸੱਜਣਾਂ ਤੋਂ ਦੂਰ ਆ ਕੇ ਸਹਿੰਦੇ ਹਾਂ ਜੋ ਜੁਦਾਈਆਂ।

ਸੁਖਬੀਰ ਸੰਧੂ ਦੀ ਸੰਜੀਦਾ, ਭਾਵਪੂਰਤ ਅਤੇ ਵਿਭਿੰਨ ਵਿਸ਼ਿਆਂ ਵਾਲੀ ਸ਼ਾਇਰੀ ਨੂੰ ਪੜ੍ਹਦਿਆਂ ਉਸ ਦੇ ਕਾਵਿ-ਮਨ ਦੀ ਭਾਵਨਾ, ਸੰਵੇਦਨਸ਼ੀਲਤਾ, ਸੂਖ਼ਮ ਬਿਰਤੀ, ਦੂਰਦਰਸ਼ੀ ਸੋਚ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ:

ਲੈ ਲੈਂਦਾ ਹੈ ਸਜਦਾ, ਰੋਕ ਕੇ, ਇੱਕ ਦਰ ਕਦੀ ਕਦੀ।
ਯਾਦਾਂ ਤਾਜ਼ੀਆਂ ਦੇਂਦਾ ਹੈ ਕਰ, ਇੱਕ ਘਰ ਕਦੀ ਕਦੀ।

ਜਦੋਂ ਘਰ ਕਿਸੇ ਦੇ ਸਮਾਏ ਗ਼ਰੀਬੀ।
ਤਾਂ ਕੀ ਕੀ ਸੁਣੋ ਕਰ ਵਿਖਾਏ ਗ਼ਰੀਬੀ।

ਕੋਈ ਵੀ ਰਚਨਾ ਜਦ ਬੇਬਾਕ ਸੱਚ ਬੋਲਦੀ ਹੈ ਤਾਂ ਉਹ ਖ਼ੁਦ-ਬ-ਖ਼ੁਦ ਹੋਰ ਮਕਬੂਲ ਹੋ ਜਾਂਦੀ ਹੈ:

ਵੇਖ ਕੇ ਮੇਰਾ ਜਨਾਜ਼ਾ ਉਨ੍ਹਾਂ ਮੂੰਹ ਫੇਰ ਲਿਆ,
ਮੇਰੇ ਮਰ ਜਾਣ ਤੇ ਪਹਿਚਾਣ ਦੀ ਗੱਲ ਕੀਤੀ ਏ।

ਮਹਿਜ਼ ਤਿੰਨ ਅੱਖਰਾਂ ਦਾ ਛੋਟਾ ਜਿਹਾ ਸ਼ਬਦ 'ਜ਼ਿੰਦਗੀ' ਆਪਣੇ ਅੰਦਰ ਬੜੇ ਗਹਿਰੇ ਰਾਜ਼ ਸਮੋਈ ਬੈਠਾ ਹੈ। ਜ਼ਿੰਦਗੀ ਦੇ ਈਮਾਨ ਅਤੇ ਰਾਜ਼ ਬਾਰੇ ਬਹੁਤ ਦਿਲਚਸਪ ਲਫ਼ਜ਼ ਪਰੋਏ ਨੇ ਸੁਖਬੀਰ ਸੰਧੂ ਨੇ:

ਦੁੱਖ ਸੁਖ, ਖ਼ੁਸ਼ੀ ਗ਼ਮੀ ਦੀ ਹੈ ਧੁੱਪ ਛਾਂ ਜਿਹੀ ਖੇਡ ਇਹ,
ਹੰਝੂ ਕਦੀ ਤੇ ਹੈ ਕਦੀ ਮੁਸਕਾਨ ਜ਼ਿੰਦਗੀ।

ਬੜੀ ਖ਼ੂਬਸੂਰਤ ਸੀ ਸ਼ੈਅ ਜ਼ਿੰਦਗੀ ਇਹ।
ਗ਼ਮਾਂ ਦੇ ਜੇ ਕੀਤੇ ਹਵਾਲੇ ਨਾ ਜਾਂਦੇ।

ਇੱਕ ਦਿਨ ਘਰ ਤੋਂ ਖੋਲੇ ਬਣ ਕੇ ਰਹਿ ਜਾਵਣ,
ਜੋ ਕੰਧਾਂ ਨਾ ਝੱਲਣ ਬੋਝ ਸ਼ਤੀਰਾਂ ਦੇ।

ਮਿਹਨਤ ਦੀ ਇਕ ਰੇਖ ਤਲੀ ਤੇ ਕਾਫ਼ੀ ਏ,
ਕੀ ਕਰਨੇ ਨੇ ਬਹੁਤੇ ਜਾਲ ਲਕੀਰਾਂ ਦੇ।

ਅੰਨ੍ਹੀ ਨਫ਼ਰਤ, ਡਿੱਗਦੇ ਬੰਬਾਂ ਦੀ ਬਰਬਾਦੀ ਅਤੇ ਮਨੁੱਖਤਾ ਦੇ ਜਿਸ ਘਾਣ ਦੀ ਗੱਲ ਸੁਖਬੀਰ ਸੰਧੂ ਅੱਧੀ ਸਦੀ ਪਹਿਲਾਂ ਕਰ ਗਿਆ, ਉਹ ਅਮਰਵੇਲ ਬਣ ਕੇ ਅੱਜ ਵੀ ਵਧ ਫੁੱਲ ਰਹੀ ਹੈ:

ਮਾਂ ਧਰਤੀ ਦੀ ਹਿੱਕ ਤੇ ਕਿਧਰੇ ਬੰਬਾਂ ਦੀ ਬਰਸਾਤ ਹੈ ਹੋਈ।
ਖ਼ੂਨ ਮਨੁੱਖਤਾ ਦਾ ਕਿਤੇ ਹੋਇਆ, ਰੱਤ ਕਿਤੇ ਇਨਸਾਨ ਦੀ ਚੋਈ।

ਇਸ ਗ਼ਜ਼ਲ ਸੰਗ੍ਰਹਿ ਦੀ ਆਖ਼ਰੀ ਗ਼ਜ਼ਲ ਦੇ ਲਫ਼ਜ਼ ਖ਼ੁਦ-ਬ-ਖ਼ੁਦ ਬਹੁਤ ਕੁਝ ਕਹਿ ਗਏ:

ਦੱਸ ਕੇ ਨਵਾਂ ਹੀ ਰਾਹ ਤੇ 'ਆਹ' ਭਰ ਕੇ ਤੁਰ ਗਏ,
ਪੁੱਛੇ ਜਿਨ੍ਹਾਂ ਨੂੰ ਮੈਂ ਪਤੇ ਤੇਰੇ ਮਕਾਨ ਦੇ।

ਗ਼ਮ ਵੀ ਖ਼ੁਸ਼ੀ ਸਮਾਨ ਹੈ, ਸਾਨੂੰ ਜੋ ਦੇ ਗਿਐ,
ਸ਼ਾਇਦ ਇਹੋ ਹੀ ਕੋਲ ਸੀ ਉਸ ਮਿਹਰਬਾਨ ਦੇ।

ਦੋਸਤੋ, ਪੰਜਾਬੀ ਸਾਹਿਤ ਦਾ ਅਨਮੋਲ ਹੀਰਾ ਸੁਖਬੀਰ ਸੰਧੂ ਅਤੇ ਉਸ ਦੀ ਖ਼ੂਬਸੂਰਤ ਸ਼ਾਇਰੀ ਭਾਵੇਂ ਅੱਧੀ ਸਦੀ ਤੱਕ ਸਮੇਂ ਦੀਆਂ ਧੂੜਾਂ ਵਿਚ ਗਾਇਬ ਰਹੀ, ਪਰ ਸੱਚ ਇਹ ਵੀ ਹੈ ਕਿ ਸ਼ਬਦ ਕਦੇ ਮਰਦੇ ਨਹੀਂ ਹੁੰਦੇ ਅਤੇ ਨਾ ਹੀ ਸੁਖ਼ਨਵਰ। ਗੁਰਭਜਨ ਗਿੱਲ, ਜਸਬੀਰ ਭੁੱਲਰ ਅਤੇ ਇਮਰੋਜ਼ ਮਾਨ ਵਰਗੀਆਂ ਸ਼ਖ਼ਸੀਅਤਾਂ ਦੀਆਂ ਸ਼ਲਾਘਾਯੋਗ ਕੋਸ਼ਿਸ਼ਾਂ ਇੰਜ ਹੋਣ ਨਹੀਂ ਦਿੰਦੀਆਂ ਅਤੇ ਨਾ ਹੀ ਹੋਣ ਦੇਣਗੀਆਂ। ਸੁਰਜੀਤ ਪਾਤਰ ਜੀ ਦੀਆਂ ਖ਼ੂਬਸੂਰਤ ਲਾਈਨਾਂ ਵੀ ਇਸ ਦੀ ਗਵਾਹੀ ਭਰਦੀਆਂ ਹਨ:

ਜਦੋਂ ਤਕ ਲਫ਼ਜ਼ ਜਿਉਂਦੇ ਨੇ ਸੁਖ਼ਨਵਰ ਜਿਓਣ ਮਰ ਕੇ ਵੀ,
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ।

ਗ਼ਜ਼ਲ ਸੰਗ੍ਰਹਿ 'ਪਾਇਲ' ਦਾ 'ਦੂਸਰਾ ਜਨਮ' ਪੰਜਾਬੀ ਸਾਹਿਤ ਲਈ ਸ਼ੁੱਭ ਸ਼ਗਨ ਹੈ। ਸੁਖਬੀਰ ਸਿੰਘ ਸੰਧੂ ਅਤੇ ਗੁਰਭਜਨ ਗਿੱਲ ਵਧਾਈ ਦੇ ਹੱਕਦਾਰ ਹਨ!

ਜ਼ਿੰਦਗੀ ਜ਼ਿੰਦਾਬਾਦ।

---

*(ਪਿਛਲੇ ਸਫੇ ਦਾ ਬਾਕੀ)*

ਸਾਈਕੀ ਦੀ ਵੋਟ ਪ੍ਰਾਪਤ ਕਰਨਾ ਹੈ, ਕਾਂਗਰਸ ਪਾਰਟੀ ਵੀ ਇਸ ਵਿਚ ਕਿਤੇ ਕਿਤੇ ਆਪਣਾ ਬੇਸ ਬਣਾਉਣ ਲਈ ਤਾਅਨੇ-ਮਿਹਣੇ ਮਾਰਦੀ ਰਹਿੰਦੀ ਹੈ ਤੇ ਐਮ.ਐਲ.ਏ. ਅਕਾਲ ਤਖ਼ਤ 'ਤੇ ਭੇਜਣ ਦੀ ਗੱਲ ਕਰਦੀ ਹੈ।

ਮਸ਼ਲਾ ਇਹ ਹੈ ਕਿ ਪੰਜਾਬ ਸਰਕਾਰ ਇਸ ਕਾਨੂੰਨ ਰਾਹੀਂ ਦੋ ਪਾਸੇ ਨਿਸ਼ਾਨੇ 'ਤੇ ਸੇਧਤ ਹੈ। ਪਹਿਲਾ ਅਕਾਲੀਆਂ ਨੂੰ ਉਨ੍ਹਾਂ ਦੀ ਔਕਾਤ ਤੱਕ ਸੀਮਤ ਰਖਣਾ ਅਤੇ ਦੂਸਰਾ ਲੋਕਾਂ ਦਾ ਧਿਆਨ ਧਾਰਮਿਕ ਮੁੱਦਿਆਂ ਵੱਲ ਮੋੜ ਕੇ ਆਪਣੇ ਪਿਛਲੇ ਚਾਰ ਸਾਲ ਤੋਂ ਉਪਰ ਸਤਾ ਵਿਚ ਰਹਿ ਕੇ ਲੋਕਾਂ ਦੇ ਮੁੱਦਿਆਂ ਨੂੰ ਹੱਲ ਨਾ ਕਰਨ ਦੀ ਅਯੋਗਤਾ ਨੂੰ ਛੁਪਾਉਣਾ ਤੇ ਮਿੱਟੀ ਪਾਉਣਾ ਹੈ। ਸਰਕਾਰ ਹਰ ਖੇਤਰ ਵਿਚ ਅਸਫਲ ਹੋਈ ਹੈ। ਕਿਸਾਨੀ ਦੇ ਮੁੱਦੇ ਜਿਉਂ ਦੇ ਤਿਉਂ ਹਨ, ਕਿਸਾਨ ਅੱਜ ਵੀ ਸੰਘਰਸ਼ ਦੇ ਰਾਹ ਹਨ ਤੇ ਕਰਜੇ ਦੀ ਲਪੇਟ ਵਿਚ ਹਨ, ਸਰਕਾਰ ਕੋਈ ਤਹਿਸੁਦਾ ਖੇਤੀ ਪਾਲਸੀ ਨਹੀਂ ਬਣਾ ਸਕੀ, ਮਜਦੂਰ ਵਰਗ ਘੱਟ ਰਹੀ ਉਜਰਤ ਕਾਰਨ ਘੋਰ ਆਰਥਿਕ ਸੰਕਟ ਦਾ ਸ਼ਿਕਾਰ ਹੈ। ਮੁਲਾਜ਼ਮ ਵਰਗ ਨਾਲ ਪੁਰਾਣੀ ਪੈਨਸ਼ਨ ਸਕੀਮ ਲਿਆਉਣ ਦਾ ਕੀਤਾ ਵਾਅਦਾ ਧਰਿਆ-ਧਰਾਇਆ ਪਿਆ, ਮਹਿੰਗਾਈ ਭੱਤਾ ਸਰਕਾਰ ਫਰੀਜ਼ ਕਰੀ ਬੈਠੀ ਹੈ ਅਤੇ ਸਰਕਾਰ ਮੁਲਾਜਮਾ ਦੀਆਂ ਤਨਖਾਹਾਂ ਦੇਣ ਲਈ ਜਾਂ ਤਾਂ ਬਹਾਨੇ ਕਰਕੇ ਲੇਟ ਕਰ ਰਹੀ ਹੈ ਤੇ ਫਿਰ ਕਰਜ਼ੇ ਚੁੱਕ ਕੇ ਅਦਾਇਗੀ ਕਰ ਰਹੀ ਹੈ, ਮੁਲਾਜ਼ਮਾ ਦੀ ਰੋਜ਼ ਗਿਦੜ-ਕੁੱਟ ਕੀਤੀ ਜਾ ਰਹੀ ਹੈ, ਬੇਰੁਜਗਾਰੀ ਚਰਮਸ਼ੀਮਾ ਤੱਕ ਪੁੱਜ ਚੁੱਕੀ ਹੈ। ਦੁਕਾਨਦਾਰੀ ਹੇਠਾਂ ਵੱਲ ਬੁਰੀ ਤਰ੍ਹਾਂ ਗਰਕਦੀ ਜਾ ਰਹੀ ਹੈ ਕਿਉਂਕਿ ਆਰਥਿਕ ਸੰਕਟ ਕਾਰਨ ਖਰੀਦ ਸ਼ਕਤੀ ਪ੍ਰਭਾਵਤ ਹੋਈ ਹੈ।

ਭਖਦਾ ਸੁਆਲ ਇਹ ਵੀ ਹੈ ਕਿ ਕੀ ਪੰਜਾਬ ਸਰਕਾਰ ਨੂੰ ਕੇਵਲ ਪੰਜਾਬ ਦੇ ਸਿੱਖਾਂ ਨੇ ਹੀ ਚੁਣਿਆਂ ਹੈ? ਸਰਕਾਰ ਨੂੰ ਚੁਣਨ ਲਈ ਹਰ ਵਰਗ ਨੇ ਆਪਣੇ ਵੋਟ ਦੀ ਵਰਤੋਂ ਕੀਤੀ ਹੈ ਅਤੇ ਸਰਕਾਰ ਦਾ ਮੁਹਾਂਦਰਾ ਸੈਕੂਲਰ ਅਤੇ ਇਨਸਾਫ-ਪਸੰਦ ਹੋਣਾ ਚਾਹੀਦਾ ਹੈ। ਕੀ ਸਰਕਾਰ ਦੁਆਰਾ ਪਾਸ ਕੀਤੇ ਕਾਨੂੰਨਾਂ ਦੀ ਪ੍ਰਵਾਨਗੀ ਸਰਕਾਰ ਅਕਾਲ ਤਖ਼ਤ 'ਤੋਂ ਲਿਆ ਕਰੇਗੀ? ਕੀ ਸਰਕਾਰ ਨੇ ਹੋਰ ਧਾਰਮਿਕ ਅਦਾਰਿਆਂ ਲਈ ਨਵੇਂ ਦਰਵਾਜੇ ਨਹੀਂ ਖੋਲ੍ਹ ਦਿੱਤੇ? ਸਰਕਾਰ ਨੂੰ ਲੋਕਾਂ ਨੂੰ ਫਿਰਕੂ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਰਕਾਰ ਆਪਣੇ ਸਰਕਾਰੀ ਦਫਤਰਾਂ ਵਿਚ ਡਾਕਟਰ ਅੰਬੇਦਰਕਰ, ਜਿਨ੍ਹਾਂ ਭਾਰਤੀ ਸੰਵਿਧਾਨ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ ਹੈ ਅਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਤਸਵੀਰ ਸੁਸ਼ੋਭਤ ਕਰਦੀ ਹੈ। ਕੀ ਸਰਕਾਰ ਦਾ ਇੱਕ ਧਾਰਮਿਕ ਅਦਾਰੇ 'ਤੇ ਜਾਣਾ ਉਸੇ ਭਾਰਤੀ ਸੰਵਿਧਾਨ ਦੀ ਸੈਕੂਲਰ ਭਾਵਨਾ ਨੂੰ ਠੇਸ ਨਹੀਂ ਮਾਰਦਾ? ਕੀ ਸ਼ਹੀਦੇ-ਆਜ਼ਮ ਭਗਤ ਸਿੰਘ ਦੀਆਂ ਲਿਖਤਾਂ 'ਤੇ ਵੀ ਕਦੇ ਸਰਕਾਰ ਨੇ ਝਾਤ ਮਾਰੀ ਹੈ ਕਿ ਉਸ ਦੀ ਧਰਮ ਸਬੰਧੀ ਕੀ ਪਹੁੰਚ ਹੈ? ਤੇ ਉਹ ਕਿਸਤਰ੍ਹਾਂ ਫਿਰਕੂ ਦੰਗਿਆਂ ਪਿਛੇ ਅਜਿਹੇ ਉਨਮਾਦਾ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ ਤੇ ਮਨੁੱਖ ਹੱਥੋ ਮਨੁੱਖ ਦੀ ਲੁੱਟ ਦਾ ਸ਼ਖਤ ਵਿਰੋਧੀ ਹੈ। ਸਰਕਾਰ ਦਾ ਅਜਿਹਾ ਵਰਤਾਰਾ ਸਾਡੇ ਭਾਈਚਾਰਕ ਸਬੰਧਾਂ 'ਤੇ ਅਸਰ ਪਾ ਸਕਦਾ ਹੈ। ਪੰਜਾਬ ਪਹਿਲਾਂ ਅਜਿਹੀ ਫਿਰਕੂ ਹਨੇਰੀ ਦਾ ਸੰਤਾਪ ਹੰਢਾ ਚੁੱਕਿਆ। ਕੇਵਲ ਭਗਤ ਸਿੰਘ ਦੀ ਕੇਸਰੀ ਪਗੜੀ ਦਾ ਦਿਖਾਵਾ ਕਰਕੇ ਲੋਕਾਂ ਦੀ ਹਾਲਤ ਨਹੀਂ ਸੁਧਾਰੀ ਜਾ ਸਕਦੀ। ਲੋਕਾਂ ਦੇ ਧਾਰਮਿਕ ਮਸਲਿਆਂ ਨੂੰ ਹੱਲ ਕਰਨਾ ਹੁੰਦਾ ਹੈ। ਸ਼ਖ਼ਤ ਕਾਨੂੰਨ ਦੋ ਧਾਰੀ ਤਲਵਾਰ ਹੀ ਹੁੰਦੇ, ਜਿਸਦੀ ਵਰਤੋਂ ਅਕਸਰ ਵਿਚਾਰਧਾਰਕ ਅਤੇ ਰਾਜਨੀਤਿਕ ਵਿਰੋਧੀਆਂ ਖਿਲਾਫ ਹੀ ਹੁੰਦੀ ਹੈ। ਤਾਕਤਵਰ ਬਚ ਨਿਕਲਦਾ ਹੈ ਤੇ ਮਾੜਾ ਹਮੇਸ਼ਾ ਇਸਦੀ ਜ਼ਦ ਵਿਚ ਆ ਜਾਂਦਾ ਹੈ। ਇਹ ਹੋਇਆ ਵੀ ਹੈ ਕਿ ਕਿਸੇ ਮਾਨਸਿਕ ਰੋਗੀ ਨੂੰ ਇਸ ਨਾਲ ਅਟੈਚ ਕਰਕੇ ਪਾਸਾ ਵੱਟ ਲਿਆ ਜਾਂਦਾ ਹੈ। ਲੋਕ ਉਨ੍ਹਾਂ ਦੇ ਸਰੋਕਾਰਾਂ ਨੂੰ ਹੱਲ ਕਰਕੇ ਹੀ ਆਪਣੇ ਪੱਖ ਵਿਚ ਕੀਤੇ ਜਾ ਸਕਦੇ ਹਨ। ਅਜਿਹੇ ਕਾਨੂੰਨ ਭਵਿਖ ਵਿਚ ਨੁਕਸਾਨਦੇਹ ਹੀ ਸਾਬਤ ਹੋਣਗੇ ਉਵੇਂ ਜਿਸਤਰ੍ਹਾਂ ਆਈ.ਪੀ.ਸੀ. ਦੀ ਧਾਰਾ 295 ਏ। ਜਿਸਦੀ ਪਿਛੇ ਜਿਹੇ ਇਸੇ ਸਰਕਾਰ ਨੇ ਤਰਕਸ਼ੀਲ ਕਾਰਕੁੰਨਾ ਉਪਰ ਕੀਤੀ ਹੈ। ਬਾਦਲ ਸਰਕਾਰ ਸਮੇਂ ਡਾ ਕਾਵੂਰ ਦੀ ਅੰਧਵਿਸ਼ਵਾਸਾ ਖਿਲਾਫ ਲਿਖੀ ਅਤੇ ਤਰਕਸ਼ੀਲਾਂ ਵਲੋਂ ਅਨੁਵਾਦਤ ਕਿਤਾਬ 'ਤੇ ਦੇਵ ਪੁਰਸ਼ ਹਾਰ ਗਏ' 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼, ਜਿਸਦਾ ਲਿਖਾਰੀ ਵਰਗ ਨੇ ਸ਼ਖ਼ਤ ਵਿਰੋਧ ਕੀਤਾ। ਹਿਮਾਚਲ ਵਿਚ 'ਤਰਕਸ਼ੀਲ ਮੈਗਜ਼ੀਨ' ਸਟਾਲ ਤੋਂ ਸਰਕਾਰ ਨੇ ਜਬਤ ਕਰ ਲਿਆ ਸੀ।

# ਪ੍ਰੋ.ਸ਼ੇਰ ਸਿੰਘ ਕੰਵਲ ਦਾ ਕਾਵਿ-ਸੰਗ੍ਰਹਿ ‘ਤਿਲ਼ਫੁੱਲ’ ਗੁੱਝੇ ਤੀਰਾਂ ਦਾ ਪੁਲੰਦਾ

ਪ੍ਰੋ. ਸ਼ੇਰ ਸਿੰਘ ਕੰਵਲ ਸਥਾਪਤ ਪ੍ਰਵਾਸੀ ਸ਼ਾਇਰ ਹੈ। ਉਸ ਦੀਆਂ ਹੁਣ ਤੱਕ ਡੇਢ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਗਿਆਰਾਂ ਕਾਵਿ ਸੰਗ੍ਰਹਿ, ਇੱਕ ਗ਼ਜ਼ਲ ਸੰਗ੍ਰਹਿ, ਦੋ ਵਿਅੰਗ ਸੰਗ੍ਰਹਿ, ਇੱਕ ਕਿੱਸਾ ਕਾਵਿ ਅਤੇ ਤਿੰਨ ਵਾਰਤਕ ਦੀਆਂ ਪੁਸਤਕਾਂ ਸ਼ਾਮਲ ਹਨ। ਪੜਚੋਲ ਅਧੀਨ ਉਸਦਾ ਕਾਵਿ ਸੰਗ੍ਰਹਿ ‘ਤਿਲ਼ਫੁੱਲ’ ਵਿਅੰਗ-ਵਹਿਣ ਅਤੇ ਕਾਵਿ-ਰੰਗ ਦੀ ਖ਼ੁਸ਼ਬੋ ਵਾਲਾ ਹੈ। ਹੈਰਾਨੀ ਤੇ ਸੰਤੁਸ਼ਟੀ ਦੀ ਗੱਲ ਹੈ ਕਿ ਪ੍ਰੋ.ਸ਼ੇਰ ਸਿੰਘ ਕੰਵਲ ਰਹਿੰਦਾ ਤਾਂ ਪ੍ਰਵਾਸ ਵਿਚ ਹੈ, ਪ੍ਰੰਤੂ ਪੰਜਾਬ ਨਾਲ ਉਸਦਾ ਮੋਹ, ਉਸਦੀਆਂ ਕਵਿਤਾਵਾਂ ਤੋਂ ਸਾਫ਼ ਝਲਕਦਾ ਹੈ। ਉਸਦਾ ਕਾਵਿ ਸੰਗ੍ਰਹਿ ਪੜ੍ਹਨ ਤੋਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਸਨੇ ਪੰਜਾਬ ਵਿਚ ਰਹਿੰਦਿਆਂ ਹੋਇਆਂ ਸਾਰਾ



**ਉਜਾਗਰ ਸਿੰਘ**
**ਫੋਨ: 94178-13072**

ਕੁਝ ਅੱਖੀਂ ਵੇਖਿਆ ਹੈ। ਕਾਵਿ ਸੰਗ੍ਰਹਿ ਦੇ ਪਹਿਲੇ 115 ਪੰਨਿਆਂ ਵਿਚ ਵਿਅੰਗਾਤਮਿਕ ਕਵਿਤਾਵਾਂ ਹਨ, ਜਿਨ੍ਹਾਂ ਵਿਚ ਵਰਤਮਾਨ ਸਮਾਜਿਕ, ਰਾਜਨੀਤਕ, ਆਰਥਿਕ, ਸਭਿਆਚਾਰਿਕ ਅਤੇ ਹੋਰ ਵਿਸੰਗਤੀਆਂ ਨੂੰ ਵਿਅੰਗ ਦੀ ਪਾਣ ਦੇ ਕੇ ਤਿੱਖੇ ਤੀਰ ਮਾਰੇ ਗਏ ਹਨ, ਤਾਂ ਜੋ ਪੰਜਾਬੀਆਂ ਵਿਚ ਆਪਣੀ ਅਮੀਰ ਵਿਰਾਸਤ ‘ਤੇ ਪਹਿਰਾ ਦੇਣ ਦੀ ਭਾਵਨਾ ਪੁਨਰ ਸੁਰਜੀਤ ਹੋ ਸਕੇ। ਪਹਿਲਾ ਭਾਗ ਬਹੁਤ ਹੀ ਬੇਬਾਕੀ ਨਾਲ ਲਿਖਿਆ ਗਿਆ ਹੈ। ਸ਼ਾਇਰ ਦੇ ਆਪਣੇ ਮਨ ਦਾ ਗੁੱਸਾ ਸੰਸਾਰ ਦੀ ਵਰਤਮਾਨ ਸਥਿਤੀ ਬਾਰੇ ਕਵਿਤਾਵਾਂ ਵਿਚੋਂ ਝਲਕਦਾ ਹੈ। ਪ੍ਰੋ. ਸ਼ੇਰ ਸਿੰਘ ਕੰਵਲ ਦੇ ਇਹ ਸ਼ਿਅਰ ਪੰਜਾਬ, ਦੇਸ਼ ਅਤੇ ਸੰਸਾਰ ਵਿਚ ਵਾਪਰਨ ਵਾਲੀ ਹਰ ਘਟਨਾ ਦੇ ਪ੍ਰਤੀਕਰਮ ਵਜੋਂ ਲਿਖੇ ਗਏ ਹਨ। ਇਹ ਸ਼ਿਅਰ ਕਿਸੇ ਇੱਕ ਸਮੇਂ ਅਤੇ ਸਥਾਨ ਦੀ ਤਰਤੀਬ ਅਨੁਸਾਰ ਨਹੀਂ ਹਨ। ਕਦੀ ਪੰਜਾਬ ਦੀ ਘਟਨਾ ਸੰਬੰਧੀ, ਕਦੀ ਦੇਸ਼ ਅਤੇ ਕਦੀ ਸੰਸਾਰ ਵਿਚ ਵਾਪਰੀ ਕਿਸੇ ਵੀ ਘਟਨਾ ਜਾਂ ਸਮੱਸਿਆ ਹੋਵੇ ਉਸ ਬਾਰੇ ਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਕਵੀ ਨੇ ਇਤਨੀ ਬੇਬਾਕੀ ਨਾਲ ਲਿਖਿਆ ਹੈ ਕਿ ਸਿਆਸਤਦਾਨਾ ਦੇ ਨਾਮ ਲਿਖੇ ਗਏ ਹਨ। ਵੈਸੇ ਬਹੁਤੀ ਵਾਰੀ ਅਕਾਲੀ ਦਲ ਦੇ ਬਾਦਲ ਧੜੇ ਅਤੇ ਵਰਤਮਾਨ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਾਰੇ ਸ਼ਿਅਰ ਹਨ। ਵਿਅੰਗ ਦੇ ਤੀਰ ਇਤਨੇ ਤਿੱਖੇ ਹਨ ਕਿ ਪਾਠਕਾਂ ਵਿਚ ਵੀ ਜੋਸ਼ ਭਰ ਦਿੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ ‘ਤੇ ਕੇਂਦਰ ਸਰਕਾਰ ਦੇ ਪੰਜਾਬੀਆਂ ਨਾਲ ਲਗਾਤਾਰ ਕੀਤੇ ਜਾ ਰਹੇ ਵਿਤਕਰਿਆਂ ਦਾ ਪਰਦਾ ਫਾਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸ਼ਾਇਰ ਨੇ ਸ਼੍ਰੋਮਣੀ ਅਕਾਲੀ ਦਲ ਵਰਗੀ ਜੁਝਾਰੂਆਂ ਦੀ ਪਾਰਟੀ ਦੀ ਸਰਕਾਰ ਵੱਲੋਂ ਅਵੇਸਲੇਪਣ ਅਤੇ ਗ਼ੈਰ ਸੰਜੀਦਗੀ ਵਾਲੀਆਂ ਨੀਤੀਆਂ ਨੂੰ ਆੜੇ ਹੱਥੀਂ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ‘ਤੇ ਇੱਕ ਪਰਿਵਾਰ ਦੇ ਕਬਜ਼ੇ ਨੂੰ ਪੰਜਾਬ ਦੀ ਅਧੋਗਤੀ ਦਾ ਕਾਰਨ ਕਿਹਾ ਗਿਆ ਹੈ। ਅਕਾਲੀ ਸਰਕਾਰ ਦਾ ਸਿੱਖ ਸਿਧਾਂਤਾਂ ਅਤੇ ਸਿੱਖ ਸੰਸਥਾਵਾਂ ਨੂੰ ਅਣਡਿਠ ਕਰਕੇ ਉਨ੍ਹਾਂ ਦੀ ਬੇਕਦਰੀ, ਜਥੇਦਾਰਾਂ ਦਾ ਸਿੱਖ ਪਰੰਪਰਾਵਾਂ ਤੋਂ ਪਾਸਾ ਵੱਟਣਾ, ਪੰਥਕ ਪਹਿਰੇਦਾਰੀ ਨੂੰ ਤਿਲਾਂਜ਼ਲੀ ਦੇਣਾ ਅਤੇ ਨੇਤਾਵਾਂ ਦੀ ਚਮਚਾਗਿਰੀ ਕਰਨ ਨੂੰ ਆਪਣੀਆ ਕਵਿਤਾਵਾਂ ਦੇ ਵਿਸ਼ੇ ਬਣਾਕੇ ਵਿਅੰਗਾਤਮਿਕ ਹੂਜਾਂ ਮਾਰੀਆਂ ਗਈਆਂ ਹਨ। ਧਾਰਮਿਕ ਰਹਿਬਰ ਸਿੱਖ ਸਿਧਾਂਤਾਂ ਤੇ ਪਰੰਪਰਾਵਾਂ ਦੇ ਵਿਰੁੱਧ ਕਾਰੋਬਾਰ ਕਰ ਰਹੇ ਹਨ। ਭਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਰਕੇ ਪੰਜਾਬੀ ਅਤਿਅੰਤ ਦੁੱਖੀ ਤੇ ਬੇਬਸ ਵਿਖਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਿਆਸੀ ਦਖ਼ਲਅੰਦਾਜ਼ੀ ਨੇ ਸਿੱਖੀ ਦਾ ਘਾਣ ਕੀਤਾ ਹੈ। ਪੰਜਾਬ ਵਿਚ ਸਿੱਖਾਂ ਦੀ ਆਬਾਦੀ ਘੱਟਣ ‘ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ। ਕੇਂਦਰ ਵਿਚ ਇੱਕ ਮੰਤਰੀ ਬਣਨ ਲਈ ਪੰਜਾਬ ਨੂੰ ਗਹਿਣੇ ਕਰ ਦਿੱਤਾ। ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੀਆਂ ਗ਼ਲਤੀਆਂ ਨੂੰ ਨੰਗਿਆਂ ਕੀਤਾ ਗਿਆ ਹੈ, ਕਿਸੇ ਵੀ ਸਿਆਸੀ ਪਾਰਟੀ ਦੇ ਨੇਤਾ ਨੂੰ ਬਖ਼ਸ਼ਿਆ ਨਹੀਂ ਗਿਆ, ਪ੍ਰੰਤੂ ਚੰਗਾ ਕੰਮ ਕਰਨ ਵਾਲਿਆਂ ਦੀ ਪ੍ਰਸੰਸਾ ਵੀ ਕੀਤੀ ਗਈ ਹੈ। ਪੰਜਾਬ ਦੇ ਨੇਤਾ ਆਪਣੇ ਆਪਨੂੰ ਪੰਜਾਬ ਦੇ ਖ਼ੈਰ ਖਵਾਹ ਕਹਿੰਦੇ ਹਨ, ਪ੍ਰੰਤੂ ਅਸਲ ਵਿਚ ਪੰਜਾਬ ਦਾ ਨੁਕਸਾਨ ਕਰਨ ਦੇ ਜ਼ਿੰਮੇਵਾਰ ਹੀ ਉਹ ਹਨ। ਸ਼ਾਇਰ ਨੇ ਇਕੱਲੇ ਪੰਜਾਬ ਦੇ ਨੇਤਾਵਾਂ ਦੇ ਭਰਿਸ਼ਟਾਚਾਰ ਦੀ ਹੀ ਗੱਲ ਨਹੀਂ ਕੀਤੀ, ਸਗੋਂ ਸਮੁੱਚੇ ਦੇਸ਼ ਦੇ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੇ ਪੋਲ ਖੋਲ੍ਹੇ ਹਨ। ਜ਼ਾਅਲੀ ਨੇਤਾ ਤੇ ਉਨ੍ਹਾਂ ਦੀਆਂ ਜ਼ਾਅਲੀ ਡਿਗਰੀਆਂ ਬਾਰੇ ਵੀ ਕਿੰਤੂ ਪ੍ਰੰਤੂ ਕੀਤਾ ਹੈ। ਡੇਰਾਵਾਦ ਨੇ ਸਿੱਖ ਸਿਧਾਂਤਾਂ ਨੂੰ ਠੇਸ ਪਹੁੰਚਾਈ ਹੈ ਅਤੇ ਡੇਰਾਵਾਦ ਦੀ ਪ੍ਰਫੁਲਤਾ ਦੇ ਨੁਕਸਾਨ ਦਾ ਵੀ ਹੰਦੇਸ਼ਾ ਪ੍ਰਗਟ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਤਾਰਨ ਲਈ ਸੰਸਾਰ ਦਾ ਭ੍ਰਮਣ ਪੈਦਲ ਯਾਤਰਾ ਕਰਕੇ ਕੀਤਾ ਸੀ, ਪ੍ਰੰਤੂ ਅੱਜ ਦੇ ਬਾਬੇ ਜਹਾਜਾਂ ਦੇ ਝੂਟੇ ਲੈਂਦੇ ਹਨ ਤੇ ਲੋਕਾਈ ਦਾ ਭਲਾ ਵੀ ਨਹੀਂ ਕਰਦੇ, ਸਗੋਂ ਬੇਵਕੂਫ਼ ਬਣਾਕੇ ਲੁੱਟਦੇ ਹਨ। ਡੇਰਾਵਾਦ ਦਾ ਪ੍ਰਫੁੱਲਤ ਹੋਣਾ ਸਿਆਸਤਦਾਨਾ ਦੀ ਵੋਟਾਂ ਦੀ ਰਾਜਨੀਤੀ ਦਾ ਨਤੀਜਾ ਹੈ। ਸਿਆਸੀ ਮਾਫ਼ੀਆ ਭਾਰੂ ਹੋ ਗਿਆ ਹੈ। ਸਾਰੇ ਸਿਆਸਤਦਾਨ ਇੱਕੋ ਬੇੜੀ ਦੇ ਚੱਟੇ ਵੱਟੇ ਹਨ। ਕਿਸਾਨ ਖੁਦਕਸ਼ੀਆਂ ਚਿੰਤਾ ਦਾ ਵਿਸ਼ਾ ਹਨ। ਪੰਜਾਬ ਦੀ ਖ਼ੁਸ਼ਹਾਲੀ ਨੂੰ ਗ੍ਰਹਿਣ ਲੱਗਣ ‘ਤੇ ਨਸ਼ਿਆਂ ਦੇ ਪ੍ਰਕੋਪ ਦਾ ਜ਼ਿਕਰ ਕਰਦਾ ਸ਼ਾਇਰ ਲਿਖਦਾ ਹੈ:

ਵਿੰਹਦੇ-ਵਿੰਹਦੇ ਬਦਲਿਆ ਵੇਖੋ ਕਿਵੇਂ ਪੰਜਾਬ।
ਬਿਲਕੁੱਲ ਚਿੱਟਾ ਹੋ ਗਿਆ ਸੂਹਾ ਫੁੱਲ ਗੁਲਾਬ।
ਸੂਹਾ ਫੁੱਲ ਗੁਲਾਬ ਕਿਵੇਂ ਚਿੱਟੇ ਨੇ ਖਾਧਾ।
ਰਹਿੰਦੇ ਤਾਈਂ ਖਾ ਗਿਆ ਹੈ ਬਾਦਲ-ਵਾਧਾ।

ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਚਲ ਰਿਹਾ ਹੈ। ਇਹ ਦਰਿਆ ਸਿਆਸਤਦਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਦਾ ਨਤੀਜਾ ਹੈ। ਸਿਆਸਤਦਾਨ ਖਾਸ ਤੌਰ ‘ਤੇ ਸ਼੍ਰੋਮਣੀ ਅਕਾਲੀ




ਦਲ ਬਾਦਲ ਦੀ ਸਰਕਾਰ ਨੂੰ ਸ਼ਾਇਰ ਜ਼ਿੰਮੇਵਾਰ ਕਹਿੰਦਾ ਹੈ:

ਨਸ਼ਾ ਪੰਜਾਬ ਨੂੰ ਪੱਟੀ ਜਾਵੇ ਜਾਂ ਪੱਟਦੀ ਅੱਜ ਰੈਲੀ।
ਧਰਤ ਗੁਰਾਂ ਦੀ ਪੱਟੀ ਜਾਂਦੇ ਲੀਡਰ ਹੋਗੇ ਵੈਲੀ।
ਲੀਡਰ ਹੋਗੇ ਵੈਲੀ ਇਨ੍ਹਾਂ ‘ਚੋਂ ਮੁਖੀ ਅਕਾਲੀ।
ਧਰਕੇ ਵਰਤਣ ਧਰਮ ਬਾਗ਼ ਨੂੰ ਖਾ’ਗੇ ਮਾਲੀ।

ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਲੋਕ ਪੰਥਕ ਸਰਕਾਰ ਕਹਿੰਦੇ ਹਨ, ਪ੍ਰੰਤੂ ਇਹ ਨਾਮ ਦੀ ਹੀ ਪੰਥਕ ਹੈ। ਪੰਥਕ ਸਰਕਾਰ ਬਾਰੇ ਇਹ ਸ਼ਿਅਰ ਇਸ ਪ੍ਰਕਾਰ ਲਿਖਿਆ ਹੈ:

ਵਿਚ ਪੰਜਾਬ ਦੇ ਸਾਰੇ ਆਖਣ ਮੈਂ ‘ਪੰਥਕ ਸਰਕਾਰ’।
ਪਰ ਇਸ ਪੰਥਕ ਫ਼ੱਤੋ ਦੇ ਹਨ ਭੈੜੇ ਯਾਰ।
ਪੰਥਕ ਪੱਤਾ ਖੇਡ੍ਹਦਾ ਸਮੇਂ ‘ਤੇ ਬਾਦਲ ਆਣ।
ਮੂਰਖ ਹੀ ਹਨ ਸਿੱਖ ਜੇ ਫਿਰ ਮੂਰਖ ਬਣ ਜਾਣ।
ਹੁਣ ਬਾਦਲ ਨੂੰ ਯਾਦ ਆਂਵਦਾ ਰਹਿ ਰਹਿ ਪੰਥ ਏਜੰਡਾ।
ਨਿਕਲੇ ਜੀਭ ਤੇ ਹੁੱਥੂ ਆਵੇ ਦਿਸੇ ਦਿੱਲੀ ਦਾ ਡੰਡਾ।

ਭ੍ਰਿਸ਼ਟਾਚਾਰ ਸੰਬੰਧੀ ਕਵੀ ਕਹਿੰਦਾ ਹੈ ਕਿ ਲਾਲਚ ਇਤਨਾ ਵੱਧ ਗਿਆ ਹੈ ਕਿ ਹਰ ਪਾਸੇ ਪੈਸਾ ਹੀ ਪੈਸਾ ਇਕੱਠਾ ਕਰਨ ਦੀ ਗੱਲ ਹੋ ਰਹੀ ਹੈ:

ਰੇਤਾ ਖਾਧੀ ਬਜਰੀ ਖਾਧੀ ਰੱਜ ਅਜੇ ਨਹੀਂ ਆਇਆ।
ਉਤੇ ਪਾਉਣ ਲਈ ਬਾਲਣ ਵਾਂਗੂੰ ਜੋੜ ਲਿਆ ਸਰਮਾਇਆ।

ਕਾਂਗਰਸ ਪਾਰਟੀ ਦੀ ਫੁੱਟ ਦਾ ਜ਼ਿਕਰ ਕਰਦਾ ਕਵੀ ਲਿਖਦਾ ਹੈ:

ਦੇਸ਼ ਪੰਜਾਬ ਦਾ ਹਾਲ ਦੇਖਲੋ ਜਿਸ ਨੂੰ ‘ਕਾਲੀ’ ਲੁੱਟਣ।
ਕਾਂਗਰਸੀਏ ਵੀ ਕਹੀ ਕੁਹਾੜੀ ਇਕ ਦੂਜੇ ਨੂੰ ਕੱਟਣ।

ਦੇਸ਼ ਵਿਚ ਭਗਵਾਂ ਭਾਰੂ ਹੋ ਗਿਆ ਹੈ, ਮਨਮਾਨੀਆਂ ਕਰ ਰਿਹਾ ਹੈ ਅਤੇ ਸਮੁੱਚੇ ਦੇਸ਼ ਨੂੰ ਭਗਵੇਂ ਰੰਗ ਵਿਚ ਰੰਗਣ ਦੀਆਂ ਨੀਤੀਆਂ ਬਣਾ ਰਿਹਾ ਹੈ। ਪਰਜਾ ਬੇਬਸ ਹੈ, ਕਿਉਂਕਿ ਰਾਜ ਭਾਗ ਵਿਚ ਬਹੁਮਤ ਹੀ ਜ਼ਿਆਦਾ ਹੈ। ਕਿਸੇ ਵੀ ਸਿਆਸਤਦਾਨ ਨੂੰ ਬੋਲਣ ਨਹੀਂ ਦਿੱਤਾ ਜਾ ਰਿਹਾ ਹੈ। ਜਿਹੜਾ ਬੋਲਦਾ ਉਸਨੂੰ ਜੇਲ੍ਹਾਂ ਦਾ ਡਰ ਬਣਾਇਆ ਹੋਇਆ ਹੈ। ਭਗਵਾਂਕਰਨ ਵਾਲੀ ਸਰਕਾਰ ਦੀ ਧੱਕੇਸ਼ਾਹੀ ਬਾਰੇ ਲਿਖਦਾ ਹੈ:

ਜਣੇ-ਖਣੇ ਨੂੰ ਕਹਿਣ ਸਾਧ-ਸਿੱਧੇ ਹੋ ਜਾਓ।
ਜੇ ਭਾਰਤ ਵਿਚ ਰਹਿਣਾ ਰਿੜ੍ਹ ਕੇ ਸ਼ਰਨ ‘ਚ ਆਓ।
ਰਿੜ੍ਹ ਕੇ ਸ਼ਰਨ ‘ਚ ਆਓ ਆਪਣੇ ਧਰਮ ਨੂੰ ਭੁੱਲੋ।
ਭਾਅ ਘਟਾ ਕੇ ਆਪਣਾ ਸੰਘ ਦੇ ਤੱਕੜ ਤੁੱਲੋ।

ਧਰਮ ਦੀ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦਾ ਜ਼ਿਕਰ ਕਰਦਾ ਕਵੀ ਲਿਖਦਾ ਹੈ ਕਿ ਉਹ ਭਾਰਤ ਵਿਚ ਪਾਰਟੀ ਦਾ ਰਾਜ ਬਰਕਰਾਰ ਰੱਖਣ ਲਈ ਵੋਟਾਂ ਬਟੋਰਨ ਵਾਸਤੇ ਭਗਵਾਂਕਰਨ ਕਰ ਰਿਹਾ ਹੈ:

ਗੀਤਾ ਕੌਮੀ ਗ੍ਰੰਥ ਥਾਪਣਾ ਮੰਦਰ ਰਾਮ ਬਣਾਉਣਾ।
ਮੁੱਛਣੀਆਂ ਵੋਟਾਂ, ਭਾਰਤ ਉਤੇ ਭਗਵਾਂ ਹੈ ਲਹਿਰਾਉਣਾ।

ਦੂਜੇ ਭਾਗ ਕਾਵਿ ਰੰਗ ਵਿਚ 7 ਕਵਿਤਾਵਾਂ ਹਨ, ਜਿਨ੍ਹਾਂ ਵਿਚ ਬਾਬਾ ਦੀਪ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਲੋਕਾਂ ਦੀ ਕਦਰ ਦੀ ਦਾਸਤਾਂ ਅਤੇ ਬਾਕੀ ਪੰਜ ਕਵਿਤਾਵਾਂ ਵਿਚ ਵਰਤਮਾਨ ਪੰਜਾਬ ਦੀ ਤ੍ਰਾਸਦੀ ਦੇ ਸੰਤਾਪ ਬਾਰੇ ਦੁੱਖ ਪ੍ਰਗਟ ਕੀਤਾ ਗਿਆ ਹੈ।

132 ਪੰਨਿਆਂ, 395 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਯੂਨੀਸਟਾਰ ਬੁਕਸ ਪ੍ਰਾਈਵੇਟ ਲਿ: ਮੋਹਾਲੀ ਨੇ ਪ੍ਰਕਾਸ਼ਤ ਕੀਤਾ ਹੈ। ਫੋਨ: ਪ੍ਰੋ.ਸ਼ੇਰ ਸਿੰਘ ਕੰਵਲ: 6024822276

# ਕੀ ਮਾਸਟਰਜ਼ ਡਿਗਰੀ ਦੀ ਮਹੱਤਤਾ ਅੱਜ ਵੀ ਬਰਕਰਾਰ ਹੈ?

ਅੱਜ-ਕੱਲ੍ਹ ਦੇਸ਼ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਵਿਚ ਨਵੇਂ ਅਕਾਦਮਿਕ ਸੈਸ਼ਨ ਲਈ ਦਾਖਲਿਆਂ ਦੀ ਪ੍ਰਕਿਰਿਆ ਪੂਰੇ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਲੱਖਾਂ ਵਿਦਿਆਰਥੀ ਆਪਣੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਅਤੇ ਬਿਹਤਰ ਕਰੀਅਰ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਵੱਖ-ਵੱਖ ਕੋਰਸਾਂ ਅਤੇ ਸਿੱਖਿਆ ਸੰਸਥਾਵਾਂ ਦੀ ਚੋਣ ਕਰ ਰਹੇ ਹਨ। ਗ੍ਰੈਜੂਏਸ਼ਨ ਦੇ ਨਤੀਜਿਆਂ ਤੋਂ ਬਾਅਦ ਵਿਦਿਆਰਥੀ ਆਪਣੇ ਭਵਿੱਖ ਨੂੰ ਲੈ ਕੇ ਅਨੇਕਾਂ ਮਹੱਤਵਪੂਰਨ ਫ਼ੈਸਲੇ ਕਰਨ ਦੇ ਮੋੜ ‘ਤੇ ਖੜ੍ਹੇ ਹੁੰਦੇ ਹਨ। ਉੱਚ ਸਿੱਖਿਆ, ਰੁਜ਼ਗਾਰ ਜਾਂ ਹੋਰ ਪੇਸ਼ੇਵਰ ਮੌਕਿਆਂ ਦੀ ਚੋਣ ਕਰਦਿਆਂ ਉਨ੍ਹਾਂ ਨੂੰ ਆਪਣੀਆਂ ਰੁਚੀਆਂ, ਯੋਗਤਾਵਾਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਇਸ ਸਮੇਂ ਇੱਕ



**ਡਾ. ਹਰਗੁਣਪ੍ਰੀਤ ਸਿੰਘ**
**ਫੋਨ: 94636-19353**

ਸਵਾਲ ਅਕਸਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਮਨਾਂ ਵਿਚ ਉੱਠਦਾ ਹੈ ਕਿ ਬੱਚੇ ਨੂੰ ਇੰਨਾ ਪੜ੍ਹਾ-ਲਿਖਾ ਲਿਆ ਹੈ, ਹੁਣ ਅੱਗੇ ਮਾਸਟਰਜ਼ ਕਰਵਾਉਣ ਦਾ ਕੀ ਲਾਭ ਹੋਵੇਗਾ? ਕੀ ਮਾਸਟਰਜ਼ ਡਿਗਰੀ ਅੱਜ ਦੇ ਸਮੇਂ ਵਿਚ ਰੁਜ਼ਗਾਰ ਅਤੇ ਕਰੀਅਰ ਲਈ ਕੋਈ ਵਾਧੂ ਮਹੱਤਤਾ ਰੱਖਦੀ ਹੈ ਜਾਂ ਫਿਰ ਇਹ ਸਿਰਫ਼ ਇੱਕ ਹੋਰ ਅਕਾਦਮਿਕ ਯੋਗਤਾ ਬਣ ਕੇ ਰਹਿ ਗਈ ਹੈ?

ਇਹ ਸਵਾਲ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਅੱਜ ਦੇ ਮੁਕਾਬਲੇ ਵਾਲੇ ਯੁੱਗ ਵਿਚ ਸਿੱਖਿਆ ਅਤੇ ਰੁਜ਼ਗਾਰ ਦੇ ਰਵਾਇਤੀ ਸਮੀਕਰਨ ਕਾਫ਼ੀ ਹੱਦ ਤੱਕ ਬਦਲ ਚੁੱਕੇ ਹਨ। ਇੱਕ ਸਮਾਂ ਸੀ ਜਦੋਂ ਮਾਸਟਰਜ਼ ਡਿਗਰੀ ਨੂੰ ਬਿਹਤਰ ਨੌਕਰੀ, ਆਰਥਿਕ ਸਥਿਰਤਾ ਅਤੇ ਸਮਾਜਿਕ ਸਨਮਾਨ ਦੀ ਲਗਭਗ ਗਾਰੰਟੀ ਮੰਨਿਆ ਜਾਂਦਾ ਸੀ, ਪਰ ਅੱਜ ਦੇ ਬਦਲਦੇ ਆਰਥਿਕ, ਤਕਨੀਕੀ ਅਤੇ ਸਿੱਖਿਆਤਮਕ ਮਾਹੌਲ ਵਿਚ ਇਸ ਦੀ ਭੂਮਿਕਾ ਨੂੰ ਨਵੇਂ ਸੰਦਰਭਾਂ ਵਿਚ ਸਮਝਣ ਦੀ ਲੋੜ ਹੈ। ਅੱਜ ਜਦੋਂ ਹੁਨਰ-ਆਧਾਰਿਤ ਸਿੱਖਿਆ, ਸ਼ਾਰਟ ਟਰਮ ਕੋਰਸ, ਆਨਲਾਈਨ ਸਰਟੀਫ਼ਿਕੇਟ ਕੋਰਸ ਅਤੇ ਤਕਨੀਕੀ ਯੋਗਤਾਵਾਂ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ, ਤਾਂ ਇਹ ਸਵਾਲ ਸੁਭਾਵਿਕ ਹੈ ਕਿ ਕੀ ਮਾਸਟਰਜ਼ ਦੀ ਡਿਗਰੀ ਦੀ ਮਹੱਤਤਾ ਅਜੇ ਵੀ ਪਹਿਲਾਂ ਵਾਂਗ ਬਰਕਰਾਰ ਹੈ?

ਇਸ ਸਵਾਲ ਦਾ ਜਵਾਬ ਸਿੱਧਾ ‘ਹਾਂ’ ਜਾਂ ‘ਨਾਂ’ ਵਿਚ ਨਹੀਂ ਦਿੱਤਾ ਜਾ ਸਕਦਾ। ‘ਆਲ ਇੰਡੀਆ ਸਰਵੇ ਆਨ ਹਾਇਰ ਐਜੂਕੇਸ਼ਨ 2021-22’ ਦੀ ਰਿਪੋਰਟ ਅਨੁਸਾਰ ਭਾਰਤ ਵਿਚ ਉੱਚ ਸਿੱਖਿਆ ਦੇ ਕੁੱਲ 4.33 ਕਰੋੜ ਵਿਦਿਆਰਥੀਆਂ ਵਿਚੋਂ ਲਗਭਗ 53 ਲੱਖ ਵਿਦਿਆਰਥੀ ਮਾਸਟਰਜ਼ (ਪੋਸਟ ਗ੍ਰੈਜੂਏਟ) ਪੱਧਰ ‘ਤੇ ਪੜ੍ਹ ਰਹੇ ਹਨ। ਇਹ ਕੁੱਲ ਉੱਚ ਸਿੱਖਿਆ ਦੇ ਦਾਖਲਿਆਂ ਦਾ ਲਗਭਗ 12 ਫ਼ੀਸਦੀ ਹੈ, ਜੋ ਦਰਸਾਉਂਦਾ ਹੈ ਕਿ ਅੱਜ ਵੀ ਲੱਖਾਂ ਨੌਜਵਾਨ ਆਪਣੇ ਕਰੀਅਰ, ਖੋਜ ਅਤੇ ਵਿਅਕਤੀਗਤ ਵਿਕਾਸ ਲਈ ਮਾਸਟਰਜ਼ ਡਿਗਰੀ ਨੂੰ ਮਹੱਤਵਪੂਰਨ ਮੰਨਦੇ ਹਨ। ਹਕੀਕਤ ਇਹ ਹੈ ਕਿ ਮਾਸਟਰਜ਼ ਡਿਗਰੀ ਦੀ ਮਹੱਤਤਾ ਖਤਮ ਨਹੀਂ ਹੋਈ, ਸਗੋਂ ਇਸ ਦਾ ਸੰਦਰਭ ਅਤੇ ਉਦੇਸ਼ ਬਦਲਿਆ ਹੈ।

ਅੱਜ ਦੇ ਮੁਕਾਬਲੇ ਵਾਲੇ ਯੁੱਗ ਵਿਚ ਸਿਰਫ਼ ਡਿਗਰੀ ਪ੍ਰਾਪਤ ਕਰ ਲੈਣਾ ਹੀ ਸਫ਼ਲਤਾ ਦੀ ਗਾਰੰਟੀ ਨਹੀਂ ਹੈ, ਪਰ ਉੱਚ ਸਿੱਖਿਆ ਵਿਅਕਤੀ ਨੂੰ ਵਿਸ਼ੇ ਦੀ ਡੂੰਘੀ ਸਮਝ, ਵਿਸ਼ਲੇਸ਼ਣਾਤਮਕ ਸੋਚ ਅਤੇ ਖੋਜ ਦੀ ਯੋਗਤਾ ਪ੍ਰਦਾਨ ਕਰਦੀ ਹੈ। ਖ਼ਾਸ ਤੌਰ ‘ਤੇ ਅਧਿਆਪਨ, ਖੋਜ ਅਤੇ ਅਕਾਦਮਿਕ ਖੇਤਰਾਂ ਵਿਚ ਮਾਸਟਰਜ਼ ਦੀ ਡਿਗਰੀ ਅਜੇ ਵੀ ਇੱਕ ਲਾਜ਼ਮੀ ਯੋਗਤਾ ਹੈ। ਯੂਜੀਸੀ-ਨੈੱਟ, ਪੀਐੱਚ.ਡੀ., ਖੋਜ ਪ੍ਰੋਜੈਕਟਾਂ ਅਤੇ ਕਾਲਜਾਂ-ਯੂਨੀਵਰਸਿਟੀਆਂ ਵਿਚ ਅਧਿਆਪਨ ਨਾਲ ਜੁੜੇ ਮੌਕਿਆਂ ਲਈ ਮਾਸਟਰਜ਼ ਦੀ ਡਿਗਰੀ ਬੁਨਿਆਦੀ ਸ਼ਰਤ ਹੈ। ਇਸ ਤੋਂ ਇਲਾਵਾ ਕਈ ਉੱਚ ਪੱਧਰੀ ਪ੍ਰਤੀਯੋਗੀ ਪ੍ਰੀਖਿਆਵਾਂ ਅਤੇ ਵਿਸ਼ੇਸ਼ ਖੇਤਰਾਂ ਵਿਚ ਕਰੀਅਰ ਬਣਾਉਣ ਲਈ ਵੀ ਇਹ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਕਈ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿਚ ਲੋਕ ਸੰਪਰਕ ਅਫ਼ਸਰ ਜਾਂ ਇਸ ਨਾਲ ਸਬੰਧਿਤ ਅਹੁਦਿਆਂ ਲਈ ਪੱਤਰਕਾਰੀ ਅਤੇ ਜਨ ਸੰਚਾਰ, ਲੋਕ ਸੰਪਰਕ ਜਾਂ ਸੰਬੰਧਿਤ ਵਿਸ਼ਿਆਂ ਵਿਚ ਮਾਸਟਰਜ਼ ਡਿਗਰੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਸਿੱਖਿਆ ਦਾ ਮੂਲ ਉਦੇਸ਼ ਕੇਵਲ ਰੁਜ਼ਗਾਰ ਪ੍ਰਾਪਤ ਕਰਨਾ ਨਹੀਂ ਹੁੰਦਾ, ਸਗੋਂ ਵਿਅਕਤੀ ਦੇ ਬੌਧਿਕ, ਨੈਤਿਕ ਅਤੇ ਵਿਅਕਤੀਗਤ ਵਿਕਾਸ ਨੂੰ ਯਕੀਨੀ ਬਣਾਉਣਾ ਵੀ ਹੁੰਦਾ ਹੈ। ਇਸ ਸੰਦਰਭ ਵਿਚ ਮਾਸਟਰਜ਼ ਦੀ ਪੜ੍ਹਾਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਵਿਦਿਆਰਥੀਆਂ ਨੂੰ ਆਪਣੇ ਵਿਸ਼ੇ ਦੀ ਡੂੰਘੀ ਸਮਝ ਵਿਕਸਿਤ




ਕਰਨ, ਨਵੇਂ ਵਿਚਾਰਾਂ ਅਤੇ ਸਿਧਾਂਤਾਂ ਦਾ ਵਿਸ਼ਲੇਸ਼ਣ ਕਰਨ ਅਤੇ ਸਮਾਜ ਦੇ ਜਟਿਲ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਅਪਣਾਉਣ ਦਾ ਮੌਕਾ ਪ੍ਰਦਾਨ ਕਰਦੀ ਹੈ। ਉੱਚ ਸਿੱਖਿਆ ਰਾਹੀਂ ਵਿਦਿਆਰਥੀ ਵਿਚ ਆਲੋਚਨਾਤਮਕ ਸੋਚ, ਖੋਜ ਦੀ ਰੁਚੀ ਅਤੇ ਤਰਕਸੰਗਤ ਫ਼ੈਸਲੇ ਲੈਣ ਦੀ ਸਮਰੱਥਾ ਦਾ ਵਿਕਾਸ ਹੁੰਦਾ ਹੈ। ਇਹ ਗੁਣ ਨਾ ਸਿਰਫ਼ ਵਿਅਕਤੀ ਦੀ ਸਫ਼ਲਤਾ ਲਈ, ਸਗੋਂ ਇੱਕ ਮਜ਼ਬੂਤ, ਲੋਕਤੰਤਰੀ ਅਤੇ ਗਿਆਨ-ਅਧਾਰਿਤ ਸਮਾਜ ਦੀ ਸਿਰਜਣਾ ਲਈ ਵੀ ਬਹੁਤ ਜ਼ਰੂਰੀ ਹਨ।

ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਵੀ ਇਸ ਸਮੇਂ ਇੱਕ ਵੱਡੇ ਪਰਿਵਰਤਨ ਵਿਚੋਂ ਲੰਘ ਰਹੀ ਹੈ। ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.-2020) ਦੇ ਲਾਗੂ ਹੋਣ ਤੋਂ ਬਾਅਦ ਮਾਸਟਰਜ਼ (ਪ੍ਰੋਸਟਗ੍ਰੈਜੂਏਟ) ਸਿੱਖਿਆ ਦੀ ਬਣਤਰ, ਪਾਠਕ੍ਰਮ ਅਤੇ ਉਦੇਸ਼ਾਂ ਵਿਚ ਮਹੱਤਵਪੂਰਨ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ। ਇੱਕ ਸਮਾਂ ਸੀ ਜਦੋਂ ਐੱਮ.ਏ., ਐੱਮ.ਐੱਸਸੀ. ਜਾਂ ਐੱਮ.ਕਾਮ. ਆਦਿ ਡਿਗਰੀਆਂ ਆਪਣੇ ਆਪ ਵਿਚ ਰੁਜ਼ਗਾਰ ਦਾ ਇੱਕ ਮਜ਼ਬੂਤ ਆਧਾਰ ਮੰਨੀਆਂ ਜਾਂਦੀਆਂ ਸਨ। ਪਰ ਅਜੋਕੇ ਮੁਕਾਬਲੇ ਵਾਲੇ ਦੌਰ ਵਿਚ ਸਿਰਫ਼ ਡਿਗਰੀ ਕਾਫ਼ੀ ਨਹੀਂ ਹੈ, ਕਿਉਂਕਿ ਸਰਕਾਰੀ ਅਤੇ ਨਿੱਜੀ ਦੋਵੇਂ ਖੇਤਰਾਂ ਵਿਚ ਨੌਕਰੀ ਲਈ ਵਿਦਿਆਰਥੀਆਂ ਤੋਂ ਵਿਸ਼ੇ ਦੇ ਗਿਆਨ ਦੇ ਨਾਲ-ਨਾਲ ਡਿਜੀਟਲ ਹੁਨਰ, ਸੰਚਾਰ ਸਮਰੱਥਾ, ਖੋਜ ਯੋਗਤਾ, ਇੰਟਰਨਸ਼ਿਪ ਅਤੇ ਵਿਹਾਰਕ ਤਜਰਬੇ ਦੀ ਵੀ ਉਮੀਦ ਕੀਤੀ ਜਾਂਦੀ ਹੈ। ਰਾਸ਼ਟਰੀ ਸਿੱਖਿਆ ਨੀਤੀ ਅਧੀਨ ਚਾਰ ਸਾਲਾ ਬੈਚਲਰ ਵਿਦਿਆਰਥੀਆਂ ਲਈ ਇੱਕ ਸਾਲਾ ਮਾਸਟਰਜ਼ ਅਤੇ ਤਿੰਨ ਸਾਲਾ ਬੈਚਲਰ ਵਿਦਿਆਰਥੀਆਂ ਲਈ ਦੋ ਸਾਲਾ ਮਾਸਟਰਜ਼ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬਹੁ-ਵਿਸ਼ਿਆਂ ਵਾਲੀ ਸਿੱਖਿਆ, ਖੋਜ ਅਤੇ ਲਚਕਦਾਰ ਪਾਠਕ੍ਰਮ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਹਾਲਾਂਕਿ ਦੇਸ਼ ਦੇ ਸਾਰੇ ਵਿਸ਼ਵ-ਵਿਦਿਆਲਿਆਂ ਵਿਚ ਇਹ ਪ੍ਰਣਾਲੀ ਅਜੇ ਇੱਕਸਾਰ ਤਰੀਕੇ ਨਾਲ ਲਾਗੂ ਨਹੀਂ ਹੋਈ ਅਤੇ ਕਈ ਸੰਸਥਾਵਾਂ ਅਜੇ ਵੀ ਰਵਾਇਤੀ ਢਾਂਚੇ ਅਨੁਸਾਰ ਹੀ ਮਾਸਟਰਜ਼ ਪ੍ਰੋਗਰਾਮ ਚਲਾ ਰਹੀਆਂ ਹਨ।

ਇਸ ਦੇ ਨਾਲ ਹੀ ਯੂਨੀਵਰਸਿਟੀਆਂ ਸਾਹਮਣੇ ਕਈ ਮਹੱਤਵਪੂਰਨ ਚੁਣੌਤੀਆਂ ਵੀ ਮੌਜੂਦ ਹਨ। ਪਾਠਕ੍ਰਮ ਨੂੰ ਉਦਯੋਗ ਅਤੇ ਸਮਾਜ ਦੀਆਂ ਬਦਲਦੀਆਂ ਲੋੜਾਂ ਅਨੁਸਾਰ ਢਾਲਣਾ, ਖੋਜ ਦੀ ਗੁਣਵੱਤਾ ਵਿਚ ਨਿਰੰਤਰ ਸੁਧਾਰ ਕਰਨਾ, ਅਧਿਆਪਕਾਂ ਦੀ ਪੇਸ਼ੇਵਰ ਸਮਰੱਥਾ ਨੂੰ ਮਜ਼ਬੂਤ ਕਰਨਾ ਅਤੇ ਵਿਦਿਆਰਥੀਆਂ ਲਈ ਬਿਹਤਰ ਰੁਜ਼ਗਾਰ ਦੇ ਮੌਕੇ ਯਕੀਨੀ ਬਣਾਉਣਾ ਸਮੇਂ ਦੀਆਂ ਮੁੱਖ ਲੋੜਾਂ ਹਨ। ਜੇਕਰ ਮਾਸਟਰਜ਼ ਪ੍ਰੋਗਰਾਮਾਂ ਨੂੰ ਹੁਨਰ ਵਿਕਾਸ, ਨਵੀਨਤਾ ਅਤੇ ਖੋਜ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੋੜਿਆ ਜਾਵੇ, ਤਾਂ ਇਹ ਭਾਰਤ ਦੀ ਉੱਚ ਸਿੱਖਿਆ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਅੱਜ ਦੇ ਯੁੱਗ ਵਿਚ ਸਫ਼ਲਤਾ ਸਿਰਫ਼ ਡਿਗਰੀ ਪ੍ਰਾਪਤ ਕਰਨ ਤੱਕ ਹੀ ਸੀਮਿਤ ਨਹੀਂ ਰਹੀ, ਸਗੋਂ ਉਸ ਡਿਗਰੀ ਨੂੰ ਵਿਹਾਰਕ ਗਿਆਨ, ਖੋਜ-ਸੋਚ ਅਤੇ ਪੇਸ਼ੇਵਰ ਹੁਨਰਾਂ ਨਾਲ ਜੋੜਨ ਵਿਚ ਹੈ। ਇਹੀ ਦ੍ਰਿਸ਼ਟੀਕੋਣ ਅਤੇ ਬਦਲਾਅ ਭਵਿੱਖ ਦੀ ਉੱਚ ਸਿੱਖਿਆ ਦੀ ਅਸਲ ਪਛਾਣ ਬਣੇਗਾ।

# ਫ਼ਿਲਮ ਲੋਕ

# 25 ਸਾਲ ਬਾਅਦ ‘ਗ਼ਦਰ’ ਤੇ ‘ਲਗਾਨ’ ਦੋਵਾਂ ਹੀ ਫ਼ਿਲਮਾਂ ਦੀ ਹਰਮਨ-ਪਿਆਰਤਾ ਅੱਜ ਵੀ ਕਾਇਮ ਹੈ




‘ਗ਼ਦਰ’ ਨੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਛੂੰਹਦੇ ਹੋਏ ਕਾਮਯਾਬੀ ਹਾਸਲ ਕੀਤੀ ਜਦਕਿ ‘ਲਗਾਨ’ ਨੇ ਸਾਬਤ ਕੀਤਾ ਕਿ ਮਜ਼ਬੂਤ ਕਹਾਣੀ ਤੇ ਵੱਖਰੀ ਸੋਚ ਨਾਲ ਵੀ ਹਿੰਦੀ ਸਿਨੇਮਾ ਦੇ ਵਿਸ਼ਵ ਮੰਚ ‘ਤੇ ਪਛਾਣ ਬਣਾਈ ਜਾ ਸਕਦੀ ਹੈ...

## ਯਾਦਗਾਰੀ ਹੈ ਉਹ ਮੁਕਾਬਲਾ

ਬਾਕਸ ਆਫਿਸ ‘ਤੇ ਦੋ ਵੱਡੇ ਸਿਤਾਰਿਆਂ ਦੀਆਂ ਫਿਲਮਾਂ ਦਾ ਇਕੱਠਿਆਂ ਰਿਲੀਜ਼ ਹੋਣਾ ਕੋਈ ਨਵੀਂ ਗੱਲ ਨਹੀਂ ਹੈ ਪਰ 15 ਜੂਨ 2001 ਦਾ ਮੁਕਾਬਲਾ ਖ਼ਾਸ ਸੀ। ਉਸ ਦਿਨ ਸੰਨੀ ਦਿਓਲ ਤੇ ਅਮੀਸ਼ਾ ਪਟੇਲ ਅਭਿਨੀਤ ‘ਗ਼ਦਰ : ਏਕ ਪ੍ਰੇਮ ਕਥਾ’ ਅਤੇ ਆਮਿਰ ਖ਼ਾਨ ਦੀ ਫਿਲਮ ‘ਲਗਾਨ’ ਸਿਨੇਮਾਘਰਾਂ ਵਿਚ ਪ੍ਰਦਰਸ਼ਿਤ ਹੋਈ। ਦੋਵੇਂ ਫਿਲਮਾਂ ਨੇ ਨਾ ਸਿਰਫ਼ ਦਿਲ ਜਿੱਤਿਆ ਬਲਕਿ ਹਿੰਦੀ ਸਿਨੇਮਾ ਦੇ ਇਤਿਹਾਸ ਵਿਚ ਜਗ੍ਹਾ ਵੀ ਬਣਾਈ। ‘ਲਗਾਨ’ ਹਿੰਦੀ ਸਿਨੇਮਾ ਲਈ ਕੌਮਾਂਤਰੀ ਪਛਾਣ ਦਾ ਮਾਧਿਅਮ ਬਣੀ। ਆਸ਼ੂਤੋਸ਼ ਗੋਵਾਰੀਕਰ ਦੇ ਨਿਰਦੇਸ਼ਨ ਵਿਚ ਬਣੀ ਇਹ ਫਿਲਮ ਉਸ ਸਾਲ ਆਸਕਰ ਪੁਰਸਕਾਰਾਂ ਵਿਚ ਸਰਬੋਤਮ ਵਿਦੇਸ਼ੀ ਭਾਸ਼ਾ ਫਿਲਮ ਸ਼੍ਰੇਣੀ ਵਿਚ ਆਖ਼ਰੀ ਪੰਜ ਨਾਮਜ਼ਦ ਫਿਲਮਾਂ ਤੱਕ ਪਹੁੰਚੀ ਪਰ ਪੁਰਸਕਾਰ ਜਿੱਤਣੋਂ ਖੁੰਝ ਗਈ।

## ਹਾਂ ਕਹਿਣ ‘ਚ ਲੱਗੇ ਦੋ ਸਾਲ

‘ਲਗਾਨ’ ਨੂੰ ਬਣਾਉਣ ਦੀਆਂ ਰਾਹਾਂ ਸੌਖੀਆਂ ਨਹੀਂ ਸਨ। ਪਹਿਲਾ, ਨਿਰਦੇਸ਼ਕ ਦੇ ਰੂਪ ਵਿਚ ਆਸ਼ੂਤੋਸ਼ ਦਾ ਪਿਛਲਾ ਰਿਕਾਰਡ ਸਫਲ ਨਹੀਂ ਸੀ। ਉਨ੍ਹਾਂ ਦੀਆਂ ਫਿਲਮਾਂ ਪਹਿਲਾ ‘ਨਸ਼ਾ’ ਅਤੇ ‘ਬਾਜ਼ੀ’ ਬਾਕਸ ਆਫਿਸ ‘ਤੇ ਉਮੀਦ ਮੁਤਾਬਕ ਸਫਲਤਾ ਹਾਸਲ ਨਹੀਂ ਕਰ ਸਕੀਆਂ ਸਨ। ਦੂਜਾ ‘ਲਗਾਨ’ ਦੀ ਸੰਵੇਦਨਾ ਤੇ ਮਾਹੌਲ ਮੁੱਖਧਾਰਾ ਦੇ ਹਿੰਦੀ ਸਿਨੇਮਾ ਤੋਂ ਬਿਲਕੁਲ ਵੱਖ ਸੀ। ਉਦੋਂ ਅੱਜ ਦੀ ਤਰ੍ਹਾਂ ਪੀਰੀਅਡ ਫਿਲਮਾਂ ਨਹੀਂ ਬਣ ਰਹੀਆਂ ਸਨ। ਹੀਰੋ ਨੂੰ ਧੋਤੀ ਵਿਚ ਦਿਖਾਉਣ ਦੀ ਕੋਈ ਕਲਪਨਾ ਨਹੀਂ ਕਰ ਸਕਦਾ ਸੀ। ਬਾਜ਼ਾਰ ਦੀ ਨਬਜ਼ ਪਛਾਣਨ ਦਾ ਦਾਅਵਾ ਕਰਨ ਵਾਲੇ ਨਿਰਮਾਤਾ ਆਸ਼ੂਤੋਸ਼ ਦੇ ਸਾਹਮਣੇ ਅਜੀਬੋਗਰੀਬ ਸੁਝਾਅ ਤੇ ਸ਼ਰਤਾਂ ਰੱਖਦੇ ਸਨ। ਇਕ ਨਿਰਮਾਤਾ ਨੇ ਤਾਂ ਇੱਥੋਂ ਤੱਕ ਸੁਝਾਅ ਦਿੱਤਾ ਕਿ ਫਿਲਮ ਦਾ ਅੰਤ ਰੋਮਾਂਚਕ ਬਣਾਉਣ ਲਈ ਭੁਵਨ ਨੂੰ ਜਿੱਤ ਦਾ ਸ਼ਾਟ ਲਗਾਉਣ ਤੋਂ ਬਾਅਦ ਕ੍ਰਿਕਟ ਦੇ ਸਟੰਪ ਨਾਲ ਕੈਪਟਨ ਰਸੇਲ ‘ਤੇ ਹਮਲਾ ਕਰ ਦੇਣਾ ਚਾਹੀਦਾ। ਹਿੰਦੀ ਸਿਨੇਮਾ ਵਿਚ ਜ਼ਿਆਦਾਤਰ ਮਾਮਲਿਆਂ. ਵਿਚ ਸਿਤਾਰੇ ਪਹਿਲਾਂ ਆਉਂਦੇ ਹਨ ਅਤੇ ਕਹਾਣੀ ਬਾਅਦ ਵਿਚ ਪਰ ਆਸ਼ੂਤੋਸ਼ ਪਟਕਥਾ ਦੀ ਤਾਕਤ ਦੇ ਭਰੋਸੇ ਫਿਲਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਕਹਾਣੀ ਆਮਿਰ ਖ਼ਾਨ ਦੇ ਦਿਗਾਗ਼ ਵਿਚ ਵਸ ਚੁੱਕੀ ਸੀ। ਨਿਰਮਾਤਾ ਪਿਤਾ ਤਾਹਿਰ ਹੁਸੈਨ ਨੂੰ ਕਈ ਮੁਸ਼ਕਲਾਂ ਤੇ ਤਣਾਅ ਵਿੱਚੋਂ ਲੰਘਦੇ ਦੇਖ ਚੁੱਕੇ ਆਮਿਰ ਨੇ ਨਿਰਮਾਤਾ ਨਾ ਬਣਨ ਦਾ ਫ਼ੈਸਲਾ ਕੀਤਾ ਹੋਇਆ ਸੀ ਪਰ ਇਸ ਫਿਲਮ ਦੇ ਨਾਲ ਉਨ੍ਹਾਂ ਦੀ ਉਹ ਪ੍ਰਤਿੱਗਿਆ ਟੁੱਟ ਗਈ।

## ਨਲਕਾ ਪੁੱਟਣ ਵਾਲਾ ਦ੍ਰਿਸ਼

ਸੰਨੀ ਦਿਓਲ ਵੱਲੋਂ ‘ਗ਼ਦਰ’ ਵਿਚ ਨਲਕਾ ਪੁੱਟਣ ਵਾਲਾ ਦ੍ਰਿਸ਼ ਅੱਜ ਵੀ ਹਿੰਦੀ ਸਿਨੇਮਾ ਦੇ ਸਭ ਤੋਂ ਚਰਚਿਤ ਦ੍ਰਿਸ਼ਾਂ ਵਿੱਚੋਂ ਇਕ ਹੈ ਪਰ ‘ਗ਼ਦਰ’ ਲਈ ਨਿਰਦੇਸ਼ਕ ਅਨਿਲ ਸ਼ਰਮਾ ਦੀ ਪਹਿਲੀ ਪਸੰਦ ਸੰਨੀ ਦਿਓਲ ਨਹੀਂ ਸਨ। ਉਨ੍ਹਾਂ ਤੋਂ ਪਹਿਲਾਂ ਇਹ ਭੂਮਿਕਾ ਕਈ ਚਰਚਿਤ ਕਲਾਕਾਰਾਂ ਨੂੰ ਆਫਰ ਕੀਤੀ ਗਈ ਸੀ। ਇਨ੍ਹਾਂ ਵਿਚ ਗੋਵਿੰਦਾ ਦਾ ਨਾਂ ਵੀ ਸ਼ਾਮਲ ਰਿਹਾ। ਸੰਨੀ ਦਿਓਲ ਨੂੰ ਕਹਾਣੀ ਦਿਲਚਸਪ ਲੱਗੀ ਅਤੇ ਉਨ੍ਹਾਂ ਨੇ ਤਾਰਾ ਸਿੰਘ ਦੇ ਪਾਤਰ ਨੂੰ ਅਮਰ ਬਣਾ ਦਿੱਤਾ। ਉੱਥੇ ਸਕੀਨਾ ਦੀ ਭੂਮਿਕਾ ਲਈ ਕਾਜੋਲ, ਸੁਸ਼ਮਿਤਾ ਸੇਨ ਸਣੇ ਕਈ ਅਭਿਨੇਤਰੀਆਂ ਨਾਲ, ਗੱਲ ਹੋਈ, ਆਖ਼ਰਕਾਰ




ਨਵੀਂ ਅਭਿਨੇਤਰੀ ਅਮੀਸ਼ਾ ਪਟੇਲ ਨੂੰ ਚੁਣਿਆ ਗਿਆ। ਫਿਲਮ ਵਿਚ ਸੰਨੀ ਦਿਓਲ ਦੇ ਬੇਟੇ ਚਰਨਜੀਤ ਦੀ ਭੂਮਿਕਾ ਨਿਰਦੇਸ਼ਕ ਅਨਿਲ ਸ਼ਰਮਾ ਦੇ ਬੇਟੇ ਉਤਕਰਸ਼ ਸ਼ਰਮਾ ਨੇ ਨਿਭਾਈ।

## ਜਦੋਂ ਘਬਰਾ ਗਏ ਨਿਰਦੇਸ਼ਕ



‘ਗ਼ਦਰ’ ਫਿਲਮ ਦਾ ਕਲਾਈਮੈਕਸ ਸ਼ੂਟ ਕਰਨਾ ਨਿਰਦੇਸ਼ਕ ਅਨਿਲ ਦੀ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਪਲ ਰਿਹਾ ਸੀ। ਉਹ ਯਾਦ ਕਰਦੇ ਹਨ ਕਿ ਸੰਨੀ ਨੇ ਬਾਡੀ ਡਬਲ ਲੈਣ ਤੋਂ ਮਨ੍ਹਾਂ ਕਰ - ਦਿੱਤਾ ਸੀ। ਕਰੀਬ 30 ਕਿਲੋਮੀਟਰ ਦੀ ਗਤੀ ਨਾਲ ਟ੍ਰੇਨ ਜਾਣੀ ਸੀ ਅਤੇ ਸੰਨੀ, ਅਮੀਸ਼ਾ ਦੇ ਮੋਢੇ ‘ਤੇ ਉਤਕਰਸ਼ ਸੀ। ਟ੍ਰੇਨ ਜਦੋਂ ਚੱਲਣੀ ਸ਼ੁਰੂ ਹੋਈ ਤਾਂ ਉਨ੍ਹਾਂ ਨੇ ਦੌੜਨਾ ਸ਼ੁਰੂ ਕੀਤਾ। ਇਹ ਕਾਫੀ ਜੋਖ਼ਮ ਭਰਿਆ ਫ਼ੈਸਲਾ ਸੀ। ਸ਼ਾਟ ਦੇ ਦੌਰਾਨ ਅਨਿਲ ਘਬਰਾ ਗਏ ਸਨ। ਦਰਅਸਲ, ਜੇਕਰ ਸੰਨੀ ਦੀ ਪੈਰ ਮਾੜਾ ਜਿਹਾ ਵੀ ਇੱਧਰ-ਓਧਰ ਹੁੰਦਾ ਤਾਂ ਵੱਡੀ ਦੁਰਘਟਨਾ ਹੋ ਜਾਂਦੀ। ਬਾਅਦ ਵਿਚ ਸੰਨੀ ਨੇ ਦੱਸਿਆ ਕਿ ਜਦੋਂ ਟ੍ਰੇਨ ਰੁਕ ਰਹੀ ਸੀ ਤਾਂ ਉਨ੍ਹਾਂ ਨੇ ਪੂਰੀ ਤਾਕਤ ਲਗਾ ਦਿੱਤੀ ਸੀ।

# ਉਰਵਸ਼ੀ ਚਾਹੁੰਦੀ ਸੰਸਕਾਰੀ ਹਮਸਫ਼ਰ



ਕਿਸੇ ਵੀ ਰਿਸ਼ਤੇ ਵਿਚ ਬਾਹਰੀ ਆਕਰਸ਼ਣ ਤੋਂ ਜ਼ਿਆਦਾ ਅਭਿਨੇਤਰੀ ਉਰਵਸ਼ੀ ਰੌਤੇਲਾ ਲਈ ਪਰਿਵਾਰਕ ਕਦਰਾਂ-ਕੀਮਤਾਂ ਮਾਅਨੇ ਰੱਖਦੀਆਂ ਹਨ। ਉਰਵਸ਼ੀ ਮੰਨਦੀ ਹੈ ਕਿ ਉਸ ਨੂੰ ਪਸੰਦ ਕਰਨ ਵਾਲਿਆਂ ਦੀ ਘਾਟ ਨਹੀਂ ਹੈ ਪਰ ਜੀਵਨ ਸਾਥੀ ਦੇ ਰੂਪ ਵਿਚ ਉਹ ਅਜਿਹੇ ਵਿਅਕਤੀ ਨੂੰ ਚੁਣਨਾ ਚਾਹੁੰਦੀ ਹੈ, ਜਿਹੜਾ ਚੰਗੇ ਸੰਸਕਾਰਾਂ ਵਾਲਾ ਹੋਵੇ। ਇਸ ਲਈ ਉਹ ਫਿਲਮ ਇੰਡਸਟਰੀ ਤੋਂ ਬਾਹਰ ਦੇ ਕਿਸੇ ਸ਼ਖ਼ਸ ਨੂੰ ਆਪਣਾ ਹਮਸਫ਼ਰ ਬਣਾਉਣ ਦੇ ਪੱਖ ਵਿਚ ਹੈ।

ਉਹ ਦੱਸਦੀ ਹੈ ਕਿ ਉਸ ਨੂੰ ਵਿਆਹ ਲਈ ਇੰਡਸਟਰੀ ਵਿੱਚੋਂ ਹੀ ਕਈ ਪ੍ਰਪੋਜ਼ਲਾਂ ਆ ਚੁੱਕੀਆਂ ਹਨ ਪਰ ਉਸ ਨੇ ਕਦੀ ਹਾਂ ਨਹੀਂ ਕਹੀ ਕਿਉਂਕਿ ਇਨ੍ਹਾਂ ਵਿੱਚੋਂ ਅਜਿਹਾ ਕੋਈ ਨਹੀਂ ਜੋ ਮੈਨੂੰ ਨਜ਼ਦੀਕ ਤੋਂ ਜਾਣਦਾ ਹੋਵੇ। ਉਸ ਦਾ ਮੰਨਣਾ ਹੈ ਕਿ ਦਰਅਸਲ, ਜੋ ਇਨਸਾਨ ਮੈਨੂੰ ਨਜ਼ਦੀਕ ਤੋਂ ਜਾਣੇਗਾ, ਉਸ ਨੂੰ ਮੇਰੇ ਨਾਲ ਮੁਹੱਬਤ ਹੋ ਹੀ ਜਾਵੇਗੀ ਕਿਉਂਕਿ ਮੈਂ ਐਡਜਸ ਹੋਣ ਵਾਲੀਆਂ ਕੁੜੀਆਂ ਵਿੱਚੋਂ ਹਾਂ। ਕਈ ਲੜਕੇ ਹਨ, ਜੋ ਮੈਨੂੰ ਪਸੰਦ ਕਰਦੇ ਹਨ ਪਰ ਮੇਰੇ ਲਈ ਇਹ ਮਾਅਨੇ ਨਹੀਂ ਰੱਖਦਾ ਹੈ ਕਿ ਲੜਕਾ ਕਿਵੇਂ ਦਾ ਦਿਸਦਾ ਹੈ।

ਉਹ ਕਹਿੰਦੀ ਹੈ ਕਿ ਸ਼ਕਲ-ਸੂਰਤ ਮਾਅਨੇ ਨਹੀਂ ਰੱਖਦੀ। ਪਰਿਵਾਰਕ ਕਦਰਾਂ-ਕੀਮਤਾਂ ਵਧੇਰੇ ਮਾਅਨੇ ਰੱਖਦੀਆਂ ਹਨ। ਉਹ ਕਿੰਨਾ ਜ਼ਿੰਮੇਵਾਰ ਹੈ, ਆਪਣੀਆਂ ਗੱਲਾਂ ‘ਤੇ ਕਿੰਨਾ ਖਰਾ ਉਤਰਦਾ ਹੈ, ਇਹ ਦੇਖਣਾ ਵੀ ਜ਼ਰੂਰੀ ਹੈ। ਕਈ ਲੜਕੇ ਹੁੰਦੇ ਹਨ, ਜੋ ਕਿਸੇ ਵੀ ਤਰ੍ਹਾਂ ਦੀ ਕਮਿਟਮੈਂਟ ਯਾਨੀ ਵਾਅਦਾ ਕਰਨ ਤੋਂ ਡਰਦੇ ਹਨ ਪਰ ਜਿਨ੍ਹਾਂ ਨੂੰ ਚੰਗੇ ਪਰਿਵਾਰਕ ਸੰਸਕਾਰ ਮਿਲੇ ਹੋਣਗੇ, ਉਹ ਇਨ੍ਹਾਂ ਚੀਜ਼ਾਂ ਤੋਂ ਨਹੀਂ ਡਰਦੇ। ਰੌਤੇਲਾ ਕਹਿੰਦੀ ਹੈਂ ਕਿ ਮੇਰੀ ਹਮੇਸ਼ਾ ਕੋਸ਼ਿਸ਼ ਹੈ ਕਿ ਮੇਰਾ ਹਮਸਫ਼ਰ ਅਜਿਹਾ - ਹੋਵੇ, ਜਿਸ ਕੋਲ ਪਰਿਵਾਰਕ ਸੰਸਕਾਰ ਹੋਣ, ਜੋ ਦੂਜਿਆਂ ਦੀ ਇੱਜ਼ਤ ਕਰਦਾ ਹੋਵੇ। ਉਹ ਮੇਰੇ ਕੰਮ ਦੀ ਕੇਦਰ ਕਰਦਾ ਹੋਵੇ। ਮੈਨੂੰ ਲੱਗਦਾ ਹੈ ਕਿ ਮੇਰੀ ਇੰਡਸਟਰੀ ਵਾਲੇ ਨੂੰ ਪਰਿਵਾਰ ਵਾਲੇ ਹੀ ਨਹੀਂ ਅਪਣਾਉਣਗੇ।

# ਅੰਜਨਾ ਸੁਖਾਨੀ ਬਣਾ ਰਹੀ ਕਰੀਅਰ ਦਾ ਗੁਲਦਸਤਾ



ਇਮਤਿਆਜ਼ ਅਲੀ ਦੀ ਫਿਲਮ ‘ਮੈਂ ਵਾਪਸ ਆਊਂਗਾ’ ਨਾਲ ਕਾਫੀ ਸਮੇਂ ਬਾਅਦ ਅੰਜਨਾ ਵੱਡੇ ਪਰਦੇ ‘ਤੇ ਦਿਸੀ ਹੈ। ਪਰਦੇ ਤੋਂ ਦੂਰੀ ਦਾ ਅਹਿਸਾਸ ਉਸ ਨੂੰ ਵੀ ਸੀ। ਉਹ. ਕਹਿੰਦੀ ਹੈ ਕਿ ਜੇ ਚੰਗੇ ਨਿਰਦੇਸ਼ਕਾਂ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ ਤਾਂ ਕਰਨਾ ਚਾਹੀਦਾ ਹੈ, ਜਿਵੇਂ ਸੂਰਜ ਬੜਜਾਤੀਆ ਨਾਲ ਮੈਂ ‘ਬੜਾ ਨਾਮ ਕਰੇਂਗੇ’ ਸ਼ੋਅ ਕੀਤਾ ਸੀ। ਮੈਨੂੰ ਲੱਗਦਾ ਹੈ ਕਿ ਇਕ-ਇਕ ਫੁਲ ਚੁਣ ਕੇ ਹੀ ਗੁਲਦਸਤਾ ਬਣਦਾ ਹੈ। ਮੈਂ ਵੀ ਆਪਣੇ ਕਰੀਅਰ ਦਾ ਗੁਲਦਸਤਾ ਏਦਾਂ ਹੀ ‘ਬਣਾ ਰਹੀ ਹਾਂ। ਰੋਹਿਤ ਸ਼ੈੱਟੀ, ਨਿਖਿਲ ਅਡਵਾਨੀ, ਸੰਜੈ ਲੀਲਾ ਭੰਸਾਲੀ, ਪ੍ਰੀਆਦਰਸ਼ਨ ਤੇ ਇਮਤਿਆਜ਼ ਅਲੀ ਵਰਗੇ ਨਿਰਦੇਸ਼ਕਾਂ ਨਾਲ ਕੰਮ ਕੀਤਾ ਹੈ। ਇਨ੍ਹਾਂ ਨਾਲ ਕੰਮ ਕਰ ਕੇ ਮੇਰੀ ਸਿਨੇਮਾ ਤੇ ਅਭਿਨੈ ਨੂੰ ਲੈ ਕੇ ਸਮਝ ਵਧੀ ਹੈ। ਉਨ੍ਹਾਂ ਦਾ ਸਿਖਾਇਆ ਪਾਠ ਅੱਗੋਂ ਵੀ ਯਾਦ ਰਹੇਗਾ। ਨਸੀਰੂਦੀਨ ਸ਼ਾਹ ਨਾਲ ਕੰਮ ਕਰਨ ਦੇ ਅਨੁਭਵ ਬਾਰੇ ਅੰਜਨਾ ਕਹਿੰਦੀ ਹੈ ਕਿ ਉਹ ਲੀਜੈਂਡ ਹਨ। ਨਸੀਰ ਸਾਹਿਬ ਨਾਲ ‘ਕੰਮ ਕਰਨਾ ਮਾਸਟਰ ਕਲਾਸ ਵਰਗਾ ਸੀ। ਉਨ੍ਹਾਂ ਦੇ ਸਾਹਮਣੇ ਆਉਂਦੇ ਹੀ ਡਰ ਜਾਂਦੀ ਸੀ ਪਰ ਜਦੋਂ ਕੈਮਰਾ ਆਨ ਹੁੰਦਾ ਸੀ ਉਦੋਂ ਉਨ੍ਹਾਂ ਕੁਝ ਮਿੰਟਾਂ ਦੇ ਸ਼ਾਟ ਵਿਚ ਤੁਹਾਨੂੰ ਆਪਣਾ ਬੈਸਟ ਦੇਣਾ ਹੁੰਦਾ ਸੀ। ਉੱਤੋਂ ਇਹ ਵੀ ਧਿਆਨ ਰੱਖਣਾ ਹੁੰਦਾ ਹੈ ਕਿ ਤੁਹਾਡੇ ਸਾਹਮਣੇ ਇੰਨੇ ਸੀਨੀਅਰ ਐਕਟਰ ਹਨ, ਤਾਂ ਅਜਿਹਾ ਸ਼ਾਟ ਦਿਓ ਕਿ ਤੁਹਾਡੀ ਵਜ੍ਹਾ ਨਾਲ ਉਨ੍ਹਾਂ ਨੂੰ ਦੁਬਾਰਾ ਟੇਕ ਨਾ ਦੇਣਾ ਪਵੇ।

ਹਰ ਕਲਾਕਾਰ ਆਪਣੇ ਮੁਤਾਬਕ ਕੰਮ ਕਰਦਾ ਹੈ। ਉਸ ਦੇ ਦੇ ਆਪਣੇ ਕੁਝ ਨਿਯਮ ਹੁੰਦੇ ਹਨ। ‘ਸਲਾਮ-ਏ- ਇਸ਼ਕ’, ‘ਗੋਲਮਾਲ ਰਿਟਰਨਜ਼’ ਅਤੇ ‘ਗੁੱਡ ਨਿਊਜ਼’ ਵਰਗੀਆਂ ਫਿਲਮਾਂ ਕਰ ਚੁੱਕੀ ਅੰਜਨਾ ਸੁਖਾਨੀ ਕਹਿੰਦੀ ਹੈ ਕਿ ਮੈਂ ਇਸ ਇੰਡਸਟਰੀ ਵਿਚ ਕੰਮ ਕਰਦੇ ਹੋਏ ਇਹੀ ਸਿੱਖਿਆ ਹੈ ਕਿ ਕਦੀ ਨਾਂਹ ਨਹੀਂ ਕਰਨੀ ਚਾਹੀਦੀ। ਜਦੋਂ ਮੈਂ ਆਈ ਸੀ ਤਾਂ ਸੋਚ ਰੱਖਿਆ ਸੀ ਕਿ ਇੰਟੀਮੇਟ ‘ਸੀਨ ਨਹੀਂ ਕਰਾਂਗੀ। ਸਮੇਂ ਦੇ ਨਾਲ ਅਹਿਸਾਸ ਹੋਇਆ ਕਿ ਨਿਰਦੇਸ਼ਕ ‘ਤੇ ਭਰੋਸਾ ਹੋਣਾ ਚਾਹੀਦਾ ਕਿ ਉਹ ਸਹੀ ਤਰੀਕੇ ਨਾਲ ਸ਼ੂਟ ਕਰਨਗੇ। ਉਸ ਦੇ ਬਾਵਜੂਦ ਜੇਕਰ ਸੈੱਟ ‘ਤੇ ਤੁਹਾਨੂੰ ਲੱਗਦਾ ਹੈ ਕਿ ਸਹੀ ਤਰੀਕੇ ਨਾਲ ਸ਼ੂਟ ਨਹੀਂ ਕੀਤਾ ਜਾ ਰਿਹਾ ਹੈ ਜਾਂ ਤੁਸੀਂ ਅਸਹਿਜ ਹੋ ਤਾਂ ਸਵਾਲ ਵੀ ਕਰ ਸਕਦੇ ਹੋ। ਤੁਸੀਂ ਆਪਣੀ ਲਾਈਨ ਕਿੱਥੇ ਖਿੱਚਣੀ ਹੈ, ਉਸ ਦੀ ਸਮਝ ਹੋਣੀ ਚਾਹੀਦੀ ਹੈ।




HALF MILE REPAIR
TRUCK & TRAILER SERVICE
HalfMileRepair.com
FULL TIME POSITION
NOW HIRING
• Top Diesel Mechanic Pay
• New or Experienced
Our Services Include:
• Electrical + Rewiring
• Trailer & Truck Bushings
• Transmission Diag & Replacement
• PM Services
• Tire Work
• More...
CONTACT US:
Karaka Singh
414-308-3136
3039 W 6 1/2 MILE RD. CALEDONIA, WI 53108